MOVING To INDIANA?



ਇੰਡੀਆਨਾ 'ਚ ਕਿਫਾਇਤੀ ਰਿਹਾਇਸ਼ ਲਈ ਸਾਡੇ ਨਾਲ ਸੰਪਰਕ ਕਰੋ

*ਇੰਡੀਅਨਐਪੋਲਿਸ, ਇੰਡੀਆਨਾ ਵਿਚ ਨਵੇਂ ਅਤੇ ਵਾਜਬ ਕੀਮਤਾਂ ਉਤੇ ਘਰ ਉਪਲਬਧ ਹਨ *ਘੱਟ ਪ੍ਰਾਪਰਟੀ ਟੈਕਸ ਤੇ ਘਰਾਂ ਦੀ ਇੰਸ਼ੋਰੈਂਸ ਵੀ ਸਸਤੀ *ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ

Contact me today to BUY/SELL/INVEST in Indiana.

Ph: (317) 670-1055

Beenu.sikand@gmail.com www.LegacyHomesInternational.com

*Beenu Sikand*
*Legacy Homes Intl.*
*Broker Owner,*
*Realtor, CRS, MBA*

*Successfully Selling Real Estate for 17 Years!*

Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*

- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

For the Best advice for BUYING-SELLING-RENTING

Ben Singh Bashal (Realtor/Broker) Ph: 317-809-1818 midlandrealtygroup@yahoo.com

Kamaljeet Kaur (Realtor/Broker) Ph: 317-909-9295 kahlonkamaljeet@gmail.com

Midland Realty Group-Company You Trust



*Kamaljeet Kaur*

*Mortgage rates available from 2.1% to 3%*

Twenty-Second Year of Publication

ਨਿਊ ਯਾਰਕ ਐਡੀਸ਼ਨ Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 19, May 8th, 2021 20451 N. Plum Grove Rd., Palatine, IL 60074 Ph:847-359-0746, Fax:847-705-9388

# ਚੋਣ ਨਤੀਜਿਆਂ ਨੇ ਭਾਜਪਾ ਦਾ ਭਰਮ ਤੋੜਿਆ

## *2024 ਵਿਚ ਭਗਵਾ ਧਿਰ ਦੇ ਟਾਕਰੇ ਲਈ ਸਾਂਝਾ ਸਿਆਸੀ ਪਿੜ ਬੱਝਣ ਦੇ ਆਸਾਰ*

**ਨਵੀਂ ਦਿੱਲੀ:** ਪੱਛਮੀ ਬੰਗਾਲ, ਅਸਾਮ, ਤਾਮਿਲਨਾਡੂ, ਕੇਰਲ ਅਤੇ ਪੁਡੂਚੇਰੀ ਵਿਚ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਭਾਰਤੀ ਸਿਆਸਤ ਅੰਦਰ ਨਵੇਂ ਸਮੀਕਰਨਾਂ ਬਣਨ ਦੇ ਸੰਕੇਤ ਦੇ ਦਿੱਤੇ ਹਨ। ਇਨ੍ਹਾਂ ਚੋਣਾਂ ਨੇ ਜਿਥੇ ਹੁਣ ਤੱਕ ਆਪਣੇ ਆਪ ਨੂੰ ਅਜਿੱਤ ਮੰਨ ਰਹੀ ਭਾਜਪਾ ਦੇ ਸਾਰੇ ਭਰਮ ਭੁਲੇਖੇ ਤੋੜ ਕੇ ਰੱਖ ਦਿੱਤੇ ਹਨ, ਉਤੇ ਇਸ ਭਗਵਾ ਧਿਰ ਖਿਲਾਫ ਕੌਮੀ ਸਿਆਸਤ ਵਿਚ ਨਵੀਂ ਸਫਬੰਦੀ ਦਾ ਰਾਹ ਦਿਖਾਇਆ ਹੈ।

ਚੋਣ ਨਤੀਜਿਆਂ ਨੇ ਇਹ ਵੀ ਸਾਫ ਕਰ ਦਿੱਤਾ ਹੈ ਕਿ ਲੋਕ ਭਾਜਪਾ ਦੇ ਹਿੰਦੂਤਵੀ ਏਜੰਡੇ ਅਤੇ ਫਿਰਕੂ ਸਿਆਸਤ ਤੋਂ ਕਿਨਾਰਾ ਕਰਨ ਲੱਗੇ ਹਨ। ਪੱਛਮੀ ਬੰਗਾਲ ਵਿਚ 'ਦੋ ਸੌ ਪਾਰ' ਦਾ ਨਾਅਰਾ ਦੇਣ ਵਾਲੀ ਭਾਜਪਾ ਦੋ ਹਿੰਦਸਿਆਂ ਤੱਕ ਸਿਮਟ ਗਈ ਹੈ ਤੇ ਉਥੇ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਤ੍ਰਿਣਮੂਲ ਕਾਂਗਰਸ ਨੇ ਹੂੰਝਾ ਫੇਰੂ ਜਿੱਤ ਹਾਸਲ ਕਰ ਲਈ। ਤ੍ਰਿਣਮੂਲ ਕਾਂਗਰਸ ਨੇ ਪੱਛਮੀ ਬੰਗਾਲ ਵਿਚ 292 (ਕੁੱਲ ਸੀਟਾਂ 294) ਵਿਚੋਂ 213 ਸੀਟਾਂ 'ਤੇ ਜਿੱਤ ਹਾਸਲ ਕਰ ਕੇ ਤੀਜੀ ਵਾਰ ਸੱਤਾ ਹਾਸਲ ਕੀਤੀ ਹੈ। ਦੋ ਸੀਟਾਂ ਜੰਗੀਪੁਰ ਅਤੇ ਸਮਸੇਰਗਨ 'ਚ ਦੋ ਉਮੀਦਵਾਰਾਂ ਦੀ ਕਰੋਨਾ ਕਾਰਨ ਮੌਤ ਹੋਣ ਕਰ ਕੇ ਦੋਵੇਂ ਸੀਟਾਂ 'ਤੇ ਬਾਅਦ 'ਚ ਚੋਣਾਂ ਹੋਣੀਆਂ ਹਨ। ਭਾਜਪਾ ਨੂੰ 77 ਅਤੇ ਆਈ.ਐਸ.ਐਫ. ਨੂੰ ਇਕ ਸੀਟ ਮਿਲੀ ਹੈ। ਭਾਜਪਾ ਦੇ ਉਘੇ ਆਗੂ ਬਾਬੁਲ ਸੁਪ੍ਰੀਓ, ਸਵਪਨ ਦਾਸਗੁਪਤਾ ਅਤੇ ਲੌਕਟ ਚੈਟਰਜੀ ਵਰਗੇ ਵੱਡੇ ਆਗੂ ਆਪਣੀਆਂ ਸੀਟਾਂ ਤੋਂ ਚੋਣ ਹਾਰ ਗਏ। ਕਾਂਗਰਸ ਅਤੇ ਖੱਬੇ-ਪੱਖੀਆਂ ਦਾ ਖਾਤਾ ਨਾ ਖੁੱਲ੍ਹਣ ਕਰ ਕੇ ਉਨ੍ਹਾਂ ਦਾ ਸੂਬੇ ਦੇ ਇਤਿਹਾਸ 'ਚ ਨਾਮ ਦਰਜ ਹੋ ਗਿਆ ਹੈ। ਟੀ.ਐਮ.ਸੀ. ਨੇ 2016 ਵਿਚ 211 ਸੀਟਾਂ ਹਾਸਲ ਕੀਤੀਆਂ ਸਨ।

ਜ਼ਿਆਦਾਤਰ ਐਗਜ਼ਿਟ ਪੋਲ ਪੱਛਮੀ ਬੰਗਾਲ ਵਿਚ ਟੀ.ਐਮ.ਸੀ. ਦੀ ਜਿੱਤ ਦੇ ਫਰਕ ਦਾ ਅੰਦਾਜ਼ਾ ਲਾਉਣ ਵਿਚ ਨਾਕਾਮ ਰਹੇ ਹਨ। ਚੋਣ ਸਰਵੇਖਣਾਂ ਵਿਚ ਭਾਜਪਾ ਤੇ ਟੀ.ਐਮ.ਸੀ. ਵਿਚਾਲੇ ਫਸਵਾਂ ਮੁਕਾਬਲਾ ਦਿਖਾਇਆ ਗਿਆ ਸੀ। ਤਕਰੀਬਨ ਸਾਰੇ ਹੀ ਟੀ.ਵੀ. ਚੈਨਲਾਂ ਨੇ 294 ਮੈਂਬਰੀ ਬੰਗਾਲ ਵਿਧਾਨ ਸਭਾ ਵਿਚ ਤ੍ਰਿਣਮੂਲ ਕਾਂਗਰਸ ਨੂੰ ਘੱਟੋ-ਘੱਟ 152 ਤੇ ਵੱਧ ਤੋਂ ਵੱਧ 176 ਸੀਟਾਂ ਦਿੱਤੀਆਂ ਸਨ ਜਦਕਿ ਭਾਜਪਾ ਨੂੰ 105 ਤੋਂ 148 ਸੀਟਾਂ ਮਿਲਣ ਦੀ ਭਵਿੱਖਬਾਣੀ ਕੀਤੀ ਗਈ ਸੀ।

ਅਸਾਮ ਅਤੇ ਪੁਡੂਚੇਰੀ ਵਿਚ ਭਾਜਪਾ ਆਪਣੇ ਭਾਈਵਾਲਾਂ ਨਾਲ ਮਿਲ ਕੇ ਸਰਕਾਰ ਬਣਾਉਣ ਵਿਚ ਸਫਲ ਹੋ ਜਾਵੇਗੀ ਪਰ ਇਸ ਕੌਮੀ ਪਾਰਟੀ ਇਥੋਂ ਵੀ ਉਮੀਦਾਂ ਉਤੇ ਖਰੀ ਨਹੀਂ ਉਤਰ ਸਕੀ। ਕੇਰਲ ਵਿਚ ਪਿਛਲੀਆਂ ਚੋਣਾਂ ਵਿਚ ਭਾਜਪਾ ਇਕ ਸੀਟ ਉਤੇ ਜੇਤੂ ਰਹੀ ਸੀ ਤੇ ਹੁਣ ਕੇਂਦਰੀ ਹਕੂਮਤ ਵਿਚ ਦਬਦਬਾ ਹੋਣ ਕਾਰਨ ਉਸ ਤੋਂ ਚੰਗੇ ਪ੍ਰਦਰਸ਼ਨ ਦੀ ਉਮੀਦ ਸੀ ਪਰ ਇਥੋਂ ਉਹ ਆਪਣੀ ਇਕ ਸੀਟ ਤੋਂ ਵੀ ਹੱਥ ਧੋ ਬੈਠੀ। ਕੇਰਲ ਵਿਚ ਖੱਬੇ-ਪੱਖੀ ਗੱਠਜੋੜ ਨੇ ਮੁੜ ਸਰਕਾਰ ਬਣਾ ਕੇ ਇਤਿਹਾਸ ਸਿਰਜਿਆ ਹੈ। ਉਥੇ ਕਾਂਗਰਸ ਦੀ ਅਗਵਾਈ ਵਾਲਾ ਫਰੰਟ ਕਾਮਯਾਬ ਨਹੀਂ ਹੋ ਸਕਿਆ। ਤਾਮਿਲ ਨਾਡੂ ਵਿਚ ਡੀ.ਐਮ.ਕੇ. ਅਤੇ ਕਾਂਗਰਸ ਗੱਠਜੋੜ ਭਾਰੀ ਬਹੁਮਤ ਨਾਲ ਸੱਤਾ ਵਿਚ ਆ ਰਿਹਾ ਹੈ।

ਭਾਜਪਾ ਨੇ ਪੱਛਮੀ ਬੰਗਾਲ ਨੂੰ ਆਪਣੇ ਨੱਕ ਦਾ ਸਵਾਲ ਬਣਾਉਂਦਿਆਂ ਇਥੇ ਸਾਰੀ ਤਾਕਤ ਲਾ ਦਿੱਤੀ ਸੀ। ਇਥੇ ਪ੍ਰਧਾਨ ਮੰਤਰੀ ਨੇ 24 ਅਤੇ ਮੁਲਕ ਦੇ ਗ੍ਰਹਿ ਮੰਤਰੀ ਨੇ ਕਰੋਨਾ ਸੰਕਟ ਦੇ ਬਾਵਜੂਦ 27 ਰੈਲੀਆਂ ਕੀਤੀਆਂ। ਭਗਵਾ ਧਿਰ ਨੇ ਇਥੇ ਕੇਂਦਰੀ ਏਜੰਸੀਆਂ ਸਣੇ ਸਾਰਾ ਤੰਤਰ ਮਮਤਾ ਬੈਨਰਜੀ

*(ਬਾਕੀ ਸਫਾ 6 ਉਤੇ)*





## ਬੰਗਾਲ ਨੇ ਭਾਰਤ ਬਚਾਅ ਲਿਆ: ਮਮਤਾ

**ਕੋਲਕਾਤਾ:** ਲੋਕਾਂ ਦਾ ਸ਼ੁਕਰੀਆ ਅਦਾ ਕਰਦਿਆਂ ਟੀ.ਐਮ.ਸੀ. ਸੁਪਰੀਮੋ ਅਤੇ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਬੰਗਾਲ ਨੇ ਆਪਣੇ ਫਤਵੇ ਨਾਲ ਭਾਰਤ ਨੂੰ 'ਬਚਾ ਲਿਆ ਹੈ।' ਮਮਤਾ ਨੇ ਕਿਹਾ ਕਿ ਇਹ ਬੰਗਾਲ ਦੇ ਲੋਕਾਂ ਦੀ ਜਿੱਤ ਹੈ, ਲੋਕਤੰਤਰ ਦੀ ਜਿੱਤ ਹੈ। ਇਹ ਜ਼ੋਰਦਾਰ ਜਿੱਤ ਬਹੁਤ ਔਖਿਆਈ ਮਗਰੋਂ ਮਿਲੀ ਹੈ- ਕੇਂਦਰ ਸਰਕਾਰ, ਇਸ ਦੀ ਮਸ਼ੀਨਰੀ ਤੇ ਏਜੰਸੀਆਂ ਨੇ ਟੀ.ਐਮ.ਸੀ. ਵਿਰੁੱਧ ਪੂਰਾ ਜੋਰ ਲਾਇਆ ਹੈ। ਇਸ ਜਿੱਤ ਨੇ ਮਨੁੱਖਤਾ ਬਚਾ ਲਈ ਹੈ। ਉਂਜ, ਫਿਲਹਾਲ ਇਹ ਜਿੱਤ ਮਨਾਉਣ ਦਾ ਨਹੀਂ, ਕੋਵਿਡ ਨਾਲ ਨਜਿੱਠਣ ਦਾ ਸਮਾਂ ਹੈ। ਉਨ੍ਹਾਂ ਚੋਣ ਕਮਿਸ਼ਨ, ਪ੍ਰਧਾਨ ਮੰਤਰੀ ਮੋਦੀ ਤੇ ਗ੍ਰਹਿ ਮੰਤਰੀ ਸ਼ਾਹ ਉਤੇ ਵੀ ਨਿਸ਼ਾਨਾ ਸੇਧਿਆ।

## ਖੇਤਰੀ ਪਾਰਟੀਆਂ ਦੇ ਉਭਾਰ ਨੇ ਸੰਕੇਤ

**ਚੰਡੀਗੜ੍ਹ:** ਭਾਜਪਾ ਨੇ ਅਸਾਮ ਵਿਚ ਵਿਧਾਨ ਸਭਾ ਦੀਆਂ ਚੋਣਾਂ ਜਿੱਤ ਲਈਆਂ ਹਨ ਪਰ ਉਹ ਪੱਛਮੀ ਬੰਗਾਲ, ਤਾਮਿਲ ਨਾਡੂ ਅਤੇ ਕੇਰਲ ਵਿਚ ਖੇਤਰੀ ਪਾਰਟੀਆਂ ਦੇ ਉਭਾਰ ਨੂੰ ਨਹੀਂ ਰੋਕ ਸਕੀ ਹੈ। ਪੱਛਮੀ ਬੰਗਾਲ ਵਿਚ ਤ੍ਰਿਣਮੂਲ ਕਾਂਗਰਸ, ਤਾਮਿਲ ਨਾਡੂ ਵਿਚ ਡੀ.ਐਮ.ਕੇ. ਅਤੇ ਕੇਰਲ ਵਿਚ ਕਮਿਊਨਿਸਟ ਪਾਰਟੀ ਮਾਰਕਸਵਾਦੀ ਵਾਲੇ ਗੱਠਜੋੜ ਦੀ ਜਿੱਤ ਇਹ ਸਾਬਤ ਕਰਦੀ ਹੈ ਕਿ ਭਾਰਤ ਵਿਚ ਖੇਤਰੀ ਪਾਰਟੀਆਂ ਦਾ ਪ੍ਰਭਾਵ ਵਧ ਰਿਹਾ ਹੈ। ਇਸ ਤੋਂ ਪਹਿਲਾਂ ਭਾਜਪਾ ਝਾਰਖੰਡ ਵਿਚ ਝਾਰਖੰਡ ਮੁਕਤੀ ਮੋਰਚੇ ਅਤੇ ਦਿੱਲੀ ਵਿਚ ਆਮ ਆਦਮੀ ਪਾਰਟੀ ਦੇ ਕੋਲੋਂ ਹਾਰੀ ਹੈ। ਇਹ ਚੋਣਾਂ ਇਹ ਵੀ ਸਾਬਤ ਕਰਦੀਆਂ ਹਨ ਕਿ ਭਾਵੇਂ ਅੱਜ ਦੀ ਸਿਆਸਤ ਵਿਚ ਭਾਜਪਾ ਦਾ ਇਕ ਪਾਰਟੀ, ਇਕ ਦੇਸ਼ ਤੇ ਇਕ ਵਿਚਾਰਧਾਰਾ ਵਾਲਾ ਏਜੰਡਾ ਭਾਰੂ ਹੈ ਪਰ ਦੇਸ਼ ਦਾ ਭਵਿੱਖ ਇਸ ਦੇ ਫੈਡਰਲ ਢਾਂਚੇ ਨੂੰ ਮਜ਼ਬੂਤ ਕਰਨ, ਵੱਖ-ਵੱਖ ਪ੍ਰਾਂਤਾਂ ਵਿਚਲੇ ਵਖਰੇਵਿਆਂ ਨੂੰ ਸਵੀਕਾਰ ਕਰਨ ਅਤੇ ਉਨ੍ਹਾਂ ਦੇ ਸੱਭਿਆਚਾਰਾਂ ਅਤੇ ਭਾਸ਼ਾਵਾਂ ਨੂੰ ਮਾਨ-ਸਨਮਾਨ ਦੇਣ ਵਿਚ ਪਿਆ ਹੈ। ਇਨ੍ਹਾਂ ਚੋਣਾਂ ਦਾ ਨਤੀਜਿਆਂ ਪਿੱਛੋਂ ਪੰਜਾਬ ਦੀਆਂ ਖੇਤਰੀ ਪਾਰਟੀਆਂ ਦੇ ਹੌਸਲੇ ਵੀ ਬੁਲੰਦ ਹੋਏ ਹਨ।

ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਤੇ ਮੀਟ ਕੱਟਣ ਵਾਲੇ ਦੀ

ਲੋੜ ਹੈ

ਇੰਡੀਅਨਐਪੋਲਿਸ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਅਤੇ ਮੀਟ ਕੱਟਣ ਵਾਲੇ ਦੀ ਲੋੜ ਹੈ।

ਰਿਹਾਇਸ਼ ਤੇ ਖਾਣਾ ਮੁਫਤ, ਚੰਗੀ ਤਨਖਾਹ

ਸੰਪਰਕ ਕਰੋ, ਫੋਨ: 317-406-9924

Blue Diamond BANQUET HALL & CATERING

ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ

Ph: 317-406-9924

Mela INDIAN RESTAURANT • PUB

ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ

Baljinder S. Ben

Ph: 317-869-2400

BIG BAZAAR

Grocery, Sweets & Catering

*Fresh Vegetables Every Thursday

*Book your catering now.

5425 E. Thompson Rd., Indianapolis IN 46237



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809

ਫੋਨ (ਦਫਤਰ): 718-262-9700

(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

# ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗੁਰੂ ਤੇਗ ਬਹਾਦਰ ਦਾ ਪ੍ਰਕਾਸ਼ ਦਿਹਾੜਾ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰੋਨਾ ਦੇ ਚੱਲਦਿਆਂ ਗੁਰੂ ਤੇਗ ਬਹਾਦਰ ਦਾ 400 ਸਾਲਾ ਪ੍ਰਕਾਸ਼ ਪੁਰਬ ਸੰਖੇਪ ਰੂਪ ਵਿਚ ਮਨਾਇਆ ਗਿਆ। ਇਸ ਮੌਕੇ ਗੁਰੂ ਸਾਹਿਬ ਦੇ ਪ੍ਰਕਾਸ਼ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਅਤੇ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ। ਰਾਗੀ ਜਥਿਆਂ ਨੇ ਤੰਤੀ ਸਾਜਾਂ ਨਾਲ ਕੀਰਤਨ ਕੀਤਾ।



ਇਸ ਦੌਰਾਨ ਦਰਬਾਰ ਸਾਹਿਬ, ਅਕਾਲ ਤਖਤ ਅਤੇ ਗੁਰਦੁਆਰਾ ਬਾਬਾ ਅਟਲ ਸਾਹਿਬ ਵਿਖੇ ਜਲੌਅ ਸਜਾਏ ਗਏ। ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੰਗਤ ਨੂੰ ਗੁਰਪੁਰਬ ਦੀ ਵਧਾਈ ਦਿੱਤੀ। ਬੀਬੀ ਜਗੀਰ ਕੌਰ ਨੇ ਗੁਰੂ ਸਾਹਿਬ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਗੁਰੂ ਸਾਹਿਬ ਦੀ ਬਾਣੀ ਪੰਜ ਵੱਖ-ਵੱਖ ਭਾਸ਼ਾਵਾਂ ਵਿਚ ਛਪਵਾਉਣ, ਗੁਰੂ ਸਾਹਿਬ ਦੇ ਜਨਮ ਅਸਥਾਨ ਤੋਂ ਲੈ ਕੇ ਸ਼ਹਾਦਤ ਤੱਕ ਦੇ ਸਫਰ ਦੀ ਦਸਤਾਵੇਜ਼ੀ ਫਿਲਮ ਤਿਆਰ ਕਰਵਾਉਣ ਅਤੇ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਵਿਚ ਗੁਰੂ ਸਾਹਿਬ ਦੇ ਨਾਂ 'ਤੇ ਚੇਅਰ ਸਥਾਪਤ ਕਰਨ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਕਰੋਨਾ ਕਾਰਨ ਸ਼ਤਾਬਦੀ ਸਮਾਗਮ ਵਿਸ਼ਾਲ ਪੱਧਰ 'ਤੇ ਨਹੀਂ ਕੀਤੇ ਜਾ ਸਕੇ ਪਰ ਇਹ ਸਮਾਗਮ ਸਾਰਾ ਸਾਲ ਜਾਰੀ ਰਹਿਣਗੇ। ਮਾਹੌਲ ਠੀਕ ਹੋਣ 'ਤੇ ਇਸ ਸਬੰਧੀ ਵੱਡੇ ਸਮਾਗਮ ਵੀ ਕਰਵਾਏ ਜਾਣਗੇ।

ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੰਗਤ ਨੂੰ ਗੁਰੂ ਤੇਗ ਬਹਾਦਰ ਦੇ 400 ਸਾਲਾ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਮਨੁੱਖਤਾ ਦੀ ਭਲਾਈ ਲਈ ਯਤਨਸ਼ੀਲ ਹੋਣ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਮੌਜੂਦਾ ਕਰੋਨਾ ਕਾਲ ਦੌਰਾਨ ਸਿੱਖ ਕੌਮ ਨੂੰ ਇਕ ਅਜਿਹਾ ਆਧੁਨਿਕ ਹਸਪਤਾਲ ਸਥਾਪਤ ਕਰਨਾ ਚਾਹੀਦਾ ਹੈ, ਜਿਥੇ ਇਲਾਜ ਬਿਲਕੁਲ ਮੁਫਤ ਹੋਵੇ। ਇਸ ਕਾਰਜ ਲਈ ਕੋਈ ਇਕ ਸੰਸਥਾ ਨਹੀਂ ਸਗੋਂ ਸਮੁੱਚੀ ਸਿੱਖ ਕੌਮ ਅੱਗੇ ਆਵੇ।

ਸਿੱਖ ਕੌਮ ਦੇ ਨੁਮਾਇੰਦੇ, ਚਿੰਤਕ ਅਤੇ ਸੰਗਤ ਇਸ ਬਾਰੇ ਆਪਣੇ ਸੁਝਾਅ ਅਕਾਲ ਤਖਤ ਨੂੰ ਭੇਜਣ। ਉਨ੍ਹਾਂ ਵਾਤਾਵਰਨ ਦੀ ਸ਼ੁੱਧਤਾ ਲਈ ਸੁਹਿਰਦ ਯਤਨਾਂ 'ਤੇ ਜ਼ੋਰ ਦਿੱਤਾ ਅਤੇ ਹਰ ਸਿੱਖ ਨੂੰ ਇਕ-ਇਕ ਪੌਦਾ ਲਾਉਣ ਦੀ ਅਪੀਲ ਕੀਤੀ। ਉਨ੍ਹਾਂ ਕੇਂਦਰ ਸਰਕਾਰ ਨੂੰ ਵੀ ਕਿਸਾਨਾਂ ਦਾ ਮਸਲਾ ਹੱਲ ਕਰਨ ਲਈ ਆਖਿਆ ਤਾਂ ਜੋ ਉਹ ਵੀ ਅਜਿਹੇ ਸੰਕਟ ਦੌਰਾਨ ਆਪਣੇ ਘਰ ਪਰਤ ਸਕਣ।

**ਮੋਦੀ ਗੁਰਦੁਆਰਾ ਸੀਸਗੰਜ ਸਾਹਿਬ ਨਤਮਸਤਕ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗੁਰੂ ਤੇਗ ਬਹਾਦਰ ਦੇ 400ਵੇਂ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਸੀਸਗੰਜ ਸਾਹਿਬ ਪਹੁੰਚੇ। ਇਸ ਮੌਕੇ ਪ੍ਰਧਾਨ ਮੰਤਰੀ ਨੇ ਦਿੱਲੀ ਸਥਿਤ ਗੁਰਦੁਆਰੇ 'ਚ ਮੱਥਾ ਟੇਕਿਆ ਅਤੇ ਗੁਰੂ ਚਰਨਾਂ 'ਚ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਦੱਬੇ-ਕੁਚਲੇ ਲੋਕਾਂ ਦੀ ਸੇਵਾ ਕਰਨ ਅਤੇ ਆਪਣੇ ਹੌਸਲੇ ਲਈ ਗੁਰੂ ਤੇਗ ਬਹਾਦਰ ਦਾ ਦੁਨੀਆਂ ਭਰ 'ਚ ਸਨਮਾਨ ਹੈ। ਮੋਦੀ ਨੇ ਟਵੀਟ ਕੀਤਾ, 'ਸ੍ਰੀ ਗੁਰੂ ਤੇਗ ਬਹਾਦਰ ਦੇ 400ਵੇਂ ਪ੍ਰਕਾਸ਼ ਪੁਰਬ ਦੇ ਵਿਸ਼ੇਸ਼ ਮੌਕੇ 'ਤੇ ਮੈਂ ਉਨ੍ਹਾਂ ਨੂੰ ਪ੍ਰਣਾਮ ਕਰਦਾ ਹਾਂ। ਪੱਛੜੇ ਲੋਕਾਂ ਦੀ ਸੇਵਾ ਕਰਨ ਦੀਆਂ ਕੋਸ਼ਿਸ਼ਾਂ ਅਤੇ ਆਪਣੇ ਹੌਸਲੇ ਲਈ ਦੁਨੀਆਂ ਭਰ 'ਚ ਉਨ੍ਹਾਂ ਦਾ ਸਨਮਾਨ ਹੈ। ਉਨ੍ਹਾਂ ਅਨਿਆਂ ਅਤੇ ਜ਼ੁਲਮ ਖਿਲਾਫ ਝੁਕਣ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਦੀ ਲਾਸਾਨੀ ਕੁਰਬਾਨੀ ਕਈ ਲੋਕਾਂ ਨੂੰ ਮਜ਼ਬੂਤੀ ਤੇ ਪ੍ਰੇਰਨਾ ਦਿੰਦੀ ਹੈ।'

## ਮੁੰਬਈ ਰੇਲ ਸਟੇਸ਼ਨ 'ਤੇ ਨੌਵੇਂ ਗੁਰੂ ਦੀ ਤਸਵੀਰ ਸਥਾਪਤ

**ਅੰਮ੍ਰਿਤਸਰ:** ਗੁਰੂ ਤੇਗ ਬਹਾਦਰ ਦੇ 400 ਸਾਲਾ ਪ੍ਰਕਾਸ਼ ਮੌਕੇ ਨਵੀਂ ਮੁੰਬਈ ਦੀ ਸਿੱਖ ਸੰਗਤ ਵੱਲੋਂ ਉਥੋਂ ਦੇ ਇਕ ਰੇਲਵੇ ਸਟੇਸ਼ਨ 'ਤੇ ਗੁਰੂ ਸਾਹਿਬ ਦੀ ਤਸਵੀਰ ਸਥਾਪਤ ਕੀਤੀ ਗਈ। ਇਹ ਸੇਵਾ ਗੁਰੂ ਗੋਬਿੰਦ ਸਿੰਘ ਸੇਵਕ ਜਥਾ ਟਰੱਸਟ ਦੇ ਪ੍ਰਧਾਨ ਜਸਵਿੰਦਰ ਸਿੰਘ ਸ਼ੈਂਟੀ ਨੇ ਸੁਪਰੀਮ ਕੌਂਸਲ ਨਵੀਂ ਮੁੰਬਈ ਗੁਰਦੁਆਰਾ ਦੇ ਆਗੂ ਭਾਈ ਜਸਪਾਲ ਸਿੰਘ ਸਿੱਧੂ ਅਤੇ ਸਮੂਹ ਸੰਗਤ ਦੇ ਸਹਿਯੋਗ ਨਾਲ ਮਹਾਰਾਸ਼ਟਰ ਸਰਕਾਰ ਦੀ ਪ੍ਰਵਾਨਗੀ ਮਗਰੋਂ ਕੀਤੀ। ਇਸ ਮੌਕੇ ਗੁਰਪੁਰਬ ਮਨਾਉਂਦਿਆਂ ਗੁਰਦੁਆਰਾ ਸੀ.ਬੀ.ਡੀ. ਬੇਲਾਪੁਰ, ਗੁਰਦੁਆਰਾ ਪਨਵੇਲ, ਗੁਰਦੁਆਰਾ ਨਰੂਲਾ, ਗੁਰਦੁਆਰਾ ਅਰੌਲੀ ਅਤੇ ਗੁਰਦੁਆਰਾ ਖਾਰਗੜ੍ਹ ਵਿਖੇ ਲੋੜਵੰਦਾਂ ਨੂੰ ਆਕਸੀਜਨ ਸਿਲੰਡਰ ਵੀ ਵੰਡੇ ਗਏ।

## ਕਿਸਾਨ ਮੋਰਚਿਆਂ 'ਤੇ ਪ੍ਰਕਾਸ਼ ਪੁਰਬ ਮਨਾਇਆ

**ਨਵੀਂ ਦਿੱਲੀ:** ਦਿੱਲੀ ਦੀਆਂ ਸਰਹੱਦਾਂ 'ਤੇ ਕਿਸਾਨ ਮੋਰਚਿਆਂ 'ਚ 9ਵੇਂ ਗੁਰੂ ਸ੍ਰੀ ਤੇਗ ਬਹਾਦਰ ਦਾ 400ਵਾਂ ਪ੍ਰਕਾਸ਼ ਦਿਹਾੜਾ ਮਨਾਇਆ ਗਿਆ। ਕਿਸਾਨ ਆਗੂਆਂ ਡਾ. ਦਰਸ਼ਨਪਾਲ ਅਤੇ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਗੁਰੂਆਂ ਅਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਪ੍ਰੇਰਿਤ ਹੋ ਕੇ ਕਿਸਾਨ ਜ਼ੋਰਦਾਰ ਸੰਘਰਸ਼ ਲੜ ਰਹੇ ਹਨ।

ਉਨ੍ਹਾਂ ਕਿਹਾ,"ਗੁਰੂ ਤੇਗ ਬਹਾਦਰ ਨੇ ਮਨੁੱਖਤਾ ਲਈ ਆਪਣੀ ਕੁਰਬਾਨੀ ਦਿੱਤੀ। ਗੁਰੂ ਜੀ ਨੇ ਨਿਡਰਤਾ ਨਾਲ ਹਕੂਮਤ ਵੱਲੋਂ ਕੀਤੇ ਜਾ ਰਹੇ ਸ਼ੋਸ਼ਣ ਵਿਰੁੱਧ ਲੜਾਈ ਛੇੜੀ, ਜੋ ਅੱਜ ਵੀ ਲੋਕ ਲੜ ਰਹੇ ਹਨ ਅਤੇ ਨਿਰੰਤਰ ਜਿੱਤਦੇ ਆ ਰਹੇ ਹਨ।"

ਅਭਿਮੰਨਿਊ ਕੋਹਾੜ ਅਤੇ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਦਿੱਲੀ ਮੋਰਚੇ ਨੂੰ 5 ਮਹੀਨਿਆਂ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਅਤੇ ਕਿਸਾਨਾਂ ਦੀ ਇਸ ਲੜਾਈ ਵਿਚ ਹਰ ਵਰਗ ਦੀ ਸ਼ਮੂਲੀਅਤ ਪਿੱਛੇ ਗੁਰੂ ਤੇਗ ਬਹਾਦਰ ਜੀ ਅਤੇ ਹੋਰ ਸ਼ਹੀਦਾਂ ਦੀ ਪ੍ਰੇਰਣਾ ਵੀ ਹੈ। ਸਮਾਗਮ ਵਿਚ ਕਿਸਾਨ ਆਗੂਆਂ ਸਮੇਤ ਧਾਰਮਿਕ ਸੰਗਠਨਾਂ ਨੇ ਵੀ ਸ਼ਮੂਲੀਅਤ ਕੀਤੀ ਅਤੇ ਮੋਰਚਿਆਂ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ। ਆਗੂਆਂ ਨੇ ਕਿਹਾ ਕਿ ਜਿੰਨਾ ਚਿਰ ਜ਼ੁਲਮ ਹੋਵੇਗਾ, ਉਹ ਜ਼ੁਲਮਾਂ ਵਿਰੁੱਧ ਲੜਦੇ ਰਹਿਣਗੇ।



A & I Transport Inc.
123 E Lee Rd Watsonville, CA Ph: 831-763-7805


ਓਨਰ ਆਪਰੇਟਰਾਂ ਅਤੇ ਕੰਪਨੀ ਟਰੱਕ ਡਰਾਈਵਰਾਂ ਦੀ ਫੌਰੀ ਲੋੜ ਹੈ

ਕਲਾਸ 'ਏ' ਡਰਾਈਵਰ; 6 ਮਹੀਨੇ ਦਾ ਤਜਰਬਾ ਜਰੂਰੀ; ਕੈਲੀਫੋਰਨੀਆ ਅਤੇ ਟੈਕਸਸ ਰੂਟ
ਸੋਲੋ ਡਰਾਈਵਰ 55 ਸੈਂਟ ਪ੍ਰਤੀ ਮੀਲ ਅਤੇ ਟੀਮ ਡਰਾਈਵਰ 70 ਸੈਂਟ ਪ੍ਰੀਤੀ ਮੀਲ

*ਸਾਫ-ਸੁਥਰਾ ਡਰਾਈਵਿੰਗ ਰਿਕਾਰਡ
*DOT ਡਰੱਗ ਟੈਸਟ ਪਾਸ ਹੋਵੇ ਜਾਂ ਕਰ ਸਕਦਾ ਹੋਵੇ
*ਨਵੇਂ ਉਪਰਕਣ (2019-2021)
*$3000 ਸਾਈਨਿੰਗ ਬੋਨਸ (11 ਵੈਸਟਰਨ ਸਟੇਟਾਂ ਲਈ)
*$1000 ਸਾਈਨਿੰਗ ਬੋਨਸ (ਖੇਤਰੀ ਡਰਾਈਵਰਾਂ ਲਈ)
*ਅਸੀਂ 34 ਘੰਟਿਆਂ ਦੀ ਰੀਸੈਟ ਲਈ $75 ਤੋਂ $150 ਤੱਕ ਅਦਾ ਕਰਦੇ ਹਾਂ *ਮੈਡੀਕਲ, ਵਿਜ਼ਨ ਅਤੇ ਡੈਂਟਲ ਲਾਭ
*ਹਫਤਾਵਾਰੀ ਤਨਖਾਹ *ਸਾਲਾਨਾ ਮਾਈਲਜ਼ ਬੋਨਸ
*ਸਾਡੀ ਪੇਸ਼ਕਸ਼ 3500 ਤੋਂ 3800+ ਮੀਲ


ਅਮੋਲਕ ਸਿੰਘ ਗਾਖਲ


ਪਲਵਿੰਦਰ ਸਿੰਘ ਗਾਖਲ


ਇਕਬਾਲ ਸਿੰਘ ਗਾਖਲ

NOW HIRING

Owner Operators and Company TRUCK DRIVERS WITH 6 MONTHS EXPERIENCE FOR 11 WESTERN STATES, AND REGIONAL. CALIFORNIA & TEXAS ROUTES.

We pay Solo 55 cents per mile and Teams 70 cents per mile.

Job Requirements:

• Class A Driver. • Clean driving record • Ability to pass DOT drug test.

*We offer the following benefits of employment*

• 55 Cents Per Mile or loaded-Solo • 70 Cents Per Mile-Teams.
• Newer equipment for Driver comfort (2019-2021).
• *$3,000 Signing Bonus For Drivers for 11 western states.
• *$1,000 Signing Bonus For Regional Drivers.
• We pay $75 to $150 for 34 hours reset. • Weekly pay.
• Yearly mileage bonus. • We offer 3,500-3,800+ miles
• Medical, Vision, and Dental Benefits. • Stop Pay & Bonus Layover Pay.
• Referral-Bonus for referring other Class A Drivers. • 401k Plan.

*Signing bonus subject to terms and conditions.*

For More Information Call (24 hours) Armando or Vicente, Ph: (831) 763-7805

# ਜੀ.ਐਸ.ਟੀ. ਵਸੂਲੀ ਨਾਲ ਪੰਜਾਬ ਸਰਕਾਰ ਮਾਲਾਮਾਲ

**ਚੰਡੀਗੜ੍ਹ:** ਪੰਜਾਬ ਨੇ ਅਪਰੈਲ 2021 ਦੇ ਮਹੀਨੇ ਦੌਰਾਨ ਜੀ.ਐਸ.ਟੀ ਰਾਹੀਂ 1481.83 ਕਰੋੜ ਰੁਪਏ ਦਾ ਮਾਲੀਆ ਉਗਰਾਹਿਆ ਹੈ ਜੋ ਕਿ ਜੀ.ਐਸ.ਟੀ. ਲਾਗੂ ਹੋਣ (ਜੁਲਾਈ, 2017) ਤੋਂ ਬਾਅਦ ਹੁਣ ਤੱਕ ਕਿਸੇ ਵੀ ਮਹੀਨੇ ਵਿਚ ਸਭ ਤੋਂ ਵੱਡੀ ਰਾਸ਼ੀ ਹੈ।

ਕਰ ਕਮਿਸ਼ਨਰ ਦਫਤਰ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਜੁਲਾਈ, 2019 ਦੌਰਾਨ ਜੀ.ਐਸ.ਟੀ. ਤੋਂ ਸਭ ਤੋਂ ਵੱਧ 1216 ਕਰੋੜ ਰੁਪਏ ਮਹੀਨਾਵਾਰ ਮਾਲੀਆ ਕਮਾਇਆ ਗਿਆ ਸੀ ਜਦੋਂਕਿ ਅਪਰੈਲ 2020 ਵਿਚ ਜੀ.ਐਸ.ਟੀ ਤੋਂ ਸਿਰਫ 156 ਕਰੋੜ ਪ੍ਰਾਪਤ ਹੋਏ ਸਨ। ਬੁਲਾਰੇ ਨੇ ਦੱਸਿਆ ਕਿ ਇਹ ਘੱਟ ਉਗਰਾਹੀ ਟੈਕਸ ਭੁਗਤਾਨ ਕਰਨ ਵਾਲਿਆਂ ਨੂੰ ਫਰਵਰੀ, ਮਾਰਚ ਤੇ ਅਪਰੈਲ 2020 ਵਿਚ ਕੋਵਿਡ -19 ਅਤੇ 23 ਮਾਰਚ, 2020 ਤੋਂ ਤਾਲਾਬੰਦੀ ਕਾਰਨ ਦੇਸ ਵਿਚ ਟੈਕਸ ਦੀ ਰਿਟਰਨ ਭਰਨ ਵਿਚ ਦਿੱਤੀ ਰਾਹਤ ਕਾਰਨ ਹੋਈ ਸੀ। ਇਸ ਦੌਰਾਨ ਪੰਜਾਬ ਦੇ ਟੈਕਸ ਦੇਣ ਵਾਲਿਆਂ ਨੇ 1924.10 ਕਰੋੜ ਰੁਪਏ ਦਾ ਜੀ.ਐਸ.ਟੀ. ਨਕਦ ਅਦਾ ਕੀਤਾ ਹੈ ਜੋ ਇਕ ਹੋਰ ਇਤਿਹਾਸਕ ਤੱਥ ਹੈ ਕਿਉਂਕਿ ਜੀ.ਐਸ.ਟੀ ਦੇ ਲਾਗੂ ਹੋਣ ਤੋਂ ਬਾਅਦ ਇਹ ਰਾਜ ਨੂੰ ਮਹੀਨਾਵਾਰ ਇਕੱਤਰ ਹੋਈ ਸਭ ਤੋਂ ਵੱਡੀ ਰਾਸ਼ੀ ਹੈ। ਪਿਛਲੀ ਸਭ ਤੋਂ ਵੱਡੀ ਰਾਸ਼ੀ ਨਵੰਬਰ, 2020 ਦੇ ਮਹੀਨੇ ਵਿਚ ਪ੍ਰਾਪਤ ਹੋਈ ਸੀ ਜੋ 1396 ਕਰੋੜ ਰੁਪਏ ਸੀ। ਜੀ. ਐਸ. ਟੀ ਤੋਂ ਇਲਾਵਾ ਪੰਜਾਬ, ਵੈਟ ਅਤੇ ਸੀ.ਐਸ.ਟੀ ਤੋਂ ਵੀ ਮਾਲੀਆ ਇਕੱਠਾ ਕਰਦਾ ਹੈ ਜਿਸ ਵਿਚ ਮਨੁੱਖੀ ਖਪਤ ਵਾਲੀ ਸ਼ਰਾਬ ਤੇ ਪੰਜ ਪੈਟਰੋਲੀਅਮ ਉਤਪਾਦ ਜੋ ਜੀ.ਐਸ.ਟੀ ਦੇ ਦਾਇਰੇ ਤੋਂ ਬਾਹਰ ਹਨ, ਦਾ ਵੀ ਵੱਡਾ ਯੋਗਦਾਨ ਹੈ। ਅਪਰੈਲ, 2021 ਦੇ ਮਹੀਨੇ ਲਈ ਕੁੱਲ ਵੈਟ ਅਤੇ ਸੀ.ਐਸ.ਟੀ ਕੁਲੈਕਸ਼ਨ 701.13 ਕਰੋੜ ਰੁਪਏ ਹੈ ਜਦਕਿ ਸਾਲ 2019 ਵਿਚ ਇਸੇ ਮਹੀਨੇ ਵਿਚ ਇਹ ਰਾਸ਼ੀ 430.82 ਕਰੋੜ ਰੁਪਏ ਸੀ ਜੋ ਕਿ ਲਗਭਗ 63% ਦੀ ਵਾਧਾ ਦਰ ਦਰਸਾਉਂਦੀ ਹੈ। 2019 ਵਿਚ ਅਪਰੈਲ ਮਹੀਨੇ ਦੀ 13.86 ਕਰੋੜ ਦੇ ਮੁਕਾਬਲੇ ਅਪਰੈਲ 2021 'ਚ ਰਾਜ ਨੇ ਪੀ. ਐਸ. ਡੀ .ਟੀ. ਦੇ 13.83 ਕਰੋੜ ਰੁਪਏ ਕਮਾਏ ਸਨ।

## ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ ਨਿਊ ਯਾਰਕ ਵਲੋਂ ਦੁੱਖ ਦਾ ਪ੍ਰਗਟਾਵਾ

**ਨਿਊ ਯਾਰਕ (ਬਿਊਰੋ):** ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ ਨੇ ਇਕ ਸ਼ੋਕ ਮਤੇ ਰਾਹੀਂ 'ਪੰਜਾਬ ਟਾਈਮਜ਼' ਦੇ ਸੰਪਾਦਕ ਸਵਰਗੀ ਅਮੋਲਕ ਸਿੰਘ ਜੰਮੂ ਦੇ ਅਕਾਲ ਚਲਾਣੇ ਉਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਫਾਊਂਡੇਸ਼ਨ ਨੇ ਸ. ਜੰਮੂ ਦੇ ਸਦੀਵੀ ਵਿਛੋੜੇ ਨੂੰ ਪੰਜਾਬੀ ਪੱਤਰਕਾਰੀ, ਖਾਸ ਕਰ ਵਿਦੇਸ਼ਾਂ ਵਿਚ ਜ਼ਿੰਮੇਵਾਰ ਪੱਤਰਕਾਰੀ ਦੇ ਖੇਤਰ ਵਿਚ ਪਿਆ ਵੱਡਾ ਘਾਟਾ ਦੱਸਿਆ ਹੈ।

ਫਾਊਂਡੇਸ਼ਨ ਨੇ ਜਾਰੀ ਬਿਆਨ ਵਿਚ ਕਿਹਾ ਹੈ ਕਿ ਸ. ਜੰਮੂ ਨੇ ਅਖਬਾਰ 'ਪੰਜਾਬ ਟਾਈਮਜ਼' ਜ਼ਰੀਏ ਅਮਰੀਕਾ ਵਿਚ ਵੱਸਦੇ ਪੰਜਾਬੀ ਭਾਈਚਾਰੇ ਨੂੰ ਆਪਸ ਵਿਚ ਜੋੜਨ ਦੇ ਨਾਲ ਨਾਲ ਪੱਤਰਕਾਰੀ ਦੀਆਂ ਨਿਰੋਲ ਕਦਰਾਂ-ਕੀਮਤਾਂ ਉਤੇ ਵੀ ਦਲੇਰੀ ਨਾਲ ਪਹਿਰਾ ਦਿੱਤਾ ਅਤੇ ਨਿਰਪੱਖ ਸੰਪਾਦਕੀ ਲਿਖਣ ਤੋਂ ਇਲਾਵਾ ਜਾਣਕਾਰੀ ਭਰਪੂਰ ਖਬਰਾਂ ਤੇ ਲੇਖਾਂ ਨੂੰ ਅਖਬਾਰ ਵਿਚ ਥਾਂ ਦੇ ਕੇ ਸੁਜੱਗ ਰੋਲ ਨਿਭਾਇਆ।

ਫਾਊਂਡੇਸ਼ਨ ਨਾਲ ਜੁੜੇ ਮਨਮੋਹਨ ਪੂਨੀ, ਮਾਸਟਰ ਮੋਹਨ ਸਿੰਘ ਭੰਵਰਾ, ਭਾਗ ਸਿੰਘ ਮੰਡੇਹਰ, ਬਲਜੀਤ ਸਿੰਘ, ਚਰਨਜੀਤ ਸਿੰਘ ਸਮਰਾ, ਪਰਮਜੀਤ ਜੌਹਲ, ਦਵਿੰਦਰ ਝਾਵਰ, ਬੰਟੀ ਝਾਵਰ, ਓਂਕਾਰ ਸਿੰਘ ਭੁਮੇਲੀ, ਬਲਬੀਰ ਸਿੰਘ ਭੁਮੇਲੀ, ਜਗਦੇਵ ਸਿੰਘ ਢਿੱਲੋਂ, ਭੁਪਿੰਦਰ ਸਿੰਘ ਅਟਵਾਲ, ਧਰਮ ਪਾਲ, ਅਮਰਜੀਤ ਸਿੰਘ ਪੁਆਰ, ਪਰਮਜੀਤ ਕੌਰ, ਗੁਰਿੰਦਰ ਪੂਨੀ, ਸੁਰਿੰਦਰ ਕੌਰ ਪੱਖੋਕੇ, ਦਵਿੰਦਰ ਕੌਰ ਗੁਰਾਇਆ, ਧਰਮ ਸਿੰਘ ਗੋਰਾਇਆ, ਸੁਰਿੰਦਰ ਸੋਹਲ, ਸ਼ਮਸ਼ੇਰ ਸਿੰਘ (ਬਾਈ), ਗੁਰਮੀਤ ਸਿੰਘ ਲੱਖਾ, ਰਮਨ ਮੰਡ, ਰਜਿੰਦਰ ਬਿੱਟੂ, ਮਲਕੀਤ ਮਾਣਾ, ਸਤਨਾਮ ਸਿੰਘ ਬੁੰਡਾਲਾ, ਜਸਵਿੰਦਰਪਾਲ ਸਿੰਘ ਪੱਖੋਕੇ ਅਤੇ ਸੁਖਦੇਵ ਸਿੰਘ ਤੇ ਸਵਰਨ ਸਿੰਘ ਸਲੈਚ (ਨਾਮਧਾਰੀ ਸੰਗਤ) ਨੇ ਸਵਰਗੀ ਜੰਮੂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਅਫਸੋਸ ਜਾਹਰ ਕੀਤਾ ਹੈ ਕਿ ਇਕ ਨਿਧੜਕ ਤੇ ਜ਼ਿੰਮੇਵਾਰ ਸੰਪਾਦਕ ਦਾ ਵਿਛੋੜਾ ਪਾਠਕਾਂ ਅਤੇ ਉਨ੍ਹਾਂ ਦੇ ਸਨੇਹੀਆਂ ਲਈ ਅਸਹਿ ਹੈ, ਪਰ ਸਿਹਤ ਸਬੰਧੀ ਉਨ੍ਹਾਂ ਦੀਆਂ ਘਾਲਣਾਵਾਂ ਦੇ ਬਾਵਜੂਦ ਪੰਜਾਬੀ ਪੱਤਰਕਾਰੀ ਪ੍ਰਤੀ ਉਨ੍ਹਾਂ ਦੇ ਸ਼ਲਾਘਾਯੋਗ ਕੰਮ ਨੂੰ ਲੋਕ ਸਦਾ ਯਾਦ ਰੱਖਣਗੇ।

ਫਾਊਂਡੇਸ਼ਨ ਨੇ ਸਵਰਗੀ ਜੰਮੂ ਦੇ ਪਰਿਵਾਰ ਅਤੇ ਅਖਬਾਰ ਦੇ ਅਮਲੇ ਨਾਲ ਦੁੱਖ ਦਾ ਇਜ਼ਹਾਰ ਕਰਦੇ ਹੋਏ ਸਹਿਯੋਗ ਦਾ ਭਰੋਸਾ ਦਿੱਤਾ ਹੈ। ਫਾਊਂਡੇਸ਼ਨ ਨਾਲ ਸੰਪਰਕ ਮਨਮੋਹਨ ਪੂਨੀ, ਫੋਨ: 1-347-753-5940 ਰਾਹੀਂ ਕੀਤਾ ਜਾ ਸਕਦਾ ਹੈ।

## ਦਿੱਲੀ ਤੇ ਕਾਨਪੁਰ 'ਚ ਹਵਾ ਪ੍ਰਦੂਸ਼ਣ ਸਿਖਰਾਂ 'ਤੇ

**ਲੰਡਨ:** ਕੌਮੀ ਰਾਜਧਾਨੀ ਦਿੱਲੀ ਸਣੇ ਭਾਰਤ ਦੇ ਕਈ ਸ਼ਹਿਰਾਂ ਵਿਚ ਹਵਾ ਪ੍ਰਦੂਸ਼ਣ ਵੱਡੇ ਪੱਧਰ 'ਤੇ ਵਧ ਰਿਹਾ ਹੈ। ਇਕ ਅਧਿਐਨ ਦੁਆਰਾ ਉਪ ਗ੍ਰਹਿਆਂ 'ਤੇ ਲੱਗੇ ਉਪਕਰਨਾਂ ਤੋਂ ਅੰਕੜੇ ਪ੍ਰਾਪਤ ਹੋਏ ਹਨ, ਜਿਨ੍ਹਾਂ ਨੇ ਹਵਾ ਦੀ ਗੁਣਵੱਤਾ ਉਤੇ ਨਿਗਰਾਨੀ ਰੱਖਣ ਦੀ ਲੋੜ ਅਤੇ ਸਾਫ ਵਾਤਾਵਰਨ ਲਈ ਚੁੱਕੇ ਜਾ ਰਹੇ ਕਦਮਾਂ ਉਤੇ ਜ਼ੋਰ ਦਿੱਤਾ ਹੈ। ਬਰਮਿੰਘਮ ਯੂਨੀਵਰਸਿਟੀ ਵੱਲੋਂ ਜਾਰੀ ਕੀਤੇ ਬਿਆਨ ਵਿਚ ਕਿਹਾ ਗਿਆ ਹੈ ਕਿ ਖੋਜੀਆਂ ਨੇ 2005 ਤੋਂ 2018 ਤੱਕ ਦੇ ਹਵਾ ਪ੍ਰਦੂਸ਼ਣ ਦੀ ਗੁਣਵੱਤਾ ਦਾ ਅਧਿਐਨ ਕਰਨ ਲਈ ਉਪਗ੍ਰਹਿਆਂ 'ਤੇ ਲੱਗੇ ਉਪਕਰਨਾਂ ਦੇ ਅੰਕੜਿਆਂ ਦੀ ਵਰਤੋਂ ਕੀਤੀ ਹੈ।


# Matrimonials

### ਲੜਕੇ ਦੀ ਲੋੜ ਹੈ

Reputed Jatt Sikh family that is well settled in the Midwest invite a matrimonial alliance for their beautiful and accomplished daughter: 28 years old, 5'-5", US citizen, never married, has great family values, educated (Masters in Communications and Juris Doctorate) and employed as an attorney at a law firm. We invite serious responses from a suitable, modern Jatt Sikh gentleman (ages 28-33) who is also a US permanent resident or citizen, compatible in education/professional levels and also has excellent family values. Please respond with recent photographs and detailed bio-data to: kjs939798@gmail.com or call, Ph: 317-670-7665

ਜੱਟ ਸਿੱਖ ਕੱਦ 5'-3" ਉਮਰ 23 ਸਾਲ, ਇੰਡੀਆ (ਜ਼ਿਲਾ ਲੁਧਿਆਣਾ) ਰਹਿੰਦੀ ਪੜ੍ਹੀ-ਲਿਖੀ ਲੜਕੀ ਲਈ ਅਮਰੀਕਾ ਵਿਚ ਸੈਟਲ ਲੜਕੇ ਦੀ ਲੋੜ ਹੈ। ਲੜਕੀ ਨੇ ਬੂਟੀਕ ਦਾ ਕੋਰਸ ਵੀ ਕੀਤਾ ਹੋਇਆ ਹੈ। ਲੜਕੀ ਦੇ ਮਾਤਾ-ਪਿਤਾ ਦੋ ਸਾਲ ਦੇ ਅੰਦਰ ਪੱਕੇ ਤੌਰ 'ਤੇ ਅਮਰੀਕਾ ਆ ਜਾਣਗੇ। ਲੜਕੀ ਦੇ ਚਾਚਾ ਜੀ ਮਿਸ਼ੀਗਨ ਅਤੇ ਭਰਾ ਕੈਨੇਡਾ ਰਹਿੰਦੇ ਹਨ। ਸੰਪਰਕ ਕਰੋ, ਫੋਨ: 586-864-3453 13-16

### ਲੜਕੇ ਦੀ ਲੋੜ ਹੈ

Jatt Sikh smart girl 27 yrs old, 5'-6", MS Computer Science from US, Software Engineer at top company on H1B visa, Brother US citizen, Educated green card family, Vegetarian, Looking for suitable good looking educated cultured match residing in USA, Contact with bio-data and photos: jsp558792@gmail.com; Ph. 608-770-9437 14-17

### ਲੜਕੀ ਦੀ ਲੋੜ ਹੈ

Wanted Suitable girl for US Citizen Khatri Gursikh boy, 36 years, height 5'-10', BS & MS (USA), working as a Pharmaceutical Engineer in Chicago area. Serious inquiries only. Contact, Ph: 630-290-1375 or neenakr2016@gmail.com 14-18

Looking for a suitable match for a MS Computer Science professional working in MNC in California, 27 years, 5'-8" Clean Shaven handsome Kamboj Sikh boy from a well established business family. Contact, Ph: +1-858-205-9624


*To Advertise with Punjab Times Call: 847-359-0746*
*Fax:847-705-9388, e-mail:punjabtimes1@gmail.com*



LAW OFFICES OF
VIVEK MALIK
Follow us on :



ACCOMPLISHED
IMMIGRATION Attorneys
help FAMILIES
REUNITE in the



UNITED STATES

Our Global & Nationwide Services
in the field of
U.S. Immigration & Nationality Law

Come talk to an experienced immigration attorney
Toll Free No.
866-424-4000

Business Immigration & Worksite Compliance
ਬਿਜ਼ਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ

Family & General Immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ

Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ

Removal Defense & Waivers
ਰੀਮੂਵਲ ਡਿਫੈਂਸੀ ਐਂਡ ਵੇਵਰਸ

OUR OFFICES
• 432 S Emerson Ave, Suite 220, Greenwood, IN 46143
Phone: 317.560.4777
• 1067 N Mason Rd., Suite 4, St Louis, Missouri 63141
Phone: 314.416.8000
• 2440 W Shaw Ave., Suite 205, Fresno, California 93711
Phone: 559.578.4344

www.usa-immigrationlaw.com

Languages SPOKEN Punjabi | Hindi | Urdu | Spanish & English



# ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ



ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ।

ਚੰਗੀ ਤਨਖਾਹ, ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ: ਫੋਨ: 651-353-9584

18-21



# ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com

# ਧਰਮ ਸਿੰਘ ਗੋਰਾਇਆ ਦੀ ਪੁਸਤਕ 'ਲੋਹ ਪੁਰਖ ਮਰਜੀਵੜਾ-ਕਾਮਰੇਡ ਤੇਜਾ ਸਿੰਘ ਸੁਤੰਤਰ' ਜਾਰੀ

**ਵਰਜੀਨੀਆ (ਬਿਊਰੋ):** ਲੇਖਕ ਧਰਮ ਸਿੰਘ ਗੋਰਾਇਆ ਦੀ ਪੁਸਤਕ "ਲੋਹ ਪੁਰਖ ਮਰਜੀਵੜਾ-ਕਾਮਰੇਡ ਤੇਜਾ ਸਿੰਘ ਸੁਤੰਤਰ" ਲੰਘੇ ਦਿਨੀਂ ਲੋਕ ਅਰਪਿਤ ਕੀਤੀ ਗਈ। 'ਪੰਜਾਬੀ ਕਲੱਬ ਮੈਰੀਲੈਂਡ' ਵਲੋਂ ਸਪਾਂਸਰ ਕੀਤੇ ਗਏ ਪ੍ਰੋਗਰਾਮ ਦੀ ਸ਼ੁਰੂਆਤ ਵਿਚ ਮਾਸਟਰ ਧਰਮਪਾਲ ਸਿੰਘ ਉੱਗੀ ਨੇ ਕਲੱਬ ਦੇ ਪ੍ਰਧਾਨ ਸ. ਜਿੰਦਰਪਾਲ ਸਿੰਘ ਬਰਾੜ ਤੇ ਸਕੱਤਰ ਕੇਵਲ ਸਿੰਘ ਨਾਲ ਜਾਣਕਾਰੀ ਕਰਵਾਈ ਅਤੇ ਸਟੇਜ਼ ਦੀ ਕਾਰਵਾਈ ਬਰਾੜ, ਫੂਲਾ ਸਿੰਘ, ਡਾ. ਸੁਰਿੰਦਰ ਸਿੰਘ ਗਿੱਲ, ਦੇਵਿੰਦਰ ਸਿੰਘ ਮਨਾਸ ਆਦਿ ਨੂੰ ਬੇਨਤੀ ਕੀਤੀ। ਸਭ ਤੋਂ ਪਹਿਲਾਂ ਹਰਜੀਤ ਸਿੰਘ ਹੁੰਦਲ ਨੇ ਸੰਤ ਰਾਮ ਉਦਾਸੀ ਦੇ ਗੀਤ 'ਤੂੰ ਮਘਦਾ ਰਹੀਂ ਵੇ ਸੂਰਜਾ' ਨੂੰ ਬਹੁਤ ਸੁਰੀਲੀ ਆਵਾਜ਼ 'ਚ ਪੇਸ਼ ਕਰਕੇ ਸਮਾਂ ਬੰਨ ਦਿੱਤਾ। ਕੁਲਬੀਰ ਸਿੰਘ ਗੁਰਦਾਸਪੁਰੀ ਅਤੇ ਅਜੀਤ ਸਿੰਘ ਮਾਂਗਟ ਨੇ ਵੀ ਗੀਤ ਗਾ ਕੇ ਖੂਬ ਰੰਗ ਬੰਨਿਆ। ਕੁਲਬੀਰ ਸਿੰਘ ਗੁਰਦਾਸਪੁਰੀ ਨੇ ਦੇਵਿੰਦਰ ਕੌਰ ਗੋਰਾਇਆ ਦਾ ਹੁੰਦਿਆਂ ਰੂਸ ਵੀ ਗਏ। ਤੁਰਕੀ ਵਿਚ ਉਨ੍ਹਾਂ ਆਰਮੀ ਸਕੂਲ ਵਿਚ ਦਾਖਲਾ ਲਿਆ ਅਤੇ ਕੈਪਟਨ ਦੇ ਅਹੁਦੇ ਤੱਕ ਪਹੁੰਚੇ। ਉਹ ਤੁਰਕੀ ਵਿਚ ਪੱਕੇ ਰਹਿ ਸਕਦੇ ਸਨ, ਪਰ ਉਨ੍ਹਾਂ ਇਸ ਟਰੇਨਿੰਗ ਨੂੰ ਹਿੰਦੋਸਤਾਨ ਆ ਕੇ ਨੌਜਵਾਨਾਂ ਨੂੰ ਸਿਖਲਾਈ ਦੇਣ ਲਈ ਵਰਤਿਆ।

ਇਸ ਤੋਂ ਬਾਅਦ ਅਮਰੀਕ ਸਿੰਘ ਨਾਗੀ, ਡਾ. ਸੁਰਿੰਦਰ ਸਿੰਘ ਗਿੱਲ, ਧਰਮਪਾਲ ਸਿੰਘ ਉੱਗੀ, ਕੇਵਲ ਸਿੰਘ, ਕਾਮਰੇਡ ਕੁਲਵੰਤ ਸਿੰਘ,




ਪੈਨਸਿਲਵੇਨੀਆ ਤੋਂ ਆਏ ਉਘੇ ਕਵੀ ਰਵਿੰਦਰ ਸਿੰਘ ਸਹਿਰਾਅ ਨੂੰ ਸੰਭਾਲੀ। ਉਨ੍ਹਾਂ ਨੇ ਸੰਤ ਰਾਮ ਉਦਾਸੀ ਦੀਆਂ ਸਤਰਾਂ, "ਮੇਰੀ ਮੌਤ 'ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ; ਮੇਰੇ ਲਹੂ ਦਾ ਕੇਸਰ ਰੇਤੇ 'ਚ ਨਾ ਰਲਾਇਓ..." ਨਾਲ ਕੀਤੀ।

ਇਸ ਤੋਂ ਬਾਅਦ ਸਕੱਤਰ ਨੇ ਵਿਛੜੇ ਲੇਖਕਾਂ ਜਿਵੇਂ ਪ੍ਰੋ. ਨਰਿੰਜਨ ਸਿੰਘ ਢੇਸੀ, ਪ੍ਰੋ. ਤਰਸੇਮ ਬਾਹੀਆ, ਜਗਜੀਤ ਜ਼ੀਰਵੀ, ਤਾਰਨ ਗੁਜਰਾਲ, ਹਰਵਿੰਦਰ ਰਿਆੜ, ਸਰਦੂਲ ਸਿਕੰਦਰ, ਗਿੱਲ ਸੁਰਜੀਤ, ਪ੍ਰੇਮ ਗੋਰਖੀ, ਕੁਲਵੰਤ ਗਰੇਵਾਲ, ਸ਼ੌਕਤ ਅਲੀ, ਦਿਲਜਾਨ, ਡਾ. ਬਲਬੀਰ ਕੌਰ (ਬਰਾੜ), ਮਨੋਹਰ ਸਿੰਘ ਬਤਰਾ ਅਤੇ 'ਪੰਜਾਬ ਟਾਈਮਜ਼' ਦੇ ਸੰਪਾਦਕ ਅਮੋਲਕ ਸਿੰਘ ਜੰਮੂ ਦੇ ਵਿਛੜ ਜਾਣ 'ਤੇ ਦੁੱਖ ਦਾ ਇਜ਼ਹਾਰ ਕੀਤਾ ਅਤੇ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ। ਨਾਲ ਹੀ ਉਨ੍ਹਾਂ ਕਿਸਾਨ ਮੋਰਚੇ ਵਿਚ ਸ਼ਹੀਦ ਹੋਏ ਕਿਸਾਨਾਂ ਨੂੰ ਵੀ ਸ਼ਰਧਾਂਜਲੀ ਦੇ ਕੇ ਯਾਦ ਕੀਤਾ ਅਤੇ ਹਰ ਤਰ੍ਹਾਂ ਦਾ ਸਮਰਥਨ ਦੇਣ ਲਈ ਪ੍ਰੇਰਿਆ।

ਪ੍ਰਧਾਨਗੀ ਮੰਡਲ ਲਈ ਕਾਮਰੇਡ ਕੁਲਵੰਤ ਸਿੰਘ, ਅਮਰੀਕ ਸਿੰਘ ਨਾਗੀ, ਜਿੰਦਰਪਾਲ ਸਿੰਘ ਲਿਖਿਆ ਗੀਤ, "ਕਿਹੋ ਜਿਹੇ ਉਹ ਦਿਨ ਸਨ ਜਿਹੜੇ ਚਾਵਾਂ ਦੇ ਨਾਲ ਲੱਧੇ ਸੀ, ਇਹੋ ਭੈਣ-ਭਰਾ ਸਨ ਜਿਹੜੇ ਹਰ ਪਲ ਖੱਬੇ ਸੱਜੇ ਸੀ" ਗਾ ਕੇ ਪੂੰਜੀ ਦੇ ਵਿਸ਼ਵ ਪਸਾਰੇ ਨਾਲ ਰਿਸ਼ਤਿਆਂ ਦਾ ਹੋ ਰਿਹਾ ਘਾਣ ਬਿਆਨ ਕਰਕੇ ਅੱਖਾਂ 'ਚ ਨਮੀ ਭਰ ਦਿੱਤੀ। ਕਵਿਤਰੀ/ਲੇਖਕਾ ਦੇਵਿੰਦਰ ਕੌਰ ਗੋਰਾਇਆ ਨੇ ਤੇਜਾ ਸਿੰਘ ਸੁਤੰਤਰ ਬਾਰੇ ਬਹੁਤ ਹੀ ਵਿਸਥਾਰ ਪੂਰਵਕ ਪਰਚਾ ਪੜ੍ਹਿਆ, ਜਿਸ ਵਿਚ ਉਨ੍ਹਾਂ ਦੀ ਜ਼ਿੰਦਗੀ ਦੇ ਸਾਰੇ ਪਹਿਲੂਆਂ ਬਾਰੇ ਜਾਣਕਾਰੀ ਦਿੱਤੀ।

ਤੇਜਾ ਸਿੰਘ ਸੁਤੰਤਰ ਦਾ ਜਨਮ 16 ਜੁਲਾਈ 1901 ਅਤੇ ਵਿਦਾਇਗੀ (ਮੌਤ) 2 ਅਪਰੈਲ 1973 ਨੂੰ ਹੋਈ। ਉਹ 1971 ਵਿਚ ਸੰਗਰੂਰ ਤੋਂ ਐਮ. ਪੀ. ਵੀ ਬਣੇ ਸਨ। ਉਨ੍ਹਾਂ ਦੀ ਉਮਰ ਉਦੋਂ ਅਠਾਰਾਂ ਸਾਲ ਦੀ ਸੀ, ਜਦੋਂ ਜੱਲਿਆਂ ਵਾਲੇ ਬਾਗ ਦਾ ਸਾਕਾ ਵਾਪਰਿਆ। ਉਸ ਦਿਨ ਤੋਂ ਹੀ ਉਨ੍ਹਾਂ ਫੈਸਲਾ ਕਰ ਲਿਆ ਕਿ ਵਿਦੇਸ਼ੀ ਹਾਕਮਾਂ ਨੂੰ ਹਿੰਦੋਸਤਾਨ ਵਿਚੋਂ ਬਾਹਰ ਕੱਢਣਾ ਹੈ। ਜ਼ਿੰਦਗੀ ਦੇ ਬਹੁਤੇ ਵਰ੍ਹੇ ਉਨ੍ਹਾਂ ਰੂਪੋਸ਼ ਰਹਿ ਕੇ ਗੁਜ਼ਾਰੇ। ਉਹ ਅਫਗਾਨਿਸਤਾਨ, ਇਰਾਕ ਅਤੇ ਤੁਰਕੀ ਤੋਂ ਫੂਲਾ ਸਿੰਘ, ਜਿੰਦਰਪਾਲ ਸਿੰਘ ਬਰਾੜ, ਰਾਜਨ ਗੋਰਾਇਆ ਅਤੇ ਸੰਨੀ ਗਰੇਵਾਲ ਆਦਿ ਨੇ ਲੇਖਕ ਧਰਮ ਸਿੰਘ ਗੋਰਾਇਆ ਨੂੰ ਵਧਾਈ ਦਿੱਤੀ। ਸਾਰੇ ਪ੍ਰੋਗਰਾਮ ਦੌਰਾਨ ਸਕੱਤਰ ਰਵਿੰਦਰ ਸਹਿਰਾਅ ਨੇ ਲੋਕ-ਪੱਖੀ ਸ਼ਾਇਰਾਂ ਦੇ ਸ਼ੇਅਰਾਂ ਰਾਹੀਂ ਸਰੋਤਿਆਂ ਦੀ ਦਿਲਚਸਪੀ ਬਣਾਈ ਰੱਖੀ। ਉਨ੍ਹਾਂ ਦੀ ਪ੍ਰਭਾਵਸ਼ਾਲੀ ਸ਼ਖਸੀਅਤ ਤੇ ਸਲੀਕੇ ਨੇ ਸਰੋਤਿਆਂ ਨੂੰ ਬੰਨ੍ਹ ਕੇ ਬਿਠਾਈ ਰੱਖਿਆ। ਲਗਾਤਾਰ ਤਿੰਨ ਘੰਟੇ ਵਕਤਿਆਂ ਅਤੇ ਕਵੀਆਂ ਦੀਆਂ ਗੱਲਾਂ ਮਾਣਦੇ ਸਰੋਤੇ ਮਾਲਾ-ਮਾਲ ਮਹਿਸੂਸ ਕਰਦੇ ਰਹੇ।

ਅਖੀਰ ਵਿਚ ਲੇਖਕ ਧਰਮ ਸਿੰਘ ਗੋਰਾਇਆ ਨੇ ਕਿਤਾਬ ਸਬੰਧੀ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੱਤੇ। ਨਾਲ ਹੀ ਉਨ੍ਹਾਂ ਇਤਿਹਾਸ ਦੇ ਪੰਨਿਆਂ ਤੋਂ ਦੂਰ ਗੁੰਮ ਚੁਕੇ ਸ਼ਹੀਦਾਂ, ਯੋਧਿਆਂ, ਲੇਖਕਾਂ ਤੇ ਕੌਮ ਦੇ ਅਸਲੀ ਵਾਰਸਾਂ ਨੂੰ ਖੋਜ ਕੇ ਕਲਮਬੱਧ ਕਰਨ ਦੀ ਆਪਣੀ ਧੁਨ ਤੇ ਲਗਨ ਬਾਰੇ ਦੱਸਿਆ। ਖਾਣੇ ਤੋਂ ਬਾਅਦ ਸਾਰੇ ਸਰੋਤੇ ਮਿੱਠੀਆਂ ਯਾਦਾਂ ਦਿਲ ਵਿਚ ਸਮੋਈ ਆਪੋ-ਆਪਣੇ ਟਿਕਾਣਿਆਂ ਲਈ ਰਵਾਨਾ ਹੋਏ।

# ਤਾਲਾਬੰਦੀ ਦੇ ਡਰੋਂ ਪਰਵਾਸੀ ਮਜ਼ਦੂਰਾਂ ਨੇ ਘਰਾਂ ਨੂੰ ਚਾਲੇ ਪਾਏ



**ਚੰਡੀਗੜ੍ਹ:** ਕਰੋਨਾ ਦੀ ਦੂਜੀ ਲਹਿਰ ਦੌਰਾਨ ਤਾਲਾਬੰਦੀ ਦੇ ਡਰੋਂ ਪਰਵਾਸੀ ਮਜ਼ਦੂਰਾਂ ਦੀ ਹਿਜਰਤ ਜਾਰੀ ਹੈ। ਅਜਿਹੇ ਵਿਚ ਕਿਸਾਨਾਂ ਨੂੰ ਇਸ ਵਾਰ ਵੀ ਝੋਨੇ ਦੀ ਲੁਆਈ ਲਈ ਮਜ਼ਦੂਰਾਂ ਦੀ ਥੁੜ੍ਹ ਕਾਰਨ ਆਰਥਿਕ ਝਟਕਾ ਲੱਗ ਸਕਦਾ ਹੈ। ਪਰਵਾਸੀ ਮਜ਼ਦੂਰ ਭੋਜਨ, ਪਾਣੀ ਅਤੇ ਸਿਹਤ ਸੇਵਾਵਾਂ ਬਾਰੇ ਚਿੰਤਤ ਹੋਣ ਲੱਗੇ ਹਨ।

ਪੰਜਾਬ ਸਰਕਾਰ ਵੱਲੋਂ ਕਰੋਨਾ ਦੀ ਲਾਗ ਫੈਲਣ ਤੋਂ ਰੋਕਣ ਲਈ ਵਰਤੀ ਜਾ ਰਹੀ ਸਖਤੀ ਤੇ ਪੂਰਨ ਤਾਲਾਬੰਦੀ ਦੇ ਖਦਸ਼ੇ ਕਾਰਨ ਪਰਵਾਸੀ ਮਜ਼ਦੂਰਾਂ ਨੇ ਪਰਿਵਾਰ ਸਮੇਤ ਆਪਣੇ ਘਰਾਂ ਨੂੰ ਚਾਲੇ ਪਾ ਦਿੱਤੇ ਹਨ। ਪਰਵਾਸੀ ਮਜ਼ਦੂਰਾਂ 'ਚ ਦਹਿਸ਼ਤ ਦਾ ਮਾਹੌਲ ਹੈ। ਬੀਤੇ ਸਾਲ ਤਾਲਾਬੰਦੀ ਦੌਰਾਨ ਲੱਖਾਂ ਪਰਵਾਸੀ ਮਜ਼ਦੂਰ ਪ੍ਰਭਾਵਿਤ ਹੋਏ ਸਨ। ਅਜਿਹੇ ਵਿਚ ਉਹ ਕੋਈ ਖਤਰਾ ਮੁੱਲ ਨਹੀਂ ਲੈਣਾ ਚਾਹੁੰਦੇ।

ਮਜ਼ਦੂਰਾਂ ਦੀਆਂ ਬੱਸ ਭਰ-ਭਰ ਕੇ ਬਿਹਾਰ ਤੇ ਉਤਰ ਪ੍ਰਦੇਸ਼ ਲਈ ਰਵਾਨਾ ਹੋ ਰਹੀਆਂ ਹਨ। ਮਜ਼ਦੂਰਾਂ ਨੇ ਦੱਸਿਆ ਰੇਲਾਂ ਨਾ ਚੱਲਣ ਕਾਰਨ ਉਹ ਬੱਸ ਰਾਹੀਂ ਜਾ ਰਹੇ ਹਨ। ਉਨ੍ਹਾਂ ਤੋਂ 1000 ਤੋਂ 1500 ਰੁਪਏ ਕਿਰਾਇਆ ਵਸੂਲਿਆ ਜਾ ਰਿਹਾ ਹੈ। ਪਰਵਾਸੀ ਮਜ਼ਦੂਰਾਂ ਨੇ ਖਦਸ਼ਾ ਪ੍ਰਗਟਾਇਆ ਕਿ ਤਾਲਾਬੰਦੀ ਲੱਗਣ ਵਾਲੀ ਹੈ। ਇਸੇ ਕਰਕੇ ਉਹ ਵਾਪਸ ਜਾ ਰਹੇ ਹਨ। ਪਰਵਾਸੀ ਮਜ਼ਦੂਰਾਂ ਦਾ ਕਹਿਣਾ ਕਿ 6 ਵਜੇ ਕਰਫਿਊ ਲੱਗ ਜਾਂਦਾ ਹੈ। ਉਨ੍ਹਾਂ ਦੀਆਂ ਫਲ, ਸਬਜ਼ੀਆਂ ਤੇ ਖਾਣ-ਪੀਣ ਵਾਲਾ ਸਾਮਾਨ ਰੇਹੜੀਆਂ 'ਤੇ ਰਾਤ ਨੂੰ ਵਿਕਦਾ ਹੈ ਪਰ ਪੁਲਿਸ ਮੁਲਾਜ਼ਮ 5 ਵਜੇ ਹੀ ਹੂਟਰ ਮਾਰਨ ਲੱਗ ਜਾਂਦੇ ਹਨ ਅਤੇ ਬੁਰਾ ਭਲਾ ਵੀ ਬੋਲਦੇ ਹਨ। ਅਜਿਹੀ ਹਾਲਤ ਵਿਚ ਕੰਮ ਕਰਨਾ ਮੁਸ਼ਕਲ ਹੋ ਰਿਹਾ ਹੈ। ਉਨ੍ਹਾਂ ਨੂੰ ਤਾਂ ਪੁਲਿਸ ਭਜਾ ਦਿੰਦੀ ਹੈ ਜਦੋਂਕਿ ਸ਼ਰਾਬ ਦੇ ਠੇਕੇ 'ਚ ਸ਼ਟਰ ਦੀ ਮੋਰੀ ਰਾਹੀਂ ਦੇਰ ਰਾਤ ਤੱਕ ਸ਼ਰਾਬ ਵਿਕ ਰਹੀ ਹੈ।

## ਬਾਹਰਲੇ ਸੂਬਿਆਂ ਤੋਂ ਤੇਜ਼ੀ ਨਾਲ ਆਉਣ ਲੱਗੇ ਮਰੀਜ਼

**ਜਲੰਧਰ:** ਜਲੰਧਰ ਵਿਚ ਦੂਜੇ ਸ਼ਹਿਰਾਂ ਦੇ ਮੁਕਾਬਲੇ ਆਕਸੀਜਨ ਵਾਲੇ ਬੈੱਡ ਜ਼ਿਆਦਾ ਹੋਣ ਕਾਰਨ ਇਥੇ ਬਾਹਰਲੇ ਸੂਬਿਆਂ ਦੇ ਮਰੀਜ਼ ਤੇਜ਼ੀ ਨਾਲ ਆ ਰਹੇ ਹਨ। ਡੀਸੀ ਘਨਸ਼ਿਆਮ ਥੋਰੀ ਨੇ ਦੱਸਿਆ ਕਿ ਜਲੰਧਰ ਵਿਚ 136 ਮਰੀਜ਼ ਦੂਜੇ ਸੂਬਿਆਂ ਤੋਂ ਆ ਕੇ ਵੱਖ-ਵੱਖ ਹਸਪਤਾਲਾਂ ਵਿਚ ਦਾਖਲ ਹਨ। ਪੰਜਾਬ ਦੇ ਹੋਰ ਜ਼ਿਲ੍ਹਿਆਂ ਤੋਂ ਵੀ ਮਰੀਜ਼ ਜਲੰਧਰ ਦੇ ਹਸਪਤਾਲਾਂ ਵਿਚ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਜਲੰਧਰ ਵਿਚ ਆਈ.ਸੀ.ਯੂ. ਵਾਲੇ ਬੈੱਡ 85 ਫੀਸਦੀ ਤੋਂ ਵੱਧ ਭਰ ਚੁੱਕੇ ਹਨ ਤੇ ਆਕਸੀਜਨ ਵਾਲੇ ਬੈੱਡ ਅਜੇ 600 ਤੋਂ ਵੱਧ ਖਾਲੀ ਹਨ। ਨਿੱਜੀ ਹਸਪਤਾਲਾਂ ਨੂੰ 338 ਸਿਲੰਡਰ ਵਾਧੂ ਸਪਲਾਈ ਕੀਤੇ ਗਏ ਹਨ।

## 17 ਮੁਲਕਾਂ 'ਚ ਮਿਲਿਆ ਕਰੋਨਾ ਦਾ ਭਾਰਤੀ ਸਟਰੇਨ

**ਜਨੇਵਾ:** ਆਲਮੀ ਸਿਹਤ ਸੰਸਥਾ (ਡਬਲਿਊ.ਐਚ.ਓ.) ਨੇ ਕਿਹਾ ਕਿ ਕਰੋਨਾ ਵਾਇਰਸ ਦਾ 'ਭਾਰਤੀ ਸਟਰੇਨ', ਜੋ ਬੀ.1.617 ਜਾਂ 'ਡਬਲ ਮਿਊਟੈਂਟ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ, ਘੱਟੋ-ਘੱਟ 17 ਮੁਲਕਾਂ ਵਿਚ ਪਾਇਆ ਗਿਆ ਹੈ। ਯੂ.ਐਨ. ਦੀ ਸਿਹਤ ਏਜੰਸੀ ਨੇ ਮਹਾਮਾਰੀ ਬਾਰੇ ਆਪਣੇ ਹਫਤਾਵਾਰੀ ਅੱਪਡੇਟ 'ਚ ਕਿਹਾ ਕਿ ਬੀ.1.617 ਕਿਸਮ ਜਾਂ 'ਭਾਰਤੀ ਸਟਰੇਨ' ਦੀ ਭਾਰਤ ਵਿਚ ਕਰੋਨਾ ਕੇਸਾਂ ਦੀ ਤੇਜ਼ੀ ਨਾਲ ਵਧਦੀ ਗਿਣਤੀ 'ਚ ਅਹਿਮ ਯੋਗਦਾਨ ਹੈ। ਆਲਮੀ ਸਿਹਤ ਸੰਸਥਾ ਨੇ ਕਰੋਨਾ ਦੀ ਇਸ ਕਿਸਮ ਨੂੰ ਵੇਰੀਐਂਟ ਆਫ ਇੰਟਰਸਟ (ਵੀ.ਓ.ਆਈ.) ਵਜੋਂ ਮਨੋਨੀਤ ਕੀਤਾ ਹੈ।

# ਕਰੋਨਾ ਕਾਰਨ ਗੁਰੂ ਘਰਾਂ 'ਚ ਸੰਗਤ ਦੀ ਆਮਦ ਘਟੀ

**ਅੰਮ੍ਰਿਤਸਰ:** ਕਰੋਨਾ ਦੇ ਮੱਦੇਨਜਰ ਸਰਕਾਰ ਵੱਲੋਂ ਕੀਤੀ ਗਈ ਤਾਲਾਬੰਦੀ ਕਾਰਨ ਇਸ ਵਾਰ ਮੁੜ ਦਰਬਾਰ ਸਾਹਿਬ ਸਮੇਤ ਹੋਰ ਗੁਰਦੁਆਰਿਆਂ ਵਿਚ ਸੰਗਤ ਦੀ ਆਮਦ ਘਟ ਗਈ ਹੈ। ਇਸ ਦੇ ਨਾਲ ਹੀ ਚੜ੍ਹਾਵੇ 'ਤੇ ਵੀ ਅਸਰ ਪੈਣ ਕਾਰਨ ਸ਼੍ਰੋਮਣੀ ਕਮੇਟੀ ਨੂੰ ਆਰਥਿਕ ਸੰਕਟ ਨਾਲ ਜੂਝਣਾ ਪੈ ਸਕਦਾ ਹੈ।

ਮੈਨੇਜਰ ਗੁਰਿੰਦਰ ਸਿੰਘ ਮਥਰੇਵਾਲ ਨੇ ਦੱਸਿਆ ਕਿ ਕਰੋਨਾ ਕਾਰਨ ਦਰਬਾਰ ਸਾਹਿਬ ਵਿਚ ਸੰਗਤ ਦੀ ਆਮਦ ਨਾ ਮਾਤਰ ਰਹਿ ਗਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਹਾਲ ਹੀ ਵਿਚ ਗੁਰੂ ਤੇਗ ਬਹਾਦਰ ਸਾਹਿਬ ਦਾ 400 ਸਾਲਾ ਪ੍ਰਕਾਸ਼ ਪੁਰਬ ਮਨਾਇਆ ਗਿਆ ਪਰ ਇਸ ਮੌਕੇ ਵੀ ਸੰਗਤ ਦੀ ਆਮਦ ਘਟ ਹੀ ਰਹੀ।

ਕਰੋਨਾ ਦੀ ਦੂਜੀ ਲਹਿਰ ਦੇ ਚੱਲਦਿਆਂ ਸਰਕਾਰ ਵੱਲੋਂ ਸ਼ਨਿਚਰਵਾਰ ਅਤੇ ਐਤਵਾਰ ਨੂੰ ਮੁਕੰਮਲ ਤਾਲਾਬੰਦੀ ਕੀਤੀ ਗਈ ਹੈ ਜਦੋਂਕਿ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸ਼ਾਮ ਛੇ ਵਜੇ ਤੋਂ ਅਗਲੇ ਦਿਨ ਸਵੇਰੇ ਪੰਜ ਵਜੇ ਤਕ ਕਰਫਿਊ ਲਾਇਆ ਗਿਆ ਹੈ। ਕਰੋਨਾ ਤੋਂ ਪਹਿਲਾਂ ਹਫਤੇ ਦੇ ਆਖਰੀ ਦਿਨਾਂ ਵਿਚ ਹੀ ਦਰਬਾਰ ਸਾਹਿਬ ਵਿਖੇ ਸੰਗਤ ਦੀ ਭਾਰੀ ਆਮਦ ਹੁੰਦੀ ਸੀ ਪਰ ਹੁਣ ਤਾਲਾਬੰਦੀ ਕਾਰਨ ਸੰਗਤ ਦਾ ਆਉਣਾ ਮੁਸ਼ਕਲ ਹੈ। ਦੂਜਿਆਂ ਸੂਬਿਆਂ ਅਤੇ ਵਿਦੇਸ਼ ਤੋਂ ਆਉਣ ਵਾਲੀ ਸੰਗਤ ਲਗਭਗ ਬੰਦ ਹੀ ਹੈ। ਇਸ ਕਾਰਨ ਚੜ੍ਹਾਵੇ 'ਤੇ ਵੀ ਅਸਰ ਪਿਆ ਹੈ।

## ਕਰੋਨਾ ਕਾਰਨ ਜੇ.ਈ.ਈ-ਮੇਨਜ ਦੀ ਪ੍ਰੀਖਿਆ ਮੁਲਤਵੀ

**ਨਵੀਂ ਦਿੱਲੀ:** ਕੇਂਦਰੀ ਸਿੱਖਿਆ ਮੰਤਰਾਲੇ ਦੀ ਰਾਸ਼ਟਰੀ ਪ੍ਰੀਖਿਆ ਏਜੰਸੀ (ਐਨ. ਟੀ. ਏ.) ਅਨੁਸਾਰ ਕੋਵਿਡ-19 ਦੇ ਮੱਦੇਨਜਰ 24 ਤੋਂ 28 ਮਈ ਤੱਕ ਨਿਰਧਾਰਤ ਇੰਜੀਨੀਅਰਿੰਗ ਦਾਖਲਾ ਪ੍ਰੀਖਿਆ ਜੇ.ਈ.ਈ-ਮੇਨਜ ਮੁਲਤਵੀ ਕਰ ਦਿੱਤੀ ਗਈ ਹੈ। ਪ੍ਰੀਖਿਆ ਦਾ ਅਪਰੈਲ ਐਡੀਸ਼ਨ ਵੀ ਕਰੋਨਾ ਕਾਰਨ ਮੁਲਤਵੀ ਕਰ ਦਿੱਤਾ ਗਿਆ ਸੀ।

## ਅਮਰੀਕਾ 'ਚ ਭਾਰਤ ਤੋਂ ਆਉਣ ਵਾਲਿਆਂ 'ਤੇ ਪਾਬੰਦੀ ਲਾਗੂ

**ਵਾਸ਼ਿੰਗਟਨ:** ਅਮਰੀਕਾ ਨੇ ਕੋਵਿਡ-19 ਮਹਾਮਾਰੀ ਦੇ ਸਭ ਤੋਂ ਖਤਰਨਾਕ ਦੌਰ ਵਿਚੋਂ ਲੰਘ ਰਹੇ ਭਾਰਤ ਤੋਂ ਆਉਣ ਵਾਲੇ ਲੋਕਾਂ 'ਤੇ ਪਾਬੰਦੀ ਲਗਾ ਦਿੱਤੀ ਹੈ। ਰਾਸ਼ਟਰਪਤੀ ਜੋਅ ਬਾਇਡਨ ਦੇ ਹੁਕਮ ਲਾਗੂ ਹੋ ਗਏ।

ਰਾਸ਼ਟਰਪਤੀ ਨੇ ਕਿਹਾ ਕਿ ਉਹ ਲੋਕ ਜੋ ਅਮਰੀਕਾ ਦੇ ਨਾਗਰਿਕ ਨਹੀਂ ਹਨ, ਤੇ ਪਿਛਲੇ 14 ਦਿਨਾਂ ਤੋਂ ਭਾਰਤ ਵਿਚ ਰਹਿ ਰਹੇ ਹਨ, ਅਮਰੀਕਾ ਨਹੀਂ ਆ ਸਕਦੇ। ਅਮਰੀਕਾ ਨੇ ਆਪਣੇ ਨਾਗਰਿਕਾਂ, ਗਰੀਨ ਕਾਰਡਧਾਰਕਾਂ, ਉਨ੍ਹਾਂ ਦੇ ਗੈਰਅਮਰੀਕੀ ਜੀਵਨ ਸਾਥੀਆਂ ਤੇ 21 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਸਣੇ ਵੱਖ-ਵੱਖ ਵਰਗਾਂ ਨੂੰ ਇਸ ਪਾਬੰਦੀ ਤੋਂ ਛੋਟ ਦਿੱਤੀ ਹੈ। ਇਹ ਹੁਕਮ ਅਣਮਿਥੇ ਸਮੇਂ ਲਈ ਲਾਗੂ ਕੀਤੇ ਗਏ ਹਨ ਤੇ ਇਨ੍ਹਾਂ ਨੂੰ ਸਿਰਫ ਰਾਸ਼ਟਰਪਤੀ ਹੀ ਰੱਦ ਕਰ ਸਕਦੇ ਹਨ।

ਕਿਚਨ ਹੈਲਪਰ ਤੇ ਡਿਸ਼ਵਾਸ਼ਰ ਦੀ ਫੌਰੀ ਲੋੜ ਹੈ
ਇੰਡੀਆਨਾ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਕਿਚਨ ਹੈਲਪਰ ਅਤੇ ਡਿਸ਼ਵਾਸ਼ਰ ਦੀ ਫੌਰੀ ਲੋੜ ਹੈ
ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼
Restaurant Help
Immediately hiring Kitchen Helper & Dishwasher for Indian restaurant in Indiana.
Good Salary and free accommodation.
ਸੰਪਰਕ ਕਰੋ: ਟੋਨੀ
ਫੋਨ: 317-340-1470
17-20

ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ
ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ
ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ
ਕਾਲ ਕਰੋ: ਮਿ. ਸਿੰਘ
ਫੋਨ: 515-291-1961
18-21

# ਕਰੋਨਾ: ਔਖੀ ਘੜੀ ਵਿਚ ਸਿੱਖ ਭਾਈਚਾਰਾ ਮਦਦ ਲਈ ਅੱਗੇ ਆਇਆ

**ਚੰਡੀਗੜ੍ਹ:** ਕਰੋਨਾ ਮਹਾਮਾਰੀ ਕਾਰਨ ਭਾਰਤ ਦਾ ਸਿਹਤ ਢਾਂਚਾ ਪੂਰੀ ਤਰ੍ਹਾਂ ਤਹਿਸ-ਨਹਿਸ ਹੋ ਗਿਆ ਹੈ। ਮਰੀਜ਼ਾਂ ਦੀ ਗਿਣਤੀ ਵਧਣ ਕਾਰਨ ਹਸਪਤਾਲਾਂ 'ਚ ਆਈ.ਸੀ.ਯੂ. ਬੈਡਾਂ ਦੀ ਘਾਟ ਹੋ ਗਈ ਹੈ। ਜੇਕਰ ਬੈਡ ਮਿਲ ਰਿਹਾ ਹੈ ਤਾਂ ਆਕਸੀਜਨ ਨਹੀਂ ਹੈ। ਸ਼ਮਸ਼ਾਨਘਾਟਾਂ ਤੇ ਕਬਰਸਤਾਨਾਂ 'ਚ ਦਰਦਨਾਕ ਮਾਹੌਲ ਬਣਿਆ ਹੋਇਆ ਹੈ। ਇਸ ਔਖੀ ਘੜੀ ਵਿਚ ਸਿੱਖ ਭਾਈਚਾਰਾ ਲੋੜਵੰਦਾਂ ਦੀ ਮਦਦ ਲਈ ਅੱਗੇ ਆਇਆ ਹੈ।



ਇੰਦਰਾਪੁਰਮ ਦਿੱਲੀ ਅਤੇ ਗਾਜ਼ੀਆਬਾਦ ਦੇ ਗੁਰਦੁਆਰੇ ਦੇ ਪ੍ਰਬੰਧਕ ਆਕਸੀਜਨ ਦੇ ਪ੍ਰਬੰਧ ਦੀ ਸੇਵਾ ਰਾਹੀਂ ਹਜ਼ਾਰਾਂ ਮਰੀਜ਼ਾਂ ਦੀ ਜਾਨ ਬਚਾ ਕੇ ਮਿਸਾਲ ਬਣ ਰਹੇ ਹਨ। 'ਖਾਲਸਾ ਏਡ' ਸੰਸਥਾ ਵੱਲੋਂ ਵਲੰਟੀਅਰਾਂ ਰਾਹੀਂ ਆਕਸੀਜਨ ਦੀਆਂ ਮਸ਼ੀਨਾਂ ਲੋੜਵੰਦਾਂ ਤੱਕ ਘਰ-ਘਰ ਪਹੁੰਚਾਈਆਂ ਜਾ ਰਹੀਆਂ ਹਨ। 'ਵਾਈਸ ਆਫ ਵਾਈਸ' ਸੰਸਥਾ ਵੱਲੋਂ ਦਿੱਲੀ ਦੇ ਵੱਖ-ਵੱਖ ਇਲਾਕਿਆਂ 'ਚ ਆਕਸੀਜਨ ਕੇਂਦਰ ਸਥਾਪਤ ਕੀਤੇ ਜਾ ਰਹੇ ਹਨ ਤਾਂ ਕਿ ਗੱਡੀਆਂ 'ਚ ਜਾ ਰਹੇ ਮਰੀਜ਼ਾਂ ਨੂੰ ਲੋੜ ਪੈਣ ਉਤੇ ਤੁਰਤ ਆਕਸੀਜਨ ਮੁਹੱਈਆ ਕਰਵਾਈ ਜਾ ਸਕੇ। 'ਖਾਲਸਾ ਅਕਾਲ ਪੁਰਖ ਦੀ ਫ਼ੌਜ' ਸੰਸਥਾ ਵੱਲੋਂ 200 ਸਿਲੰਡਰਾਂ ਰਾਹੀਂ ਆਕਸੀਜਨ ਪਹੁੰਚਾਉਣ ਦੀ ਸੇਵਾ ਕੀਤੀ ਜਾ ਰਹੀ ਹੈ। ਸ਼ਹੀਦ ਭਗਤ ਸਿੰਘ ਸੇਵਾ ਦਲ, ਯੂਨਾਈਟਿਡ ਸਿੱਖਸ ਤੇ ਹੋਰਨਾਂ ਵੱਲੋਂ ਕਰੋਨਾ ਦੇ ਮ੍ਰਿਤਕ ਸਰੀਰਾਂ ਦੇ ਸਸਕਾਰ ਦੀ ਸੇਵਾ ਨਿਭਾਈ ਜਾ ਰਹੀ ਹੈ। ਇਸ ਤੋਂ ਇਲਾਵਾ ਵੱਡੀ ਗਿਣਤੀ 'ਚ ਹੋਰ ਸਿੱਖ ਤੇ ਦੂਜੀਆਂ ਸੰਸਥਾਵਾਂ ਸਮੇਤ ਆਪਣੇ ਆਪਣੇ ਪੱਧਰ ਉਤੇ ਸੇਵਾ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਅਕਾਲੀ ਦਲ ਦਿੱਲੀ, ਜਾਗੋ, ਪੰਥਕ ਅਕਾਲੀ ਲਹਿਰ ਤੇ ਹੋਰਨਾਂ ਵਲੋਂ ਵੀ ਲੰਗਰ ਸਮੇਤ ਲੋੜਵੰਦਾਂ ਤੱਕ ਹੋਰ ਸੇਵਾ ਪਹੁੰਚਾਈ ਜਾ ਰਹੀ ਹੈ।

ਖਾਲਸਾ ਏਡ ਇੰਡੀਆ ਦੇ ਇੰਚਾਰਜ ਅਮਨਪ੍ਰੀਤ ਸਿੰਘ ਮੁਤਾਬਕ ਆਕਸੀਜਨ ਦੀਆਂ 300 ਮਸ਼ੀਨਾਂ (ਈਵੱਕਸ ਆਕਸੀਜਨ ਕੰਸਟ੍ਰੇਟਰਸ) ਦਾ ਆਰਡਰ ਦਿੱਤਾ ਹੋਇਆ ਹੈ। 26 ਅਪਰੈਲ ਤੱਕ 65 ਮਸ਼ੀਨਾਂ ਦਿੱਲੀ 'ਚ ਕੰਮ ਕਰ ਰਹੀਆਂ ਸਨ ਅਤੇ ਹਰ ਦੂਜੇ ਦਿਨ 30-40 ਮਸ਼ੀਨਾਂ ਹੋਰ ਆਉਂਦੀਆਂ ਜਾਣਗੀਆਂ। ਇਸ ਮਸ਼ੀਨ 'ਚ ਆਕਸੀਜਨ ਮੁੱਕਣ ਦੀ ਸਮੱਸਿਆ ਹੀ ਨਹੀਂ ਹੈ, ਕਿਉਂਕਿ ਇਹ ਮਸ਼ੀਨ ਖੁਦ ਹੀ ਆਕਸੀਜਨ ਬਣਾਉਂਦੀ ਹੈ। ਜਾਰੀ ਕੀਤੇ ਗਏ ਹੈਲਪਲਾਈਨ ਨੰਬਰਾਂ ਰਾਹੀਂ ਸਬੰਧਤ ਮਰੀਜ਼ਾਂ ਦੇ ਘਰ ਵਲੰਟੀਅਰਾਂ ਰਾਹੀਂ ਮਸ਼ੀਨਾਂ ਪਹੁੰਚਾਈਆਂ ਜਾਂਦੀਆਂ ਹਨ ਅਤੇ ਲੋੜ ਖਤਮ ਹੋਣ ਉਤੇ ਉਥੋਂ ਹੀ ਦੂਜੀ ਥਾਂ ਭੇਜੀਆਂ ਜਾਂਦੀਆਂ ਹਨ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਆਕਸੀਜਨ ਲੰਗਰ ਤੇ 200 ਬੈਡਾਂ ਵਾਲੇ ਕਰੋਨਾ ਕੇਅਰ ਸੈਂਟਰ ਦੀ ਸ਼ੁਰੂਆਤ ਕੀਤੀ ਹੈ। ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਤੇ ਜਨਰਲ ਸਕੱਤਰ ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਕਮੇਟੀ ਨੇ ਹਮ ਚਾਕਰ ਗੋਬਿੰਦ ਕੇ ਸੰਸਥਾ ਦੇ ਸਹਿਯੋਗ ਨਾਲ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਆਕਸੀਜਨ ਲੰਗਰ ਦੀ ਸੇਵਾ ਸ਼ੁਰੂ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਸ ਲੰਗਰ ਵਿਚ ਲੋੜਵੰਦ ਲੋਕਾਂ ਨੂੰ ਆਕਸੀਜਨ ਪ੍ਰਦਾਨ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਕਮੇਟੀ ਨੂੰ ਨਿਊ ਯਾਰਕ ਤੋਂ 100 ਆਕਸੀਜਨ ਕੰਸੈਂਟ੍ਰੇਟਰ ਭੇਜੇ ਗਏ ਹਨ ਤੇ ਇਹ ਕੰਸੈਂਟ੍ਰੇਟਰ ਵੀ ਜਲਦ ਹੀ ਸੰਗਤ ਦੀ ਸੇਵਾ 'ਚ ਹਾਜ਼ਰ ਕੀਤੇ ਜਾਣਗੇ। ਕਮੇਟੀ ਵਲੋਂ ਕਲੋਨੀਆਂ ਤੇ ਘਰਾਂ ਦੇ ਬਾਹਰ ਸੈਨੀਟਾਈਜੇਸ਼ਨ ਮੁਹਿੰਮ ਵੀ ਅਰੰਭੀ ਹੋਈ ਹੈ। ਸਿਰਸਾ ਤੇ ਕਾਲਕਾ ਨੇ ਦੱਸਿਆ ਕਿ ਕਰੋਨਾ ਪਾਜੀਟਿਵ ਆਏ ਪਰਿਵਾਰਾਂ ਤੇ ਹੋਰ ਲੋੜਵੰਦਾਂ ਲਈ ਲੰਗਰ ਦੀ ਸੇਵਾ ਪਹਿਲਾਂ ਹੀ ਚੱਲ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਵੀ ਕਰੋਨਾ ਮਰੀਜ਼ਾਂ ਵਾਸਤੇ ਜਿਸ ਤਰੀਕੇ ਦੀ ਜ਼ਰੂਰਤ ਹੋਵੇਗੀ, ਉਹ ਸੇਵਾ ਪ੍ਰਦਾਨ ਕਰਨ ਦਾ ਉਪਰਾਲਾ ਕੀਤਾ ਜਾਵੇਗਾ।

## ਸਿੱਖ ਸੰਸਥਾ ਕਰ ਰਹੀ ਹੈ ਸਸਕਾਰ ਦੀ ਸੇਵਾ

**ਨਵੀਂ ਦਿੱਲੀ:** ਮਨੁੱਖੀ ਅਧਿਕਾਰ ਅਤੇ ਸਮਾਜ ਸੇਵੀ ਸੰਸਥਾ ਯੂਨਾਈਟਡ ਸਿੱਖਜ਼ ਵੱਲੋਂ ਕਰੋਨਾ ਕਾਰਨ ਮਰਨ ਵਾਲੇ ਲੋਕਾਂ ਦੇ ਸਸਕਾਰ ਦੀ ਸੇਵਾ ਨਿਭਾਈ ਜਾ ਰਹੀ ਹੈ। ਜਾਣਕਾਰੀ ਅਨੁਸਾਰ ਸੰਸਥਾ ਵੱਲੋਂ ਉਨ੍ਹਾਂ ਪਰਿਵਾਰਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ ਜੋ ਕਰੋਨਾ ਨਾਲ ਮਰਨ ਵਾਲੇ ਆਪਣੇ ਪਰਿਵਾਰਕ ਮੈਂਬਰ ਦਾ ਕਿਸੇ ਵੀ ਕਾਰਨ ਸਸਕਾਰ ਕਰਨ 'ਚ ਅਸਮਰਥ ਹਨ। ਸੰਸਥਾ ਦੇ ਡਾਇਰੈਕਟਰ ਪ੍ਰੀਤਮ ਸਿੰਘ ਨੇ ਦੱਸਿਆ ਕਿ ਹੁਣ ਤੱਕ 350 ਤੋਂ ਵੱਧ ਵਿਅਕਤੀਆਂ ਦਾ ਉਨ੍ਹਾਂ ਵੱਲੋਂ ਸਸਕਾਰ ਕੀਤਾ ਜਾ ਚੁੱਕਾ ਹੈ।

# ਨੀਟ-ਪੀ.ਜੀ. ਪ੍ਰੀਖਿਆ 31 ਅਗਸਤ ਤੱਕ ਮੁਲਤਵੀ ਕਰਨ ਦੇ ਫੈਸਲੇ ਨੂੰ ਹਰੀ ਝੰਡੀ

**ਨਵੀਂ ਦਿੱਲੀ:** ਕੋਵਿਡ-19 ਖਿਲਾਫ ਲੜਾਈ 'ਚ ਲੱਗੇ ਮਨੁੱਖੀ ਵਸੀਲਿਆਂ ਨੂੰ ਵਧਾਉਣ ਦੀ ਮੰਗ ਦਰਮਿਆਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨੀਟ-ਪੀ.ਜੀ. ਪ੍ਰੀਖਿਆ ਨੂੰ ਘੱਟੋ-ਘੱਟ ਚਾਰ ਮਹੀਨਿਆਂ ਲਈ ਮੁਲਤਵੀ ਕਰਨ ਸਮੇਤ ਹੋਰ ਕਈ ਉਪਰਾਲਿਆਂ ਦੀ ਮਨਜ਼ੂਰੀ ਦੇ ਦਿੱਤੀ ਹੈ। ਸ੍ਰੀ ਮੋਦੀ ਦੀ ਇਸ ਪੇਸ਼ਕਦਮੀ ਨਾਲ ਵੱਡੀ ਗਿਣਤੀ ਯੋਗਤਾ ਪ੍ਰਾਪਤ ਡਾਕਟਰ ਮਹਾਮਾਰੀ ਦੌਰਾਨ ਸਿਹਤ ਸੰਭਾਲ ਦੀ ਆਪਣੀ ਡਿਊਟੀ ਲਈ ਉਪਲਬਧ ਹੋਣਗੇ। ਪ੍ਰਧਾਨ ਮੰਤਰੀ ਨੇ ਮੈਡੀਕਲ ਇੰਟਰਨਾਂ ਦੀਆਂ ਸੇਵਾਵਾਂ ਲੈਣ ਦੀ ਵੀ ਖੁੱਲ੍ਹ ਦੇ ਦਿੱਤੀ ਹੈ। ਪੀ.ਐਮ.ਓ. ਨੇ ਇਕ ਬਿਆਨ ਵਿਚ ਕਿਹਾ ਕਿ ਅੰਤਿਮ ਸਾਲ ਦੇ ਐਮ.ਬੀ.ਬੀ.ਐਸ. ਵਿਦਿਆਰਥੀਆਂ ਨੂੰ ਟੈਲੀ-ਕੰਸਲਟੇਸ਼ਨ ਤੇ ਆਪਣੀ ਫੈਕਲਟੀ ਦੀ ਦੇਖ ਰੇਖ ਹੇਠ ਹਲਕੇ ਕੋਵਿਡ ਕੇਸਾਂ ਦੀ ਨਿਗਰਾਨੀ ਲਈ ਰੱਖਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸੀਨੀਅਰ ਡਾਕਟਰਾਂ ਤੇ ਨਰਸਾਂ ਦੀ ਨਿਗਰਾਨੀ ਹੇਠ ਬੀ.ਐਸ.ਸੀ. ਨਰਸਿੰਗ ਜਾਂ ਜੀ.ਐਨ.ਐਮ. ਯੋਗਤਾ ਪ੍ਰਾਪਤ ਨਰਸਾਂ ਨੂੰ ਕੁਲਵਕਤੀ ਕੋਵਿਡ ਨਰਸਿੰਗ ਡਿਊਟੀ



'ਤੇ ਲਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਕੋਵਿਡ ਸਬੰਧੀ ਕੰਮਾਂ 'ਚ ਲਾਏ ਜਾਣ ਵਾਲੇ ਮੈਡੀਕਲ ਵਿਦਿਆਰਥੀਆਂ ਤੇ ਹੋਰ ਪੇਸ਼ੇਵਰਾਂ ਦਾ ਮੁਕੰਮਲ ਟੀਕਾਕਰਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਜਿਹੇ ਸਾਰੇ ਪੇਸ਼ੇਵਰ ਜੋ ਘੱਟੋ ਘੱਟ 100 ਦਿਨਾਂ ਦੀ ਡਿਊਟੀ ਲਈ ਸਾਈਨ ਅੱਪ ਕਰਨਗੇ, ਉਨ੍ਹਾਂ ਨੂੰ ਆਪਣੀ ਇਹ ਡਿਊਟੀ ਸਫਲਤਾ ਨਾਲ ਮੁਕੰਮਲ ਕਰਨ 'ਤੇ ਭਾਰਤ ਸਰਕਾਰ ਵੱਲੋਂ ਕੋਵਿਡ ਨੈਸ਼ਨਲ ਸਰਵਿਸ ਸੰਮਾਨ ਦਿੱਤਾ ਜਾਵੇ।

# ਸੋਸ਼ਲ ਮੀਡੀਆ 'ਤੇ ਦਰਦ ਬਿਆਨ ਕਰਨ ਵਾਲਿਆਂ 'ਤੇ ਸ਼ਿਕੰਜੇ ਤੋਂ ਸੁਪਰੀਮ ਕੋਰਟ ਖਫਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੋਵਿਡ-19 ਦੀ ਦੂਜੀ ਲਹਿਰ ਨੂੰ 'ਕੌਮੀ ਸੰਕਟ' ਕਰਾਰ ਦਿੰਦਿਆਂ ਕਿਹਾ ਕਿ ਇੰਟਰਨੈੱਟ 'ਤੇ ਸ਼ਿਕਾਇਤਾਂ ਜਾਂ ਉਲਾਂਭੇ ਦੇਣ ਤੇ ਮਦਦ ਲਈ ਦੁਹਾਈ ਦੇਣ ਵਾਲਿਆਂ ਦੀ ਆਵਾਜ਼ ਨੂੰ ਮਹਿਜ਼ ਇਨ੍ਹਾਂ ਕਿਆਸਾਂ ਦੇ ਆਧਾਰ 'ਤੇ ਖਾਮੋਸ਼ ਨਹੀਂ ਕੀਤਾ ਜਾ ਸਕਦਾ ਕਿ ਇਹ ਸ਼ਿਕਾਇਤਾਂ ਝੂਠੀਆਂ ਜਾਂ ਬਣਾਉਟੀ ਹਨ। ਸਿਖਰਲੀ ਅਦਾਲਤ ਨੇ ਸਾਫ ਕਰ ਦਿੱਤਾ ਕਿ ਲੋਕਾਂ ਵੱਲੋਂ ਮਦਦ ਲਈ ਪੁਕਾਰ ਸਮੇਤ ਸੋਸ਼ਲ ਮੀਡੀਆ 'ਤੇ ਸੂਚਨਾ ਦੇ ਖੁੱਲ੍ਹੇ ਵਹਾਅ 'ਤੇ ਬੰਨ੍ਹ ਲਾਉਣ ਦੇ ਕਿਸੇ ਵੀ ਯਤਨ ਨੂੰ ਅਦਾਲਤ ਦੀ ਤੌਹੀਨ ਵਜੋਂ ਲਿਆ ਜਾਵੇਗਾ।

ਜਸਟਿਸ ਡੀ.ਵਾਈ.ਚੰਦਰਚੂੜ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਸੂਚਨਾ ਦਾ ਖੁੱਲ੍ਹਾ ਵਹਾਅ ਹੋਣਾ ਚਾਹੀਦਾ ਹੈ, ਸਾਨੂੰ ਨਾਗਰਿਕਾਂ ਦੀ ਆਵਾਜ਼ ਸੁਣਨੀ ਚਾਹੀਦੀ ਹੈ।' ਜਸਟਿਸ ਐੱਲ.ਨਾਗੇਸ਼ਵਰ ਰਾਓ ਤੇ ਐੱਸ.ਰਵਿੰਦਰ ਭੱਟ ਦੀ ਸ਼ਮੂਲੀਅਤ ਵਾਲੇ ਬੈਂਚ ਨੇ ਕੇਂਦਰ, ਰਾਜਾਂ ਤੇ ਸਾਰੇ ਡੀ.ਜੀ.ਪੀ'ਜ਼ ਨੂੰ ਸੋਸ਼ਲ ਮੀਡੀਆ 'ਤੇ ਆਕਸੀਜਨ, ਬੈਡਾਂ ਤੇ ਡਾਕਟਰਾਂ ਦੀ ਕਿੱਲਤ ਬਾਰੇ ਸੁਨੇਹੇ ਪੋਸਟ ਕਰਨ



ਵਾਲਿਆਂ ਖਿਲਾਫ ਕਿਸੇ ਤਰ੍ਹਾਂ ਦੀ ਕਾਰਵਾਈ ਤੋਂ ਵਰਜਦਿਆਂ ਕਿਹਾ, 'ਜੇ ਬਿਪਤਾ 'ਚ ਘਿਰੇ ਨਾਗਰਿਕਾਂ ਖਿਲਾਫ ਅਜਿਹੀ ਪੋਸਟਾਂ ਲਈ ਕੋਈ ਕਾਰਵਾਈ ਕੀਤੀ ਤਾਂ ਅਸੀਂ ਇਸ ਨੂੰ ਅਦਾਲਤ ਦੀ ਤੌਹੀਨ ਸਮਝਾਂਗੇ।' ਉਧਰ, ਕੇਂਦਰ ਵੱਲੋਂ ਸੋਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਕੋਰਟ ਦਾ ਅਧਿਕਾਰੀ ਹੋਣ ਦੇ ਨਾਤੇ ਉਹ ਅਦਾਲਤ ਦੇ ਇਨ੍ਹਾਂ ਵਿਚਾਰਾਂ ਤੋਂ ਸਹਿਮਤ ਹੈ।

ਸੁਪਰੀਮ ਕੋਰਟ ਨੇ ਇਹ ਟਿੱਪਣੀਆਂ ਕਰੋਨਾ ਦੌਰਾਨ ਜ਼ਰੂਰੀ ਸਪਲਾਈ ਤੇ ਸੇਵਾਵਾਂ ਯਕੀਨੀ ਬਣਾਉਣ ਦਾ ਖੁਦ ਨੋਟਿਸ ਲੈਂਦਿਆਂ ਕੀਤੀਆਂ। ਕੇਸ ਦੀ ਅਗਲੀ ਸੁਣਵਾਈ 10 ਮਈ ਨੂੰ ਹੋਵੇਗੀ। ਸਿਖਰਲੀ ਅਦਾਲਤ ਵੱਲੋਂ ਕੀਤੀਆਂ ਇਹ ਟਿੱਪਣੀਆਂ ਉੱਤਰ ਪ੍ਰਦੇਸ਼ ਪ੍ਰਸ਼ਾਸਨ ਦੇ ਉਸ ਹਾਲੀਆ ਫੈਸਲੇ ਦੇ ਸੰਦਰਭ ਵਿਚ ਕਾਫੀ ਅਹਿਮ ਹਨ, ਜਿਸ ਵਿਚ ਸੋਸ਼ਲ ਮੀਡੀਆ 'ਤੇ ਕਥਿਤ ਗਲਤ ਸੂਚਨਾ ਸਾਂਝੀ ਕਰਨ ਵਾਲੇ ਖਿਲਾਫ ਕੌਮੀ ਸੁਰੱਖਿਆ ਐਕਟ ਤਹਿਤ ਕੇਸ ਦਰਜ ਕਰਨ ਦੀ ਗੱਲ ਆਖੀ ਗਈ ਸੀ। ਅਦਾਲਤ ਨੇ ਸੁਣਵਾਈ ਦੌਰਾਨ ਕਿਹਾ ਕਿ ਇਸ ਬਾਰੇ ਪਹਿਲਾਂ ਹੀ ਰਾਇ ਨਾ ਬਣਾਈ ਜਾਵੇ ਕਿ ਨਾਗਰਿਕਾਂ ਵੱਲੋਂ ਇੰਟਰਨੈੱਟ 'ਤੇ ਕੀਤੀਆਂ ਜਾ ਰਹੀਆਂ ਸ਼ਿਕਾਇਤਾਂ ਗਲਤ ਹਨ। ਸੁਪਰੀਮ ਕੋਰਟ ਨੇ ਕਿਹਾ ਕਿ ਹਾਲਾਤ ਐਨੇ ਜ਼ਿਆਦਾ ਗੰਭੀਰ ਹਨ ਕਿ ਡਾਕਟਰਾਂ ਤੇ ਸਿਹਤ ਕਾਮਿਆਂ ਨੂੰ ਵੀ ਹਸਪਤਾਲਾਂ ਵਿਚ ਬੈਡ ਨਹੀਂ ਮਿਲ ਰਹੇ। ਇਸ ਲਈ ਹੋਸਟਲਾਂ, ਮੰਦਰਾਂ, ਗਿਰਜਾਘਰਾਂ ਤੇ ਹੋਰ ਥਾਵਾਂ ਨੂੰ ਕਰੋਨਾ ਕੇਅਰ ਸੈਂਟਰਾਂ ਵਿਚ ਤਬਦੀਲ ਕੀਤਾ ਜਾਵੇ। ਕਰੋਨਾ ਦੇ ਟੀਕਿਆਂ ਤੋਂ ਗਰੀਬਾਂ ਨੂੰ ਵਾਂਝਾ ਨਾ ਰੱਖਿਆ ਜਾਵੇ ਤੇ ਇਸ ਇਸ ਲਈ ਕੌਮੀ ਟੀਕਾਕਰਨ ਮੁਹਿੰਮ ਚਲਾਈ ਜਾਵੇ।

# ਕੈਪਟਨ ਸਰਕਾਰ ਵੱਲੋਂ ਲੋਕਾਂ ਉਤੇ ਸਖਤੀ ਆਸਰੇ ਜੰਗ ਜਿੱਤਣ ਉਤੇ ਜ਼ੋਰ

**ਚੰਡੀਗੜ੍ਹ:** ਕਰੋਨਾ ਮਹਾਮਾਰੀ ਦੀ ਦੂਜੀ ਲਹਿਰ ਪੰਜਾਬ ਵਿਚ ਕਹਿਰ ਬਣ ਕੇ ਆਈ ਹੈ। ਸੂਬੇ ਵਿਚ ਸਿਹਤ ਸੇਵਾਵਾਂ ਦਮ ਤੋੜ ਰਹੀਆਂ ਹਨ। ਸਰਕਾਰ ਦੇ ਹੱਥ ਖੜ੍ਹੇ ਜਾਪ ਰਹੇ ਹਨ। ਅਜਿਹੇ ਸਮੇਂ ਲੋਕਾਂ ਨੂੰ ਹੌਂਸਲਾ ਤੇ ਬਾਂਹ ਫੜਨ ਦੀ ਥਾਂ ਕੈਪਟਨ ਸਰਕਾਰ ਸਖਤੀ ਉਤੇ ਜੋਰ ਦੇ ਰਹੀ ਹੈ।



ਪੰਜਾਬ ਸਰਕਾਰ ਨੇ ਕੋਵਿਡ ਮਹਾਂਮਾਰੀ ਦੇ ਮੱਦੇਨਜ਼ਰ ਪੰਜਾਬ ਵਿਚ ਪਾਬੰਦੀਆਂ ਦਾ ਘੇਰਾ ਸਖ਼ਤ ਕਰ ਦਿੱਤਾ ਹੈ। ਸੂਬੇ ਦੇ ਗ੍ਰਹਿ ਵਿਭਾਗ ਨੇ ਨੋਟੀਫਿਕੇਸ਼ਨ ਜਾਰੀ ਕਰਕੇ 15 ਮਈ ਤੱਕ ਪਾਬੰਦੀਆਂ ਆਇਦ ਕਰ ਦਿੱਤੀਆਂ ਹਨ। ਨਵੇਂ ਨੋਟੀਫਿਕੇਸ਼ਨ ਅਨੁਸਾਰ ਬਾਹਰਲੇ ਸੂਬਿਆਂ ਤੋਂ ਆਉਣ ਵਾਲਿਆਂ ਨੂੰ ਹੁਣ ਕਰੋਨਾ ਦੀ ਨੈਗੇਟਿਵ ਰਿਪੋਰਟ ਨਾਲ ਹੀ ਦਾਖਲਾ ਮਿਲ ਸਕੇਗਾ ਜਾਂ ਦੋ ਹਫਤਿਆਂ ਅੰਦਰ ਵੈਕਸੀਨ ਦੀ ਘੱਟੋ ਘੱਟ ਇਕ ਡੋਜ਼ ਲਏ ਜਾਣ ਵਾਲਾ ਸਰਟੀਫਿਕੇਟ ਦਿਖਾਉਣਾ ਲਾਜ਼ਮੀ ਹੋਵੇਗਾ।

ਨੋਟੀਫਿਕੇਸ਼ਨ ਅਨੁਸਾਰ ਹੁਣ ਪਿੰਡਾਂ ਵਿਚ ਠੀਕਰੀ ਪਹਿਰੇ ਲੱਗਣਗੇ ਜਦਕਿ ਸ਼ਹਿਰਾਂ 'ਚ ਹਫਤਾਵਾਰੀ ਮੰਡੀਆਂ ਬੰਦ ਰਹਿਣਗੀਆਂ। ਰੋਜ਼ਾਨਾ ਰਾਤਰੀ ਕਰਫਿਊ ਸ਼ਾਮ ਨੂੰ ਛੇ ਤੋਂ ਸਵੇਰੇ ਪੰਜ ਵਜੇ ਤੱਕ ਰਹੇਗਾ ਅਤੇ ਹਫਤਾਵਾਰੀ ਲੌਕਡਾਊਨ ਸ਼ੁੱਕਰਵਾਰ ਸ਼ਾਮ 6 ਤੋਂ ਸੋਮਵਾਰ ਸਵੇਰੇ 5 ਵਜੇ ਤੱਕ ਜਾਰੀ ਰਹੇਗਾ। ਪਬਲਿਕ ਟਰਾਂਸਪੋਰਟ 50 ਫੀਸਦੀ ਸਮਰੱਥਾ ਨਾਲ ਚੱਲ ਸਕੇਗੀ। ਕਾਰਾਂ ਆਦਿ 'ਚ ਸਿਰਫ ਦੋ ਲੋਕ ਹੀ ਸਫਰ ਕਰ ਸਕਣਗੇ ਜਦਕਿ ਦੋਪਹੀਆ ਵਾਹਨਾਂ 'ਤੇ ਸਿਰਫ ਇਕ ਵਿਅਕਤੀ ਹੀ ਸਫਰ ਕਰ ਸਕੇਗਾ। ਸਿਨੇਮਾ ਹਾਲ, ਬਾਰ, ਜਿਮ, ਸਵਿਮਿੰਗ ਪੂਲ, ਕੋਚਿੰਗ ਸੈਂਟਰ ਅਤੇ ਸਪੋਰਟਸ ਕੰਪਲੈਕਸ ਬੰਦ ਰਹਿਣਗੇ। ਰੈਸਟੋਰੈਂਟ ਵਗੈਰਾ ਤੋਂ ਰਾਤ 9 ਵਜੇ ਤੱਕ ਸਿਰਫ ਹੋਮ ਡਲਿਵਰੀ ਹੋ ਸਕੇਗੀ। ਸਕੂਲਾਂ ਤੇ ਕਾਲਜਾਂ ਸਮੇਤ ਵਿੱਦਿਅਕ ਅਦਾਰੇ ਬੰਦ ਰਹਿਣਗੇ ਜਦਕਿ ਮੈਡੀਕਲ ਅਤੇ ਨਰਸਿੰਗ ਕਾਲਜ ਖੁੱਲ੍ਹੇ ਰਹਿਣਗੇ।

ਸਾਰੀਆਂ ਭਰਤੀ ਪ੍ਰੀਖਿਆਵਾਂ ਵੀ ਮੁਲਤਵੀ ਕਰ ਦਿੱਤੀਆਂ ਗਈਆਂ ਹਨ। ਇਵੇਂ ਹੀ ਸਿਆਸੀ ਇਕੱਠਾਂ ਅਤੇ ਹਰ ਤਰ੍ਹਾਂ ਦੇ ਸਮਾਗਮਾਂ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਸਰਕਾਰੀ ਦਫਤਰ ਅਤੇ ਬੈਂਕ ਹੁਣ ਪੰਜਾਹ ਫੀਸਦੀ ਸਮਰੱਥਾ ਨਾਲ ਖੁੱਲ੍ਹਣਗੇ ਜਦਕਿ ਪ੍ਰਾਈਵੇਟ ਦਫਤਰ ਬੰਦ ਰਹਿਣਗੇ ਅਤੇ ਇਨ੍ਹਾਂ ਦੇ ਮੁਲਾਜ਼ਮ 'ਵਰਕ ਫਰਾਮ ਹੋਮ' ਕਰ ਸਕਣਗੇ। ਵਿਆਹ ਤੇ ਹੋਰ ਸਮਾਗਮਾਂ 'ਚ ਹੁਣ ਸਿਰਫ 10 ਲੋਕ ਹੀ ਸ਼ਾਮਲ ਹੋ ਸਕਣਗੇ। ਸਰਕਾਰੀ ਦਫਤਰਾਂ ਵਿਚ 45 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਹੈਲਥ ਤੇ ਫਰੰਟ ਲਾਈਨ ਵਰਕਰਾਂ, ਜਿਨ੍ਹਾਂ ਨੇ ਲੰਘੇ 15 ਦਿਨਾਂ ਦੌਰਾਨ ਟੀਕੇ ਦੀ ਇਕ ਵੀ ਡੋਜ਼ ਨਹੀਂ ਲਈ, ਨੂੰ ਛੁੱਟੀ 'ਤੇ ਭੇਜਿਆ ਜਾਵੇਗਾ। ਉਹ ਜਦ ਤੱਕ ਵੈਕਸੀਨ ਨਹੀਂ ਲਗਵਾਉਣਗੇ, ਉਦੋਂ ਤੱਕ ਛੁੱਟੀ 'ਤੇ ਰਹਿਣਗੇ।

ਮਾਲ ਮਹਿਕਮੇ ਲਈ ਹਦਾਇਤ ਹੈ ਕਿ ਆਮ ਲੋਕਾਂ ਨੂੰ ਸੰਪਤੀ ਦੀ ਵੇਚ ਵੱਟਤ ਦੀ ਰਜਿਸਟਰੀ ਲਈ ਘੱਟ ਤੋਂ ਘੱਟ ਰਜਿਸਟਰੀਆਂ ਲਈ ਅਗਾਊਂ ਸਮਾਂ ਦੇਵੇ। ਸਰਕਾਰੀ ਦਫਤਰਾਂ ਵਿਚ ਪਬਲਿਕ ਡੀਲਿੰਗ ਘਟਾ ਕੇ ਲੋਕ ਸ਼ਿਕਾਇਤਾਂ ਆਨ ਲਾਈਨ ਢੰਗ ਨਾਲ ਦੂਰ ਕੀਤੀਆਂ ਜਾਣ।

## ਕਾਂਗਰਸ ਨੇ ਲੋਕਾਂ ਦੀ ਮਦਦ ਲਈ ਵਧਾਇਆ ਹੱਥ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸੁਨੀਲ ਜਾਖੜ ਨੇ ਰਾਜ ਵਿਚ ਕਰੋਨਾ ਨਾਲ ਲੜ ਰਹੇ ਲੋਕਾਂ ਦੀ ਮਦਦ ਲਈ ਪਾਰਟੀ ਦੀ ਇਕ ਕਮੇਟੀ ਦਾ ਗਠਨ ਕੀਤਾ ਹੈ, ਜਿਸ ਦੀ ਅਗਵਾਈ ਵਿਚ ਪਾਰਟੀ ਦੇ ਆਗੂ ਅਤੇ ਵਰਕਰ ਲੋਕਾਂ ਦੀ ਮਦਦ ਕਰਨਗੇ। ਇਸ ਸਬੰਧੀ ਪਾਰਟੀ ਦੇ ਚੰਡੀਗੜ੍ਹ ਸਥਿਤ ਦਫਤਰ ਵਿਖੇ ਕੰਟਰੋਲ ਰੂਮ ਦੀ ਸ਼ੁਰੂਆਤ ਕੀਤੀ ਗਈ ਹੈ। ਸ੍ਰੀ ਜਾਖੜ ਨੇ ਕਿਹਾ ਕਿ ਪਾਰਟੀ ਦੇ ਵਰਕਰਾਂ ਨੂੰ ਕਿਹਾ ਗਿਆ ਹੈ ਕਿ ਉਹ ਆਪੋ-ਆਪਣੇ ਇਲਾਕੇ 'ਚ ਕਰੋਨਾ ਨਾਲ ਜੰਗ ਲੜ ਰਹੇ ਲੋਕਾਂ ਦੀ ਹਰ ਸੰਭਵ ਤਰੀਕੇ ਨਾਲ ਮਦਦ ਕਰਨ। ਜਾਖੜ ਨੇ ਕਿਹਾ ਕਿ ਕਈ ਅਜਿਹੇ ਪਰਿਵਾਰ ਹਨ, ਜਿਨ੍ਹਾਂ 'ਚ ਸਾਰੇ ਜੀਅ ਹੀ ਪਾਜੀਟਿਵ ਆ ਗਏ ਹਨ, ਉਥੇ ਖਾਣਾ ਪਹੁੰਚਾਇਆ ਜਾ ਸਕਦਾ ਹੈ, ਜਦ ਕਿ ਜਿਨ੍ਹਾਂ ਨੂੰ ਆਕਸੀਜਨ, ਐਂਬੂਲੈਂਸ ਜਾਂ ਹੋਰ ਡਾਕਟਰੀ ਮਦਦ ਦੀ ਲੋੜ ਹੈ ਉਨ੍ਹਾਂ ਨੂੰ ਇਹ ਮਦਦ ਦੇਣ ਵਿਚ ਪਾਰਟੀ ਵਰਕਰ ਸਹਿਯੋਗ ਕਰਨ।

## ਕੇਂਦਰ ਵੱਲੋਂ ਰਾਹਤ ਫੰਡ ਲਈ 8873.6 ਕਰੋੜ ਜਾਰੀ

**ਨਵੀਂ ਦਿੱਲੀ:** ਕੇਂਦਰੀ ਵਿੱਤ ਮੰਤਰਾਲੇ ਨੇ ਕਿਹਾ ਕਿ ਉਸ ਨੇ ਰਾਜਾਂ ਨੂੰ ਮੌਜੂਦਾ ਵਿੱਤੀ ਵਰ੍ਹੇ ਲਈ ਸੂਬਾਈ ਆਫਤ ਰਾਹਤ ਫੰਡ (ਐਸ.ਡੀ.ਆਰ.ਐਫ.) ਦੀ 8,873.6 ਕਰੋੜ ਰੁਪਏ ਦੀ ਪਹਿਲੀ ਕਿਸ਼ਤ ਐਡਵਾਂਸ ਵਿਚ ਹੀ ਜਾਰੀ ਕਰ ਦਿੱਤੀ ਹੈ। ਜਾਰੀ ਕੀਤੀ ਗਈ ਰਾਸ਼ੀ ਦਾ 50 ਫੀਸਦ ਤੱਕ ਜੋ ਕਿ 4436.8 ਕਰੋੜ ਰੁਪਏ ਬਣਦਾ ਹੈ, ਦਾ ਇਸਤੇਮਾਲ ਰਾਜਾਂ ਵੱਲੋਂ ਕਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਕੀਤੇ ਜਾਣ ਵਾਲੇ ਉਪਾਅ ਵਾਸਤੇ ਕੀਤਾ ਜਾ ਸਕਦਾ ਹੈ। ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਆਮ ਤੌਰ 'ਤੇ ਐਸ.ਡੀ.ਆਰ.ਐਫ. ਦੀ ਪਹਿਲੀ ਕਿਸ਼ਤ ਜੂਨ ਮਹੀਨੇ ਵਿਚ ਜਾਰੀ ਕੀਤੀ ਜਾਂਦੀ ਹੈ।

**Punjab Times**

Established in 2000
22nd Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਕੈਪਟਨ ਵੱਲੋਂ ਪੰਜਾਬ ਵਿਚ ਮੁਕੰਮਲ ਲੌਕਡਾਊਨ ਲਾਉਣ ਦੀ ਚਿਤਾਵਨੀ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ 'ਚ ਹਾਲ ਦੀ ਘੜੀ ਮੁਕੰਮਲ ਅਤੇ ਸਖਤ ਲੌਕਡਾਊਨ ਲਗਾਏ ਜਾਣ ਤੋਂ ਇਨਕਾਰ ਕਰਦਿਆਂ ਚਿਤਾਵਨੀ ਦਿੱਤੀ ਹੈ ਕਿ ਜੇਕਰ ਸੂਬੇ 'ਚ ਲਾਈਆਂ ਗਈਆਂ ਬੰਦਿਸ਼ਾਂ ਦੀ ਪਾਲਣਾ ਅਤੇ ਕਰੋਨਾ ਦੇ ਹਾਲਾਤ 'ਚ ਕੋਈ ਸੁਧਾਰ ਨਾ ਹੋਇਆ ਤਾਂ ਮੁਕੰਮਲ ਲੌਕਡਾਊਨ ਤੋਂ ਬਿਨਾਂ ਕੋਈ ਚਾਰਾ ਨਹੀਂ ਬਚੇਗਾ। ਉਨ੍ਹਾਂ ਕਿਹਾ ਕਿ ਉਹ ਸਖਤ ਲੌਕਡਾਊਨ ਦੇ ਹੱਕ ਵਿਚ ਨਹੀਂ ਹਨ ਕਿਉਂਕਿ ਇਸ ਦੀ ਵੱਧ ਮਾਰ ਗਰੀਬਾਂ ਨੂੰ ਪੈਂਦੀ ਹੈ ਅਤੇ ਪਰਵਾਸੀ ਮਜ਼ਦੂਰਾਂ ਨੂੰ ਹਿਜਰਤ ਕਰਨੀ ਪੈਂਦੀ ਹੈ।

ਮੁੱਖ ਮੰਤਰੀ ਨੇ ਵਰਚੁਅਲੀ ਮੀਟਿੰਗ ਕਰਕੇ ਕੋਵਿਡ ਦੇ ਹਾਲਾਤ ਦੀ ਸਮੀਖਿਆ ਕੀਤੀ। ਉਨ੍ਹਾਂ ਰੈਸਟੋਰੈਂਟ ਤੋਂ ਲੋਕਾਂ ਨੂੰ ਖੁਦ ਖਾਣਾ ਲੈ ਕੇ ਜਾਣ 'ਤੇ ਵੀ ਰੋਕ ਲਾ ਦਿੱਤੀ ਹੈ ਅਤੇ ਹੁਣ ਖਾਣੇ ਦੀ ਸਿਰਫ ਹੋਮ ਡਲਿਵਰੀ ਹੀ ਹੋਵੇਗੀ। ਕੈਪਟਨ ਨੇ ਅਗਲੀ ਫਸਲ ਦੇ ਪ੍ਰਬੰਧਾਂ ਨੂੰ ਦੇਖਦਿਆਂ ਖਾਦਾਂ ਦੀ ਵਿਕਰੀ ਵਾਲੀਆਂ ਦੁਕਾਨਾਂ ਨੂੰ ਖੋਲ੍ਹਣ ਦੀ ਆਗਿਆ ਦੇ ਦਿੱਤੀ ਹੈ।

ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ 'ਚ ਮਰੀਜ਼ਾਂ ਦੀ ਸਥਿਤੀ ਬਾਕੀ ਸੂਬਿਆਂ ਵਰਗੀ ਨਹੀਂ ਬਣਨ ਦੇਣਗੇ। ਉਨ੍ਹਾਂ ਅਗਲੇ 10 ਦਿਨਾਂ ਵਿਚ ਬੈੱਡਾਂ ਦੀ ਸਮਰੱਥਾ 20 ਫੀਸਦੀ ਤੱਕ ਵਧਾਉਣ ਦੇ ਹੁਕਮ ਦਿੱਤੇ ਅਤੇ ਮਰੀਜ਼ਾਂ ਨੂੰ ਰੱਖਣ ਲਈ ਸਟੇਡੀਅਮ, ਜਿਮਨੇਜ਼ੀਅਮ ਅਤੇ ਹੋਰ ਥਾਵਾਂ ਨੂੰ ਤਿਆਰ ਕਰਨ ਦੇ ਆਦੇਸ਼ ਦਿੱਤੇ ਹਨ। ਉਨ੍ਹਾਂ ਟੈਂਟ ਵਾਲੇ ਕੈਂਪ ਸਥਾਪਤ ਕਰਨ ਅਤੇ ਜਿਮ/ਹਾਲਜ਼ ਨੂੰ ਐੱਲ-2 ਅਤੇ ਐੱਲ-3 ਸਹੂਲਤਾਂ ਵਿਚ ਤਬਦੀਲ ਕਰਨ ਦਾ ਮਸ਼ਵਰਾ ਵੀ ਦਿੱਤਾ ਹੈ। ਉਨ੍ਹਾਂ ਪੇਂਡੂ ਵਿਕਾਸ ਅਤੇ ਹੋਰ ਵਿਭਾਗਾਂ ਦੇ ਸਟਾਫ ਦੀਆਂ ਸੇਵਾਵਾਂ ਲੈਣ ਦੇ ਵੀ ਹੁਕਮ ਦਿੱਤੇ ਹਨ।

# ਪੰਜਾਬ ਸਮੇਤ 13 ਸੂਬਿਆਂ 'ਚ ਕੇਸ ਘਟਣ ਦੇ ਸੰਕੇਤ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਕਿਹਾ ਕਿ ਕਰੋਨਾ ਵਾਇਰਸ ਦੀ ਦੂਜੀ ਲਹਿਰ ਦੇਸ਼ ਦੇ ਬਹੁਤ ਸਾਰੇ ਹਿੱਸਿਆਂ 'ਚ ਫੈਲ ਚੁੱਕੀ ਹੈ ਪਰ ਇਸ ਦੇ ਬਾਵਜੂਦ ਪੰਜਾਬ ਸਮੇਤ ਕੁਝ ਸੂਬਿਆਂ 'ਚ ਕਰੋਨਾ ਦੇ ਕੇਸ ਘਟਣ ਦੇ ਸੰਕੇਤ ਮਿਲ ਰਹੇ ਹਨ ਜਦਕਿ ਕੁਝ ਸੂਬਿਆਂ 'ਚ ਹਾਲਾਤ ਅਜੇ ਵੀ ਗੰਭੀਰ ਹਨ। ਸਿਹਤ ਮੰਤਰਾਲੇ ਦੇ ਜੁਆਇੰਟ ਸਕੱਤਰ ਲਵ ਅਗਰਵਾਲ ਨੇ ਦੱਸਿਆ ਕਿ ਪੰਜਾਬ, ਦਿੱਲੀ, ਛੱਤੀਸਗੜ੍ਹ ਤੇ ਮਹਾਰਾਸ਼ਟਰ ਸਮੇਤ ਦੇਸ਼ ਦੇ 13 ਸੂਬਿਆਂ 'ਚ ਕਰੋਨਾ ਦੇ ਕੇਸ ਘਟਣ ਦੇ ਮੁਢਲੇ ਸੰਕੇਤ ਦਿਖਾਈ ਦੇ ਰਹੇ ਹਨ ਜਦਕਿ ਬਿਹਾਰ, ਰਾਜਸਥਾਨ, ਸਿੱਕਮ, ਤਾਮਿਲ ਨਾਡੂ, ਤ੍ਰਿਪੁਰਾ ਤੇ ਪੱਛਮੀ ਬੰਗਾਲ 'ਚ ਕੇਸ ਵਧਣ ਦਾ ਰੁਝਾਨ ਦਿਖਾਈ ਦੇ ਰਿਹਾ ਹੈ।

ਦੇਸ਼ 'ਚ ਆਕਸੀਜਨ ਦੀ ਘਾਟ ਬਾਰੇ ਮੰਤਰਾਲੇ ਨੇ ਕਿਹਾ ਕਿ ਸਰਕਾਰ ਆਕਸੀਜਨ ਦਾ ਉਤਪਾਦਨ ਵਧਾਉਣ ਲਈ ਨਾਈਟਰੋਜਨ ਪਲਾਂਟਾਂ ਨੂੰ ਤਬਦੀਲ ਕਰਨ ਦੀਆਂ ਸੰਭਾਵਨਾਵਾਂ ਤਲਾਸ਼ ਰਹੀ ਹੈ। ਸ੍ਰੀ ਅਗਰਵਾਲ ਨੇ ਕਿਹਾ ਕਿ ਕੁਝ ਸੂਬਿਆਂ 'ਚ ਕਰੋਨਾ ਦੇ ਕੇਸ ਘਟਣ ਦੇ ਸ਼ੁਰੂਆਤੀ ਸੰਕੇਤ ਦਿਖਾਈ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਛੱਤੀਸਗੜ੍ਹ 'ਚ 2 ਅਪਰੈਲ ਨੂੰ 15,583 ਕੇਸ ਸਾਹਮਣੇ ਆਏ ਸਨ ਜਦਕਿ ਦੋ ਮਈ ਨੂੰ 14087 ਕੇਸ ਸਾਹਮਣੇ ਆਏ ਹਨ। ਇਸੇ ਤਰ੍ਹਾਂ ਪੰਜਾਬ, ਦਿੱਲੀ, ਦਮਨ ਤੇ ਦਿਊ, ਗੁਜਰਾਤ, ਝਾਰਖੰਡ, ਲੱਦਾਖ, ਲਕਸ਼ਦੀਪ, ਮੱਧ ਪ੍ਰਦੇਸ਼, ਮਹਾਰਾਸ਼ਟਰ, ਤਿਲੰਗਾਨਾ, ਉੱਤਰ ਪ੍ਰਦੇਸ਼ ਤੇ ਉੱਤਰਾਖੰਡ 'ਚ ਵੀ ਨਵੇਂ ਕੇਸਾਂ ਦੀ ਗਿਣਤੀ ਘਟੀ ਹੈ।

## ਚੋਣ ਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਦੇ ਸੰਨਿਆਸ ਨੇ ਕੈਪਟਨ ਦਾ ਫਿਕਰ ਵਧਾਇਆ

**ਚੰਡੀਗੜ੍ਹ:** ਪੱਛਮੀ ਬੰਗਾਲ 'ਚ ਤ੍ਰਿਣਮੂਲ ਕਾਂਗਰਸ ਦੀ ਜਿੱਤ ਮਗਰੋਂ ਪ੍ਰਸ਼ਾਂਤ ਕਿਸ਼ੋਰ ਵੱਲੋਂ ਚੋਣ ਮੈਨੇਜਰ ਵਜੋਂ ਸੰਨਿਆਸ ਲੈਣ ਦੇ ਐਲਾਨ ਨੇ ਪੰਜਾਬ ਕਾਂਗਰਸ ਨੂੰ ਫਿਕਰਾਂ ਵਿਚ ਪਾ ਦਿੱਤਾ ਹੈ। ਚੋਣ ਰਣਨੀਤੀ ਘਾੜਾ ਪ੍ਰਸ਼ਾਂਤ ਕਿਸ਼ੋਰ ਇਸ ਵੇਲੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਲਾਹਕਾਰ ਵਜੋਂ ਤਾਇਨਾਤ ਹੈ ਅਤੇ ਅਗਲੀਆਂ ਚੋਣਾਂ ਵਿਚ ਕਾਂਗਰਸ ਵੱਲੋਂ ਉਸ ਦੀਆਂ ਸੇਵਾਵਾਂ ਲੈਣ ਦੀ ਵਿਉਂਤ ਹੈ। 2017 ਦੀਆਂ ਚੋਣਾਂ ਵਿਚ ਪ੍ਰਸ਼ਾਂਤ ਕਿਸ਼ੋਰ ਨੇ ਕਾਂਗਰਸ ਨੂੰ ਸੱਤਾ ਦਿਵਾਉਣ ਵਿਚ ਅਹਿਮ ਭੂਮਿਕਾ ਨਿਭਾਈ ਸੀ।

ਦੱਸਣਯੋਗ ਹੈ ਕਿ ਤ੍ਰਿਣਮੂਲ ਕਾਂਗਰਸ ਲਈ ਪੱਛਮੀ ਬੰਗਾਲ ਵਿਚ ਚੋਣ ਰਣਨੀਤੀ ਬਣਾਉਣ ਵਾਲੇ ਕਿਸ਼ੋਰ ਨੇ ਦਸੰਬਰ ਵਿਚ ਦਾਅਵਾ ਕੀਤਾ ਸੀ ਕਿ ਭਾਜਪਾ ਸੂਬੇ ਵਿਚ 100 ਸੀਟਾਂ ਜਿੱਤਣ ਲਈ ਵੀ ਸੰਘਰਸ਼ ਕਰੇਗੀ, ਜੇ ਪਾਰਟੀ ਵੱਧ ਸੀਟਾਂ ਜਿੱਤਦੀ ਹੈ ਤਾਂ ਉਹ ਇਹ ਕੰਮ ਛੱਡ ਦੇਣਗੇ।

ਪ੍ਰਸ਼ਾਂਤ ਨੇ ਚੋਣ ਕਮਿਸ਼ਨ ਦੀ ਵੀ ਜੰਮ ਕੇ ਨਿਖੇਧੀ ਕੀਤੀ ਹੈ ਤੇ ਦੋਸ਼ ਲਾਇਆ ਕਿ ਇਹ 'ਭਾਜਪਾ ਦੇ ਅੰਗ ਵਜੋਂ ਕੰਮ ਕਰ' ਰਿਹਾ ਹੈ। ਮਮਤਾ ਬੈਨਰਜੀ ਦੀ ਅਗਵਾਈ ਵਿਚ ਤ੍ਰਿਣਮੂਲ ਕਾਂਗਰਸ ਨੂੰ ਜ਼ਬਰਦਸਤ ਜਿੱਤ ਮਿਲਣ ਪਿਛੋਂ ਪ੍ਰਸ਼ਾਂਤ ਨੇ ਇਕ ਟੀ. ਵੀ. ਚੈਨਲ ਨੂੰ ਦੱਸਿਆ ਕਿ ਉਹ ਹੁਣ 'ਚੋਣ ਰਣਨੀਤੀ ਬਣਾਉਣ ਦਾ ਕੰਮ ਛੱਡ ਦੇਣਗੇ।'

# ਚੋਣ ਨਤੀਜਿਆਂ ਨੇ ਭਾਜਪਾ ਦਾ ਭਰਮ ਤੋੜਿਆ

*(ਸਫਾ ਇਕ ਦੀ ਬਾਕੀ)*

ਦੀ ਜ਼ਮੀਨੀ ਆਗੂ ਵਾਲੀ ਸ਼ਖਸੀਅਤ ਨੂੰ ਦਾਅ ਲਾਉਣ ਲਈ ਵਰਤਿਆ। ਹਮੇਸ਼ਾ ਵਾਂਗ ਉਸ (ਭਾਜਪਾ) ਨੇ ਇਨ੍ਹਾਂ ਚੋਣਾਂ ਵਿਚ ਖੁੱਲ੍ਹ ਕੇ ਆਪਣਾ ਫਿਰਕੂ ਪੱਤਾ ਵੀ ਖੇਡਿਆ। ਨਾਗਰਿਕਾਂ ਲਈ ਕੌਮੀ ਰਜਿਸਟਰ ਤਿਆਰ ਕਰ ਕੇ ਉਸ ਨੂੰ ਲਾਗੂ ਕਰਨ ਤੇ ਇਸ ਨੂੰ 2019 ਦੇ ਨਾਗਰਿਕਤਾ ਸੋਧ ਬਿੱਲ ਨਾਲ ਜੋੜਨ ਦੀ ਗੱਲ ਵੀ ਕੀਤੀ ਸੀ। ਮਮਤਾ ਦੇ 10 ਸਾਲਾਂ ਦੇ ਰਾਜ ਦੀਆਂ ਘਾਟਾਂ ਨੂੰ ਵੀ ਪੂਰੇ ਜ਼ੋਰ ਨਾਲ ਬਿਆਨ ਕੀਤਾ ਸੀ। ਉਸ 'ਤੇ ਕਰੋਨਾ ਮਹਾਂਮਾਰੀ ਨੂੰ ਸਿਆਣਪ ਨਾਲ ਨਾ ਨਜਿੱਠ ਸਕਣ ਦੇ ਦੋਸ਼ ਵੀ ਲਗਾਏ ਗਏ ਸਨ, ਪਰ ਚੋਣ ਨਤੀਜੇ ਦੱਸਦੇ ਹਨ ਕਿ ਉਸ ਦਾ ਹਰ ਦਾਅ ਪੁੱਠਾ ਪਿਆ।

ਪੱਛਮੀ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ 'ਚ ਤ੍ਰਿਣਮੂਲ ਕਾਂਗਰਸ ਦੀ ਜਿੱਤ ਦੇ ਸਿਆਸੀ ਹਲਕਿਆਂ 'ਚ ਕਈ ਮਾਇਨੇ ਕੱਢੇ ਜਾ ਰਹੇ ਹਨ। ਤ੍ਰਿਣਮੂਲ ਕਾਂਗਰਸ ਦੀ ਜਿੱਤ ਤੋਂ ਵੀ ਜ਼ਿਆਦਾ ਚਰਚਾ ਭਾਜਪਾ ਦੇ ਚੋਣਾਂ ਹਾਰ ਜਾਣ ਦੀ ਹੋ ਰਹੀ ਹੈ। ਬੰਗਾਲ ਫਤਿਹ ਤੋਂ ਬਾਅਦ ਮਮਤਾ ਨੇ 2024 ਦੀ ਜੰਗ ਵਿਚ ਭਾਜਪਾ ਨੂੰ ਸਾਂਝੀ ਟੱਕਰ ਦੇਣ ਦਾ ਐਲਾਨ ਵੀ ਕਰ ਦਿੱਤਾ ਹੈ। ਮਮਤਾ ਦੇ ਕੌਮੀ ਆਗੂ ਵਜੋਂ ਉਭਾਰ ਦੀ ਚਰਚਾ ਵੀ ਛਿੜੀ ਹੈ। ਵੱਡੀ ਗਿਣਤੀ ਖੇਤਰੀ ਤੇ ਭਾਜਪਾ ਵਿਰੋਧੀ ਸੋਚ ਰੱਖਣ ਵਾਲੀਆਂ ਧਿਰਾਂ ਨੇ ਮਮਤਾ ਨੂੰ ਕੌਮੀ ਸਿਆਸਤ ਦੀ ਅਗਵਾਈ ਲਈ ਸੱਦਾ ਦਿੰਦੇ ਹੋਏ ਯੂ.ਪੀ.ਏ. ਗੱਠਜੋੜ ਦੀ ਕਮਾਨ ਸੰਭਾਲਣ ਦੀ ਸਲਾਹ ਦਿੱਤੀ ਹੈ।

ਮਮਤਾ ਦੀ ਜਿੱਤ ਉਤੇ ਦੇਸ਼ ਭਰ ਤੋਂ ਵਿਰੋਧੀ ਪਾਰਟੀਆਂ ਦੇ ਸਿਰਕੱਢ ਆਗੂਆਂ ਵੱਲੋਂ ਖੁਸ਼ੀ ਦਾ ਇਜ਼ਹਾਰ ਇਹ ਜ਼ਰੂਰ ਦਰਸਾਉਂਦਾ ਹੈ ਕਿ ਆਉਂਦੇ ਸਮੇਂ ਵਿਚ ਕੌਮੀ ਸਿਆਸਤ ਵਿਚ ਇਕ ਵਾਰ ਫਿਰ ਵਿਰੋਧੀ ਪਾਰਟੀਆਂ ਕੋਈ ਸਾਂਝਾ ਮੁਹਾਜ਼ ਬਣਾਉਣ ਲਈ ਯਤਨਸ਼ੀਲ ਹੋ ਸਕਦੀਆਂ ਹਨ। ਮਮਤਾ ਬੈਨਰਜੀ ਨੇ ਪੱਛਮੀ ਬੰਗਾਲ ਚੋਣ ਦੌਰਾਨ ਸਾਰੀਆਂ ਸਿਆਸੀ ਧਿਰਾਂ ਨੂੰ ਲਿਖੀ ਚਿੱਠੀ 'ਚ ਮਿਲ ਕੇ ਭਾਜਪਾ ਦਾ ਮੁਕਾਬਲਾ ਕਰਨ ਦਾ ਦਿੱਤਾ ਸੱਦਾ ਇਨ੍ਹਾਂ ਨਤੀਜਿਆਂ ਪਿਛੋਂ ਸਾਰਥਕ ਹੋ ਸਕਦਾ ਹੈ। ਜਾਣਕਾਰਾਂ ਦਾ ਮੰਨਣਾ ਹੈ ਕਿ ਮਮਤਾ ਬੈਨਰਜੀ ਅਜਿਹੀਆਂ ਧਿਰਾਂ ਨੂੰ ਇਕ ਮੰਚ ਉਤੇ ਲਿਆਉਣ ਲਈ ਵੱਡੀ ਭੂਮਿਕਾ ਨਿਭਾ ਸਕਦੀ ਹੈ।

ਪੱਛਮੀ ਬੰਗਾਲ ਦੇ ਲੋਕਾਂ ਤੋਂ ਇਲਾਵਾ ਪੰਜਾਬ 'ਚ ਭਾਜਪਾ ਵਿਰੋਧੀ ਪਾਰਟੀਆਂ ਨੂੰ ਸਭ ਤੋਂ ਵੱਧ ਚਾਅ ਚੜ੍ਹਿਆ ਹੈ; ਖਾਸ ਕਰ ਕੇ ਕਿਸਾਨ ਜਥੇਬੰਦੀਆਂ ਵੱਲੋਂ ਭਾਜਪਾ ਦੀ ਹਾਰ ਨੂੰ ਖੇਤੀ ਕਾਨੂੰਨਾਂ ਨਾਲ ਜੋੜ ਕੇ ਇਸ ਨੂੰ ਕਿਸਾਨਾਂ ਦੇ ਵਿਰੋਧ ਦਾ ਸਿੱਟਾ ਦੱਸਿਆ ਜਾ ਰਿਹਾ। ਦੱਸਣਯੋਗ ਹੈ ਕਿ ਇਨ੍ਹਾਂ ਚੋਣਾਂ 'ਚ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਵੱਲੋਂ ਪੱਛਮੀ ਬੰਗਾਲ ਦੇ ਵੱਖ-ਵੱਖ ਹਲਕਿਆਂ 'ਚ ਜਾ ਕੇ ਭਾਜਪਾ ਵਿਰੁੱਧ ਪ੍ਰਚਾਰ ਕੀਤਾ ਸੀ ਤੇ ਸਾਫ ਤੌਰ 'ਤੇ ਕਿਹਾ ਸੀ ਕਿ ਉਹ ਕਿਸੇ ਪਾਰਟੀ ਦੇ ਹੱਕ 'ਚ ਨਹੀਂ ਬਲਕਿ ਭਾਜਪਾ ਵਿਰੁੱਧ ਪ੍ਰਚਾਰ ਲਈ ਆਏ ਹਨ। ਸਿਆਸੀ ਮਾਹਰ ਮੰਨਦੇ ਹਨ ਕਿ ਜੇਕਰ ਪੰਜੇ ਸੂਬਿਆਂ ਦੇ ਨਤੀਜਿਆਂ ਦਾ ਵਿਸ਼ਲੇਸ਼ਣ ਕੀਤੇ ਜਾਵੇ ਤਾਂ ਇਹ ਸਾਫ ਹੈ ਕਿ ਭਾਜਪਾ ਨੂੰ ਸਭ ਤੋਂ ਵੱਧ ਮਾਰ ਉਸ ਦੀਆਂ ਮਾੜੀਆਂ ਨੀਤੀਆਂ ਨੇ ਮਾਰੀ ਹੈ।

## ਬਿੱਲ ਗੇਟਸ ਤੇ ਪਤਨੀ ਮੇਲਿੰਡਾ ਗੇਟਸ ਵਿਚਾਲੇ ਤਲਾਕ

**ਸਿਆਟਲ:** ਮਾਈਕ੍ਰੋਸੌਫਟ ਦੇ ਸਹਿ-ਸੰਸਥਾਪਕ ਬਿੱਲ ਗੇਟਸ ਅਤੇ ਉਨ੍ਹਾਂ ਦੀ ਪਤਨੀ ਮੇਲਿੰਡਾ ਗੇਟਸ ਨੇ ਤਲਾਕ ਲੈਣ ਦਾ ਫੈਸਲਾ ਕੀਤਾ ਹੈ, ਪਰ ਦੋਵਾਂ ਨੇ ਕਿਹਾ ਹੈ ਕਿ ਉਹ ਦੁਨੀਆਂ ਦੀ ਸਭ ਤੋਂ ਵੱਡੀ ਨਿਜੀ ਚੈਰਿਟੀ ਬਿੱਲ ਅਤੇ ਮੇਲਿੰਡਾ ਗੇਟਸ ਫਾਊਂਡੇਸ਼ਨ ਵਿਚ ਇਕੱਠੇ ਕੰਮ ਕਰਦੇ ਰਹਿਣਗੇ। ਉਨ੍ਹਾਂ ਟਵੀਟ ਕੀਤਾ ਕਿ ਦੋਵਾਂ ਨੇ ਆਪਣੇ 27 ਸਾਲਾਂ ਦੇ ਵਿਆਹ ਨੂੰ ਤੋੜਨ ਦਾ ਫੈਸਲਾ ਕੀਤਾ ਹੈ।

## 'ਆਪ' ਵੱਲੋਂ ਤਾਲਾਬੰਦੀ ਤੋਂ ਪਹਿਲਾਂ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਦੀ ਸਲਾਹ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਮੰਗ ਕੀਤੀ ਹੈ ਕਿ ਸੂਬੇ ਵਿਚ ਮੁਕੰਮਲ ਤਾਲਾਬੰਦੀ ਕਰਨ ਤੋਂ ਪਹਿਲਾਂ ਲੋਕਾਂ ਦੀਆਂ ਘਰੇਲੂ ਲੋੜਾਂ ਪੂਰੀਆਂ ਕੀਤੀਆਂ ਜਾਣ। ਲੋੜਵੰਦਾਂ ਤੇ ਗਰੀਬ ਪਰਿਵਾਰਾਂ ਨੂੰ ਆਰਥਿਕ ਮਦਦ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਤਾਲਾਬੰਦੀ ਦੌਰਾਨ ਉਨ੍ਹਾਂ ਦੀ ਪਾਰਟੀ ਸੂਬਾ ਸਰਕਾਰ ਤੇ ਲੋਕਾਂ ਦੀ ਹਰ ਮਦਦ ਕਰਨ ਲਈ ਤਿਆਰ ਹੈ।

ਸ੍ਰੀ ਮਾਨ ਨੇ ਕਿਹਾ ਕਿ ਸੂਬੇ ਵਿਚ ਤਾਲਾਬੰਦੀ ਦੀਆਂ ਅਫਵਾਹਾਂ ਕਾਰਨ ਜ਼ਰੂਰੀ ਵਸਤਾਂ ਦੀ ਕਾਲਾ ਬਾਜ਼ਾਰੀ ਸ਼ੁਰੂ ਹੋ ਗਈ ਹੈ, ਜਿਸ ਨੂੰ ਰੋਕਣ ਲਈ ਉਚਿਤ ਕਦਮ ਚੁੱਕਣ ਦੀ ਲੋੜ ਹੈ। ਹਾੜ੍ਹੀ ਦੇ ਸੀਜ਼ਨ ਤੋਂ ਬਾਅਦ ਪਰਵਾਸੀ ਮਜ਼ਦੂਰਾਂ ਨੂੰ ਖਾਣ-ਪੀਣ ਲਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਲੰਗਾਹ ਦਾ ਪੁੱਤ ਹੈਰੋਇਨ ਪੀਣ ਦੇ ਦੋਸ਼ 'ਚ ਗ੍ਰਿਫਤਾਰ

**ਧਾਰੀਵਾਲ:** ਸਾਬਕਾ ਕੈਬਨਿਟ ਮੰਤਰੀ ਸੁੱਚਾ ਸਿੰਘ ਲੰਗਾਹ ਦੇ ਵੱਡੇ ਪੁੱਤਰ ਸਣੇ ਦੋ ਜਣਿਆਂ ਨੂੰ ਥਾਣਾ ਧਾਰੀਵਾਲ ਦੀ ਪੁਲਿਸ ਨੇ ਹੈਰੋਇਨ ਪੀਣ ਦੇ ਦੋਸ਼ ਹੇਠ ਅਤੇ ਤਿੰਨ ਹੋਰ ਨੌਜਵਾਨਾਂ ਨੂੰ ਹੈਰੋਇਨ ਸਮੇਤ ਗ੍ਰਿਫਤਾਰ ਕਰ ਕੇ ਉਨ੍ਹਾਂ ਵਿਰੁੱਧ ਕੇਸ ਦਰਜ ਕੀਤਾ ਹੈ। ਜ਼ਿਲ੍ਹਾ ਪੁਲਿਸ ਮੁਖੀ ਗੁਰਦਾਸਪੁਰ ਡਾ. ਨਾਨਕ ਸਿੰਘ ਨੇ ਦੱਸਿਆ ਕਿ ਦੇਰ ਸ਼ਾਮ ਧਾਰੀਵਾਲ ਵਿਚੋਂ ਲੰਘਦੀ ਨਹਿਰ ਦੇ ਪੁਲ ਨੇੜੇ ਗਸ਼ਤ ਦੌਰਾਨ ਸੂਚਨਾ ਮਿਲੀ ਕਿ ਰਾਜੇਸ਼ ਕੁਮਾਰ ਵਾਸੀ ਧਾਰੀਵਾਲ ਮਿਲ ਕੁਆਰਟਰ ਨੂੰ ਕੁਝ ਨੌਜਵਾਨ ਹੈਰੋਇਨ ਦੇਣ ਆਏ ਹਨ।

ਇਸ 'ਤੇ ਥਾਣਾ ਧਾਰੀਵਾਲ ਦੀ ਪੁਲਿਸ ਟੀਮ ਨੇ ਛਾਪਾ ਮਾਰਿਆ ਤਾਂ ਅੰਦਰ ਦੋ ਨੌਜਵਾਨ ਹੈਰੋਇਨ ਦਾ ਨਸ਼ਾ ਕਰ ਰਹੇ ਸਨ। ਇਨ੍ਹਾਂ ਨੌਜਵਾਨਾਂ ਨੂੰ ਦੋ ਸਿਲਵਰ ਪੇਪਰਾਂ ਅਤੇ ਦੋ ਲਾਈਟਰਾਂ ਸਣੇ ਕਾਬੂ ਕੀਤਾ ਗਿਆ ਹੈ। ਇਨ੍ਹਾਂ ਦੀ ਪਛਾਣ ਪ੍ਰਕਾਸ਼ ਸਿੰਘ ਪੁੱਤਰ ਸੁੱਚਾ ਸਿੰਘ ਵਾਸੀ ਪਿੰਡ ਲੰਗਾਹ, ਹਾਲ ਆਬਾਦ ਪਿੰਡ ਰਣੀਆ ਅਤੇ ਰਾਜੇਸ਼ ਕੁਮਾਰ ਪੁੱਤਰ ਅਸ਼ੋਕ ਕੁਮਾਰ ਵਾਸੀ ਮਿਲ ਕੁਆਰਟਰ ਧਾਰੀਵਾਲ ਵਜੋਂ ਹੋਈ। ਉਧਰ, ਸਾਬਕਾ ਕੈਬਨਿਟ ਮੰਤਰੀ ਸੁੱਚਾ ਸਿੰਘ ਲੰਗਾਹ ਨੇ ਕਿਹਾ ਹੈ ਕਿ ਉਸ ਦੇ ਪੁੱਤ ਉਤੇ ਝੂਠਾ ਕੇਸ ਦਰਜ ਕੀਤਾ ਹੈ। ਇਹ ਸਭ ਸਿਆਸਤ ਤੋਂ ਪ੍ਰੇਰਿਤ ਹੈ।

## ਕੈਨੇਡਾ 'ਚ ਜੇਲ੍ਹ ਅਫਸਰ ਪੰਜਾਬੀ ਨੌਜਵਾਨ ਨੂੰ ਗੋਲੀਆਂ ਮਾਰੀਆਂ

**ਵੈਨਕੂਵਰ:** ਸਰੀ ਦੇ ਨਾਲ ਲੱਗਦੇ ਸ਼ਹਿਰ ਡੈਲਟਾ ਦੇ ਵਾਲਮਾਰਟ ਪਾਰਕਿੰਗ ਵਿਚ ਪੰਜਾਬੀ ਮੁੰਡੇ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਮ੍ਰਿਤਕ ਦੀ ਪਛਾਣ ਬਿਕਰਮਦੀਪ ਸਿੰਘ ਰੰਧਾਵਾ (29) ਵਜੋਂ ਹੋਈ, ਜੋ ਜੇਲ੍ਹ ਵਿਭਾਗ ਵਿਚ ਅਫਸਰ ਸੀ। ਪੁਲਿਸ ਵੱਲੋਂ ਕਤਲ ਦੇ ਕਾਰਨਾਂ ਦਾ ਪਤਾ ਲਾਇਆ ਜਾ ਰਿਹਾ ਹੈ। ਸ਼ਾਮ ਵੇਲੇ ਵਾਲਮਾਰਟ ਮੂਹਰਲੇ ਗੈਸ ਸਟੇਸ਼ਨ ਕੋਲ ਗੋਲੀਆਂ ਚੱਲਣ ਕਾਰਨ ਹਫੜਾ-ਦਫੜੀ ਮਚ ਗਈ। ਮੁਲਜ਼ਮਾਂ ਦੀ ਕਾਰਵਾਈ ਸੀ.ਸੀ.ਟੀ.ਵੀ. ਵਿਚ ਕੈਦ ਹੋ ਗਈ। ਘਟਨਾ ਦੇ ਘੰਟੇ ਕੁ ਬਾਅਦ ਬਰਨਬੀ ਸ਼ਹਿਰ ਵਿਚ ਪੁਲਿਸ ਨੂੰ ਕਾਰ ਨੂੰ ਅੱਗ ਲੱਗਣ ਦਾ ਪਤਾ ਲੱਗਿਆ। ਸਮਝਿਆ ਜਾ ਰਿਹਾ ਹੈ ਕਿ ਮੁਲਜ਼ਮਾਂ ਨੇ ਉਹ ਕਾਰ ਵਰਤੀ ਹੋਵੇਗੀ ਤੇ ਸਬੂਤ ਮਿਟਾਉਣ ਲਈ ਕਾਰ ਸਾੜ ਦਿੱਤੀ। ਪੁਲਿਸ ਇੰਸਪੈਕਟਰ ਗਾਇ ਲੀਸਨ ਨੇ ਕਿਹਾ ਕਿ ਰੰਧਾਵਾ ਮੈਪਲ ਰਿੱਜ ਜੇਲ੍ਹ ਵਿਚ ਅਫਸਰ ਸੀ। ਘਟਨਾ ਉਪਰੰਤ ਪੁਲਿਸ ਵੱਲੋਂ ਪਾਰਕਿੰਗ ਨੂੰ ਘੇਰੇ ਜਾਣ ਕਾਰਨ ਲੋਕਾਂ ਨੂੰ ਕਾਰਾਂ ਰਾਤ ਭਰ ਉਥੇ ਛੱਡਣ ਲਈ ਮਜਬੂਰ ਹੋਣਾ ਪਿਆ।

## ਕਰੋਨਾ: ਦਿੱਲੀ ਸਰਕਾਰ ਨੇ ਫੌਜ ਦੀ ਮਦਦ ਮੰਗੀ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਕੇਂਦਰ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ ਉਹ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਵੱਲੋਂ ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੂੰ ਕਰੀਬ 10 ਹਜ਼ਾਰ ਆਕਸੀਜਨ ਵਾਲੇ ਤੇ 1000 ਆਈ.ਸੀ.ਯੂ. ਬਿਸਤਰਿਆਂ ਦੀ ਸਹੂਲਤਾਂ ਸਥਾਪਤ ਕਰਨ, ਚਲਾਉਣ ਤੇ ਦੇਖ-ਭਾਲ ਕਰਨ ਲਈ ਭਾਰਤੀ ਫੌਜ ਦੀਆਂ ਸੇਵਾਵਾਂ ਦੇਣ ਬਾਰੇ ਕੀਤੀ ਅਪੀਲ ਬਾਰੇ ਆਪਣੇ ਫੈਸਲੇ ਤੋਂ ਜਾਣੂ ਕਰਵਾਏ।

ਜਸਟਿਸ ਵਿਪਨ ਸਾਂਘੀ ਤੇ ਰੇਖਾ ਪੱਲੀ ਦੇ ਡਿਵੀਜ਼ਨ ਬੈਂਚ ਨੇ ਕੌਮੀ ਕਰੋਨਾ ਸੰਕਟ ਦੌਰਾਨ ਫੌਜ ਦੀ ਮਦਦ ਲਈ ਇਸ ਨੂੰ ਢੁਕਵਾਂ ਮਾਮਲਾ ਦੱਸਿਆ ਹੈ। ਵਧੀਕ ਸੌਲਿਸਟਰ ਜਨਰਲ ਚੇਤਨ ਸ਼ਰਮਾ ਨੇ ਅਦਾਲਤ ਨੂੰ ਦੱਸਿਆ ਕਿ ਰਾਜਨਾਥ ਸਿੰਘ ਇਸ ਮਾਮਲੇ ਨੂੰ ਦੇਖ ਰਹੇ ਹਨ ਤੇ ਅਗਲੀ ਪ੍ਰਕਿਰਿਆ ਬਾਰੇ ਜਾਣਕਾਰੀ ਦੇਣ ਲਈ ਸਮਾਂ ਮੰਗਿਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਢਿੱਲੋਂ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਮੋਦੀ ਸਰਕਾਰ ਦੀਆਂ 'ਤਿਆਰੀਆਂ' ਉਤੇ ਭਾਰੀ ਪਈ ਕਰੋਨਾ ਦੀ ਦੂਜੀ ਲਹਿਰ

**ਨਵੀਂ ਦਿੱਲੀ:** ਭਾਰਤ ਵਿਚ ਕਰੋਨਾ ਦੀ ਦੂਜੀ ਲਹਿਰ ਸਰਕਾਰੀ ਤਿਆਰੀਆਂ ਉਤੇ ਭਾਰੀ ਪੈਂਦੀ ਜਾਪ ਰਹੀ ਹੈ। ਕੋਵਿਡ-19 ਦੀ ਮਹਾਮਾਰੀ ਨੇ ਨਾ ਸਿਰਫ ਸਿਹਤ ਪ੍ਰਬੰਧ ਦੇ ਕਮਜ਼ੋਰ ਅਤੇ ਜਰਜਰੇ ਹੋਣ ਨੂੰ ਬੇਪਰਦ ਕੀਤਾ ਸਗੋਂ ਪ੍ਰਸ਼ਾਸਨ ਅਤੇ ਸਿਆਸੀ ਜਮਾਤ ਦੀ ਨਾਅਹਿਲੀਅਤ ਨੂੰ ਵੀ ਸਾਹਮਣੇ ਲਿਆਂਦਾ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਆਪਸ ਵਿਚ ਲੜ ਰਹੀਆਂ ਹਨ। ਤਾਲਮੇਲ ਦੀ ਘਾਟ ਕਾਰਨ ਚਾਰੇ ਪਾਸੇ ਹਾਹਾਕਾਰ ਮਚੀ ਹੋਈ ਹੈ। ਆਕਸੀਜਨ, ਦਵਾਈਆਂ ਅਤੇ ਬੈੱਡਾਂ ਦੀ ਘਾਟ ਕਾਰਨ ਮਰੀਜ਼ ਹਸਪਤਾਲਾਂ ਦੇ ਬਾਹਰ ਪਏ ਹਨ; ਦਵਾਈਆਂ ਬਲੈਕ ਮਾਰਕੀਟ ਵਿਚ ਵਿਕ ਰਹੀਆਂ ਹਨ। ਦਿੱਲੀ ਹਾਈ ਕੋਰਟ ਨੇ ਕੇਂਦਰ ਸਰਕਾਰ ਦੀ ਸਖਤ ਆਲੋਚਨਾ ਕਰਦਿਆਂ ਇਥੋਂ ਤੱਕ ਆਖ ਦਿੱਤਾ ਕਿ ਇੰਜ ਪ੍ਰਤੀਤ ਹੁੰਦਾ ਹੈ ਕਿ ਕੇਂਦਰ ਸਰਕਾਰ ਚਾਹੁੰਦੀ ਹੈ ਕਿ ਲੋਕ ਮਰਨ। ਕੇਂਦਰ ਸਰਕਾਰ ਦੀ ਵੈਕਸੀਨ ਪ੍ਰਤੀ ਨੀਤੀ ਵੀ ਖੱਖੜੀਆਂ ਖੱਖੜੀਆਂ ਹੋਈ ਪਈ ਹੈ।



ਮਹਾਰਾਸ਼ਟਰ, ਕੇਰਲ, ਗੁਜਰਾਤ, ਪੰਜਾਬ, ਛੱਤੀਸਗੜ੍ਹ, ਦਿੱਲੀ ਆਦਿ ਵਿਚ ਮਹਾਮਾਰੀ ਦੀ ਸਥਿਤੀ ਲੋਕਾਂ ਦੇ ਸਾਹਮਣੇ ਹੈ, ਉੱਤਰ ਪ੍ਰਦੇਸ਼ ਵਿਚ ਸਰਕਾਰ ਨੇ ਆਦੇਸ਼ ਦਿੱਤੇ ਹਨ ਕਿ ਮਹਾਮਾਰੀ ਬਾਰੇ ਗਲਤ ਖਬਰਾਂ ਅਤੇ ਅਫਵਾਹਾਂ ਫੈਲਾਉਣ ਵਾਲਿਆਂ ਵਿਰੁੱਧ ਰਾਸ਼ਟਰੀ ਸੁਰੱਖਿਆ ਕਾਨੂੰਨ (ਐਨ.ਐਸ.ਏ.) ਦੇ ਤਹਿਤ ਕੇਸ ਦਰਜ ਕੀਤੇ ਜਾਣਗੇ। ਅਮੇਠੀ ਦੇ ਇਕ ਵਿਅਕਤੀ ਵਿਰੁੱਧ ਇਸ ਲਈ ਕੇਸ ਦਰਜ ਕੀਤਾ ਗਿਆ ਕਿ ਉਸ ਨੇ ਜ਼ਿੰਦਗੀ ਦੇ ਆਖਰੀ ਸਾਹ ਲੈ ਰਹੇ ਨਾਨੇ ਲਈ ਟਵਿੱਟਰ ਰਾਹੀਂ ਆਕਸੀਜਨ ਪ੍ਰਾਪਤ ਕਰਨ ਲਈ ਹਾਲ-ਦੁਹਾਈ ਪਾਈ। ਇਸ ਦੌਰਾਨ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ ਦੇ ਬੁਲਾਰੇ ਨੇ ਦਾਅਵਾ ਕੀਤਾ ਹੈ ਕਿ ਇਸ ਆਲਮੀ ਸੰਸਥਾ ਨੇ ਭਾਰਤ ਨੂੰ ਆਪਣੀ ਏਕੀਕ੍ਰਿਤ ਸਪਲਾਈ ਚੇਨ 'ਚੋਂ ਸਹਾਇਤਾ/ਮਦਦ ਦੇਣ ਦੀ ਪੇਸ਼ਕਸ਼ ਕੀਤੀ ਸੀ, ਪਰ ਭਾਰਤ ਨੇ ਇਹ ਕਹਿੰਦਿਆਂ ਨਾਂਹ ਕਰ ਦਿੱਤੀ ਕਿ ਕੋਵਿਡ-19 ਨਾਲ ਨਜਿੱਠਣ ਲਈ ਉਸ ਕੋਲ ਆਪਣੀ ਮਜ਼ਬੂਤ ਪ੍ਰਣਾਲੀ ਹੈ। ਬੇਕਾਬੂ ਹੋਈ ਕਰੋਨਾ ਦੀ ਦੂਜੀ ਲਹਿਰ ਨੇ ਹਾਲਾਂਕਿ ਭਾਰਤ ਦੇ ਇਨ੍ਹਾਂ ਦਾਅਵਿਆਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਮਜ਼ਬੂਤ ਪ੍ਰਣਾਲੀ ਬਾਰੇ ਸਰਕਾਰ ਦੀ ਇਹ ਗਲਤਫਹਿਮੀ ਹੁਣ ਲੋਕਾਂ ਨੂੰ ਭਾਰੀ ਪੈਣ ਲੱਗੀ ਹੈ। ਯੂ.ਐਨ. ਮੁਖੀ ਦੇ ਤਰਜਮਾਨ ਫਰਹਾਨ ਹੱਕ ਨੇ ਕਿਹਾ, "ਅਸੀਂ ਭਾਰਤ ਨੂੰ ਕਿਹਾ ਸੀ ਕਿ ਜੇ ਲੋੜ ਹੈ ਤਾਂ ਉਹ ਕੋਵਿਡ-19 ਦੇ ਵਧਦੇ ਕੇਸਾਂ ਦੇ ਮੱਦੇਨਜਰ ਆਪਣੀ ਏਕੀਕ੍ਰਿਤ ਸਪਲਾਈ ਚੇਨ 'ਚੋਂ ਉਸ ਦੀ ਸਹਾਇਤਾ ਕਰਨ ਲਈ ਤਿਆਰ ਹੈ। ਪਰ ਭਾਰਤ ਨੇ ਇਸ ਪੇਸ਼ਕਸ਼ ਨੂੰ ਰੱਦ ਕਰ ਦਿੱਤਾ। ਸਾਨੂੰ ਦੱਸਿਆ ਗਿਆ ਕਿ ਇਸ ਮੌਕੇ ਸਹਾਇਤਾ ਦੀ ਕੋਈ ਲੋੜ ਨਹੀਂ ਕਿਉਂਕਿ ਭਾਰਤ ਕੋਲ ਹਾਲਾਤ ਨਾਲ ਨਜਿੱਠਣ ਲਈ ਮੁਨਾਸਬ ਮਜ਼ਬੂਤ ਪ੍ਰਣਾਲੀ ਮੌਜੂਦ ਹੈ।

## ਸਰਕਾਰ ਨੇ ਸਭ ਚਿਤਾਵਨੀਆਂ ਨਜ਼ਰਅੰਦਾਜ਼ ਕੀਤੀਆਂ

**ਨਵੀਂ ਦਿੱਲੀ:** ਭਾਰਤੀ ਵਿਗਿਆਨੀਆਂ ਦੇ ਇਕ ਪੈਨਲ ਨੇ ਮਾਰਚ ਦੇ ਸ਼ੁਰੂ ਵਿਚ ਹੀ ਖਤਰਨਾਕ, ਨਵੇਂ ਤੇ ਜਾਨਲੇਵਾ ਕਰੋਨਾ ਵਾਇਰਸ ਦੇ ਹੋਰ ਰੂਪਾਂ ਬਾਰੇ ਚਿਤਾਵਨੀ ਕੇਂਦਰ ਸਰਕਾਰ ਨੂੰ ਦਿੱਤੀ ਸੀ ਪਰ ਇਸ ਉਤੇ ਧਿਆਨ ਨਹੀਂ ਦਿੱਤਾ ਗਿਆ। ਮਾਰਚ ਦੀ ਸ਼ੁਰੂਆਤ ਵਿਚ ਭਾਰਤੀ ਜੈਨੇਟਿਕ ਕੰਸੋਰਸ਼ੀਅਮ ਨੇ ਇਹ ਚਿਤਾਵਨੀ ਭਾਰਤ ਸਰਕਾਰ ਦੇ ਉੱਚ ਅਧਿਕਾਰੀਆਂ ਨੂੰ ਭੇਜੀ ਸੀ ਜਿਹੜੇ ਸਿੱਧੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਰਿਪੋਰਟ ਕਰਦੇ ਹਨ। ਇਸ ਵਿਚ ਦੱਸਿਆ ਗਿਆ ਹੈ ਕਿ ਵਾਇਰਸ ਦੇ ਦੋ ਨਵੇਂ ਰੂਪ ਬਣ ਗਏ ਹਨ ਜੋ ਤੇਜੀ ਨਾਲ ਫੈਲਦੇ ਹਨ ਤੇ ਜਿਆਦਾ ਘਾਤਕ ਹਨ। ਇਨ੍ਹਾਂ ਨੂੰ ਗੰਭੀਰ ਚਿੰਤਾ ਦਾ ਵਿਸ਼ਾ ਦੱਸਿਆ ਗਿਆ ਸੀ।

## ਮੋਦੀ ਦੇ ਕਰੋਨਾ ਨਾਲ ਨਜਿੱਠਣ ਦੇ ਤਰੀਕੇ ਤੋਂ ਸੰਘ ਵੀ ਔਖਾ

**ਨਵੀਂ ਦਿੱਲੀ:** ਦੇਸ਼ ਨੂੰ ਕਰੋਨਾ ਦੇ ਘੋਰ ਸੰਕਟ 'ਚ ਪਾਉਣ ਲਈ ਨਰਿੰਦਰ ਮੋਦੀ ਸਰਕਾਰ ਦੀ ਜਦੋਂ ਚਾਰ-ਚੁਫੇਰਿਓਂ ਨਿੰਦਾ ਹੋ ਰਹੀ ਹੈ ਤਾਂ ਇੰਜ ਜਾਪਦਾ ਹੈ ਕਿ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਵੀ ਪਾਰਟੀ ਆਗੂਆਂ ਵੱਲੋਂ ਹਾਲਾਤ ਨਾਲ ਨਜਿੱਠਣ ਦੇ ਤਰੀਕਿਆਂ ਤੋਂ ਔਖਾ ਹੈ। ਸੀਨੀਅਰ ਆਗੂਆਂ ਨੇ ਇਸ ਮੁੱਦੇ 'ਤੇ ਭਾਵੇਂ ਖਾਮੋਸ਼ੀ ਧਾਰ ਲਈ ਹੈ ਪਰ ਦਿੱਲੀ ਦੇ ਆਰ.ਐਸ.ਐਸ. ਆਗੂ ਰਾਜੀਵ ਤੁਲੀ ਨੇ ਸੰਕਟ ਦੇ ਸਮੇਂ ਭਾਜਪਾ ਆਗੂਆਂ ਦੇ ਕੌਮੀ ਰਾਜਧਾਨੀ ਤੋਂ 'ਗੈਰ-ਹਾਜਰ' ਰਹਿਣ 'ਤੇ ਸਵਾਲ ਉਠਾਏ ਜਾਣ ਨੇ ਅੰਦਰੂਨੀ ਖਿੱਚੋਤਾਣ ਨੂੰ ਜੱਗ ਜ਼ਾਹਿਰ ਕਰ ਦਿੱਤਾ ਹੈ। ਸੂਤਰਾਂ ਨੇ ਕਿਹਾ,"ਭਾਵੇਂ ਕੁਦਰਤੀ ਤੌਰ 'ਤੇ ਹਾਲਾਤ ਨੂੰ ਲੈ ਕੇ ਹਰ ਕੋਈ ਫਿਕਰਮੰਦ ਹੈ ਪਰ ਆਲੋਚਨਾ ਕਰਨ ਦਾ ਇਹ ਸਹੀ ਸਮਾਂ ਨਹੀਂ ਹੈ।"

# ਮੋਦੀ ਤੋਂ ਅਸਤੀਫਾ ਮੰਗਣ ਵਾਲੀਆਂ ਪੋਸਟਾਂ ਫੇਸਬੁੱਕ ਨੇ ਬਲਾਕ ਕੀਤੀਆਂ

**ਨਵੀਂ ਦਿੱਲੀ:** ਕੋਵਿਡ ਸੰਕਟ ਨਾਲ ਸਿੱਝਣ ਲਈ ਸਰਕਾਰ ਦੀ ਆਲੋਚਨਾ ਦੌਰਾਨ ਰਿਜਾਈਨਮੋਦੀ ਵਾਲੀਆਂ ਪੋਸਟਾਂ ਨੂੰ ਫੇਸਬੁੱਕ ਨੇ ਬਲਾਕ ਕਰ ਦਿੱਤਾ। ਕੁਝ ਘੰਟਿਆਂ ਮਗਰੋਂ ਸੋਸ਼ਲ ਸਾਈਟ ਨੇ ਗਲਤੀ ਮੰਨਦਿਆਂ ਇਹ ਬਹਾਲ ਕਰ ਦਿੱਤੀਆਂ। ਫੇਸਬੁੱਕ ਨੇ ਕਿਹਾ ਕਿ ਬਲਾਕ ਕਰਨ ਦਾ ਕਦਮ ਸਰਕਾਰ ਦੇ ਕਹਿਣ 'ਤੇ ਨਹੀਂ ਉਠਾਇਆ ਸੀ। ਇਸ ਤੋਂ ਪਹਿਲਾਂ ਟਵਿੱਟਰ ਨੇ ਸਰਕਾਰ ਦੇ ਹੁਕਮਾਂ ਮਗਰੋਂ ਤਿੱਖੀਆਂ ਆਲੋਚਨਾ ਵਾਲੀਆਂ ਪੋਸਟਾਂ ਹਟਾ ਦਿੱਤੀਆਂ ਸਨ।

ਫੇਸਬੁੱਕ ਦੇ ਤਰਜਮਾਨ ਨੇ ਬਿਆਨ 'ਚ ਕਿਹਾ,"ਅਸੀਂ ਗਲਤੀ ਨਾਲ ਇਸ ਹੈਸ਼ਟੈਗ ਨੂੰ ਆਰਜ਼ੀ ਤੌਰ 'ਤੇ ਬਲਾਕ ਕਰ ਦਿੱਤਾ ਸੀ। ਸਾਨੂੰ ਭਾਰਤ ਸਰਕਾਰ ਨੇ ਇਸ 'ਤੇ ਰੋਕ ਲਾਉਣ ਲਈ ਨਹੀਂ ਕਿਹਾ ਸੀ। ਅਸੀਂ ਇਸ ਨੂੰ ਹੁਣ ਬਹਾਲ ਕਰ ਦਿੱਤਾ ਹੈ।" ਉਧਰ ਇਲੈਕਟ੍ਰਾਨਿਕਸ ਅਤੇ ਆਈ.ਟੀ. ਮੰਤਰਾਲੇ ਨੇ ਟਵੀਟ ਕਰਕੇ ਕਿਹਾ ਕਿ ਸਰਕਾਰ ਨੇ ਹੈਸ਼ਟੈਗ ਹਟਾਉਣ ਦੇ ਕੋਈ ਨਿਰਦੇਸ਼ ਜਾਰੀ ਨਹੀਂ ਕੀਤੇ ਸਨ। ਮੰਤਰਾਲੇ ਨੇ ਕਿਹਾ ਕਿ ਫੇਸਬੁੱਕ ਨੇ ਵੀ ਸਪੱਸ਼ਟ ਕੀਤਾ ਹੈ ਕਿ ਇਹ ਗਲਤੀ ਨਾਲ ਹਟਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਮੋਹਰਲੀ ਕਤਾਰ ਦੇ ਵਰਕਰਾਂ ਅਤੇ ਮੈਡੀਕਲ ਮਾਹਿਰਾਂ ਦੀਆਂ ਅਣਥੱਕ ਕੋਸ਼ਿਸ਼ਾਂ ਨੂੰ ਦੁੱਗਣਾ ਕਰਨ 'ਚ ਮੀਡੀਆ ਅਹਿਮ ਭੂਮਿਕਾ ਨਿਭਾ ਸਕਦਾ ਹੈ। 'ਅਜਿਹੇ ਸੰਵੇਦਨਸ਼ੀਲ ਸਮੇਂ 'ਤੇ ਅਸੀਂ ਮੀਡੀਆ ਨੂੰ ਬੇਨਤੀ ਕਰਾਂਗੇ ਕਿ ਉਹ ਕਰੋੜਾਂ ਆਮ ਭਾਰਤੀਆਂ ਨਾਲ ਰਲ ਕੇ ਮਹਾਮਾਰੀ ਦਾ ਸਾਹਮਣਾ ਕਰਨ।'

## *ਮੂਰਖ ਬਣਾਉਣ ਵਾਲੀ ਸਰਕਾਰ ਖਿਲਾਫ ਵਿਦਰੋਹ ਕਰਨ ਲੋਕ: ਚਿਦੰਬਰਮ*

**ਨਵੀਂ ਦਿੱਲੀ:** ਸੀਨੀਅਰ ਕਾਂਗਰਸੀ ਆਗੂ ਪੀ ਚਿਦੰਬਰਮ ਨੇ ਕਿਹਾ ਕਿ ਉਹ ਕੇਂਦਰੀ ਸਿਹਤ ਮੰਤਰੀ ਹਰਸ਼ਵਰਧਨ ਦੇ ਬਿਆਨ ਕਿ ਦੇਸ਼ ਵਿਚ ਆਕਸੀਜਨ ਜਾਂ ਵੈਕਸੀਨ ਦੀ ਕੋਈ ਤੋਟ ਨਹੀਂ ਹੈ, ਤੋਂ ਹੈਰਾਨ ਹਨ ਅਤੇ ਲੋਕਾਂ ਨੂੰ ਕਿਹਾ ਕਿ ਉਹ 'ਉਨ੍ਹਾਂ ਨੂੰ ਮੂਰਖ ਸਮਝਣ ਵਾਲੀ' ਸਰਕਾਰ ਖਿਲਾਫ 'ਵਿਦਰੋਹ' ਕਰਨ। ਚਿਦੰਬਰਮ ਨੇ ਕਿਹਾ, "ਮੈਂ ਕੇਂਦਰੀ ਮੰਤਰੀ ਦੇ ਬਿਆਨ ਕਿ ਆਕਸੀਜਨ ਜਾਂ ਵੈਕਸੀਨ ਜਾਂ ਰੈਮਡੇਸਿਵਿਰ ਦੀ ਕੋਈ ਘਾਟ ਨਹੀਂ, ਤੋਂ ਹੈਰਾਨ ਹਾਂ।" ਉਨ੍ਹਾਂ ਟਵਿੱਟਰ 'ਤੇ ਲਿਖਿਆ, "ਮੈਨੂੰ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਦੀ ਟਿੱਪਣੀ ਕਿ ਯੂਪੀ ਵਿਚ ਵੈਕਸੀਨ ਦੀ ਕੋਈ ਘਾਟ ਨਹੀਂ ਹੈ, ਬਾਰੇ ਵੀ ਹੈਰਾਨੀ ਹੋ ਰਹੀ ਹੈ।" ਉਨ੍ਹਾਂ ਪੁੱਛਿਆ ਕਿ ਕੀ ਸਾਰੇ ਟੈਲੀਵਿਜਨਾਂ 'ਤੇ ਫਰਜ਼ੀ ਵੀਡੀਓ ਦਿਖਾਈਆਂ ਜਾ ਰਹੀਆਂ ਹਨ ਅਤੇ ਸਾਰੇ ਅਖਬਾਰ ਗਲਤ ਖਬਰਾਂ ਛਾਪ ਰਹੇ ਹਨ।

# ਕਰੋਨਾ ਅੱਗੇ ਬੇਵਸੀ: ਕੇਂਦਰ ਸਰਕਾਰ ਦੀ ਟੀਕਾਕਰਨ ਮੁਹਿੰਮ ਵੀ ਦਮ ਤੋੜਨ ਲੱਗੀ

**ਨਵੀਂ ਦਿੱਲੀ:** ਕੇਂਦਰ ਸਰਕਾਰ ਦੀ ਕਰੋਨਾ ਖਿਲਾਫ ਟੀਕਾਕਰਨ ਮੁਹਿੰਮ ਦਮ ਤੋੜਨ ਲੱਗੀ ਹੈ। ਕਰੋਨਾ ਰੋਕੂ ਵੈਕਸੀਨ ਦੀ ਉਪਲਬਤਾ ਨੂੰ ਲੈ ਕੇ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਦੇ ਆਹਮੋ-ਸਾਹਮਣੇ ਹੋਣ ਦਰਮਿਆਨ ਹੀ ਭਾਰਤ 'ਚ ਟੀਕਾਕਰਨ ਦਾ ਤੀਜਾ ਪੜਾਅ ਸ਼ੁਰੂ ਹੋ ਗਿਆ। 18 ਸਾਲ ਤੋਂ ਉੱਪਰ ਦੀ ਉਮਰ ਦੇ ਲੋਕਾਂ ਲਈ ਸ਼ੁਰੂ ਹੋਏ ਇਸ ਪੜਾਅ ਤੋਂ ਪਹਿਲਾਂ ਹੀ ਕਈ ਰਾਜਾਂ ਨੇ ਵੈਕਸੀਨ ਦੀ ਕਿੱਲਤ ਦਾ ਹਵਾਲਾ ਦਿੰਦਿਆਂ ਆਪਣੇ ਸੂਬੇ 'ਚ ਮੁਹਿੰਮ ਹਾਲੇ ਸ਼ੁਰੂ ਨਾ ਕਰਨ ਦਾ ਐਲਾਨ ਕੀਤਾ ਹੈ, ਜਿਸ 'ਚ 5 ਭਾਜਪਾ ਸ਼ਾਸਿਤ ਸੂਬਿਆਂ ਸਮੇਤ 11 ਰਾਜ ਸ਼ਾਮਲ ਹਨ ਜਦਕਿ ਕੁਝ ਰਾਜਾਂ ਵੱਲੋਂ ਸੀਮਤ ਕੇਂਦਰਾਂ ਉਤੇ ਇਸ ਦੀ ਸ਼ੁਰੂਆਤ ਕੀਤੀ ਜਾਵੇਗੀ।

ਮਹਾਂਮਾਰੀ ਦੇ ਮੱਦੇਨਜ਼ਰ ਦੇਸ਼ ਪਹਿਲਾਂ ਹੀ ਆਕਸੀਜਨ, ਸਬੰਧਤ ਦਵਾਈਆਂ ਅਤੇ ਹਸਪਤਾਲਾਂ ਵਿਚ ਹੋਰ ਮੁਢਲੀਆਂ ਸਹੂਲਤਾਂ ਦੀ ਘਾਟ ਨਾਲ ਜੂਝ ਰਿਹਾ ਹੈ। ਇਸ ਦੇ ਨਾਲ ਹੀ ਬਿਮਾਰੀ ਤੋਂ ਸੁਰੱਖਿਆ ਲਈ ਟੀਕਾਕਰਨ ਦੀ ਮੁਹਿੰਮ ਵੀ ਬੇਹੱਦ ਥੁੜਾਂ ਕਾਰਨ ਕਠਿਨ ਹੋਈ ਜਾਪਦੀ ਹੈ। ਹੁਣ ਤੱਕ ਦੇਸ਼ ਦੇ 15 ਕਰੋੜ ਦੇ ਲਗਭਗ ਲੋਕਾਂ ਨੂੰ ਟੀਕਾ ਲੱਗ ਚੁੱਕਾ ਹੈ। ਇਨ੍ਹਾਂ 'ਚੋਂ ਢਾਈ ਕਰੋੜ ਦੇ ਲਗਭਗ ਨੂੰ ਦੂਜੀ ਖੁਰਾਕ ਵੀ ਮਿਲ ਚੁੱਕੀ ਹੈ। ਪਹਿਲੇ ਦੋ ਪੜਾਵਾਂ ਵਿਚ ਕੇਂਦਰ ਦੇ ਸਿਹਤ ਮੰਤਰਾਲੇ ਨੇ ਟੀਕਾਕਰਨ ਦਾ ਵਧੇਰੇ ਜ਼ਿੰਮਾ ਆਪਣੇ ਕੋਲ ਰੱਖਿਆ ਸੀ। ਉਹ ਖੁਰਾਕਾਂ ਦੀ ਉਪਲਬਧਤਾ ਦੇ ਆਧਾਰ ਉਤੇ ਰਾਜਾਂ ਨੂੰ ਟੀਕੇ ਦੇ ਰਿਹਾ ਸੀ। ਚਾਹੇ ਪਹਿਲਾਂ ਤੋਂ ਹੀ ਬਹੁਤੇ ਰਾਜ ਟੀਕਿਆਂ ਦੀ ਘੱਟ ਉਪਲਬਧਤਾ ਬਾਰੇ ਬਿਆਨ ਦਿੰਦੇ ਰਹੇ ਹਨ ਪਰ ਇਸ ਦੇ ਨਾਲ ਹੀ ਹੁਣ ਪਹਿਲੀ ਮਈ ਤੋਂ 18 ਸਾਲ ਤੋਂ 45 ਸਾਲ ਤੱਕ ਦੇ ਉਮਰ ਵਾਲੇ ਵਿਅਕਤੀਆਂ ਨੂੰ ਵੀ ਟੀਕਾਕਰਨ ਵਿਚ ਸ਼ਾਮਲ ਕੀਤਾ ਗਿਆ ਹੈ।



ਬਰਤਾਨੀਆ ਨੇ ਇਹ ਦਾਅਵਾ ਕੀਤਾ ਹੈ ਕਿ ਉਸ ਨੇ ਹੁਣ ਤੱਕ ਅੱਧੀ ਆਬਾਦੀ ਨੂੰ ਟੀਕਾ ਲਗਾ ਦਿੱਤਾ ਹੈ। ਉਥੇ ਫਾਈਜ਼ਰ ਅਤੇ ਐਸਟਰਾਜ਼ੈਨੇਕਾ ਕੰਪਨੀਆਂ ਦੇ ਟੀਕੇ ਲਗਾਏ ਜਾ ਰਹੇ ਹਨ। ਇਸ ਖੇਤਰ ਵਿਚ ਕੇਂਦਰ ਸਰਕਾਰ ਹਾਲਤਾਂ ਮੁਤਾਬਕ ਬਹੁਤ ਪਿੱਛੇ ਰਹਿ ਗਈ ਜਾਪਦੀ ਹੈ, ਕਿਉਂਕਿ ਇਸ ਨੂੰ ਆਉਂਦੇ ਮਹੀਨਿਆਂ ਵਿਚ ਅਰਬਾਂ ਖੁਰਾਕਾਂ ਦੀ ਜ਼ਰੂਰਤ ਹੋਵੇਗੀ। ਕੇਂਦਰੀ ਸਿਹਤ ਮੰਤਰਾਲੇ 'ਚ ਸੰਯੁਕਤ ਸਕੱਤਰ ਲਵ ਅਗਰਵਾਲ ਨੇ ਇਸ ਨੂੰ 'ਸ਼ੁਰੂਆਤੀ ਦਿੱਕਤ' ਕਰਾਰ ਦਿੰਦਿਆਂ ਕਿਹਾ ਕਿ ਕਿਸੇ ਵੀ ਨਵੀਂ ਮੁਹਿੰਮ ਨੂੰ ਸ਼ੁਰੂ ਕਰਨ ਉਤੇ ਉਸ ਦੇ ਗਤੀ ਫੜਨ 'ਚ ਸਮਾਂ ਲੱਗਦਾ ਹੈ। ਉਨ੍ਹਾਂ ਕਿਹਾ ਕਿ ਟੀਕਾਕਰਨ ਦਾ ਤੀਜਾ ਪੜਾਅ ਵੀ ਸਮੇਂ ਦੇ ਨਾਲ ਲੈਅ 'ਚ ਆ ਜਾਵੇਗਾ। ਅਗਰਵਾਲ ਨੇ ਕਿਹਾ ਕਿ ਜਿਹੜੇ ਰਾਜ ਟੀਕਾ ਉਤਪਾਦਕਾਂ ਨਾਲ ਖੁਰਾਕਾਂ ਦੀ ਖਰੀਦ ਬਾਰੇ ਸੰਪਰਕ ਕਰ ਰਹੇ ਹਨ, ਉਹ ਨਿਰਧਾਰਿਤ ਸਮੇਂ ਉਤੇ ਮੁਹਿੰਮ ਸ਼ੁਰੂ ਕਰ ਦੇਣਗੇ। ਦਿੱਲੀ, ਪੰਜਾਬ, ਉੜੀਸਾ, ਉੱਤਰਾਖੰਡ, ਕਰਨਾਟਕ, ਮੱਧ ਪ੍ਰਦੇਸ, ਪੱਛਮੀ ਬੰਗਾਲ, ਤਾਮਿਲਨਾਡੂ ਤੇ ਜੰਮੂ-ਕਸਮੀਰ ਨੇ 18 ਸਾਲ ਦੇ ਲੋਕਾਂ ਲਈ ਫਿਲਹਾਲ ਟੀਕਾਕਰਨ ਸ਼ੁਰੂ ਨਾ ਕਰਨ ਦਾ ਐਲਾਨ ਕਰਦਿਆਂ ਕਿਹਾ ਕਿ ਮੌਜੂਦਾ ਸਟਾਕ ਨਾਲ ਉਹ ਪਹਿਲਾਂ ਤੋਂ ਚੱਲ ਰਹੇ ਟੀਕਾਕਰਨ ਪ੍ਰੋਗਰਾਮ ਜਾਰੀ ਰੱਖਣਗੇ। ਅਰੁਣਾਂਚਲ ਪ੍ਰਦੇਸ਼ ਨੇ ਤਕਨੀਕੀ ਕਾਰਨਾਂ ਕਾਰਨ ਟੀਕਾਕਰਨ ਦਾ ਤੀਜਾ ਪੜਾਅ ਅਣਮਿੱਥੇ ਸਮੇਂ ਲਈ ਟਾਲ ਦਿੱਤਾ ਹੈ। ਆਂਧਰਾ ਪ੍ਰਦੇਸ਼ 'ਚ ਵੀ ਟੀਕੇ ਦੀ ਕਿੱਲਤ ਕਾਰਨ ਤੀਜਾ ਪੜਾਅ ਸ਼ੁਰੂ ਨਹੀਂ ਕੀਤਾ ਗਿਆ। ਉੱਤਰ ਪ੍ਰਦੇਸ਼ ਸਰਕਾਰ ਵਲੋਂ ਵੀ ਫਿਲਹਾਲ 7 ਜਿਲ੍ਹਿਆਂ 'ਚ ਟੀਕਾਕਰਨ ਦਾ ਤੀਜਾ ਪੜਾਅ ਸ਼ੁਰੂ ਕੀਤਾ ਗਿਆ ਹੈ ਜਦਕਿ ਮਹਾਰਾਸ਼ਟਰ ਸਰਕਾਰ ਵਲੋਂ ਵੀ ਸੀਮਤ ਕੇਂਦਰਾਂ ਦੇ ਨਾਲ ਤੀਜੇ ਪੜਾਅ ਦੀ ਸ਼ੁਰੂਆਤ ਕੀਤੀ ਗਈ।

ਪੰਜਾਬ ਸਰਕਾਰ ਨੇ ਕਰੋਨਾ ਤੋਂ ਬਚਾਅ ਲਈ 18 ਸਾਲ ਤੋਂ ਵੱਧ ਉਮਰ ਦੇ ਲੋਕਾਂ ਦੇ ਕੋਵਿਡ-19 ਟੀਕਾਕਰਨ ਦੇ ਅਮਲ ਨੂੰ 'ਵੈਕਸੀਨ ਉਪਲਬਧ ਨਾ ਹੋਣ' ਦੇ ਹਵਾਲੇ ਨਾਲ ਮੁਲਤਵੀ ਕਰ ਦਿੱਤਾ ਹੈ। ਚੇਤੇ ਰਹੇ ਕਿ ਪਹਿਲੀ ਮਈ ਤੋਂ ਦੇਸ਼ ਭਰ ਵਿਚ ਕੋਵਿਡ ਟੀਕਾਕਰਨ ਦਾ ਤੀਜਾ ਗੇੜ ਸ਼ੁਰੂ ਹੋਣਾ ਸੀ, ਜਿਸ ਤਹਿਤ 18 ਤੋਂ 44 ਉਮਰ ਵਰਗ ਦੇ ਲੋਕਾਂ ਨੂੰ ਟੀਕੇ ਲੱਗਣੇ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸੂਬੇ ਵਿਚ ਵੈਕਸੀਨ ਦੀਆਂ ਢੁਕਵੀਆਂ ਖੁਰਾਕਾਂ ਉਪਲਬਧ ਨਾ ਹੋਣ ਕਰਕੇ ਟੀਕਾਕਰਨ ਦੇ ਤੀਜੇ ਗੇੜ ਨੂੰ ਮਿਥੇ ਮੁਤਾਬਕ ਸ਼ੁਰੂ ਨਹੀਂ ਕੀਤਾ ਜਾ ਸਕਦਾ। ਇਕ ਸਰਕਾਰੀ ਬਿਆਨ ਮੁਤਾਬਕ ਮੁੱਖ ਮੰਤਰੀ ਵੈਕਸੀਨ ਦੀ ਕਿੱਲਤ ਨੂੰ ਲੈ ਕੇ ਕੇਂਦਰ ਸਰਕਾਰ ਦੇ ਸੰਪਰਕ ਵਿਚ ਹਨ। ਮੁੱਖ ਮੰਤਰੀ ਨੇ ਵਰਚੁਅਲ ਮੀਟਿੰਗ ਦੌਰਾਨ ਕੋਵਿਡ ਵੈਕਸੀਨ ਹਾਲਾਤ 'ਤੇ ਨਜ਼ਰਸਾਨੀ ਕਰਦਿਆਂ ਕਿਹਾ, 'ਸੂਬੇ ਨੂੰ ਦੋ ਲੱਖ ਖੁਰਾਕਾਂ ਮਿਲੀਆਂ ਸਨ, ਜੋ 45 ਸਾਲ ਤੋਂ ਵੱਧ ਉਮਰ ਦੀਆਂ ਦੋ ਦਿਨ ਦੀ ਲੋੜ ਨੂੰ ਪੂਰਾ ਕਰਨ ਲਈ ਵੀ ਨਾਕਾਫੀ ਹਨ।'

## ਵੈਕਸੀਨ ਦੀਆਂ ਕੀਮਤਾਂ 'ਤੇ ਸੁਪਰੀਮ ਕੋਰਟ ਦੇ ਸਵਾਲ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਕੋਵਿਡ ਵੈਕਸੀਨ ਦੇ ਕੀਮਤ ਨਿਰਧਾਰਨ ਬਾਰੇ ਆਪਣੀ ਨੀਤੀ 'ਤੇ ਨਜ਼ਰਸਾਨੀ ਕੀਤੇ ਜਾਣ ਦੀ ਹਦਾਇਤ ਕੀਤੀ ਹੈ। ਸਿਖਰਲੀ ਅਦਾਲਤ ਨੇ ਕਿਹਾ ਕਿ ਵੈਕਸੀਨਾਂ ਦੀਆਂ ਕੇਂਦਰ, ਰਾਜਾਂ ਤੇ ਨਿੱਜੀ ਹਸਪਤਾਲਾਂ ਲਈ ਵੱਖੋ-ਵੱਖਰੀਆਂ ਕੀਮਤਾਂ ਕਰਕੇ ਸੰਵਿਧਾਨ ਦੀ ਧਾਰਾ 21 ਤਹਿਤ ਸਿਹਤ ਸਹੂਲਤਾਂ ਤੱਕ ਪਹੁੰਚ ਦੇ ਬੁਨਿਆਦੀ ਹੱਕ ਨੂੰ ਸੱਟ ਵੱਜੇਗੀ। ਜਸਟਿਸ ਡੀ.ਵਾਈ.ਚੰਦਰਚੂੜ ਨੇ ਕਿਹਾ ਕਿ ਵੈਕਸੀਨ ਨਿਰਮਾਤਾ ਨੇ ਦੋ ਵੱਖੋ ਵੱਖਰੀਆਂ ਕੀਮਤਾਂ ਦਾ ਸੁਝਾਅ ਦਿੱਤਾ ਹੈ। ਕੇਂਦਰ ਸਰਕਾਰ ਲਈ ਘੱਟ ਜਦੋਂਕਿ ਰਾਜਾਂ ਨੂੰ ਵੈਕਸੀਨਾਂ ਦੀ ਖਰੀਦ 'ਤੇ ਵੱਧ ਮੁੱਲ ਤਾਰਨਾ ਹੋਵੇਗਾ। ਸੁਪਰੀਮ ਕੋਰਟ ਨੇ ਕਿਹਾ ਕਿ ਮੁਕਾਬਲੇਬਾਜ਼ੀ ਨੂੰ ਪ੍ਰਮੋਟ ਕਰਨ ਦੇ ਆਧਾਰ 'ਤੇ ਸੂਬਾ ਸਰਕਾਰਾਂ ਨੂੰ ਵੈਕਸੀਨ ਨਿਰਮਾਤਾਵਾਂ ਨਾਲ ਤੋਲ-ਮੋਲ ਕਰਨ ਲਈ ਮਜਬੂਰ ਕਰਨ ਤੇ ਨਵੇਂ ਵੈਕਸੀਨ ਨਿਰਮਾਤਾ ਲਈ ਇਸ ਨੂੰ ਵਧੇਰੇ ਆਕਰਸ਼ਕ ਬਣਾਉਣ ਦੇ, 18 ਤੋਂ 44 ਸਾਲ ਉਮਰ ਵਰਗ ਦੇ ਲੋਕਾਂ ਲਈ ਗੰਭੀਰ ਸਿੱਟੇ ਨਿਕਲਣਗੇ, ਜਿਨ੍ਹਾਂ ਨੂੰ ਰਾਜ ਸਰਕਾਰਾਂ ਵੱਲੋਂ ਟੀਕਾਕਰਨ ਦੇ ਤੀਜੇ ਪੜਾਅ ਤਹਿਤ ਟੀਕੇ ਲਾਏ ਜਾਣੇ ਹਨ।

## ਪਾਣੀ ਹੁਣ ਸਿਰ ਉਤੋਂ ਲੰਘ ਚੁੱਕਿਆ: ਹਾਈ ਕੋਰਟ

**ਨਵੀਂ ਦਿੱਲੀ:** ਕੌਮੀ ਰਾਜਧਾਨੀ ਨਵੀਂ ਦਿੱਲੀ ਦੇ ਬੱਤਰਾ ਹਸਪਤਾਲ 'ਚ ਆਕਸੀਜਨ ਦੀ ਘਾਟ ਕਾਰਨ ਇਕ ਡਾਕਟਰ ਸਮੇਤ 12 ਕਰੋਨਾ ਮਰੀਜ਼ਾਂ ਦੀ ਮੌਤ ਹੋਣ ਦਾ ਸਖਤ ਨੋਟਿਸ ਲੈਂਦਿਆਂ ਦਿੱਲੀ ਹਾਈ ਕੋਰਟ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਕੋਵਿਡ-19 ਦੇ ਗੰਭੀਰ ਮਰੀਜ਼ਾਂ ਦੇ ਇਲਾਜ ਲਈ ਕਿਸੇ ਵੀ ਤਰ੍ਹਾਂ ਦਿੱਲੀ ਨੂੰ ਤੈਅ ਕੋਟੇ ਮੁਤਾਬਕ 490 ਮੀਟ੍ਰਿਕ ਟਨ ਮੈਡੀਕਲ ਆਕਸੀਜਨ ਦੀ ਸਪਲਾਈ ਕੀਤੀ ਜਾਵੇ ਜਾਂ ਸਰਕਾਰ ਅਦਾਲਤੀ ਹੱਤਕ ਦਾ ਸਾਹਮਣਾ ਕਰਨ ਨੂੰ ਤਿਆਰ ਰਹੇ। ਪ੍ਰਾਪਤ ਜਾਣਕਾਰੀ ਅਨੁਸਾਰ ਜਸਟਿਸ ਵਿਪਿਨ ਸਾਂਘੀ ਤੇ ਜਸਟਿਸ ਰੇਖਾ ਪੱਲੀ ਦੇ ਬੈਂਚ ਨੇ ਕੇਂਦਰ ਸਰਕਾਰ ਨੂੰ ਝਾੜ ਪਾਉਂਦਿਆਂ ਕਿਹਾ, 'ਕੀ ਤੁਹਾਡਾ ਮਤਲਬ ਹੈ ਕਿ ਅਸੀਂ ਦਿੱਲੀ ਵਿੱਚ ਲੋਕਾਂ ਪ੍ਰਤੀ ਆਪਣੀਆਂ ਅੱਖਾਂ ਬੰਦ ਕਰ ਲਈਏ। ਬੱਸ ਬਹੁਤ ਹੋ ਗਿਆ ਤੇ ਹੁਣ ਪਾਣੀ ਸਿਰ ਤੋਂ ਲੰਘ ਚੁੱਕਾ ਹੈ'।

# ਬੇਕਾਬੂ ਕਰੋਨਾ: ਭਾਰਤ ਦੀ ਮਦਦ ਲਈ ਆਲਮੀ ਭਾਈਚਾਰੇ ਨੇ ਹੱਥ ਵਧਾਏ

**ਵਾਸ਼ਿੰਗਟਨ:** ਭਾਰਤ 'ਚ ਕਰੋਨਾ ਮਹਾਮਾਰੀ ਦੀ ਬੇਕਾਬੂ ਦੂਜੀ ਲਹਿਰ ਨੂੰ ਵੇਖਦੇ ਹੋਏ ਵੱਡੀ ਗਿਣਤੀ ਦੇਸ਼ ਮਦਦ ਲਈ ਅੱਗੇ ਆਏ ਹਨ। ਅਮਰੀਕਾ, ਕੈਨੇਡਾ, ਨਿਊਜ਼ੀਲੈਂਡ ਇਥੋਂ ਤੱਕ ਭਾਰਤ ਦੇ ਗੁਆਂਢੀ ਮੁਲਕ ਚੀਨ ਨੇ ਵੀ ਮਦਦ ਲਈ ਹੱਥ ਵਧਾਏ ਹਨ। ਵੱਡੀ ਗਿਣਤੀ ਦੇਸ਼ਾਂ ਨੇ ਮਾਲੀ ਸਹਾਇਤਾ ਦਾ ਵੀ ਐਲਾਨ ਕੀਤਾ ਹੈ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਨੇ ਐਲਾਨ ਕੀਤਾ ਕਿ ਉਨ੍ਹਾਂ ਦੇ ਮੁਲਕ ਵੱਲੋਂ ਭਾਰਤ ਨੂੰ ਕਰੋਨਾ ਖਿਲਾਫ ਜੰਗ ਲਈ ਇਕ ਕਰੋੜ ਡਾਲਰ ਦੀ ਸਹਾਇਤਾ ਦਿੱਤੀ ਜਾਵੇਗੀ। ਨਿਊਜ਼ੀਲੈਂਡ ਦੀ ਵਿਦੇਸ਼ ਮੰਤਰੀ ਐਨ ਮਹੁਤਾ ਨੇ ਭਾਰਤ ਦੀ ਸਹਾਇਤਾ ਲਈ ਰੈੱਡਕ੍ਰਾਸ ਨੂੰ 10 ਲੱਖ ਨਿਊਜ਼ੀਲੈਂਡ ਡਾਲਰ (ਕਰੀਬ 7,20,365 ਅਮਰੀਕੀ ਡਾਲਰ) ਦੇਣ ਦਾ ਐਲਾਨ ਕੀਤਾ ਹੈ। ਟਰੂਡੋ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੈਨੇਡਾ ਦੇ ਵਿਦੇਸ਼ ਮੰਤਰੀ ਮਾਰਗ ਗਾਰਨਿਊ ਨੇ ਆਪਣੇ ਭਾਰਤੀ ਹਮਰੁਤਬਾ ਐੱਸ ਜੈਸ਼ੰਕਰ ਨਾਲ ਗੱਲਬਾਤ ਕਰਕੇ ਸਹਾਇਤਾ ਬਾਰੇ ਪੁੱਛਿਆ ਸੀ। ਉਨ੍ਹਾਂ ਕਿਹਾ, ''ਅਸੀਂ ਕੈਨੇਡੀਅਨ ਰੈੱਡਕ੍ਰਾਸ ਰਾਹੀਂ ਭਾਰਤੀ ਰੈੱਡਕ੍ਰਾਸ ਨੂੰ ਇਕ ਕਰੋੜ ਡਾਲਰ ਦੇਣ ਲਈ ਤਿਆਰ ਹਾਂ।

ਇਸ ਨਾਲ ਭਾਰਤ ਨੂੰ ਐਂਬੂਲੈਂਸ ਸੇਵਾਵਾਂ ਅਤੇ ਪੀ.ਪੀ.ਈ. ਕਿੱਟ ਆਦਿ ਖਰੀਦਣ ਦੀ ਸੌਖ ਹੋਵੇਗੀ।'' ਵਿਦੇਸ਼ ਮੰਤਰੀਆਂ ਵਿਚਕਾਰ ਹੋਈ ਗੱਲਬਾਤ ਬਾਰੇ ਉਨ੍ਹਾਂ ਕਿਹਾ ਕਿ ਭਾਰਤ ਨੂੰ ਔਖ ਦੀ ਘੜੀ 'ਚ ਕੈਨੇਡਾ ਹਰ ਤਰ੍ਹਾਂ ਦੀ ਸਹਾਇਤਾ ਕਰਨ ਲਈ ਤਿਆਰ ਹੈ। ਇੰਟਰਨੈਸ਼ਨਲ ਫੈਡਰੇਸ਼ਨ ਆਫ ਰੈੱਡਕ੍ਰਾਸ ਵੱਲੋਂ ਭਾਰਤੀ ਰੈੱਡਕ੍ਰਾਸ ਸੁਸਾਇਟੀ ਨਾਲ ਮਿਲ ਕੇ ਪਹਿਲਾਂ ਹੀ ਆਕਸੀਜਨ ਸਿਲੰਡਰ, ਕੰਸਨਟਰੇਟਰ ਅਤੇ ਹੋਰ ਮੈਡੀਕਲ ਸਪਲਾਈ ਮੁਹੱਈਆ ਕਰਵਾਈ ਜਾ ਰਹੀ ਹੈ।




ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਅੰਤੋਨੀਓ ਗੁਟੇਰੇਜ ਦਾ ਕਹਿਣਾ ਹੈ ਕਿ ਇਹ ਕੌਮਾਂਤਰੀ ਸੰਗਠਨ ਭਾਰਤ ਲਈ ਆਪਣੀ ਮਦਦ ਵਧਾਉਣ ਲਈ ਪੂਰੀ ਤਰ੍ਹਾਂ ਤਿਆਰ ਖੜ੍ਹਾ ਹੈ। ਉਨ੍ਹਾਂ ਕਿਹਾ 'ਹੁਣ ਜਦੋਂ ਭਾਰਤ ਨੂੰ ਮਹਾਮਾਰੀ ਦੇ ਡਰਾਉਣੇ ਰੂਪ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪੂਰਾ ਸੰਯੁਕਤ ਰਾਸ਼ਟਰ ਪਰਿਵਾਰ ਭਾਰਤ ਦੇ ਲੋਕਾਂ ਨਾਲ ਖੜ੍ਹਾ ਹੈ।' ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਸਥਾਈ ਨੁਮਾਇੰਦੇ ਟੀ.ਐਸ. ਤ੍ਰਿਮੂਰਤੀ ਨੇ ਗੁਟੇਰੇਜ ਦੇ ਬਿਆਨ ਦਾ ਜਵਾਬ ਦਿੰਦਿਆਂ ਕਿਹਾ ਕਿ ਭਾਰਤ, ਸੰਯੁਕਤ ਰਾਸ਼ਟਰ ਵੱਲੋਂ ਸਾਥ ਦੇਣ ਅਤੇ ਭਾਵਨਾਤਮਕ ਇਕਜੁੱਟਤਾ ਪ੍ਰਗਟ ਕਰਨ ਲਈ ਉਸ ਦਾ ਧੰਨਵਾਦ ਕਰਦਾ ਹੈ।

ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਨੇ ਕੋਵਿਡ ਖਿਲਾਫ ਜੰਗ 'ਚ ਭਾਰਤ ਨੂੰ ਹਰ ਸੰਭਵ ਸਹਾਇਤਾ ਦੇਣ ਦਾ ਵਾਅਦਾ ਕਰਦਿਆਂ ਕਿਹਾ ਹੈ ਕਿ ਚੀਨ 'ਚ ਬਣਾਈ ਗਈ ਮਹਾਮਾਰੀ ਵਿਰੋਧੀ ਸਮੱਗਰੀ ਤੇਜ਼ੀ ਨਾਲ ਭਾਰਤ ਪਹੁੰਚਾਈ ਜਾ ਰਹੀ ਹੈ। ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੂੰ ਲਿਖੀ ਚਿੱਠੀ 'ਚ ਵਾਂਗ ਨੇ ਕਿਹਾ ਕਿ ਭਾਰਤ ਨੂੰ ਦਰਪੇਸ਼ ਚੁਣੌਤੀਆਂ ਪ੍ਰਤੀ ਚੀਨ ਪੂਰੀ ਹਮਦਰਦੀ ਰਖਦਾ ਹੈ। ਭਾਰਤ 'ਚ ਚੀਨੀ ਸਫੀਰ ਸੁਨ ਵੇਈਡੋਂਗ ਨੇ ਇਸ ਚਿੱਠੀ ਨੂੰ ਟਵਿੱਟਰ 'ਤੇ ਸਾਂਝਾ ਕੀਤਾ ਹੈ ਜਿਸ 'ਚ ਲਿਖਿਆ ਹੈ,''ਕਰੋਨਾ ਵਾਇਰ ਮਨੁੱਖਤਾ ਦਾ ਸਾਂਝਾ ਦੁਸ਼ਮਣ ਹੈ ਅਤੇ ਕੌਮਾਂਤਰੀ ਭਾਈਚਾਰੇ ਨੂੰ ਇਕਜੁੱਟਤਾ ਨਾਲ ਅਤੇ ਤਾਲਮੇਲ ਬਣਾ ਕੇ ਇਸ ਦਾ ਮੁਕਾਬਲਾ ਕਰਨ ਦੀ ਲੋੜ ਹੈ।''

ਕਰੋਨਾ ਵਾਇਰਸ ਮਹਾਮਾਰੀ ਦੇ ਪ੍ਰਕੋਪ ਨਾਲ ਜੂਝ ਰਹੇ ਭਾਰਤ ਨੂੰ ਫਰਾਂਸ ਨੇ ਇਕਜੁੱਟਤਾ ਮਿਸ਼ਨ ਦੇ ਪਹਿਲੇ ਗੇੜ ਵਜੋਂ ਅੱਠ ਵੱਡੇ ਆਕਸੀਜਨ ਪਲਾਂਟਾਂ ਸਣੇ ਇਸਤੇਮਾਲ ਕਰਨ ਲਈ ਤਿਆਰ 28 ਟਨ ਮੈਡੀਕਲ ਸਮੱਗਰੀ ਭੇਜੀ ਹੈ।

ਫਰਾਂਸ ਦੇ ਸਫਾਰਤਖਾਨੇ ਨੇ ਕਿਹਾ ਕਿ ਹਰੇਕ ਪਲਾਂਟ ਕਈ ਸਾਲਾਂ ਤੱਕ 250 ਬਿਸਤਰਿਆਂ ਵਾਲੇ ਇਕ ਹਸਪਤਾਲ ਨੂੰ ਲਗਾਤਾਰ 24 ਘੰਟੇ ਆਕਸੀਜਨ ਦੇ ਸਕਦਾ ਹੈ ਅਤੇ ਇਹ ਪਲਾਂਟ ਆਸ-ਪਾਸ ਦੀ ਹਵਾ ਤੋਂ ਮੈਡੀਕਲ ਆਕਸੀਜਨ ਬਣਾਉਂਦੇ ਹਨ। ਫਰਾਂਸ ਦੇ ਸਫਾਰਤਖਾਨੇ ਨੇ ਇਕ ਬਿਆਨ ਵਿਚ ਕਿਹਾ, ''ਜਰੂਰਤ ਅਨੁਸਾਰ ਅੱਠ ਭਾਰਤੀ ਹਸਪਤਾਲਾਂ ਨੂੰ ਆਕਸੀਜਨ ਪਲਾਂਟ ਦਿੱਤੇ ਜਾਣਗੇ ਜਿਨ੍ਹਾਂ ਵਿਚੋਂ ਛੇ ਦਿੱਲੀ, ਇਕ ਹਰਿਆਣਾ ਅਤੇ ਇਕ ਤੇਲੰਗਾਨਾ 'ਚ ਹੈ। ਇਨ੍ਹਾਂ ਹਸਪਤਾਲਾਂ ਦੀ ਪਛਾਣ ਭਾਰਤੀ ਅਧਿਕਾਰੀਆਂ ਵੱਲੋਂ ਕੀਤੀ ਗਈ ਹੈ। ਇਕ ਵਿਸ਼ੇਸ਼ ਢੋਆ-ਢੁਆਈ ਵਾਲਾ ਜਹਾਜ਼ ਇਹ ਸਮੱਗਰੀ ਫਰਾਂਸ ਤੋਂ ਦਿੱਲੀ ਲੈ ਕੇ ਆਇਆ ਹੈ। ਇਸੇ ਤਰ੍ਹਾਂ ਤਾਇਵਾਨ ਨੇ ਭਾਰਤ ਨੂੰ 150 ਆਕਸੀਜਨ ਕੰਸਨਟਰੇਟਰ ਅਤੇ ਆਕਸੀਜਨ ਦੇ 500 ਸਿਲੰਡਰ ਭੇਜੇ ਹਨ। 150 ਆਕਸੀਜਨ ਕੰਸਨਟਰੇਟਰਾਂ ਤੇ 500 ਆਕਸੀਜਨ ਸਿਲੰਡਰਾਂ ਦੀ ਪਹਿਲੀ ਖੇਪ ਨਵੀਂ ਦਿੱਲੀ ਪਹੁੰਚ ਚੁੱਕੀ ਹੈ। ਜ਼ਿਕਰਯੋਗ ਹੈ ਕਿ ਭਾਰਤ ਦੇ ਤਾਇਵਾਨ ਨਾਲ ਭਾਵੇਂ ਕਿ ਰਸਮੀ ਕੂਟਨੀਤਕ ਸਬੰਧ ਨਹੀਂ ਹਨ ਪਰ ਦੋਵੇਂ ਦੇਸ਼ਾਂ ਵਿਚਾਲੇ ਵਪਾਰਕ ਤੇ ਇਨ੍ਹਾਂ ਮੁਲਕਾਂ ਦੇ ਲੋਕਾਂ ਦੇ ਇਕ-ਦੂਜੇ ਨਾਲ ਚੰਗੇ ਸਬੰਧ ਹਨ।

## ਯੂਨੀਸੈਫ ਨੇ ਆਕਸੀਜਨ ਕੰਸਨਟਰੇਟਰ ਭਾਰਤ ਭੇਜੇ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੀ ਬੱਚਿਆਂ ਸਬੰਧੀ ਏਜੰਸੀ ਯੂਨੀਸੈਫ ਨੇ ਕਰੋਨਾ ਲਾਗ ਦੇ ਸੱਜਰੇ ਉਭਾਰ ਨਾਲ ਜੂਝ ਰਹੇ ਭਾਰਤ ਦੀ ਮਦਦ ਲਈ ਜੀਵਨ ਰੱਖਿਅਕ ਸਾਮਾਨ ਦੀ ਸਪਲਾਈ ਭੇਜੀ ਹੈ। ਇਸ ਵਿਚ ਤਿੰਨ ਹਜ਼ਾਰ ਆਕਸੀਜਨ ਕੰਸਨਟਰੇਟਰ, ਟੈਸਟਾਂ ਸਬੰਧੀ ਸਮੱਗਰੀ ਅਤੇ ਹੋਰ ਸਾਮਾਨ ਸ਼ਾਮਲ ਹੈ। ਯੂਨੀਸੈਫ ਨੇ ਭਾਰਤ ਸਰਕਾਰ ਨੂੰ ਲਗਾਤਾਰ ਮਦਦ ਦੇਣ ਦਾ ਭਰੋਸਾ ਵੀ ਦਿੱਤਾ ਹੈ। ਸੰਯੁਕਤ ਰਾਸ਼ਟਰ ਮੁਖੀ ਦੇ ਉਪ-ਤਰਜਮਾਨ ਫਰਹਾਨ ਹੱਕ ਨੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ ਦੇ ਟਵੀਟ ਦੇ ਹਵਾਲੇ ਨਾਲ ਕਿਹਾ ਕਿ ਉਹ ਅਤੇ ਸੰਯੁਕਤ ਰਾਸ਼ਟਰ ਪਰਿਵਾਰ ਕਰੋਨਾ ਮਹਾਮਾਰੀ ਦੇ ਔਖੇ ਸਮੇਂ ਦੌਰਾਨ ਲੋਕਾਂ ਨਾਲ ਖੜ੍ਹਾ ਹੈ ਅਤੇ ਦੇਸ਼ (ਭਾਰਤ) ਦੀ ਹਰ ਮਦਦ ਲਈ ਤਿਆਰ ਹੈ। ਹਵਾਈ ਕੰਪਨੀ ਬੋਇੰਗ ਨੇ ਕਰੋਨਾ ਮਹਾਮਾਰੀ ਨਾਲ ਜੂਝ ਰਹੇ ਭਾਰਤ ਲਈ ਇੱਕ ਕਰੋੜ ਡਾਲਰ ਦੇ ਮਦਦ ਪੈਕੇਜ ਦਾ ਐਲਾਨ ਕੀਤਾ ਹੈ।

# ਅਮਰੀਕਾ ਵੱਲੋਂ ਵਿਦਿਆਰਥੀਆਂ ਨੂੰ ਯਾਤਰਾ ਪਾਬੰਦੀ ਤੋਂ ਛੋਟ



**ਵਾਸ਼ਿੰਗਟਨ:** ਅਮਰੀਕਾ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਭਾਰਤੀ ਯਾਤਰੀਆਂ 'ਤੇ ਐਲਾਨੀ ਗਈ ਪਾਬੰਦੀ ਤੋਂ ਵਿਦਿਆਰਥੀਆਂ, ਅਕਾਦਮਿਕ, ਪੱਤਰਕਾਰਾਂ ਤੇ ਵਿਅਕਤੀਗਤ ਦੇ ਕੁਝ ਵਰਗਾਂ ਨੂੰ ਛੋਟ ਦਿੱਤੀ ਗਈ ਹੈ। ਬਾਇਡਨ ਵੱਲੋਂ ਭਾਰਤ ਤੋਂ ਅਮਰੀਕਾ ਆਉਣ ਵਾਲੇ ਯਾਤਰੀਆਂ 'ਤੇ 4 ਮਈ ਤੋਂ ਲਗਾਈ ਗਈ ਪਾਬੰਦੀ ਤੋਂ ਕੁਝ ਹੀ ਘੰਟਿਆਂ ਬਾਅਦ ਵਿਦੇਸ਼ ਮੰਤਰੀ ਟੋਨੀ ਬਲਿੰਕਨ ਨੇ ਇਹ ਛੋਟਾਂ ਦਿੱਤੀਆਂ ਹਨ। ਭਾਰਤੀ ਯਾਤਰੀਆਂ 'ਤੇ ਇਹ ਪਾਬੰਦੀ ਭਾਰਤ ਵਿਚ ਕਰੋਨਾ ਵਾਇਰਸ ਮਹਾਮਾਰੀ ਦੇ ਦਿਨੋਂ-ਦਿਨ ਵਧ ਰਹੇ ਪ੍ਰਕੋਪ ਅਤੇ ਦੇਸ਼ ਵਿਚ ਮਹਾਮਾਰੀ ਦਾ ਵੱਖ-ਵੱਖ ਤਰ੍ਹਾਂ ਦਾ ਰੂਪ ਫੈਲਣ ਦੇ ਮੱਦੇਨਜ਼ਰ ਲਗਾਈ ਗਈ ਹੈ। ਵਿਦੇਸ਼ ਮੰਤਰਾਲੇ ਅਨੁਸਾਰ ਯਾਤਰਾ ਸਬੰਧੀ ਪਾਬੰਦੀ 'ਤੇ ਇਹ ਛੋਟਾਂ ਉਸੇ ਤਰਜ਼ 'ਤੇ ਦਿੱਤੀਆਂ ਗਈਆਂ ਹਨ ਜੋ ਕਿ ਅਮਰੀਕਾ ਵੱਲੋਂ ਬ੍ਰਾਜ਼ੀਲ, ਚੀਨ, ਇਰਾਨ ਤੇ ਦੱਖਣੀ ਅਫਰੀਕਾ ਤੋਂ ਆਉਣ ਵਾਲੇ ਯਾਤਰੀਆਂ ਦੇ ਕੁਝ ਵਰਗਾਂ ਨੂੰ ਦਿੱਤੀਆਂ ਗਈਆਂ ਹਨ। ਵਿਦੇਸ਼ ਮੰਤਰਾਲੇ ਨੇ ਕਿਹਾ, ''ਵਿਦੇਸ਼ ਮੰਤਰਾਲੇ ਵੱਲੋਂ ਜਾਇਜ਼ ਕਾਰਨਾਂ ਕਰ ਕੇ ਅਮਰੀਕਾ ਆਉਣ ਵਾਲੇ ਯਾਤਰੀਆਂ ਨੂੰ ਛੋਟ ਦੇ ਕੀਤੇ ਗਏ ਵਾਅਦੇ ਨੂੰ ਧਿਆਨ ਵਿਚ ਰੱਖਦਿਆਂ, ਵਿਦੇਸ਼ ਮੰਤਰੀ ਬਲਿੰਕਨ ਨੇ ਫੈਸਲਾ ਲਿਆ ਹੈ ਕਿ ਹੋਰ ਦੇਸ਼ਾਂ ਦੇ ਯਾਤਰੀਆਂ ਵਾਂਗ ਭਾਰਤ ਦੇ ਯਾਤਰੀਆਂ ਦੇ ਕੁਝ ਖਾਸ ਵਰਗਾਂ ਨੂੰ ਵੀ ਉਹੀ ਛੋਟਾਂ ਦਿੱਤੀਆਂ ਜਾਣ।

## ਅਮਰੀਕਨਾਂ ਨੂੰ ਭਾਰਤ 'ਚੋਂ ਨਿਕਲਣ ਦੀ ਸਲਾਹ

**ਵਾਸ਼ਿੰਗਟਨ:** ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਭਾਰਤ ਦੀ ਯਾਤਰਾ ਨਾ ਕਰਨ ਜਾਂ ਜਿੰਨੀ ਜਲਦੀ ਹੋ ਸਕੇ ਉਹ ਭਾਰਤ ਵਿਚੋਂ ਨਿਕਲ ਜਾਣ। ਅਮਰੀਕਾ ਨੇ ਕਿਹਾ ਕਿ ਭਾਰਤ ਵਿਚ ਕਰੋਨਾ ਦੀ ਦੂਜੀ ਲਹਿਰ ਤੇਜ਼ੀ ਨਾਲ ਫੈਲ ਰਹੀ ਹੈ ਤੇ ਉਥੇ ਇਲਾਜ ਦੇ ਵਸੀਲੇ ਵੀ ਸੀਮਤ ਹਨ। ਲਿਹਾਜ਼ਾ ਅਮਰੀਕੀ ਨਾਗਰਿਕ ਜੇ ਉਥੇ ਰਹੇ ਤਾਂ ਉਨ੍ਹਾਂ ਲਈ ਖਤਰਾ ਪੈਦਾ ਹੋ ਸਕਦਾ ਹੈ। ਅਮਰੀਕਾ ਨੇ ਭਾਰਤ ਨੂੰ ਲੈਵਲ 4 ਯਾਤਰਾ ਐਡਵਾਈਜ਼ਰੀ 'ਚ ਰੱਖਿਆ ਹੈ। ਵਿਦੇਸ਼ ਵਿਭਾਗ ਨੇ ਭਾਰਤ ਵਿਚਲੇ ਆਪਣੇ ਦੂਤਾਵਾਸ ਵਿਚ ਕੰਮ ਕਰਦੇ ਮੁਲਾਜ਼ਮਾਂ ਦੇ ਪਰਿਵਾਰਕ ਮੈਂਬਰਾਂ ਨੂੰ ਉਨ੍ਹਾਂ ਦੀ ਮਰਜ਼ੀ ਮੁਤਾਬਕ ਉਥੋਂ ਨਿਕਲਣ ਦੀ ਪ੍ਰਵਾਨਗੀ ਦੇ ਦਿੱਤੀ ਹੈ।

# ਆਸਟਰੇਲੀਆ ਵੱਲੋਂ ਆਪਣੇ ਨਾਗਰਿਕਾਂ ਦੇ ਪਰਤਣ 'ਤੇ ਪਾਬੰਦੀ



**ਸਿਡਨੀ:** ਆਸਟਰੇਲਿਆਈ ਸਰਕਾਰ ਨੇ ਭਾਰਤ ਸਮੇਤ ਸਭ ਤੋਂ ਵੱਧ ਕਰੋਨਾ ਪ੍ਰਭਾਵਿਤ ਦੇਸ਼ਾਂ 'ਚ ਫਸੇ ਆਪਣੇ ਨਾਗਰਿਕਾਂ ਦੇ ਘਰ ਪਰਤਣ 'ਤੇ ਪਾਬੰਦੀ ਲਾ ਦਿੱਤੀ ਹੈ। ਇਸ ਤੋਂ ਪਹਿਲਾਂ ਆਸਟਰੇਲੀਆ ਨੇ ਭਾਰਤ ਨਾਲ ਸਬੰਧਤ ਹਵਾਈ ਉਡਾਣਾਂ ਬੰਦ ਕੀਤੀਆਂ ਸਨ। ਭਾਰਤ 'ਚ 9000 ਤੋਂ ਵੱਧ ਆਸਟਰੇਲੀਆ ਦੇ ਨਾਗਰਿਕ ਹਨ। ਕਈ ਆਸਟਰੇਲੀਆ ਪਰਤਣਾ ਚਾਹੁੰਦੇ ਹਨ ਪਰ ਆਸਟਰੇਲੀਆ ਦੀ ਫਿਲਹਾਲ ਇਨ੍ਹਾਂ ਨੂੰ ਵਾਪਸ ਲਿਆਉਣ ਦੀ ਕੋਈ ਯੋਜਨਾ ਨਹੀਂ ਹੈ। ਦੋ ਆਸਟਰੇਲਿਆਈ ਕ੍ਰਿਕਟਰ ਆਈ.ਪੀ.ਐਲ. ਖੇਡਣ ਬਾਅਦ ਭਾਰਤ ਤੋਂ ਕਤਰ ਦੀ ਰਾਜਧਾਨੀ ਦੋਹਾ ਰਾਹੀਂ ਆਸਟਰੇਲੀਆ ਪਹੁੰਚੇ ਹਨ। ਆਸਟਰੇਲੀਆ ਨੇ ਇਸ ਨੂੰ ਹਵਾਈ ਸ਼ਰਤ ਨੂੰ ਬੰਦ ਕਰਨ ਬਾਰੇ ਕਿਹਾ ਹੈ। ਹੁਣ ਨਵੇਂ ਫੈਸਲੇ ਮੁਤਾਬਕ ਭਾਰਤ ਸਮੇਤ ਉਹ ਮੁਲਕ ਜਿਥੇ ਕਰੋਨਾ ਤੇਜ਼ੀ ਨਾਲ ਫੈਲ ਰਿਹਾ ਹੈ, ਤੋਂ ਕਿਸੇ ਹੋਰ ਤੀਜੇ ਮੁਲਕ ਦੀ ਹਵਾਈ ਉਡਾਣ ਰਾਹੀਂ ਆਸਟਰੇਲੀਆ ਆਉਣ ਦਾ ਦਾਖਲਾ ਬੰਦ ਕਰ ਦਿੱਤਾ ਗਿਆ ਹੈ। ਆਸਟਰੇਲੀਆ ਸਰਕਾਰ ਨੇ ਕਿਹਾ ਕਿ ਨਿਯਮਾਂ ਦੀ ਉਲੰਘਣਾ ਕਰਨ 'ਤੇ ਪੰਜ ਸਾਲ ਦੀ ਕੈਦ ਜਾਂ 66000 ਡਾਲਰ ਦਾ ਜੁਰਮਾਨਾ ਹੋਵੇਗਾ। ਪ੍ਰਧਾਨ ਮੰਤਰੀ ਸਕੌਟ ਮੌਰੀਸਨ ਨੇ ਕਿਹਾ ਕਿ ਆਸਟਰੇਲੀਆ ਲਈ ਉਸ ਦੇ ਹਿੱਤ ਪਹਿਲਾਂ ਹਨ। ਉਹ ਕੋਵਿਡ-19 ਫੈਲਣ ਦਾ ਹੋਰ ਜੋਖਮ ਲੈਣਾ ਨਹੀਂ ਚਾਹੁੰਦੇ।

## ਕੈਨੇਡਾ ਵੱਲੋਂ ਵਿਦਿਆਰਥੀਆਂ 'ਤੇ ਪਾਬੰਦੀ ਦੀ ਤਿਆਰੀ

**ਟੋਰਾਂਟੋ:** ਕਰੋਨਾ ਕਾਰਨ ਕੈਨੇਡਾ ਦੇ ਸਭ ਤੋਂ ਪ੍ਰਭਾਵਿਤ ਸੂਬੇ ਓਂਟਾਰੀਓ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲੇ 'ਤੇ ਰੋਕ ਦੀ ਮੰਗ ਕੀਤੀ ਹੈ। ਓਂਟਾਰੀਓ ਵਿਚ ਪੜ੍ਹਨ ਆਉਣ ਵਾਲੇ ਬਹੁਗਿਣਤੀ ਵਿਦਿਆਰਥੀ ਭਾਰਤ ਤੋਂ ਹੁੰਦੇ ਹਨ ਤੇ ਜੇ ਇਹ ਪਾਬੰਦੀ ਲੱਗ ਗਈ ਤਾਂ ਭਾਰਤੀ ਖਾਸ ਤੌਰ 'ਤੇ ਪੰਜਾਬੀ ਵਿਦਿਆਰਥੀਆਂ ਦਾ ਕਾਫੀ ਨੁਕਸਾਨ ਹੋਵੇਗਾ। ਓਂਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਇਹ ਐਲਾਨ ਕਰਦਿਆਂ ਕਿਹਾ ਕਿ ਓਂਟਾਰੀਓ ਵਿਚ ਸਾਰੇ ਨਵੇਂ ਕੇਸਾਂ ਵਿਚੋਂ 94 ਪ੍ਰਤੀਸ਼ਤ ਵਾਇਰਸ ਦੇ ਨਵੇਂ ਰੂਪ ਹਨ ਜੋ ਬਾਹਰੋਂ ਆ ਵਿਦਿਆਰਥੀਆਂ ਤੇ ਲੋਕਾਂ ਕਾਰਨ ਹਨ, ਇਸ ਲਈ ਉਹ ਸੰਘੀ ਸਰਕਾਰ ਨੂੰ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਆਉਣ ਉਤੇ ਰੋਕ ਲਗਾਉਣ ਦੀ ਅਪੀਲ ਕਰਦੇ ਹਨ।

## ਇਜ਼ਰਾਈਲ ਨੇ ਨਾਗਰਿਕਾਂ ਨੂੰ ਭਾਰਤ ਜਾਣ ਤੋਂ ਰੋਕਿਆ

**ਯੇਰੂਸਲਮ:** ਇਜ਼ਰਾਈਲ ਨੇ ਕੋਵਿਡ-19 ਦੇ ਮਾਮਲਿਆਂ ਵਿਚ ਹੋਏ ਵਾਧੇ ਕਾਰਨ ਆਪਣੇ ਨਾਗਰਿਕਾਂ ਨੂੰ ਭਾਰਤ ਸਣੇ ਸੱਤ ਦੇਸ਼ਾਂ ਦੀ ਯਾਤਰਾ ਕਰਨ 'ਤੇ ਪਾਬੰਦੀ ਲਗਾਈ ਹੈ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਦਫਤਰ ਅਤੇ ਸਿਹਤ ਮੰਤਰਾਲੇ ਨੇ ਸਾਂਝੇ ਪ੍ਰੈੱਸ ਬਿਆਨ ਵਿਚ ਕਿਹਾ ਕਿ ਇਜ਼ਰਾਈਲ ਦੇ ਨਾਗਰਿਕਾਂ ਨੂੰ ਯੂਕਰੇਨ, ਬ੍ਰਾਜ਼ੀਲ, ਇਥੋਪੀਆ, ਦੱਖਣੀ ਅਫਰੀਕਾ, ਭਾਰਤ, ਮੈਕਸੀਕੋ ਅਤੇ ਤੁਰਕੀ ਦੀ ਯਾਤਰਾ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਇਹ ਹੁਕਮ 3 ਤੋਂ 16 ਮਈ ਤੱਕ ਲਾਗੂ ਰਹਿਣਗੇ।

## ਕੌਮਾਂਤਰੀ ਉਡਾਣਾਂ ਉਤੇ ਰੋਕ 31 ਮਈ ਤੱਕ ਵਧਾਈ

**ਨਵੀਂ ਦਿੱਲੀ:** ਕਰੋਨਾ ਵਾਇਰਸ ਨੂੰ ਧਿਆਨ ਵਿਚ ਰੱਖਦਿਆਂ ਕੌਮਾਂਤਰੀ ਯਾਤਰੀ ਉਡਾਣਾਂ 31 ਮਈ ਤੱਕ ਨਹੀਂ ਉਡ ਸਕਣਗੀਆਂ। ਇਹ ਜਾਣਕਾਰੀ ਨਾਗਰਿਕ ਹਵਾਬਾਜ਼ੀ ਵਿਭਾਗ ਦੇ ਡੀਜੀ ਨੇ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਹਾਲਾਂਕਿ ਵੱਖ-ਵੱਖ ਕੇਸਾਂ ਨੂੰ ਦੇਖਦੇ ਹੋਏ ਚੋਣਵੇਂ ਰੂਟਾਂ 'ਤੇ ਉਡਾਣਾਂ ਨੂੰ ਇਜਾਜ਼ਤ ਦਿੱਤੀ ਵੀ ਜਾ ਸਕਦੀ ਹੈ। ਕਰੋਨਾ ਮਹਾਮਾਰੀ ਕਾਰਨ 23 ਮਾਰਚ 2020 ਤੋਂ ਕੌਮਾਂਤਰੀ ਪੱਧਰ ਦੀਆਂ ਉਡਾਣਾਂ 'ਤੇ ਰੋਕ ਲਗਾਈ ਹੋਈ ਹੈ ਪਰ ਮਈ ਤੋਂ 'ਵੰਦੇ ਭਾਰਤ ਮਿਸ਼ਨ' ਤਹਿਤ ਵਿਸ਼ੇਸ਼ ਕੌਮਾਂਤਰੀ ਉਡਾਣਾਂ ਨੂੰ ਪ੍ਰਵਾਨਗੀ ਦਿੱਤੀ ਗਈ। ਇਸ ਤੋਂ ਇਲਾਵਾ ਜੁਲਾਈ ਤੋਂ ਚੋਣਵੇਂ ਦੇਸ਼ਾਂ ਵਿਚ 'ਏਅਰ ਬੱਬਲ' ਵਿਵਸਥਾ ਤਹਿਤ ਕੁਝ ਉਡਾਣਾਂ ਚੱਲ ਰਹੀਆਂ ਹਨ। ਭਾਰਤ ਨੇ ਕੀਨੀਆ, ਭੂਟਾਨ ਤੇ ਫਰਾਂਸ ਸਮੇਤ 27 ਦੇਸ਼ਾਂ ਨਾਲ 'ਏਅਰ ਬੱਬਲ' ਸਮਝੌਤਾ ਕੀਤਾ ਹੋਇਆ ਹੈ। ਇਸ ਸਮਝੌਤਾ ਨਾਲ ਦੋ ਦੇਸ਼ਾਂ ਦੀਆਂ ਏਅਰਲਾਈਨਜ਼ ਵਿਚਾਲੇ ਵਿਸ਼ੇਸ਼ ਕੌਮਾਂਤਰੀ ਉਡਾਣਾਂ ਚਲਾਈਆਂ ਜਾ ਸਕਦੀਆਂ ਹਨ।

# ਮਾਹਿਰਾਂ ਵੱਲੋਂ ਕਰੋਨਾ ਰੋਕਣ ਲਈ ਭਾਰਤ 'ਚ ਲੌਕਡਾਊਨ ਦੀ ਸਲਾਹ

**ਨਵੀਂ ਦਿੱਲੀ:** ਵਾਈਟ ਹਾਊਸ ਦੇ ਮੁੱਖ ਮੈਡੀਕਲ ਸਲਾਹਕਾਰ ਐਂਥਨੀ ਫੌਚੀ ਨੇ ਸੁਝਾਅ ਦਿੱਤਾ ਹੈ ਕਿ ਕਰੋਨਾ ਵਾਇਰਸ ਦੀ ਲੜੀ ਨੂੰ ਤੋੜਨ ਲਈ ਭਾਰਤ ਨੂੰ ਕੁਝ ਹਫਤਿਆਂ ਲਈ ਮੁਲਕ ਵਿਚ ਸੰਪੂਰਨ ਲੌਕਡਾਊਨ ਲਾ ਦੇਣਾ ਚਾਹੀਦਾ ਹੈ। ਫੌਚੀ ਨੇ ਕਿਹਾ ਕਿ ਆਰਜ਼ੀ ਤੌਰ 'ਤੇ ਤਾਲਾਬੰਦੀ ਸਮੇਂ ਦੀ ਮੰਗ ਹੈ ਕਿਉਂਕਿ ਬੀਮਾਰੀ 'ਤੇ ਇਸ ਦਾ ਕਾਫੀ ਅਸਰ ਪੈ ਸਕਦਾ ਹੈ। 'ਇੰਡੀਅਨ ਐਕਸਪ੍ਰੈੱਸ' ਨਾਲ ਗੱਲਬਾਤ ਕਰਦਿਆਂ ਫੌਚੀ ਨੇ ਕਿਹਾ ਕਿ ਵਾਇਰਸ ਨੂੰ ਤੇਜ਼ੀ ਨਾਲ ਫੈਲਣ ਤੋਂ ਰੋਕਣ ਲਈ ਆਰਜ਼ੀ 'ਸ਼ੱਟਡਾਊਨ' ਕਰ ਦੇਣਾ ਚਾਹੀਦਾ ਹੈ।

ਮੈਡੀਕਲ ਮਾਹਿਰ ਨੇ ਕਿਹਾ 'ਅਸੀਂ ਭਾਰਤ ਨੂੰ ਐਨਾ ਕਸ਼ਟ ਝੱਲਦਾ ਦੇਖ ਕੇ ਬਹੁਤ ਦੁਖੀ ਹਾਂ। ਇਹੀ ਕਾਰਨ ਹੈ ਕਿ ਬਾਕੀ ਦੁਨੀਆਂ ਨੂੰ ਰਲ ਕੇ ਮਦਦ ਕਰਨ ਦੀ ਲੋੜ ਹੈ।' ਅਮਰੀਕੀ ਮਾਹਿਰ ਨੇ ਕਿਹਾ ਕਿ ਲੌਕਡਾਊਨ ਦੇ ਨਾਲ-ਨਾਲ ਆਕਸੀਜਨ ਸਪਲਾਈ, ਦਵਾਈਆਂ, ਪੀ.ਪੀ.ਈ. ਤੇ ਟੀਕਾਕਰਨ 'ਤੇ ਵੀ ਜ਼ੋਰ ਦੇਣ ਦੀ ਲੋੜ ਹੈ। ਫੌਚੀ ਨੇ ਕਿਹਾ ਕਿ 'ਭਾਰਤ ਵਰਗੇ ਮੁਲਕ 'ਚ, ਜਿਥੇ ਹਾਲੇ ਦੋ ਫੀਸਦ ਲੋਕਾਂ ਦੇ ਹੀ ਟੀਕਾ ਲੱਗਾ ਹੈ, ਇਹ ਬਹੁਤ ਗੰਭੀਰ ਸਥਿਤੀ ਹੈ। ਜ਼ਿਆਦਾ ਤੋਂ ਜ਼ਿਆਦਾ ਲੋਕਾਂ ਦੇ ਵੈਕਸੀਨ ਲਾਉਣਾ ਪਵੇਗਾ।' ਫੌਚੀ ਨੇ ਨਾਲ ਹੀ ਕਿਹਾ ਕਿ ਹਾਲੇ ਕਸ਼ਟ ਹੈ, ਪਰ ਉਹ ਯਕੀਨ ਦਿਵਾਉਂਦੇ ਹਨ ਕਿ ਇਕ-ਦੂਸਰੇ ਦੀ ਮਦਦ ਨਾਲ ਪਹਿਲਾਂ ਵਾਂਗ ਚੰਗਾ ਸਮਾਂ ਵਾਪਸ ਲਿਆਂਦਾ ਜਾ ਸਕੇਗਾ।

## 'ਭਾਰਤ ਦਾ ਕਰੋਨਾ ਸੰਕਟ ਗੰਭੀਰ, ਸਿਖਰ ਅਜੇ ਬਾਕੀ'

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਪ੍ਰਸ਼ਾਸਨ ਦੇ ਇਕ ਸੀਨੀਅਰ ਅਧਿਕਾਰੀ ਦਾ ਕਹਿਣਾ ਹੈ ਕਿ ਭਾਰਤ ਵਿਚ ਹਾਲੇ ਕਰੋਨਾ ਦੇ ਕੇਸਾਂ ਦੀ ਸਿਖਰ ਨਹੀਂ ਹੋਈ ਹੈ ਤੇ ਜਿਸ ਹਿਸਾਬ ਨਾਲ ਮਾਮਲੇ ਵੱਧ ਰਹੇ ਹਨ, ਸਥਿਤੀ ਬਹੁਤ ਜ਼ਿਆਦਾ ਗੰਭੀਰ ਹੈ। ਅਮਰੀਕੀ ਵਿਦੇਸ਼ ਵਿਭਾਗ ਵੱਲੋਂ ਆਲਮੀ ਕੋਵਿਡ ਰਿਸਪਾਂਸ ਤੇ ਸਿਹਤ ਸੁਰੱਖਿਆ ਲਈ ਕੋਆਰਡੀਨੇਟਰ ਥਾਪੇ ਗਏ ਗੇਲ ਈ. ਸਮਿਥ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਦ ਕੇਸ ਵਧਦੇ ਹਨ ਤਾਂ ਵਾਇਰਸ ਦੀ ਲਪੇਟ ਵਿਚ ਆਉਣ, ਬੀਮਾਰ ਪੈਣ ਤੇ ਫਿਰ ਇਲਾਜ ਦੀ ਲੋੜ ਪੈਣ ਦੇ ਸਮੇਂ ਵਿਚ ਫਰਕ ਹੁੰਦਾ ਹੈ। ਉਨ੍ਹਾਂ ਕਿਹਾ ਕਿ ਤੁਰਤ ਕੇਸ ਵਧਦੇ ਹਨ ਤਾਂ ਆਕਸੀਜਨ ਤੇ ਟੀਕਾਕਰਨ, ਪੀ.ਪੀ.ਈ. ਤੇ ਟੈਸਟ ਦੀ ਜ਼ਿਆਦਾ ਲੋੜ ਉੱਭਰਦੀ ਹੈ।

# ਪੱਛਮੀ ਬੰਗਾਲ ਚੋਣ ਨਤੀਜਿਆਂ ਤੋਂ ਕਿਸਾਨ ਜਥੇਬੰਦੀਆਂ ਬਾਗੋਬਾਗ

**ਚੰਡੀਗੜ੍ਹ:** ਪੱਛਮੀ ਬੰਗਾਲ ਦੇ ਚੋਣ ਨਤੀਜਿਆਂ ਤੋਂ ਖੇਤੀ ਕਾਨੂੰਨਾਂ ਖਿਲਾਫ ਮੋਰਚਾ ਲਾਈ ਬੈਠੀਆਂ ਕਿਸਾਨ ਜਥੇਬੰਦੀਆਂ ਬਾਗੋਬਾਗ ਹਨ। ਜਿਉਂ ਹੀ ਪੱਛਮੀ ਬੰਗਾਲ 'ਚੋਂ ਭਾਜਪਾ ਦੀ ਹਾਰ ਤੈਅ ਹੋਈ, ਉਦੋਂ ਹੀ ਪੰਜਾਬ ਨਵੇਂ ਰੌਂਅ ਵਿਚ ਆ ਗਿਆ। ਕਿਸਾਨਾਂ ਦਾ ਹੌਸਲੇ ਵਧੇ ਹਨ ਅਤੇ ਇੰਜ ਲੱਗਣ ਲੱਗਾ ਹੈ ਕਿ ਕਿਸਾਨ ਮੋਰਚੇ ਨੇ ਵੱਡੀ ਲੜਾਈ ਜਿੱਤ ਲਈ।

ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਵਿਚ ਪੰਜ ਸੂਬਿਆਂ 'ਚ ਕਿਸਾਨ ਆਗੂਆਂ ਨੇ ਭਾਜਪਾ ਖਿਲਾਫ ਪ੍ਰਚਾਰ ਕੀਤਾ ਸੀ। ਸਭ ਤੋਂ ਵੱਧ ਪ੍ਰਚਾਰ ਪੱਛਮੀ ਬੰਗਾਲ 'ਚ ਹੋਇਆ ਸੀ। ਨਵੇਂ ਬਣੇ ਹਾਲਾਤ 'ਚ ਕੇਂਦਰ ਸਰਕਾਰ ਹੁਣ ਜਲਦੀ ਹੀ ਸੰਯੁਕਤ ਕਿਸਾਨ ਮੋਰਚੇ ਨਾਲ ਗੱਲਬਾਤ ਦੇ ਰਾਹ ਖੋਲ੍ਹ ਸਕਦੀ ਹੈ। ਪੱਛਮੀ ਬੰਗਾਲ ਦੀ ਸਿਆਸੀ ਸੱਟ ਭਾਜਪਾ ਲਈ ਕੋਈ ਛੋਟੀ ਨਹੀਂ ਹੈ। ਭਾਜਪਾ ਦੀ ਹਾਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਾਖ ਨੂੰ ਵੀ ਲਪੇਟੇ 'ਚ ਲਿਆ ਹੈ। ਪੂਰੀ ਤਾਕਤ ਝੋਕਣ ਦੇ ਬਾਵਜੂਦ ਟੀ.ਐਮ.ਸੀ. ਨੇ ਭਾਜਪਾ ਦੇ ਪੈਰ ਬੰਗਾਲ 'ਚ ਲੱਗਣ ਨਹੀਂ ਦਿੱਤੇ।

ਕੇਂਦਰ ਸਰਕਾਰ ਨੇ ਹੁਣ ਤੱਕ ਕਿਸਾਨ ਧਿਰਾਂ ਨਾਲ 11 ਗੇੜ ਦੀ ਗੱਲਬਾਤ ਕੀਤੀ ਹੈ। ਖੇਤੀ ਕਾਨੂੰਨਾਂ 'ਤੇ ਗੱਲਬਾਤ ਕਾਫੀ ਸਮੇਂ ਤੋਂ ਹੁਣ ਬੰਦ ਹੈ। ਪ੍ਰਧਾਨ ਮੰਤਰੀ ਦਾ ਸਮੁੱਚਾ ਧਿਆਨ ਪੰਜ ਸੂਬਿਆਂ ਦੀਆਂ ਚੋਣਾਂ ਵੱਲ ਸੀ। ਚੋਣਾਂ ਮਗਰੋਂ ਹੀ ਖੜੋਤ ਟੁੱਟਣ ਦੇ ਆਸਾਰ ਸਨ। ਚੋਣ ਨਤੀਜੇ



ਆਉਣ ਮਗਰੋਂ ਹੁਣ ਗੱਲਬਾਤ ਮੁੜ ਸ਼ੁਰੂ ਹੋਣ ਦੇ ਆਸਾਰ ਬਣ ਗਏ ਹਨ। ਕਿਸਾਨ ਧਿਰਾਂ ਨੇ ਪੱਛਮੀ ਬੰਗਾਲ 'ਚ ਭਾਜਪਾ ਦੀ ਹਾਰ ਨੂੰ ਸੋਸ਼ਲ ਮੀਡੀਆ 'ਤੇ ਖੂਬ ਭੰਡਿਆ ਹੈ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਪੱਛਮੀ ਬੰਗਾਲ 'ਚ ਭਾਜਪਾ ਦੀ ਹਾਰ ਨੇ ਕਿਸਾਨ ਮੋਰਚੇ ਨੂੰ ਆਕਸੀਜਨ ਦਿੱਤੀ ਹੈ ਅਤੇ ਕਿਸਾਨਾਂ ਵਿਚ ਉਤਸ਼ਾਹ ਪਹਿਲਾਂ ਨਾਲੋਂ ਦੁੱਗਣਾ ਹੋ ਗਿਆ ਹੈ। ਸੰਯੁਕਤ ਕਿਸਾਨ ਮੋਰਚਾ ਦਾ ਪੱਛਮੀ ਬੰਗਾਲ ਵਿਚ ਪ੍ਰਚਾਰ ਚੰਗਾ ਰੰਗ ਲਿਆਇਆ ਹੈ।

ਚੋਣਾਂ ਵਿਚ ਮੋਦੀ ਦੇ ਹੰਕਾਰ ਨੂੰ ਨਕਾਰਿਆ ਗਿਆ ਹੈ। ਉਗਰਾਹਾਂ ਨੇ ਕਿਹਾ ਕਿ ਭਾਜਪਾ ਨੇ ਇਸ ਨੂੰ ਸਿਆਸੀ ਨੁਕਸਾਨ ਮੰਨਿਆ ਤਾਂ ਉਹ ਕਿਸਾਨ ਧਿਰਾਂ ਨਾਲ ਮੁੜ ਗੱਲਬਾਤ ਖੋਲ੍ਹੇਗੀ ਅਤੇ ਖੇਤੀ ਕਾਨੂੰਨ ਵਾਪਸ ਲਵੇਗੀ। ਉਨ੍ਹਾਂ ਕਿਹਾ ਕਿ ਜੇਕਰ ਹੈਂਕੜ ਜਾਰੀ ਰੱਖੀ ਤਾਂ ਕਿਸਾਨ ਯੂਪੀ 'ਚ ਵੀ ਬੰਗਾਲ ਵਰਗਾ ਰੰਗ ਦਿਖਾਉਣਗੇ। ਉਨ੍ਹਾਂ ਕਿਹਾ ਕਿ ਵੈਸੇ ਹੁਣ ਨਰਿੰਦਰ ਮੋਦੀ ਨੂੰ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ।

## ਭਾਜਪਾ ਕਿਸਾਨਾਂ ਦੇ ਮਸਲੇ ਫੌਰੀ ਹੱਲ ਕਰੇ: ਢੀਂਡਸਾ

**ਪਟਿਆਲਾ:** ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਪਾਰਟੀ ਤ੍ਰਿਣਮੂਲ ਕਾਂਗਰਸ ਦੀ ਸ਼ਾਨਦਾਰ ਜਿੱਤ 'ਤੇ ਵਧਾਈ ਦਿੱਤੀ ਹੈ। ਸ੍ਰੀ ਢੀਂਡਸਾ ਨੇ ਕਿਹਾ ਕਿ ਪੱਛਮੀ ਬੰਗਾਲ ਵਿਚ ਹੋਈ ਹਾਰ ਤੋਂ ਹੁਣ ਭਾਜਪਾ ਨੂੰ ਸਬਕ ਸਿੱਖਣ ਦੀ ਲੋੜ ਹੈ ਅਤੇ ਨਫਰਤ ਦੀ ਰਾਜਨੀਤੀ ਛੱਡ ਕੇ ਦੇਸ਼ ਵਿਚ ਸ਼ਾਂਤੀ ਤੇ ਭਾਈਚਾਰਕ ਸਾਂਝ ਵਧਾਉਣ 'ਤੇ ਜ਼ੋਰ ਦੇਣਾ ਚਾਹੀਦਾ ਹੈ। ਸ੍ਰੀ ਢੀਂਡਸਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਫੌਰੀ ਖੇਤੀ ਬਾਰੇ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਵੀ ਕੀਤੀ ਹੈ।

## ਕਿਸਾਨ ਮੋਰਚਿਆਂ ਉਤੇ ਜਸ਼ਨ ਵਾਲਾ ਮਾਹੌਲ

**ਨਵੀਂ ਦਿੱਲੀ:** ਪੱਛਮੀ ਬੰਗਾਲ, ਕੇਰਲ ਤੇ ਤਾਮਿਲਨਾਡੂ ਵਿਧਾਨ ਸਭਾਵਾਂ ਦੇ ਆਏ ਚੋਣ ਨਤੀਜਿਆਂ ਵਿਚ ਭਾਜਪਾ ਨੂੰ ਮਿਲੀ ਹਾਰ 'ਤੇ ਵਰ੍ਹਦਿਆਂ ਕਿਸਾਨ ਯੂਨੀਅਨਾਂ ਦੀ ਸਾਂਝੀ ਜਥੇਬੰਦੀ ਸੰਯੁਕਤ ਕਿਸਾਨ ਮੋਰਚਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਵੋਟਰਾਂ ਨੂੰ ਭਗਵਾਂ ਪਾਰਟੀ ਨੂੰ ਸਜਾ ਦੇਣ ਸਬੰਧੀ ਕੀਤੀਆਂ ਗਈਆਂ ਅਪੀਲਾਂ ਹੀ ਤਿੰਨ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਦੀ ਹਾਰ ਦਾ ਕਾਰਨ ਬਣੀਆਂ ਹਨ। ਸਿੰਘੂ ਬਾਰਡਰ 'ਤੇ ਮਠਿਆਈ ਵੰਡ ਰਹੇ ਮੋਰਚੇ ਦੇ ਮੈਂਬਰਾਂ ਨੇ ਪੱਛਮੀ ਬੰਗਾਲ ਤੇ ਹੋਰ ਰਾਜਾਂ ਦੇ ਲੋਕਾਂ ਨੂੰ ਵਧਾਈ ਦਿੱਤੀ ਅਤੇ ਕਿਸਾਨਾਂ ਦੀਆਂ ਅਪੀਲਾਂ 'ਤੇ ਅਮਲ ਕਰਨ ਲਈ ਉਨ੍ਹਾਂ ਦਾ ਧੰਨਵਾਦ ਵੀ ਕੀਤਾ।

ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਜਨਰਲ ਸਕੱਤਰ ਜਗਮੋਹਨ ਸਿੰਘ ਨੇ ਕਿਹਾ ਕਿ ਪੱਛਮੀ ਬੰਗਾਲ ਵਿਚ ਭਾਜਪਾ ਦੀ ਹਾਰ ਨਾਲ ਹੁਣ ਕਿਸਾਨ ਅੰਦੋਲਨ ਨੂੰ ਹੁਲਾਰਾ ਮਿਲੇਗਾ। ਉਨ੍ਹਾਂ ਕਿਹਾ ਕਿ ਧਰਮ ਨਿਰਪੱਖ ਤਾਕਤਾਂ ਦੀ ਜਿੱਤ ਹੋਈ ਹੈ ਅਤੇ ਕਿਸਾਨ ਮੋਰਚੇ ਦਾ ਸੁਭਾਅ ਵੀ ਸੈਕੂਲਰ ਹੀ ਹੈ। ਉਨ੍ਹਾਂ ਆਸ ਕੀਤੀ ਕਿ ਜਲਦ ਸਰਕਾਰ ਗੱਲਬਾਤ ਸ਼ੁਰੂ ਕਰੇਗੀ।

ਕਿਰਤੀ ਕਿਸਾਨ ਯੂਨੀਅਨ ਦੇ ਸੀਨੀਅਰ ਮੀਤ ਪ੍ਰਧਾਨ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਕਿ ਬੰਗਾਲੀਆਂ ਨੇ ਭਾਜਪਾ ਦਾ ਹਿੰਦੂਤਵ ਵਾਲਾ ਪੈਂਤੜਾ ਫੇਲ੍ਹ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਹਰਿਆਣਾ ਦੇ ਕਿਸਾਨਾਂ ਨੇ ਪੰਜਾਬ ਨਾਲੋਂ ਵੀ ਵੱਧ ਜਸ਼ਨ ਭਾਜਪਾ ਦੀ ਹਾਰ ਦੇ ਮਨਾਏ ਹਨ ਅਤੇ ਕਿਸਾਨ ਧਿਰਾਂ ਨੂੰ ਕਈ ਮੀਟਿੰਗਾਂ ਵੀ ਮੁਲਤਵੀ ਕਰਨੀਆਂ ਪਈਆਂ ਹਨ।

# ਕਿਸਾਨ ਮੋਰਚੇ ਖਿਲਾਫ ਸਾਜ਼ਿਸ਼ ਰਚੇ ਜਾਣ ਦਾ ਖਦਸ਼ਾ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਦੇ ਗਾਜ਼ੀਪੁਰ ਅੰਦੋਲਨ ਦੇ ਕਿਸਾਨ ਆਗੂਆਂ ਨੇ ਦੋਸ਼ ਲਾਇਆ ਕਿ ਪੁਲਿਸ ਵੱਲੋਂ ਜਾਣ-ਬੁੱਝ ਕੇ ਆਕਸੀਜਨ ਵਾਲੇ ਟੈਂਕਰ ਕਿਸਾਨ ਅੰਦੋਲਨ ਵਾਲੀ ਥਾਂ ਕੋਲੋਂ ਹੌਲੀ ਰਫਤਾਰ ਨਾਲ ਲੰਘਾਏ ਗਏ ਤੇ ਇਹ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੋ ਸਕਦੀ ਹੈ।

ਕਿਸਾਨ ਆਗੂ ਜਗਤਾਰ ਸਿੰਘ ਬਾਜਵਾ ਨੇ ਦੱਸਿਆ ਕਿ ਇਕ ਆਕਸੀਜਨ ਟੈਂਕਰ ਪੁਲਿਸ ਦੀਆਂ ਤਿੰਨ ਜਿਪਸੀਆਂ ਦੇ ਪਹਿਰੇ ਹੇਠ ਅੰਦੋਲਨ ਵਾਲੀ ਥਾਂ ਤੋਂ ਲੰਘਾਇਆ ਗਿਆ ਪਰ ਇਸ ਦੀ ਰਫਤਾਰ ਬਹੁਤ ਹੌਲੀ ਰੱਖੀ ਗਈ ਜਿਸ ਵਿਚੋਂ ਸਾਜ਼ਿਸ਼ ਦਾ ਖਦਸ਼ਾ ਦਿਖਾਈ ਦੇ ਰਿਹਾ ਹੈ। ਸ੍ਰੀ ਬਾਜਵਾ ਨੇ ਕਿਹਾ ਕਿ ਬਾਰਡਰ ਰਾਹੀਂ ਟੈਂਕਰ ਨੂੰ ਹੋਰ ਬਦਲਵੇਂ ਰਾਹ ਪਾਰ ਕਰਕੇ ਕਿਸਾਨੀ ਅੰਦੋਲਨ ਵਿਚ ਲਿਆਂਦਾ ਗਿਆ ਤੇ ਕਿਸਾਨਾਂ ਵੱਲੋਂ ਰਾਹ ਸਾਫ ਕਰਨ ਦੇ ਬਾਵਜੂਦ ਟੈਂਕਰ ਬਹੁਤ ਹੌਲੀ ਲਿਜਾਇਆ ਗਿਆ ਤਾਂ ਜੋ ਇਹ ਜਤਾਇਆ ਜਾ ਸਕੇ ਕਿ ਆਕਸੀਜਨ ਟੈਂਕਰ ਪੁੱਜਣ ਵਿਚ ਕਿਸਾਨਾਂ ਕਾਰਨ ਦੇਰੀ ਹੋਈ ਹੈ।

ਸੰਯੁਕਤ ਕਿਸਾਨ ਮੋਰਚੇ ਗਾਜੀਪੁਰ ਸਰਹੱਦ ਦੀ ਮੀਟਿੰਗ ਵਿਚ ਫੈਸਲਾ ਲਿਆ ਗਿਆ ਕਿ ਅੰਦੋਲਨ ਵਾਲੀ ਥਾਂ ਅਤੇ ਵਧ ਰਹੀ ਗਰਮੀ ਦੇ ਮੱਦੇਨਜਰ ਰਣਨੀਤੀ ਬਣਾਈ ਜਾਵੇਗੀ। ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ ਕਿ ਕਰੋਨਾ ਕਾਲ ਵਿਚ ਸਾਵਧਾਨੀ ਤੇ ਵਧਦੀ ਗਰਮੀ ਨੂੰ ਦੇਖਦਿਆਂ ਲੰਗਰ ਤੇ ਰਿਫਰੈਸ਼ਮੈਂਟ ਦਾ ਪ੍ਰਬੰਧ ਕੀਤਾ ਜਾਵੇਗਾ।

# ਦਿੱਲੀ 'ਚ ਮੁੱਖ ਮੰਤਰੀ ਦੀ ਥਾਂ ਉਪ ਰਾਜਪਾਲ ਨੂੰ 'ਕਮਾਨ'

**ਨਵੀਂ ਦਿੱਲੀ:** ਕੌਮੀ ਰਾਜਧਾਨੀ ਵਿਚ ਹੁਣ ਲੋਕਾਂ ਵੱਲੋਂ ਚੁਣੀ ਗਈ ਸਰਕਾਰ ਦੀ ਥਾਂ 'ਤੇ ਉਪ ਰਾਜਪਾਲ ਕੋਲ ਵਧੇਰੇ ਤਾਕਤਾਂ ਹੋਣਗੀਆਂ। ਕੇਂਦਰ ਸਰਕਾਰ ਵੱਲੋਂ ਦਿੱਲੀ ਕੌਮੀ ਰਾਜਧਾਨੀ ਖੇਤਰ ਸ਼ਾਸਨ (ਸੋਧ) ਐਕਟ-2021 ਲਾਗੂ ਕੀਤੇ ਜਾਣ ਨਾਲ ਸਾਰੇ ਅਧਿਕਾਰ ਉਪ ਰਾਜਪਾਲ ਅਨਿਲ ਬੈਜਲ ਨੂੰ ਸੌਂਪ ਦਿੱਤੇ ਗਏ ਹਨ।

ਹੁਣ ਦਿੱਲੀ ਸਰਕਾਰ ਨੂੰ ਕੋਈ ਵੀ ਨੀਤੀਗਤ ਫੈਸਲਾ ਲੈਣ ਤੋਂ ਪਹਿਲਾਂ ਉਪ ਰਾਜਪਾਲ ਤੋਂ ਮਨਜ਼ੂਰੀ ਲੈਣੀ ਪਵੇਗੀ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਨੋਟੀਫਿਕੇਸ਼ਨ ਮੁਤਾਬਕ ਐਕਟ 27 ਅਪਰੈਲ ਤੋਂ ਲਾਗੂ ਹੋ ਗਿਆ ਹੈ। ਕੇਂਦਰ ਨੇ ਦਿੱਲੀ ਸਰਕਾਰ ਦੀਆਂ ਤਾਕਤਾਂ ਵਿਚ ਇਹ ਕਮੀ ਉਦੋਂ ਕੀਤੀ ਹੈ ਜਦੋਂ ਸਰਕਾਰ ਕਰੋਨਾ ਵਾਇਰਸ ਕਾਰਨ ਹੋ ਰਹੀਆਂ ਮੌਤਾਂ ਅਤੇ ਆਕਸੀਜਨ ਦੀ ਕਮੀ ਨਾਲ ਜੂਝ ਰਹੀ ਹੈ। ਗ੍ਰਹਿ ਮੰਤਰਾਲੇ ਦੇ ਵਧੀਕ ਸਕੱਤਰ ਗੋਬਿੰਦ ਮੋਹਨ ਦੇ ਦਸਤਖਤਾਂ ਹੇਠ ਜਾਰੀ ਨੋਟੀਫਿਕੇਸ਼ਨ ਮੁਤਾਬਕ ਦਿੱਲੀ ਕੌਮੀ ਰਾਜਧਾਨੀ ਰਾਜ ਖੇਤਰ ਸ਼ਾਸਨ (ਸੋਧ) ਐਕਟ-2021 (2021 ਦੀ 15) ਦੀ ਧਾਰਾ ਦੀ ਇਕ ਉਪ ਧਾਰਾ-2 ਵਿਚ ਦਿੱਤੀਆਂ ਤਾਕਤਾਂ ਦੀ ਵਰਤੋਂ ਕਰਦੇ ਹੋਏ ਕੇਂਦਰ ਸਰਕਾਰ 27 ਅਪਰੈਲ ਤੋਂ ਐਕਟ ਦੀਆਂ ਮੱਦਾਂ ਲਾਗੂ ਕਰਦੀ ਹੈ। ਕਾਨੂੰਨ ਮੁਤਾਬਕ ਦਿੱਲੀ 'ਚ ਹੁਣ 'ਸਰਕਾਰ' ਦਾ ਮਤਲਬ 'ਉਪ ਰਾਜਪਾਲ' ਹੋਵੇਗਾ। ਇਹ ਐਕਟ ਲੋਕ ਸਭਾ ਵਿਚ



22 ਮਾਰਚ ਅਤੇ ਰਾਜ ਸਭਾ ਵਿਚ 24 ਮਾਰਚ 2021 ਨੂੰ ਪਾਸ ਕੀਤਾ ਗਿਆ ਸੀ। ਉਦੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਦੀ ਐਨ.ਡੀ.ਏ. ਸਰਕਾਰ 'ਤੇ ਦੋਸ਼ ਲਾਉਂਦਿਆਂ ਇਸ ਨੂੰ ਲੋਕਤੰਤਰ ਲਈ ਕਾਲਾ ਦਿਨ ਕਰਾਰ ਦਿੱਤਾ ਸੀ। ਐਕਟ ਦੇ ਲਾਗੂ ਹੋਣ ਨਾਲ ਕੇਂਦਰ ਸਰਕਾਰ ਦਾ ਉਪ ਰਾਜਪਾਲ ਰਾਹੀਂ ਦਖਲ ਹੋਰ ਵੀ ਵਧ ਜਾਵੇਗਾ। ਉਪ ਰਾਜਪਾਲ ਦੀਆਂ ਤਾਕਤਾਂ ਵਧਣ ਕਰਕੇ ਸੂਬਾ ਸਰਕਾਰ ਨੂੰ ਆਪਣੇ ਫੈਸਲਿਆਂ ਲਈ ਉਨ੍ਹਾਂ ਤੋਂ ਮਨਜ਼ੂਰੀ ਲੈਣੀ ਹੋਵੇਗੀ।

# ਅਮਰੀਕੀ ਫੌਜਾਂ ਦੀ ਵਾਪਸੀ ਦਾ ਆਖਰੀ ਗੇੜ ਸ਼ੁਰੂ

**ਕਾਬੁਲ:** ਅਮਰੀਕਾ ਅਤੇ ਨਾਟੋ ਦੀਆਂ ਫੌਜਾਂ ਦੀ ਅਫਗਾਨਿਸਤਾਨ 'ਚੋਂ ਵਾਪਸੀ ਦਾ ਆਖਰੀ ਗੇੜ ਰਸਮੀ ਤੌਰ 'ਤੇ ਸ਼ੁਰੂ ਹੋ ਗਿਆ ਹੈ, ਜੋ ਕਿ ਗਰਮੀਆਂ ਦੇ ਅੰਤ ਤੱਕ ਪੂਰਾ ਹੋ ਜਾਵੇਗਾ। ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਵੱਲੋਂ ਲਗਭਗ ਢਾਈ ਤੋਂ ਸਾਢੇ ਤਿੰਨ ਹਜ਼ਾਰ ਅਮਰੀਕੀ ਫੌਜੀਆਂ ਅਤੇ ਲਗਭਗ ਸੱਤ ਹਜ਼ਾਰ ਨਾਟੋ ਸੈਨਿਕਾਂ ਦੀ ਵਾਪਸੀ ਲਈ ਅਧਿਕਾਰਤ ਕਾਰਵਾਈ ਸ਼ੁਰੂ ਕਰਨ ਲਈ ਤਰੀਕ ਪਹਿਲੀ ਮਈ ਨਿਰਧਾਰਤ ਕੀਤੀ ਗਈ ਸੀ।

ਫੌਜ ਵੱਲੋਂ ਇਹ ਸੂਚੀ ਬਣਾਈ ਜਾ ਰਹੀ ਹੈ ਕਿ ਕਿਹੜਾ ਸਾਮਾਨ ਵਾਪਸ ਅਮਰੀਕਾ ਲੈ ਕੇ ਜਾਣਾ ਹੈ, ਕਿਹੜਾ ਅਫਗਾਨਿਸਤਾਨ ਦੇ ਸੁਰੱਖਿਆ ਬਲਾਂ ਦੇ ਹਵਾਲੇ ਕਰਨਾ ਹੈ ਅਤੇ ਕਿਹੜੀਆਂ ਚੀਜ਼ਾਂ ਕਬਾੜ ਵਜੋਂ ਅਫਗਾਨਿਸਤਾਨ ਦੀ ਮਾਰਕੀਟ 'ਚ ਵੇਚਣੀਆਂ ਹਨ।



ਰੱਖਿਆ ਵਿਭਾਗ ਦੇ ਅਧਿਕਾਰੀਆਂ ਅਤੇ ਸਫੀਰਾਂ ਨੇ ਐਸੋਸੀਏਟਿਡ ਪ੍ਰੈੱਸ ਨੂੰ ਦੱਸਿਆ ਕਿ ਵਾਪਸੀ ਵਿਚ ਪਿਛਲੇ ਸਾਲ ਤੋਂ ਛੋਟੇ ਕੈਂਪਾਂ ਨੂੰ ਬੰਦ ਕਰਨਾ ਵੀ ਸ਼ਾਮਲ ਹੈ।

# ਬੇਅਦਬੀ ਮਾਮਲਾ: ਪੰਜਾਬ ਕਾਂਗਰਸ ਵਿਚ ਅੰਦਰੂਨੀ ਖਿੱਚੋਤਾਣ ਹੋਰ ਵਧੀ

**ਚੰਡੀਗੜ੍ਹ:** ਬੇਅਦਬੀ ਕਾਂਡ ਦੇ ਮੁੱਦੇ 'ਤੇ ਕਾਂਗਰਸ ਪਾਰਟੀ ਅੰਦਰ ਸਿਆਸੀ ਖਿੱਚੋਤਾਣ ਲਗਾਤਾਰ ਵਧਦੀ ਜਾ ਰਹੀ ਹੈ। ਨਵਜੋਤ ਸਿੱਧੂ ਤੋਂ ਬਾਅਦ ਵੱਡੀ ਗਿਣਤੀ ਕਾਂਗਰਸੀ ਵਿਧਾਇਕ ਵੀ ਆਪਣੇ ਰੋਸੇ ਜ਼ਾਹਿਰ ਕਰਨ ਲੱਗੇ ਹਨ। ਇਥੋਂ ਤੱਕ ਕਿ ਕੈਪਟਨ ਦੇ ਮੰਤਰੀ ਵੀ ਬਗਾਵਤੀ ਸੁਰ ਅਲਾਪਣ ਲੱਗੇ ਹਨ। ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਚੰਡੀਗੜ੍ਹ 'ਚ ਹੋਣ ਦੇ ਬਾਵਜੂਦ ਕੈਬਨਿਟ ਮੀਟਿੰਗ 'ਚੋਂ ਗੈਰ-ਹਾਜਰ ਰਹੇ। ਮੰਨਿਆ ਜਾ ਰਿਹਾ ਹੈ ਕਿ ਸ੍ਰੀ ਰੰਧਾਵਾ ਦੀ ਬੇਅਦਬੀ ਦੇ ਮਾਮਲੇ 'ਤੇ ਮੁੱਖ ਮੰਤਰੀ ਨਾਲ ਨਾਰਾਜ਼ਗੀ ਦੂਰ ਨਹੀਂ ਹੋਈ ਹੈ। ਇਸ ਤੋਂ ਪਹਿਲਾਂ ਕੈਬਨਿਟ ਮੀਟਿੰਗ ਵਿਚ ਸਹਿਕਾਰਤਾ ਮੰਤਰੀ ਨੇ ਕੈਬਨਿਟ ਮੀਟਿੰਗ ਵਿਚ ਬੇਅਦਬੀ ਕਾਂਡ ਬਾਰੇ ਖਰੀਆਂ-ਖਰੀਆਂ ਸੁਣਾਈਆਂ ਸਨ। ਉਨ੍ਹਾਂ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਦੇ ਨਾਲ ਆਪਣਾ ਅਸਤੀਫਾ ਵੀ ਪੇਸ਼ ਕੀਤਾ ਸੀ। ਇਸ ਤੋਂ ਬਾਅਦ ਹੋਰ ਵੀ ਸੀਨੀਅਰ ਆਗੂ ਸਰਕਾਰ ਦੀ ਨਾਲਾਇਕੀ ਖਿਲਾਫ ਆਵਾਜ਼ ਬੁਲੰਦ ਕਰਨ ਲੱਗੇ ਹਨ।

ਉਧਰ, ਨਵਜੋਤ ਸਿੱਧੂ ਦੇ ਨੇੜਲੇ ਸਾਥੀ ਅਤੇ ਵਿਧਾਇਕ ਪਰਗਟ ਸਿੰਘ ਨੇ ਵੀ ਕੈਪਟਨ ਖਿਲਾਫ ਮੁੜ ਮੋਰਚਾ ਖੋਲ੍ਹ ਦਿੱਤਾ ਹੈ।

ਕੈਪਟਨ ਨੂੰ ਗੈਰ-ਕਾਨੂੰਨੀ ਰੇਤਾ-ਬਜਰੀ ਦਾ ਕਾਰੋਬਾਰ ਕਰਨ ਵਾਲਿਆਂ ਖਿਲਾਫ ਕਾਰਵਾਈ ਲਈ ਆਖਦਿਆਂ ਉਸ ਨੇ ਕਿਹਾ ਕਿ ਅਮਰਿੰਦਰ ਸਿੰਘ 2017 ਵਾਲਾ ਕੈਪਟਨ ਨਹੀਂ ਰਿਹਾ ਹੈ।

ਇਸ ਤੋਂ ਇਲਾਵਾ ਕੈਪਟਨ ਨਾਲ ਮੀਟਿੰਗ ਵਿਚ ਮਾਝੇ ਦੇ ਵਿਧਾਇਕਾਂ ਨੇ ਬੇਅਦਬੀ ਮਾਮਲੇ ਦੀ ਗੱਲ ਜ਼ੋਰਦਾਰ ਤਰੀਕੇ ਨਾਲ ਉਠਾਈ ਤੇ ਸਾਫ ਆਖ ਦਿੱਤਾ ਹੈ ਕਿ ਜੇਕਰ ਇਸ ਮਾਮਲੇ ਵਿਚ ਕਾਂਗਰਸ ਸਰਕਾਰ ਇਨਸਾਫ ਦੇਣ ਵਿਚ ਖੁੰਝ ਗਈ ਤਾਂ ਪੰਜਾਬ ਦੇ ਲੋਕਾਂ 'ਚ ਜਾਣਾ ਮੁਸ਼ਕਲ ਹੋ ਜਾਵੇਗਾ। ਲੋਕਾਂ ਦਾ ਭਰੋਸਾ ਬਣਿਆ ਰੱਖਣ ਲਈ ਸਰਕਾਰ ਫੌਰੀ ਨਵੀਂ ਵਿਸ਼ੇਸ਼ ਜਾਂਚ ਟੀਮ ਬਣਾ ਕੇ ਮੁਲਜ਼ਮਾਂ ਨੂੰ ਸਜਾ ਦੇਵੇ। ਜਦੋਂ ਮੁੱਖ ਮੰਤਰੀ ਦੀ ਟੀਮ ਨੇ ਮਾਝੇ ਦੇ ਵਿਧਾਇਕਾਂ ਨੂੰ ਕੋਟਕਪੂਰਾ ਗੋਲੀ ਕਾਂਡ ਤੇ ਬੇਅਦਬੀ ਕਾਂਡ ਬਾਰੇ ਕਾਨੂੰਨੀ ਨੁਕਤੇ ਸਮਝਾਉਣ ਦੀ ਗੱਲ ਤੋਰੀ ਤਾਂ ਰੋਹ ਵਿਚ ਆਏ ਮਝੈਲ ਵਿਧਾਇਕਾਂ ਨੇ ਸਾਫ ਤੌਰ 'ਤੇ ਆਖ ਦਿੱਤਾ,"ਕਾਨੂੰਨੀ ਨੁਕਤੇ ਨਾ ਸਮਝਾਓ, ਸਾਨੂੰ ਇਹ ਦੱਸੋ ਅਸਲ ਮੁਲਜ਼ਮਾਂ ਨੂੰ ਅੰਦਰ ਕਦੋਂ ਕਰੋਗੇ।" ਮਾਝੇ ਦੇ ਵਿਧਾਇਕਾਂ ਦੀ ਮੀਟਿੰਗ ਵਿਚ ਦੋਆਬੇ ਦੇ ਵਿਧਾਇਕਾਂ ਦੀ ਮੀਟਿੰਗ ਨਾਲੋਂ ਮਾਹੌਲ ਕਾਫੀ ਗਰਮ ਰਿਹਾ। ਇਕ ਵਿਧਾਇਕ ਨੇ ਤਾਂ ਇਥੋਂ ਤੱਕ ਆਖ ਦਿੱਤਾ ਕਿ ਮਾਲਵੇ ਨੂੰ ਤਾਂ ਛੱਡੋ ਮਾਝੇ ਵਾਲੇ ਹੀ ਨੂੰ ਫੜ ਲਓ।

ਮੁੱਖ ਮੰਤਰੀ ਨੂੰ ਇਕ ਗੇੜ ਵਿਚ ਦੋਆਬੇ ਦੇ ਵਿਧਾਇਕ ਮਿਲੇ ਜਿਨ੍ਹਾਂ ਵਿਚ ਸਭ ਤੋਂ ਵੱਧ ਖੁੱਲ੍ਹ ਕੇ ਵਿਧਾਇਕ ਪਰਗਟ ਸਿੰਘ ਬੋਲੇ। ਉਨ੍ਹਾਂ ਕਿਹਾ ਕਿ ਬੇਅਦਬੀ ਮਾਮਲੇ 'ਤੇ ਲਿੱਪਾਪੋਚੀ ਕਰਨ ਦੀ ਥਾਂ ਇਸ ਜਾਂਚ ਨੂੰ ਜਲਦੀ ਤਣ ਪੱਤਣ ਲਾਉਣਾ ਚਾਹੀਦਾ ਹੈ ਅਤੇ ਇਸ ਮਾਮਲੇ 'ਤੇ ਨਿਆਂ ਮਿਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਲੋਕਾਂ 'ਚ 'ਦੋਸਤਾਨਾ ਮੈਚ' ਦਾ ਗਲਤ ਸੁਨੇਹਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬੇਅਦਬੀ ਮਾਮਲੇ ਵਿਚ ਅਸੀਂ ਚਾਰ ਵਰ੍ਹਿਆਂ ਮਗਰੋਂ ਵੀ ਉਸੇ ਥਾਂ 'ਤੇ ਖੜ੍ਹੇ ਹਾਂ ਜਦੋਂ ਕਿ ਅਕਾਲੀ ਦਲ ਖੁਸ਼ੀ ਮਨਾ ਰਿਹਾ ਹੈ। ਇਸੇ ਦੌਰਾਨ ਰਾਣਾ ਗੁਰਜੀਤ ਸਿੰਘ ਨੇ ਵੀ ਮੁੱਖ ਮੰਤਰੀ ਨੂੰ ਲੋਕਾਂ ਦੀ ਆਵਾਜ਼ ਤੋਂ ਜਾਣੂ ਕਰਾਇਆ ਕਿ ਲੋਕ ਸਰਕਾਰ ਬਾਰੇ 'ਦੋਸਤਾਨਾ ਮੈਚ' ਦੀਆਂ ਗੱਲਾਂ ਕਰ ਰਹੇ ਹਨ। ਪਤਾ ਲੱਗਾ ਹੈ ਕਿ ਵਿਧਾਇਕ ਹਰਦੇਵ ਸਿੰਘ ਲਾਡੀ ਸੇਰੋਂਵਾਲੀਆ ਨੇ ਵੀ ਕਿਹਾ ਕਿ ਲੋਕ ਇਹ ਆਖ ਰਹੇ ਹਨ ਕਿ ਦੋਵੇਂ ਧਿਰਾਂ ਰਲ ਗਈਆਂ ਹਨ ਜਿਸ ਕਰਕੇ ਸਰਕਾਰ ਨੂੰ ਸਪਸ਼ਟ ਕਰਨਾ ਚਾਹੀਦਾ ਹੈ। ਵਿਧਾਇਕ ਨਵਤੇਜ ਚੀਮਾ ਦਾ ਕਹਿਣਾ ਸੀ ਕਿ ਬੇਅਦਬੀ ਮਾਮਲੇ 'ਤੇ ਸਰਕਾਰ ਨੂੰ ਆਪਣੀ ਸਥਿਤੀ ਲੋਕਾਂ ਵਿਚ ਜਲਦੀ ਸਾਫ ਕਰਨੀ ਚਾਹੀਦੀ ਹੈ।

ਇਸੇ ਤਰ੍ਹਾਂ ਹੀ ਵਿਧਾਇਕ ਸੰਗਤ ਸਿੰਘ ਗਿਲਜੀਆਂ ਨੇ ਪੱਖ ਰੱਖਿਆ ਕਿ ਸਰਕਾਰ ਨੂੰ ਬੇਅਦਬੀ ਮਾਮਲੇ ਵਿਚ ਇਨਸਾਫ ਦੇਣਾ ਪਵੇਗਾ। ਮੁੱਖ ਮੰਤਰੀ ਦੇ ਨਾਲ ਬੈਠੀ ਕਾਨੂੰਨੀ ਟੀਮ ਨੇ ਸਾਰੇ ਵਿਧਾਇਕਾਂ ਨੂੰ ਕਾਨੂੰਨੀ ਨੁਕਤੇ ਸਮਝਾਏ ਅਤੇ ਮੁੱਖ ਮੰਤਰੀ ਨੇ ਇਹ ਵੀ ਹਦਾਇਤ ਕੀਤੀ ਕਿ ਲੋਕਾਂ ਨੂੰ ਸਰਕਾਰ ਤਰਫੋਂ ਉਠਾਏ ਕਦਮਾਂ ਅਤੇ ਇਨ੍ਹਾਂ ਮਾਮਲਿਆਂ ਵਿਚ ਹਾਸਲ ਕੀਤੀ ਸਫਲਤਾ ਤੋਂ ਜਾਣੂ ਕਰਾਇਆ ਜਾਵੇ।

ਮੁੱਖ ਮੰਤਰੀ ਤਰਫੋਂ ਇਹੋ ਆਖਿਆ ਗਿਆ ਕਿ ਵਿਧਾਇਕ ਆਪੋ ਆਪਣੇ ਹਲਕੇ ਵਿਚ ਲੋਕਾਂ ਦੇ ਇਸ ਮਾਮਲੇ ਵਿਚ ਬਣੇ ਭਰਮ ਭੁਲੇਖੇ ਦੂਰ ਕਰਨ। ਅੱਜ ਮੀਟਿੰਗ ਵਿਚ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਵੀ ਹਾਜਰ ਸਨ। ਦੱਸਣਯੋਗ ਹੈ ਕਿ ਲੰਘੇ ਦਿਨ ਮਾਲਵਾ ਖ਼ਿੱਤੇ ਦੇ ਵਿਧਾਇਕਾਂ ਨਾਲ ਮੁੱਖ ਮੰਤਰੀ ਨੇ ਮੀਟਿੰਗ ਕੀਤੀ ਸੀ।

# ਕੋਟਕਪੂਰਾ ਗੋਲੀ ਕਾਂਡ: ਸਿਆਸੀ ਤੇ ਪੰਥਕ ਧਿਰਾਂ ਵੱਲੋਂ ਸਰਕਾਰ ਦੀ ਘੇਰਾਬੰਦੀ

## ਅਦਾਲਤੀ ਫੈਸਲੇ ਦੀਆਂ ਕਾਪੀਆਂ ਸਾੜ ਕੇ ਕੀਤੇ ਰੋਸ ਪ੍ਰਦਰਸ਼ਨ



**ਫਰੀਦਕੋਟ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਕੋਟਕਪੂਰਾ ਗੋਲੀ ਕਾਂਡ ਵਿਚ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਨੂੰ ਜਾਂਚ ਟੀਮ 'ਚੋਂ ਬਾਹਰ ਕਰਨ ਦੇ ਰੋਸ ਵਜੋਂ ਸਿਆਸੀ ਪਾਰਟੀਆਂ ਅਤੇ ਪੰਥਕ ਧਿਰਾਂ ਨੇ ਕੋਟਕਪੂਰਾ ਦੇ ਬੱਤੀਆਂ ਵਾਲੇ ਚੌਕ ਵਿਚ ਰੋਸ ਪ੍ਰਦਰਸ਼ਨ ਕੀਤਾ ਅਤੇ ਹਾਈ ਕੋਰਟ ਦੇ ਫੈਸਲੇ ਦੀਆਂ ਕਾਪੀਆਂ ਫੂਕੀਆਂ।

ਇਸ ਮੌਕੇ ਅਕਾਲ ਤਖਤ ਦੇ ਸਾਬਕਾ ਜਥੇਦਾਰ ਰਣਜੀਤ ਸਿੰਘ ਨੇ ਕਿਹਾ ਕਿ ਇਸੇ ਚੌਕ ਵਿਚ 14 ਅਕਤੂਬਰ 2015 ਨੂੰ ਕੋਟਕਪੂਰਾ ਗੋਲੀ ਕਾਂਡ ਵਾਪਰਿਆ ਸੀ, ਜਿਸ ਵਿਚ ਸੌ ਤੋਂ ਵੱਧ ਮੁਜ਼ਾਹਰਾਕਾਰੀ ਜ਼ਖਮੀ ਹੋ ਗਏ ਸਨ। ਉਨ੍ਹਾਂ ਕਿਹਾ ਕਿ ਪੰਜਾਬੀਆਂ ਅਤੇ ਸਿੱਖਾਂ ਨਾਲ ਇਨਸਾਫ ਦੇ ਨਾਂ 'ਤੇ ਮਜ਼ਾਕ ਕੀਤਾ ਗਿਆ ਹੈ। ਸਿਆਸੀ ਆਗੂ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਗੋਲੀ ਕਾਂਡ ਆਪਣੇ ਸਿਆਸੀ ਹਿੱਤਾਂ ਲਈ ਵਰਤਿਆ ਅਤੇ ਮੁਲਜ਼ਮਾਂ ਖਿਲਾਫ ਜਾਣ ਬੁੱਝ ਕੇ ਪੁਖਤਾ ਕਾਰਵਾਈ ਨਹੀਂ ਕੀਤੀ। ਲੁਧਿਆਣਾ ਦੇ ਵਿਧਾਇਕ ਬਲਵਿੰਦਰ ਸਿੰਘ ਬੈਂਸ ਨੇ ਕਿਹਾ ਕਿ ਸਮੁੱਚੀ ਸਿੱਖ ਸੰਗਤ ਗੋਲੀ ਕਾਂਡ ਦੇ ਮੁਲਜ਼ਮਾਂ ਲਈ ਸਜ਼ਾ ਮੰਗ ਰਹੀ ਸੀ ਪਰ ਪੰਜਾਬ ਸਰਕਾਰ ਦੇ ਦੋਗਲੇ ਰਵੱਈਏ ਕਾਰਨ ਇਨਸਾਫ ਦੀ ਆਸ ਮੱਧਮ ਹੋ ਗਈ ਹੈ। ਆਮ ਆਦਮੀ ਪਾਰਟੀ ਦੇ ਸੂਬਾ ਆਗੂ ਗੁਰਦਿੱਤ ਸਿੰਘ ਸੇਖੋਂ ਨੇ ਕਿਹਾ ਕਿ ਸਰਕਾਰ ਦੇ ਨਾਲ ਨਾਲ ਅਦਾਲਤਾਂ ਨੇ ਵੀ ਪੀੜਤਾਂ ਨੂੰ ਇਨਸਾਫ ਨਹੀਂ ਦਿੱਤਾ। ਕੋਟਕਪੂਰਾ ਦੇ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਜਿਸ ਤਰ੍ਹਾਂ ਜੱਲ੍ਹਿਆਂਵਾਲਾ ਬਾਗ ਕਾਂਡ ਦੇ ਮੁਲਜ਼ਮਾਂ ਨੂੰ ਸਜ਼ਾਵਾਂ ਨਹੀਂ ਮਿਲੀਆਂ, ਉਸੇ ਤਰ੍ਹਾਂ ਕੋਟਕਪੂਰਾ ਗੋਲੀ ਕਾਂਡ ਦੇ ਮੁਲਜ਼ਮ ਵੀ ਪੰਜਾਬ ਸਰਕਾਰ ਨੇ ਸਜ਼ਾ ਤੋਂ ਬਚਾਅ ਲਏ ਹਨ। ਸ਼੍ਰੋਮਣੀ ਅਕਾਲੀ ਦਲ (ਡੈਮੋਕਰੈਟਿਕ) ਦੇ ਆਗੂ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਅਕਾਲੀ ਦਲ ਨੂੰ ਬਚਾਉਣ ਲਈ ਅੰਦਰ ਖਾਤੇ ਸਮਝੌਤਾ ਕੀਤਾ ਹੋਇਆ ਹੈ, ਇਸੇ ਕਰਕੇ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਆਪਣੇ ਸਹੀ ਅੰਜਾਮ ਤਕ ਨਹੀਂ ਪਹੁੰਚ ਸਕੀ। ਇਸ ਧਰਨੇ ਨੂੰ ਭਦੌੜ ਦੇ ਵਿਧਾਇਕ ਪਿਰਮਿਲ ਸਿੰਘ, ਅਰਵਿੰਦਰਪਾਲ ਸਿੰਘ, ਗੁਰਪਿੰਦਰ ਸਿੰਘ ਤੇ ਕੌਰ ਸਿੰਘ ਸੰਧੂ ਨੇ ਵੀ ਸੰਬੋਧਨ ਕੀਤਾ।

ਇਸ ਮੌਕੇ ਬਹਿਬਲ ਗੋਲੀ ਕਾਂਡ ਦੇ ਪੀੜਤ ਸੁਖਰਾਜ ਸਿੰਘ ਅਤੇ ਸਾਧੂ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਉਹ ਗੋਲੀ ਕਾਂਡ ਅਤੇ ਬੇਅਦਬੀ ਦਾ ਸਿਆਸੀ ਲਾਹਾ ਲੈਣ ਦੀ ਥਾਂ ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਨੂੰ ਪੂਰਾ ਕਰਨ। ਅਜਿਹਾ ਨਾ ਹੋਣ 'ਤੇ ਸਮੁੱਚੀ ਸਿੱਖ ਸੰਗਤ ਨੂੰ ਪੰਜਾਬ ਸਰਕਾਰ ਖਿਲਾਫ ਸੜਕਾਂ 'ਤੇ ਉੱਤਰਨਾ ਪਵੇਗਾ।

### ਲੋਕ ਸਰਕਾਰ ਖਿਲਾਫ ਆਵਾਜ਼ ਉਠਾਉਣ: ਢੀਂਡਸਾ

**ਚੰਡੀਗੜ੍ਹ:** ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਬੇਅਦਬੀ ਤੇ ਕੋਟਕਪੂਰਾ ਗੋਲੀਕਾਂਡ ਮਾਮਲੇ 'ਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਬਾਦਲ ਪਰਿਵਾਰ ਦੋਸਤਾਨਾ ਮੈਚ ਖੇਡ ਰਹੇ ਹਨ ਅਤੇ ਹਾਈਕੋਰਟ ਵੱਲੋਂ ਜਾਂਚ ਰਿਪੋਰਟ ਨੂੰ ਰੱਦ ਕਰ ਦੇਣਾ ਇਸ ਗੱਲ ਦਾ ਸਬੂਤ ਹੈ ਕਿ ਕੈਪਟਨ ਨੇ ਬਾਦਲਾਂ ਨੂੰ ਇਸ ਮਾਮਲੇ 'ਚ ਕਲੀਨ ਚਿੱਟ ਦੇ ਦਿੱਤੀ ਹੈ ਅਤੇ ਇਸ ਨਾਲ ਇਕ ਵਾਰ ਫਿਰ ਤੋਂ ਕੈਪਟਨ ਅਤੇ ਬਾਦਲਾਂ ਦੀ ਦੋਸਤੀ ਜੱਗ ਜ਼ਾਹਿਰ ਹੋ ਗਈ ਹੈ। ਉਨ੍ਹਾਂ ਲੋਕਾਂ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਮੂਰਖ ਸਮਝਣ ਵਾਲੀ ਕੈਪਟਨ ਸਰਕਾਰ ਖਿਲਾਫ ਵਿਦਰੋਹ ਕਰਨ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਪੰਥ ਤੇ ਪੰਜਾਬ ਵਿਰੋਧੀ ਬਾਦਲਾਂ ਤੇ ਕਾਂਗਰਸ ਨੂੰ ਹਰਾ ਕੇ ਕਰਾਰਾ ਜਵਾਬ ਦੇਣ।

# ਫਰੀਦਕੋਟ ਅਦਾਲਤ ਨੇ ਦੂਜੀ ਫਾਈਲ ਵੀ ਬੰਦ ਕੀਤੀ



**ਫਰੀਦਕੋਟ:** ਫਰੀਦਕੋਟ ਦੇ ਵਧੀਕ ਸੈਸ਼ਨ ਜੱਜ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਤਹਿਤ ਕੋਟਕਪੂਰਾ ਗੋਲੀ ਕਾਂਡ ਦੀ ਦੂਜੀ ਫਾਈਲ ਵੀ ਬੰਦ ਕਰ ਦਿੱਤੀ ਹੈ। ਵਿਸ਼ੇਸ਼ ਜਾਂਚ ਟੀਮ ਨੇ ਪੜਤਾਲ ਦੌਰਾਨ ਸਿਟੀ ਕੋਟਕਪੂਰਾ ਵਿਚ 14 ਅਕਤੂਬਰ 2015 ਨੂੰ ਦਰਜ ਹੋਈ ਐਫ.ਆਈ.ਆਰ. ਨੰਬਰ 192 ਵਿਚ ਥਾਣਾ ਸਿਟੀ ਕੋਟਕਪੂਰਾ ਦੇ ਉਸ ਵੇਲੇ ਦੇ ਐਸ.ਐਚ.ਓ. ਗੁਰਦੀਪ ਸਿੰਘ ਪੰਧੇਰ ਅਤੇ ਡੀ.ਐਸ.ਪੀ. ਬਲਜੀਤ ਸਿੰਘ ਸਿੱਧੂ ਖਿਲਾਫ ਅਦਾਲਤ ਵਿਚ ਚਲਾਨ ਪੇਸ਼ ਕੀਤਾ ਸੀ ਅਤੇ ਪੰਜਾਬ ਸਰਕਾਰ ਨੇ ਵੀ ਇਸ ਕੇਸ ਨੂੰ ਚਲਾਉਣ ਲਈ ਹਰੀ ਝੰਡੀ ਦੇ ਦਿੱਤੀ ਸੀ। ਇਹ ਪਰਚਾ ਗੁਰਦੀਪ ਪੰਧੇਰ ਵੱਲੋਂ ਸਿੱਖ ਅੰਦੋਲਨਕਾਰੀਆਂ 'ਤੇ ਦਰਜ ਕਰਵਾਇਆ ਗਿਆ ਸੀ, ਜਿਸ 'ਚ ਦੋਸ਼ ਲਾਇਆ ਸੀ ਕਿ ਅੰਦੋਲਨਕਾਰੀਆਂ ਨੇ ਪੁਲਿਸ ਮੁਲਾਜ਼ਮਾਂ ਉਪਰ ਕਾਤਲਾਨਾ ਹਮਲਾ ਕਰ ਕੇ 70 ਦੇ ਕਰੀਬ ਪੁਲਿਸ ਮੁਲਾਜ਼ਮ ਤੇ ਅਧਿਕਾਰੀਆਂ ਨੂੰ ਜ਼ਖਮੀ ਕਰ ਦਿੱਤਾ ਹੈ। ਉਥੇ ਹੀ ਇਸ ਕੇਸ ਵਿਚ ਜਾਂਚ ਟੀਮ ਦੇ ਮੈਂਬਰ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਪੜਤਾਲ ਦੌਰਾਨ ਸਿੱਖ ਅੰਦੋਲਨਕਾਰੀਆਂ ਨੂੰ ਕਲੀਨ ਚਿੱਟ ਦੇ ਦਿੱਤੀ ਸੀ। ਉਨ੍ਹਾਂ ਦਾਅਵਾ ਕੀਤਾ ਸੀ ਕਿ ਪੁਲਿਸ ਨੇ ਅੰਦੋਲਨਕਾਰੀਆਂ ਨੂੰ ਫਸਾਉਣ ਲਈ ਝੂਠੀ ਗਵਾਹੀ ਅਤੇ ਸਬੂਤ ਤਿਆਰ ਕਰ ਕੇ ਐਫ.ਆਈ.ਆਰ. ਨੰਬਰ 192 ਦਰਜ ਕੀਤੀ ਗਈ ਸੀ। ਜਾਂਚ ਟੀਮ ਨੇ ਇਸੇ ਐਫ.ਆਈ.ਆਰ. ਵਿਚ ਗੁਰਦੀਪ ਸਿੰਘ ਪੰਧੇਰ ਅਤੇ ਬਲਜੀਤ ਸਿੰਘ ਸਿੱਧੂ ਨੂੰ ਮੁਲਜ਼ਮ ਨਾਮਜ਼ਦ ਕਰ ਕੇ ਉਨ੍ਹਾਂ ਖਿਲਾਫ ਅਦਾਲਤ 'ਚ ਚਲਾਨ ਪੇਸ਼ ਕਰ ਦਿੱਤਾ ਸੀ, ਜਿਸ ਨੂੰ ਗੁਰਦੀਪ ਸਿੰਘ ਪੰਧੇਰ ਨੇ ਹਾਈਕੋਰਟ 'ਚ ਚੁਣੌਤੀ ਦੇ ਕੇ ਦਾਅਵਾ ਕੀਤਾ ਸੀ ਕਿ ਜਾਂਚ ਟੀਮ ਦੀ ਪੜਤਾਲ ਰਿਪੋਰਟ ਗਲਤ ਹੈ ਅਤੇ ਪੜਤਾਲ ਦੌਰਾਨ 44 ਤੋਂ ਵੱਧ ਜ਼ਖਮੀ ਹੋਏ ਪੁਲਿਸ ਮੁਲਾਜ਼ਮਾਂ ਦੀਆਂ ਮੈਡੀਕਲ ਰਿਪੋਰਟਾਂ ਬਾਰੇ ਜਾਂਚ ਟੀਮ ਨੇ ਕੁਝ ਵੀ ਪੇਸ਼ ਨਹੀਂ ਕੀਤਾ ਤੇ ਨਾ ਹੀ ਕਿਸੇ ਜ਼ਖਮੀ ਪੁਲਿਸ ਮੁਲਾਜ਼ਮ ਦਾ ਬਿਆਨ ਲਿਖਿਆ ਹੈ। ਵਧੀਕ ਸੈਸ਼ਨ ਜੱਜ ਨੇ ਆਪਣੇ ਹੁਕਮ ਵਿਚ ਕਿਹਾ ਕਿ ਜਦੋਂ ਹਾਈਕੋਰਟ ਚਲਾਨ ਰੱਦ ਕਰ ਚੁੱਕੀ ਹੈ ਤਾਂ ਸਥਾਨਕ ਅਦਾਲਤ ਕੋਲ ਮੁਕੱਦਮੇ ਨੂੰ ਚੱਲਦਾ ਰੱਖਣ ਦਾ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ।

# ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਸੋਨ ਤਗਮੇ ਨਾਲ ਸਨਮਾਨ

**ਅੰਮ੍ਰਿਤਸਰ:** ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਬਾਬਾ ਬਲਜੀਤ ਸਿੰਘ ਦਾਦੂਵਾਲ ਤੇ ਹੋਰ ਸਿੱਖ ਜਥੇਬੰਦੀਆਂ ਨੇ ਇਥੇ ਦਰਬਾਰ ਸਾਹਿਬ ਸਾਹਮਣੇ ਪਲਾਜ਼ਾ ਵਿਚ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਸੋਨ ਤਗਮੇ ਨਾਲ ਸਨਮਾਨ ਕੀਤਾ। ਇਸ ਦੌਰਾਨ ਕੁੰਵਰ ਵਿਜੈ ਪ੍ਰਤਾਪ ਨੇ ਆਖਿਆ ਕਿ ਮੁਲਜ਼ਮ ਆਰਥਿਕ ਅਤੇ ਸਿਆਸੀ ਪੱਧਰ 'ਤੇ ਤਾਕਤਵਰ ਹਨ ਅਤੇ ਉਹ ਕੁਝ ਵੀ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਮੁੜ ਜਾਂਚ ਲੋਕਾਂ ਨੂੰ ਸਿਰਫ ਗੁਮਰਾਹ ਕਰਨ ਵਾਲੀ ਹੋਵੇਗੀ। ਉਨ੍ਹਾਂ ਅਨੁਸਾਰ ਜੇ ਫਰੀਦਕੋਟ ਜ਼ਿਲ੍ਹਾ ਅਤੇ ਸੈਸ਼ਨ ਜੱਜ ਦੀ ਅਦਾਲਤ ਵੱਲੋਂ ਉਨ੍ਹਾਂ ਦੇ ਗਵਾਹ ਸੁਣ ਕੇ ਅਤੇ ਸਬੂਤ ਦੇਖ ਕੇ ਕੋਈ ਫੈਸਲਾ ਕੀਤਾ ਜਾਂਦਾ ਤਾਂ ਉਨ੍ਹਾਂ ਨੂੰ ਕੋਈ ਦੁੱਖ ਨਾ ਹੁੰਦਾ। ਉਨ੍ਹਾਂ ਕਿਹਾ ਕਿ ਨੌਂ 'ਚੋਂ ਪੰਜ ਚਲਾਨ ਖਾਰਜ ਕਰ ਦਿੱਤੇ ਗਏ ਹਨ ਅਤੇ ਬਾਕੀ ਚਲਾਨ ਅਜੇ ਵੀ ਕਾਇਮ ਹਨ। ਇਸ ਸਬੰਧੀ ਫੈਸਲਾ ਵੀ ਇਸ ਅਦਾਲਤ ਵੱਲੋਂ ਹੀ ਕੀਤਾ ਜਾਣਾ ਹੈ। ਭਵਿੱਖ ਵਿਚ ਕਿਸੇ ਸਿਆਸੀ ਪਾਰਟੀ ਵਿਚ ਸ਼ਾਮਲ ਹੋਣ ਸਬੰਧੀ ਸਵਾਲ ਦਾ ਉਨ੍ਹਾਂ ਕੋਈ ਜਵਾਬ ਨਹੀਂ ਦਿੱਤਾ। ਇਸ ਮੌਕੇ ਉਨ੍ਹਾਂ ਜਾਂਚ ਰਿਪੋਰਟ ਦਾ ਵਿਰੋਧ ਕਰਨ ਵਾਲਿਆਂ ਨੂੰ ਇਸ 'ਤੇ ਬਹਿਸ ਕਰਨ ਦਾ ਖੁੱਲ੍ਹਾ ਸੱਦਾ ਵੀ ਦਿੱਤਾ। ਭਾਈ ਦਾਦੂਵਾਲ ਨੇ ਆਖਿਆ ਕਿ ਕੁੰਵਰ ਵਿਜੈ ਪ੍ਰਤਾਪ



ਨੇ ਇਸ ਮਾਮਲੇ ਦੀ ਜਾਂਚ ਨਿਰਪੱਖ ਢੰਗ ਨਾਲ ਕੀਤੀ ਹੈ, ਜਿਸ ਲਈ ਉਹ ਵਧਾਈ ਦੇ ਪਾਤਰ ਹਨ। ਇਸ ਮੌਕੇ 'ਬੰਦੀ ਸਿੰਘ ਰਿਹਾਈ ਮੋਰਚਾ' ਦੇ ਆਗੂ ਭਾਈ ਜੰਗ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਸਨਮਾਨ ਸਮਾਗਮ ਨੂੰ ਸਿਆਸੀ ਕਾਰਵਾਈ ਕਰਾਰ ਦਿੰਦਿਆਂ ਇਸ ਦਾ ਵਿਰੋਧ ਕੀਤਾ। ਉਨ੍ਹਾਂ ਭਾਈ ਦਾਦੂਵਾਲ, ਕੁੰਵਰ ਵਿਜੈ ਪ੍ਰਤਾਪ ਅਤੇ ਮੁੱਖ ਮੰਤਰੀ ਖਿਲਾਫ ਨਾਅਰੇਬਾਜ਼ੀ ਵੀ ਕੀਤੀ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿਚ ਸਿਆਸਤ ਕਰਨਾ ਠੀਕ ਨਹੀਂ। ਸਾਬਕਾ ਆਈ.ਜੀ. ਨੇ ਜਾਂਚ ਰਿਪੋਰਟ ਵਿਚ ਸੱਤ ਪੁਲਿਸ ਕਰਮਚਾਰੀਆਂ, ਜਿਨ੍ਹਾਂ ਖਿਲਾਫ ਪਿਛਲੀ ਰਿਪੋਰਟ ਵਿਚ ਦੋਸ਼ ਲਾਏ ਗਏ ਸਨ, ਨੂੰ ਦੋਸ਼ ਮੁਕਤ ਕੀਤਾ ਹੈ। ਜਾਂਚ ਰਿਪੋਰਟ ਵਿਚ ਕਿਸੇ ਵੀ ਮੁਲਜ਼ਮ ਦਾ ਨਾਂ ਸਾਹਮਣੇ ਨਹੀਂ ਆਇਆ।

# ਫੈਡਐਕਸ ਗੋਲੀਬਾਰੀ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਦਿੱਤੀ

**ਇੰਡੀਅਨਐਪੋਲਿਸ, ਇੰਡੀਆਨਾ:** ਪਿਛਲੇ ਮਹੀਨੇ ਫੈਡੈਕਸ ਸੈਂਟਰ ਵਿਖੇ ਹੋਈ ਭਾਰੀ ਗੋਲੀਬਾਰੀ ਵਿਚ ਮਾਰੇ ਗਏ ਅੱਠ ਵਿਅਕਤੀਆਂ ਦੇ ਸਨਮਾਨ ਵਿਚ ਸਿੱਖਾਂ ਨੇ ਸ਼ਰਧਾਂਜਲੀ ਸਮਾਗਮ ਕੀਤਾ। ਮਰਨ ਵਾਲਿਆਂ ਵਿਚ ਸਿੱਖ ਕੌਮ ਦੇ ਚਾਰ ਮੈਂਬਰ ਸ਼ਾਮਲ ਹਨ। ਉਨ੍ਹਾਂ ਵਿਚੋਂ ਤਿੰਨ ਔਰਤਾਂ ਸਨ। 15 ਅਪਰੈਲ ਨੂੰ 19 ਸਾਲਾ ਨੌਜਵਾਨ ਨੇ ਇੰਡੀਅਨਐਪੋਲਿਸ ਫੈਡਐਕਸ ਸੈਂਟਰ ਵਿਚ ਗੋਲੀਆਂ ਚਲਾ ਕੇ 8 ਜਣੇ ਮਾਰ ਦਿੱਤੇ ਸਨ।

ਸ਼ਰਧਾਂਜਲੀ ਸਮਾਗਮ ਵਿਚ ਮਰਨ ਵਾਲਿਆਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਗਈ। ਇਹ ਸਮਾਗਮ ਸ਼ਹਿਰ ਦੇ ਸਟੇਡੀਅਮ ਵਿਚ ਹੋਇਆ। ਇਸ ਵਿਚ ਵੱਖ-ਵੱਖ ਵਰਗਾਂ ਦੇ ਲੋਕ ਸ਼ਾਮਲ ਹੋਏ। ਗਵਰਨਰ ਐਰਿਕ ਹੋਲਕੋਂਬ ਨੇ ਸਿੱਖਾਂ ਨਾਲ ਖੜ੍ਹੇ ਰਹਿਣ ਦਾ ਵਾਅਦਾ ਕੀਤਾ। ਸ਼ਹਿਰ ਵਿਚ ਸਿੱਖਾਂ ਦੀ ਆਬਾਦੀ 8,000 ਤੋਂ 10,000 ਵਿਚਾਲੇ ਹੈ।

# ਆਈ.ਪੀ.ਐਲ.: ਮੋਗਾ ਦੇ ਹਰਪ੍ਰੀਤ ਨੇ ਵਧਾਇਆ ਪੰਜਾਬੀਆਂ ਦਾ ਮਾਣ



**ਮੋਗਾ:** ਇਥੋਂ ਦੀ ਤੂਫਾਨੀ ਬੱਲੇਬਾਜ਼ ਹਰਮਨਪ੍ਰੀਤ ਕੌਰ ਤੋਂ ਬਾਅਦ ਹੁਣ ਮੋਗਾ ਦੇ ਨੌਜਵਾਨ ਨੇ ਕ੍ਰਿਕਟ ਪ੍ਰੇਮੀਆਂ ਦੇ ਮਨਾਂ 'ਚ ਆਪਣੀ ਥਾਂ ਬਣਾ ਲਈ। ਆਈ.ਪੀ.ਐਲ. ਵਿਚ ਮੈਨ ਆਫ ਦਿ ਮੈਚ ਦਾ ਖਿਤਾਬ ਹਾਸਲ ਕਰਕੇ ਜ਼ਿਲ੍ਹੇ ਦੇ ਪਿੰਡ ਹਰੀਏਵਾਲਾ ਦੇ ਨੌਜਵਾਨ ਹਰਪ੍ਰੀਤ ਸਿੰਘ ਬਰਾੜ ਨੇ ਜਿਥੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ ਹੈ, ਉਥੇ ਦੁਨੀਆਂ ਭਰ ਵਿਚ ਪੰਜਾਬੀਆਂ ਦਾ ਮਾਣ ਵਧਾਇਆ ਹੈ।

16 ਮਾਰਚ 1995 ਨੂੰ ਜੰਮੇ ਹਰਪ੍ਰੀਤ ਬਰਾੜ ਆਈ.ਪੀ.ਐਲ. ਮੈਚ ਖੇਡਦੇ ਹੀ ਉਸ ਵੇਲੇ ਕਮਾਲ ਕਰ ਦਿੱਤੀ ਜਦੋਂ ਉਸ ਨੇ ਵਿਰਾਟ ਕੋਹਲੀ, ਮੈਕਸਵੈਲ ਅਤੇ ਏਬੀ ਡਿਵਿਲੀਅਰਜ਼ ਨੂੰ ਆਊਟ ਕਰਕੇ ਖੇਡ ਦਾ ਰੁੱਖ ਬਦਲ ਦਿੱਤਾ ਤੇ ਕੁਝ ਘੰਟਿਆਂ ਵਿਚ ਹੀ ਹੀਰੋ ਬਣ ਗਿਆ ਅਤੇ ਇਹ ਮੈਚ ਪੰਜਾਬ ਟੀਮ ਨੇ ਜਿੱਤ ਲਿਆ। ਪਿਤਾ ਮਹਿੰਦਰ ਸਿੰਘ ਬਰਾੜ ਫੌਜ ਵਿਚ ਨੌਕਰੀ ਕਰਨ ਬਾਅਦ ਪੰਜਾਬ ਪੁਲਿਸ ਵਿਚੋਂ ਹੌਲਦਾਰ ਪਦ ਉਤੋਂ 4 ਮਹੀਨੇ ਪਹਿਲਾਂ ਸੇਵਾਮੁਕਤ ਹੋਇਆ ਹੈ ਅਤੇ ਮਾਂ ਗੁਰਮੀਤ ਕੌਰ ਘਰੇਲੂ ਸੁਆਣੀ ਹੈ। ਉਸ ਦੀ ਭੈਣ ਰਮਨਪ੍ਰੀਤ ਕੌਰ ਪੜ੍ਹਾਈ ਲਈ ਕੈਨੇਡਾ ਵਿਚ ਹੈ।

ਇਸ ਮੌਕੇ ਪਿਤਾ ਮਹਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਉਸ ਨੂੰ ਹਰਪ੍ਰੀਤ ਬਰਾੜ ਦੇ 'ਤੇ ਪੂਰਾ ਮਾਣ ਹੈ। ਸਖਤ ਮਿਹਨਤ ਦੇ ਬਾਵਜੂਦ ਕੋਈ ਨਤੀਜਾ ਨਿਕਲਦਾ ਨਜ਼ਰ ਨਾ ਆਉਂਦਾ ਦੇਖ ਅਜਿਹੀ ਸਥਿਤੀ ਵਿਚ ਸਾਲ 2019 ਵਿਚ ਉਸ ਨੇ ਕੈਨੇਡਾ ਜਾਣ ਦੀ ਤਿਆਰੀ ਕਰ ਲਈ। ਉਹ ਕੈਨੇਡਾ ਰਵਾਨਾ ਹੋਣ ਵਾਲਾ ਸੀ ਕਿ ਪੰਜਾਬ ਆਈ.ਪੀ.ਐਲ. ਦੀ ਟੀਮ ਲਈ ਸੱਦਾ ਮਿਲ ਗਿਆ। ਉਥੇ ਕ੍ਰਿਕਟਰ ਗੁਰਕੀਰਤ ਸਿੰਘ ਮਾਨ ਦੀ ਸਲਾਹ ਤੋਂ ਬਾਅਦ ਉਹ ਮੁਹਾਲੀ ਆ ਗਏ।

# ਕੈਨੇਡਾ ਵਿਚ ਪੰਜਾਬੀ ਨੌਜਵਾਨ ਵੱਲੋਂ ਖੁਦਕੁਸ਼ੀ

**ਮੋਗਾ:** ਨੇੜਲੇ ਪਿੰਡ ਚੜਿੱਕ (ਮੋਗਾ) ਦੇ ਨੌਜਵਾਨ ਨੇ ਕੈਨੇਡਾ ਵਿਚ ਰੇਲ ਗੱਡੀ ਅੱਗੇ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਉਹ 2018 ਵਿਚ ਪੜ੍ਹਾਈ ਲਈ ਟੋਰਾਂਟੋ ਗਿਆ ਸੀ। ਉਸ ਦੀ ਲਾਸ਼ ਪਿੰਡ ਨਾ ਪਹੁੰਚ ਸਕਣ ਕਾਰਨ ਮਾਪੇ ਉਸ ਦਾ ਸਸਕਾਰ ਵੀ ਨਹੀਂ ਕਰ ਸਕਣਗੇ। ਮ੍ਰਿਤਕ ਦੀ ਪਛਾਣ ਲਵਪ੍ਰੀਤ ਸਿੰਘ ਵਜੋਂ ਹੋਈ ਹੈ।

ਪੁਲਿਸ ਨੇ ਲਵਪ੍ਰੀਤ ਦੇ ਪਰਿਵਾਰ ਨੂੰ ਖੁਦਕੁਸ਼ੀ ਬਾਰੇ ਜਾਣਕਾਰੀ 29 ਅਪਰੈਲ ਨੂੰ ਦਿੱਤੀ। ਲਵਪ੍ਰੀਤ ਦੀ ਮਾਤਾ ਪਰਮਜੀਤ ਕੌਰ ਤੇ ਪਿਤਾ ਜੋਗਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਪੁੱਤਰ ਦੇ ਚੰਗੇ ਭਵਿੱਖ ਲਈ ਕਰਜ਼ਾ ਚੁੱਕ ਕੇ 2018 ਵਿਚ ਕੈਨੇਡਾ ਭੇਜਿਆ ਸੀ ਪਰ ਨਾ ਤਾਂ ਕਰਜ਼ੇ ਦੀ ਪੰਡ ਸਿਰੋਂ ਲੱਥੀ ਤੇ ਨਾ ਹੀ ਉਨ੍ਹਾਂ ਦਾ ਪੁੱਤਰ ਬਚਿਆ।

ਨੌਜਵਾਨ ਦੇ ਦੋਸਤਾਂ ਨੇ ਦੱਸਿਆ ਕਿ ਲਵਪ੍ਰੀਤ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰ ਨਾਲ ਸਬੰਧ ਰੱਖਦਾ ਸੀ ਅਤੇ ਕੈਨੇਡਾ ਵਿਚ ਵੀ ਉਹ ਆਰਥਿਕ ਅਤੇ ਇਮੀਗ੍ਰੇਸ਼ਨ ਨਾਲ ਸਬੰਧਤ ਸਮੱਸਿਆਵਾਂ ਨਾਲ ਜੂਝ ਰਿਹਾ ਸੀ। ਉਂਜ ਖੁਦਕੁਸ਼ੀ ਦਾ ਕਾਰਨ ਹਾਲੇ ਸਪੱਸ਼ਟ ਨਹੀਂ ਹੋ ਸਕਿਆ।

ਇਸ ਦੌਰਾਨ ਆਮ ਆਦਮੀ ਪਾਰਟੀ (ਆਪ) ਦੇ ਬੁਲਾਰੇ ਨਵਦੀਪ ਸਿੰਘ ਸੰਘਾ ਨੇ ਪਰਿਵਾਰ ਨਾਲ ਦੁੱਖ ਸਾਂਝਾ ਕਰਦੇ ਆਖਿਆ ਕਿ ਜੇ ਸਮੇਂ ਦੀਆਂ ਹਕੂਮਤਾਂ ਨੇ ਇਥੇ ਰੁਜ਼ਗਾਰ ਦੇ ਸਾਧਨ ਪੈਦਾ ਕੀਤੇ ਹੁੰਦੇ ਤਾਂ ਪੰਜਾਬ ਦੇ ਨੌਜਵਾਨਾਂ ਨੂੰ ਵਿਦੇਸ਼ਾਂ ਵਿਚ ਨਾ ਜਾਣਾ ਪੈਂਦਾ।

# ਕਰੋਨਾ ਦਾ ਡਰ ਪੈਦਾ ਨਾ ਕਰੇ ਸਰਕਾਰ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਰਕਾਰਾਂ ਨੂੰ ਆਖਿਆ ਕਿ ਉਹ ਲੋਕਾਂ ਵਿਚ ਕਰੋਨਾ ਦਾ ਡਰ ਪੈਦਾ ਨਾ ਕਰਨ। ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਖੇ ਮੀਡੀਆ ਨਾਲ ਗੱਲ ਕਰਦਿਆਂ ਉਨ੍ਹਾਂ ਆਖਿਆ ਕਿ ਕਰੋਨਾ ਦੇ ਵਧ ਰਹੇ ਭੈਅ ਕਾਰਨ ਲੋਕਾਂ ਵਿਚ ਅਫਰਾ-ਤਫਰੀ ਅਤੇ ਤਣਾਅ ਵਾਲਾ ਮਾਹੌਲ ਬਣਿਆ ਹੋਇਆ ਹੈ, ਜਿਸ ਕਾਰਨ ਲੋਕ ਬਿਨਾਂ ਲੋੜ ਤੋਂ ਘਰਾਂ ਵਿਚ ਆਕਸੀਜਨ ਗੈਸ ਦੇ ਸਿਲੰਡਰ ਰੱਖ ਰਹੇ ਹਨ। ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਸਰਕਾਰਾਂ ਇਕ ਸਾਲ ਦੇ ਸਮੇਂ ਦੌਰਾਨ ਕਰੋਨਾ ਨਾਲ ਨਜਿੱਠਣ ਲਈ ਲੋੜੀਂਦੇ ਸਾਜ਼ੋ-ਸਾਮਾਨ ਦੀ ਘਾਟ ਨੂੰ ਪੂਰਾ ਕਰਨ ਵਿਚ ਅਸਫਲ ਰਹੀਆਂ ਹਨ।

# ਪੰਜਾਬ ਤੇ ਹਰਿਆਣਾ ਦੇ ਧਰਨਿਆਂ ਵਿਚ ਕਿਸਾਨਾਂ ਦੀ ਗਿਣਤੀ ਵਧੀ

**ਚੰਡੀਗੜ੍ਹ:** ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਪੰਜਾਬ ਅਤੇ ਹਰਿਆਣਾ ਵਿਚ ਚੱਲ ਰਹੇ ਪੱਕੇ ਮੋਰਚਿਆਂ ਵਿਚ ਹਾੜ੍ਹੀ ਦੇ ਸੀਜ਼ਨ ਦੌਰਾਨ ਨੌਜਵਾਨਾਂ ਅਤੇ ਔਰਤਾਂ ਦੀ ਸ਼ਮੂਲੀਅਤ ਵਧਣ ਲੱਗ ਪਈ ਹੈ। ਦੋਵਾਂ ਸੂਬਿਆਂ ਤੋਂ ਵੱਡੀ ਗਿਣਤੀ ਵਿਚ ਕਿਸਾਨ-ਮਜ਼ਦੂਰ ਦਿੱਲੀ ਮੋਰਚਿਆਂ ਵੱਲ ਜਾ ਰਹੇ ਹਨ। ਕਿਸਾਨ ਜਥੇਬੰਦੀਆਂ ਨੇ ਕਿਸਾਨਾਂ-ਮਜ਼ਦੂਰਾਂ ਨੂੰ ਦਿੱਲੀ ਕਿਸਾਨ ਮੋਰਚਿਆਂ 'ਤੇ ਵੱਡੀ ਗਿਣਤੀ ਵਿਚ ਪੁੱਜਣ ਦਾ ਸੱਦਾ ਦਿੱਤਾ।



ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਟੋਲ ਪਲਾਜ਼ਿਆਂ, ਪੈਟਰੋਲ ਪੰਪਾਂ, ਕਾਰਪੋਰੇਟ ਮਾਲਜ਼, ਰੇਲਵੇ ਪਾਰਕ, ਭਾਜਪਾ ਆਗੂਆਂ ਦੇ ਘਰਾਂ/ਦਫਤਰਾਂ ਸਾਹਮਣੇ ਕਿਸਾਨ ਧਰਨਿਆਂ ਵਿਚ ਹਾਜ਼ਰੀ ਵਧੀ ਹੈ। ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਕਿਹਾ ਕਿ ਕੇਂਦਰੀ ਖੇਤੀ ਕਾਨੂੰਨ ਜਿੰਨੇ ਕਿਸਾਨਾਂ ਲਈ ਮਾਰੂ ਹਨ, ਉਨੇ ਹੀ ਰੋਜ਼ ਕਮਾ ਕੇ ਖਾਣ ਵਾਲੇ ਮਜ਼ਦੂਰਾਂ ਦੇ ਵਿਰੋਧੀ ਹਨ।

ਆਗੂਆਂ ਨੇ ਦੱਸਿਆ ਕਿ ਖੇਤੀ ਕਾਨੂੰਨਾਂ ਦੇ ਲਾਗੂ ਹੋਣ ਨਾਲ ਪੂੰਜੀਪਤੀਆਂ ਦੀ ਮਾਲਕੀ ਵਾਲੀਆਂ ਮੰਡੀਆਂ ਪੈਦਾ ਹੋਣਗੀਆਂ, ਜਿਨ੍ਹਾਂ ਵਿਚ ਮਸ਼ੀਨਾਂ ਦੀ ਵਰਤੋਂ ਭਾਰੂ ਹੋਵੇਗੀ ਅਤੇ ਰੁਜ਼ਗਾਰ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ। ਉਨ੍ਹਾਂ ਕਿਸਾਨਾਂ-ਮਜ਼ਦੂਰਾਂ ਅਤੇ ਟਰੇਡ ਯੂਨੀਅਨਾਂ ਨੂੰ ਅਪੀਲ ਕੀਤੀ ਕਿ ਕੇਂਦਰ ਸਰਕਾਰ ਖਿਲਾਫ ਆਵਾਜ਼ ਬੁਲੰਦ ਕੀਤੀ ਜਾਵੇ, ਜਿਸ ਨਾਲ ਕੇਂਦਰ ਸਰਕਾਰ ਨੂੰ ਲੋਕ ਵਿਰੋਧੀ ਨੀਤੀਆਂ ਬਾਰੇ ਵਿਰੋਧਤਾ ਸਪੱਸ਼ਟ ਹੋ ਜਾਵੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਲੋਕ ਵਿਰੋਧੀ ਮਨਸੂਬੇ ਕਦੇ ਸਫਲ ਨਹੀਂ ਹੋਣ ਦਿੱਤੇ ਜਾਣਗੇ।

ਭਾਰਤੀ ਕਿਸਾਨ ਯੂਨੀਅਨ ਹਰਿਆਣਾ ਦੇ ਆਗੂ ਰਤਨ ਸਿੰਘ ਮਾਨ ਨੇ ਕਿਹਾ ਕਿ ਜਦੋਂ ਲੋਕਾਂ ਵੱਲੋਂ ਗਠਜੋੜ ਸਰਕਾਰ ਦੇ ਆਗੂਆਂ ਦਾ ਵਿਰੋਧ ਕੀਤਾ ਜਾ ਰਿਹਾ ਹੈ ਤਾਂ ਸੂਬਾ ਸਰਕਾਰ ਜਾਣ-ਬੁੱਝ ਕੇ ਲੋਕਾਂ ਵਿਚ ਆਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ ਭਾਜਪਾ ਅਤੇ ਗਠਜੋੜ ਸਰਕਾਰ ਦੇ ਆਗੂਆਂ ਦਾ ਵਿਰੋਧ ਕੀਤਾ ਜਾ ਰਿਹਾ ਹੈ ਜੋ ਕਿ ਭਵਿੱਖ ਵਿਚ ਵੀ ਜਾਰੀ ਰਹੇਗਾ। ਸ੍ਰੀ ਮਾਨ ਨੇ ਕਿਹਾ ਕਿ ਕਿਸਾਨਾਂ ਦੀ ਮੰਗ ਹੈ ਕਿ ਤਿੰਨੇ ਖੇਤੀ ਕਾਨੂੰਨ ਰੱਦ ਕਰਕੇ ਫਸਲਾਂ ਨੂੰ ਐਮ.ਐਸ.ਪੀ. 'ਤੇ ਖਰੀਦ ਦੀ ਗਾਰੰਟੀ ਦਾ ਕਾਨੂੰਨ ਲਿਆਂਦਾ ਜਾਵੇ ਅਤੇ ਮੰਗਾਂ ਮਨਵਾਏ ਬਿਨਾਂ ਕਿਸਾਨ ਪਿੱਛੇ ਨਹੀਂ ਹਟਣਗੇ।

ਕਿਸਾਨ ਆਗੂਆਂ ਨੇ ਕਿਹਾ ਕਿ ਖੇਤੀ ਵਿਰੋਧੀ ਕਾਲੇ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਕਿਸਾਨ ਸੰਘਰਸ਼ ਨੂੰ ਪੜਾਅਵਾਰ ਅੱਗੇ ਵਧਾਉਂਦਿਆਂ ਹੀ ਮੋਦੀ ਹਕੂਮਤ ਦੇ ਲੋਕ ਵਿਰੋਧੀ ਹੱਲੇ ਨੂੰ ਪਛਾੜਿਆ ਜਾਵੇਗਾ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਅਗਵਾਈ ਹੇਠ ਦਿੱਲੀ ਕਿਸਾਨ ਸੰਘਰਸ਼ 'ਚ ਪੂਰੇ ਜੋਰ ਸ਼ੋਰ ਨਾਲ ਸ਼ਾਮਲ ਹੋਣ, ਪਿੰਡ ਵਿਚੋਂ ਵਾਰੀ ਬੰਨ੍ਹ ਕੇ ਲਗਾਤਾਰ ਸੰਘਰਸ਼ 'ਚ ਸ਼ਾਮਲ ਹੋਣ, ਸੰਘਰਸ਼ ਹਿੱਤ ਵੱਧ ਤੋਂ ਵੱਧ ਫੰਡ ਇਕੱਠਾ ਕਰਨ ਬਾਰੇ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਇਪਟਾ ਮੋਗਾ ਦੀ ਨਾਟਕ ਟੀਮ ਵੱਲੋਂ ਚਰਚਿਤ ਨਾਟਕ 'ਡਰਨਾ' ਪੇਸ਼ ਕਰਕੇ ਕਿਸਾਨੀ ਸੰਘਰਸ਼ ਨੂੰ ਹੋਰ ਮਜ਼ਬੂਤ ਕਰਨ ਦਾ ਸੱਦਾ ਦਿੱਤਾ ਗਿਆ। ਪਿੰਡਾਂ ਵਿਚ ਵੀ ਨਾਟਕ ਖੇਡ ਕੇ ਲੋਕਾਂ ਨੂੰ ਸੰਘਰਸ਼ ਨਾਲ ਜੁੜਨ ਦਾ ਸੱਦਾ ਦਿੱਤਾ।

## ਅੰਦੋਲਨਕਾਰੀਆਂ ਨੂੰ ਅਫਵਾਹਾਂ ਤੋਂ ਸੁਚੇਤ ਰਹਿਣ ਦਾ ਸੱਦਾ

**ਚੰਡੀਗੜ੍ਹ:** ਪੰਜਾਬ ਵਿਚ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਸੰਘਰਸ਼ ਦੌਰਾਨ ਕਿਸਾਨ ਜਥੇਬੰਦੀਆਂ ਨੇ ਧਰਨਾਕਾਰੀਆਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਕੇਂਦਰ ਵੱਲੋਂ ਕਿਸਾਨੀ ਅੰਦੋਲਨ ਨੂੰ ਲੀਹ ਤੋਂ ਲਾਹੁਣ ਲਈ ਝੂਠੀਆਂ ਅਫਵਾਹਾਂ ਦਾ ਸਹਾਰਾ ਲਿਆ ਜਾ ਰਿਹਾ ਹੈ। ਕਿਸਾਨ ਬੁਲਾਰਿਆਂ ਨੇ ਕਿਹਾ ਕਿ ਕਿਸਾਨ ਅੰਦੋਲਨ ਕੇਂਦਰ ਸਰਕਾਰ ਲਈ ਵੱਡੀ ਸਿਰਦਰਦੀ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਅੰਦੋਲਨ ਨੂੰ ਕਮਜ਼ੋਰ ਕਰਨ ਲਈ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ। ਬੁਲਾਰਿਆਂ ਨੇ ਕਿਹਾ ਕਿ ਇਸ ਵੇਲੇ ਅਫਵਾਹਾਂ ਤੋਂ ਸੁਚੇਤ ਰਹਿੰਦਿਆਂ ਸੰਯੁਕਤ ਕਿਸਾਨ ਮੋਰਚਾ ਵੱਲੋਂ ਐਲਾਨੇ ਗਏ ਪ੍ਰੋਗਰਾਮਾਂ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਚੱਲਦੇ ਸੰਘਰਸ਼ ਦੌਰਾਨ ਬਹੁਤ ਸਾਰੀਆਂ ਮੁਸ਼ਕਲਾਂ ਸਾਹਮਣੇ ਆਉਂਦੀਆਂ ਹਨ। ਖਾਸ ਕਰ ਕਰੋਨਾ ਸੰਕਟ ਦੌਰਾਨ ਵਿਰੋਧੀ ਮੋਰਚੇ ਨੂੰ ਬਦਨਾਮ ਕਰਨ, ਖਿੰਡਾਉਣ ਲਈ ਹਰ ਹੀਲਾ ਵਰਤ ਰਿਹਾ ਹੈ। ਅਜਿਹੇ ਹਾਲਾਤ ਵਿਚ ਮੋਰਚੇ ਦੀ ਅਸੂਲੀ ਇਕਜੁਟਤਾ ਬਹੁਤ ਜ਼ਰੂਰੀ ਹੈ।

# ਖੇਤੀ ਕਾਨੂੰਨ ਰੱਦ ਹੋਣ ਤੱਕ ਘਰ ਨਹੀਂ ਮੁੜਾਂਗੇ: ਟਿਕੈਤ

**ਚੰਡੀਗੜ੍ਹ:** ਭਿਵਾਨੀ ਦੇ ਪ੍ਰੇਮ ਨਗਰ ਵਿਚ ਕਿਸਾਨ ਮਹਾਪੰਚਾਇਤ ਨੂੰ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚਾ ਦੇ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਸ਼ੁਰੂ ਹੋਇਆ ਕਿਸਾਨ ਅੰਦੋਲਨ ਹੁਣ ਜਨ ਅੰਦੋਲਨ ਬਣ ਚੁੱਕਿਆ ਹੈ, ਜਿਸ ਵਿਚ ਹਰ ਵਰਗ ਦੇ ਲੋਕ ਸ਼ਮੂਲੀਅਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੇ ਹੌਸਲੇ ਤੋਂ ਬੌਖਲਾਈ ਕੇਂਦਰ ਸਰਕਾਰ ਅੰਦੋਲਨ ਨੂੰ ਕਮਜ਼ੋਰ ਕਰਨ ਲਈ ਤਰ੍ਹਾਂ-ਤਰ੍ਹਾਂ ਦੇ ਪੈਂਤੜੇ ਖੇਡ ਰਹੀ ਹੈ ਅਤੇ ਕੇਂਦਰ ਸਰਕਾਰ ਦੇ ਹਰ ਪੈਂਤੜੇ ਤੋਂ ਬਚਣ ਲਈ ਅੰਦੋਲਨ ਨੂੰ ਹੋਰ ਮਜ਼ਬੂਤ ਕਰਨਾ ਪਵੇਗਾ। ਸ੍ਰੀ ਟਿਕੈਤ ਨੇ ਕਿਹਾ ਕਿ ਕਿਸਾਨ ਤਿੰਨੇ ਖੇਤੀ ਕਾਨੂੰਨ ਰੱਦ ਕਰਵਾਏ ਬਗੈਰ ਘਰ ਵਾਪਸੀ ਨਹੀਂ ਕਰਨਗੇ।

ਕਿਸਾਨ ਆਗੂ ਨੇ ਕਿਹਾ ਕਿ ਕੇਂਦਰ ਸਰਕਾਰ ਕਰੋਨਾ ਦੇ ਨਾਮ 'ਤੇ ਕਿਸਾਨ ਅੰਦੋਲਨ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ ਪਰ ਕਿਸਾਨ ਮਾਸਕ ਪਾ ਕੇ ਸਮਾਜਿਕ ਦੂਰੀ ਦੇ ਨਿਯਮਾਂ ਦੀ ਪਾਲਣਾ ਕਰਦਿਆਂ ਅੰਦੋਲਨ ਵਿਚ ਸ਼ਾਮਲ ਹੋਣਗੇ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਜੇਕਰ ਪਰਿਵਾਰ ਦੇ ਕਿਸੇ ਵੀ ਜੀਅ ਨੂੰ ਖਾਂਸੀ ਜਾਂ ਜ਼ੁਕਾਮ ਦੀ ਸ਼ਿਕਾਇਤ ਹੈ ਤਾਂ ਤੁਰਤ ਡਾਕਟਰੀ ਇਲਾਜ ਕਰਵਾਇਆ ਜਾਵੇ। ਸ੍ਰੀ ਟਿਕੈਤ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਨੂੰ ਦਬਾਉਣ ਅਤੇ ਡਰਾਉਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਸਰਕਾਰ ਦੇ ਡਰ ਤੋਂ ਬਿਨਾਂ ਅੰਦੋਲਨ ਨੂੰ ਜਾਰੀ ਰੱਖਿਆ ਜਾਵੇਗਾ।

ਭਾਰਤੀ ਕਿਸਾਨ ਯੂਨੀਅਨ ਦੇ ਆਗੂ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਸ਼ੁਰੂ ਹੋਏ ਸੰਘਰਸ਼ ਨੂੰ 5 ਮਹੀਨੇ ਤੋਂ ਵੱਧ ਦਾ ਸਮਾਂ ਬੀਤ ਚੁੱਕਿਆ ਹੈ ਅਤੇ ਹੁਣ ਤਕ 400 ਦੇ ਕਰੀਬ ਕਿਸਾਨ ਸ਼ਹੀਦ ਹੋ ਚੁੱਕੇ ਹਨ ਪਰ ਕੇਂਦਰ ਸਰਕਾਰ ਆਪਣਾ ਅੜੀਅਲ ਵਤੀਰਾ ਛੱਡਣ ਲਈ ਤਿਆਰ ਨਹੀਂ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਰੋਨਾ ਦੇ ਨਾਮ 'ਤੇ ਕਿਸਾਨ ਅੰਦੋਲਨ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ ਪਰ ਇਹ ਅੰਦੋਲਨ ਜਾਰੀ ਰਹੇਗਾ।

ਯੁੱਧਵੀਰ ਸਿੰਘ ਨੇ ਕਿਹਾ ਕਿ ਕਿਸਾਨ ਅੰਦੋਲਨ ਵਿਚ ਹਾੜ੍ਹੀ ਦੇ ਸੀਜ਼ਨ ਕਰਕੇ ਕਿਸਾਨਾਂ ਦੀ ਗਿਣਤੀ ਘਟੀ ਸੀ। ਉਹ ਮੁੜ ਵਧਣੀ ਸ਼ੁਰੂ ਹੋ ਗਈ ਹੈ। ਉਨ੍ਹਾਂ ਕਿਸਾਨ ਆਗੂਆਂ ਨੂੰ ਅਪੀਲ ਕੀਤੀ ਕਿ ਸੂਬੇ ਦੇ ਹਰੇਕ ਪਿੰਡ ਵਿਚ ਕਿਸਾਨ ਯੂਨੀਅਨ ਦੀ ਇਕਾਈ ਦਾ ਗਠਨ ਕੀਤਾ ਜਾਵੇ, ਜਿਸ ਨਾਲ ਹਰ ਘਰ ਵਿਚੋਂ ਇਕ ਜੀਅ ਨੂੰ ਕਿਸਾਨ ਅੰਦੋਲਨ ਵਿਚ ਹਿੱਸਾ ਲੈਣ ਲਈ ਪ੍ਰੇਰਿਆ ਜਾ ਸਕੇ। ਇਸ ਦੇ ਨਾਲ ਹੀ ਉਨ੍ਹਾਂ ਲੋਕਾਂ ਨੂੰ ਦਿੱਲੀ ਦੀਆਂ ਬਰੂੰਹਾਂ 'ਤੇ ਚੱਲ ਰਹੇ ਕਿਸਾਨ ਅੰਦੋਲਨ ਵਿਚ ਪਹੁੰਚਣ ਦੀ ਅਪੀਲ ਕੀਤੀ।

# ਕਣਕ ਪੈਦਾਵਾਰ ਦੇ ਮਾਮਲੇ ਵਿਚ ਪੰਜਾਬ ਦੀ ਝੰਡੀ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਦੇ ਹੱਲੇ ਦੇ ਬਾਵਜੂਦ ਪੰਜਾਬ ਨੇ ਕਣਕ ਦੀ ਪੈਦਾਵਾਰ ਵਿਚ ਰਿਕਾਰਡ ਤੋੜ ਦਿੱਤੇ ਹਨ। ਪੰਜਾਬ ਵਿਚ ਹੁਣ ਕਣਕ ਦੀ ਖਰੀਦ 100 ਲੱਖ ਮੀਟਰਿਕ ਟਨ ਦੇ ਟੀਚੇ ਨੂੰ ਸਫਲਤਾ ਨਾਲ ਪਾਰ ਕਰ ਗਈ ਹੈ ਜੋ ਕਿ ਸਮੁੱਚੇ ਦੇਸ਼ ਵਿਚ ਹੋਏ ਖਰੀਦ ਦਾ ਕਰੀਬ 39 ਫੀਸਦੀ ਬਣਦੀ ਹੈ।



ਦੇਸ਼ ਦੇ 12 ਸੂਬਿਆਂ 'ਚੋਂ ਕਿਸੇ ਵੀ ਰਾਜ ਨੇ ਇਹ ਅੰਕੜਾ ਨਹੀਂ ਛੂਹਿਆ ਹੈ। ਪੰਜਾਬ ਸਰਕਾਰ ਨੇ ਐਤਕੀਂ 130 ਲੱਖ ਮੀਟਰਿਕ ਟਨ ਖਰੀਦ ਦਾ ਟੀਚਾ ਮਿਥਿਆ ਹੈ ਜਿਸ 'ਚੋਂ ਕਰੀਬ 77 ਫੀਸਦੀ ਫਸਲ ਦੀ ਖਰੀਦ ਹੋ ਚੁੱਕੀ ਹੈ। ਕੇਂਦਰ ਸਰਕਾਰ ਨੇ ਬਿਹਾਰ 'ਚ ਹਾਲੇ ਤੱਕ ਇਕ ਦਾਣਾ ਵੀ ਖਰੀਦ ਨਹੀਂ ਕੀਤਾ ਹੈ। ਗੁਆਂਢੀ ਸੂਬੇ ਹਰਿਆਣਾ ਵਿਚ ਹੁਣ ਤੱਕ 77.28 ਲੱਖ ਮੀਟਰਿਕ ਟਨ ਦੀ ਖਰੀਦ ਹੋਈ ਹੈ। ਮੱਧ ਪ੍ਰਦੇਸ਼ ਨੇ ਇਸ ਵਾਰ ਪੰਜਾਬ ਤੋਂ ਜ਼ਿਆਦਾ 135 ਲੱਖ ਮੀਟਰਿਕ ਟਨ ਕਣਕ ਖਰੀਦ ਦਾ ਟੀਚਾ ਮਿਥਿਆ ਸੀ ਪ੍ਰੰਤੂ ਮੱਧ ਪ੍ਰਦੇਸ਼ ਨੇ ਹੁਣ ਤੱਕ 62.89 ਲੱਖ ਮੀਟਰਿਕ ਟਨ ਕਣਕ ਦੀ ਖਰੀਦ ਕੀਤੀ ਹੈ। ਰੁਝਾਨਾਂ ਤੋਂ ਜਾਪਦਾ ਹੈ ਕਿ ਇਸ ਵਾਰ ਪੰਜਾਬ ਕਣਕ ਪੈਦਾਵਾਰ 'ਚ ਮੱਧ ਪ੍ਰਦੇਸ਼ ਨੂੰ ਵੀ ਪਿਛਾਂਹ ਛੱਡ ਜਾਵੇਗਾ। ਦੇਸ਼ ਭਰ ਵਿਚ ਹੁਣ ਤੱਕ 258.73 ਲੱਖ ਮੀਟਰਿਕ ਟਨ ਕਣਕ ਦੀ ਖਰੀਦ ਹੋਈ ਹੈ ਜਿਸ 'ਚੋਂ ਉੱਤਰ ਪ੍ਰਦੇਸ਼ 'ਚੋਂ 9.79 ਲੱਖ ਮੀਟਰਿਕ ਟਨ, ਰਾਜਸਥਾਨ 'ਚੋਂ 7.29 ਲੱਖ ਐਮ.ਟੀ, ਉਤਰਾਖੰਡ 'ਚੋਂ 41 ਹਜ਼ਾਰ ਮੀਟਰਿਕ ਟਨ, ਗੁਜਰਾਤ 'ਚੋਂ 49 ਹਜ਼ਾਰ ਮੀਟਰਿਕ ਟਨ ਅਤੇ ਦਿੱਲੀ 'ਚੋਂ ਤਿੰਨ ਹਜ਼ਾਰ ਐਮਟੀ ਕਣਕ ਖਰੀਦ ਕੀਤੀ ਹੈ।

ਪੰਜਾਬ ਦੇ ਕਿਸਾਨਾਂ ਦੀ ਊਰਜਾ ਪੂਰੀ ਤਰ੍ਹਾਂ ਖੇਤੀ ਕਾਨੂੰਨਾਂ ਖਿਲਾਫ ਵਿੱਢੇ ਘੋਲ ਵਿਚ ਲੱਗੀ ਹੋਈ ਹੈ ਅਤੇ ਉਪਰੋਂ ਕੋਵਿਡ ਮਹਾਂਮਾਰੀ ਦਾ ਪ੍ਰਕੋਪ ਸਿਰ 'ਤੇ ਹੈ। ਇਨ੍ਹਾਂ ਦੁਸ਼ਵਾਰੀਆਂ ਦੇ ਬਾਵਜੂਦ ਪੰਜਾਬ ਦਾ ਕਿਸਾਨ ਪਿਛਾਂਹ ਨਹੀਂ ਹਟਿਆ। ਭਾਰਤੀ ਖੁਰਾਕ ਨਿਗਮ ਨੇ ਹੁਣ ਤੱਕ ਦੇਸ਼ ਭਰ 'ਚੋਂ 20.40 ਲੱਖ ਮੀਟਰਿਕ ਟਨ ਕਣਕ ਖਰੀਦ ਕੀਤੀ ਹੈ ਜਿਸ ਚੋਂ ਪੰਜਾਬ 'ਚੋਂ 8.77 ਲੱਖ, ਹਰਿਆਣਾ 'ਚੋਂ 6.07 ਲੱਖ ਅਤੇ ਰਾਜਸਥਾਨ 'ਚੋਂ 5.06 ਲੱਖ ਮੀਟਰਿਕ ਟਨ ਕਣਕ ਖਰੀਦ ਕੀਤੀ ਗਈ ਹੈ। ਪੰਜਾਬ ਦੀਆਂ ਮੰਡੀਆਂ 'ਚੋਂ ਸਭ ਤੋਂ ਵੱਧ ਸੰਗਰੂਰ ਜ਼ਿਲ੍ਹੇ 'ਚ 10.12 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ। ਸੰਗਰੂਰ ਤੋਂ ਬਾਅਦ, ਲੁਧਿਆਣਾ ਅਤੇ ਪਟਿਆਲਾ ਜ਼ਿਲ੍ਹੇ ਵਿੱਚ ਕ੍ਰਮਵਾਰ 8.25 ਲੱਖ ਮੀਟ੍ਰਿਕ ਟਨ ਅਤੇ 8.16 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ। ਪੰਜਾਬ ਵਿਚ ਐਤਕੀਂ ਬਾਰਦਾਨੇ ਦੀ ਕਮੀ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਸਿੱਧੀ ਅਦਾਇਗੀ ਲਈ ਨਵੀਂ ਪ੍ਰਣਾਲੀ ਵੀ ਲਾਗੂ ਕੀਤੀ ਗਈ ਹੈ।

# ਜਬਰੀ ਜ਼ਮੀਨਾਂ ਐਕੁਆਇਰ ਕਰਨ ਖਿਲਾਫ ਕਿਸਾਨ ਰੋਹ 'ਚ

**ਪਟਿਆਲਾ:** 'ਦਿੱਲੀ ਕੱਟੜਾ ਐਕਸਪ੍ਰੈੱਸਵੇਅ' ਲਈ ਪੰਜਾਬ ਸਰਕਾਰ ਵੱਲੋਂ ਘੱਟ ਰੇਟ 'ਤੇ ਜਬਰੀ ਜ਼ਮੀਨਾਂ ਐਕੁਆਇਰ ਕਰਨ ਤੋਂ ਖਫਾ ਕਿਸਾਨਾਂ ਨੇ ਇਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਰਿਹਾਇਸ਼ 'ਨਿਊ ਮੋਤੀ ਬਾਗ ਪੈਲੇਸ' ਦਾ ਅੱਠ ਘੰਟੇ ਦੇ ਕਰੀਬ ਘਿਰਾਓ ਕੀਤਾ। ਉਂਜ ਕਿਸਾਨਾਂ ਦਾ ਸ਼ਹਿਰ ਵਿਚ ਟਰੈਕਟਰ ਮਾਰਚ ਕੱਢਣ ਦਾ ਹੀ ਪ੍ਰੋਗਰਾਮ ਸੀ, ਪਰ ਸਥਾਨਕ ਪ੍ਰਸ਼ਾਸਨ ਵੱਲੋਂ ਬੈਰੀਕੇਡਿੰਗ ਤੇ ਹੋਰ ਰੋਕਾਂ ਲਾਉਣ ਤੋਂ ਭੜਕੇ ਕਿਸਾਨਾਂ ਨੇ ਐਨ ਆਖਰੀ ਮੌਕੇ ਮੁੱਖ ਮੰਤਰੀ ਦੀ ਰਿਹਾਇਸ਼ ਦੇ ਘਿਰਾਓ ਦਾ ਪ੍ਰੋਗਰਾਮ ਬਣਾ ਲਿਆ।




ਬੈਰੀਕੇਡਾਂ ਨੂੰ ਤੋੜਨ ਮੌਕੇ ਹੋਈ ਖਿੱਚ-ਧੂਹ ਦੌਰਾਨ ਅੱਧੀ ਦਰਜਨ ਪੁਲਿਸ ਮੁਲਾਜ਼ਮਾਂ ਨੂੰ ਸੱਟਾਂ ਵੱਜੀਆਂ। ਕਿਸਾਨਾਂ ਨੇ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਮੁੱਖ ਮੰਤਰੀ ਦੀ ਨਿੱਜੀ ਰਿਹਾਇਸ਼ ਦਾ ਘਿਰਾਓ ਕੀਤਾ। ਰੋਹ ਵਿਚ ਆਏ ਕਿਸਾਨਾਂ ਨੇ ਕਿਹਾ ਕਿ ਦਿੱਲੀ-ਕੱਟੜਾ ਐਕਸਪ੍ਰੈੱਸਵੇਅ ਲਈ ਐਕੁਆਇਰ ਕੀਤੀਆਂ ਜਾਣ ਵਾਲੀਆਂ ਜ਼ਮੀਨਾਂ ਦਾ ਸਰਕਾਰ ਵਾਜਬ ਮੁੱਲ ਨਹੀਂ ਦੇ ਰਹੀ। ਕਿਸਾਨਾਂ ਦਾ ਤਰਕ ਸੀ ਕਿ ਉਨ੍ਹਾਂ ਨੂੰ ਜ਼ਮੀਨਾਂ ਦਾ ਵਾਜਬ ਮੁੱਲ ਦਿੱਤਾ ਜਾਵੇ ਜਾਂ ਫਿਰ ਦਿੱਲੀ 'ਚ ਖੇਤੀ ਕਾਨੂੰਨਾਂ ਖਿਲਾਫ ਲੱਗੇ ਮੋਰਚਿਆਂ ਦੇ ਨਿਪਟਾਰੇ ਤੱਕ ਜ਼ਮੀਨਾਂ ਐਕੁਆਇਰ ਕਰਨ ਦੀ ਕਾਰਵਾਈ ਅੱਗੇ ਪਾ ਦਿੱਤੀ ਜਾਵੇ। ਕਿਸਾਨਾਂ ਨੇ 'ਰੋਡ ਕਿਸਾਨ ਸੰਘਰਸ਼ ਕਮੇਟੀ ਪੰਜਾਬ' ਦੇ ਕੋਆਰਡੀਨੇਟਰ ਹਰਮਨਪ੍ਰੀਤ ਡਿੱਕੀ ਜੇਜੀ, ਜ਼ਿਲ੍ਹਾ ਪ੍ਰਧਾਨ ਜਗਜੀਤ ਗਲੋਲੀ ਤੇ ਹੋਰਾਂ ਦੀ ਅਗਵਾਈ ਹੇਠ ਇਥੇ ਵਾਈ.ਪੀ.ਐਸ. ਚੌਕ ਵਿਚ ਪਿਛਲੇ 37 ਦਿਨਾਂ ਤੋਂ ਪੱਕਾ ਮੋਰਚਾ ਲਾਇਆ ਹੋਇਆ ਹੈ।

ਕਿਸਾਨਾਂ ਨੇ ਸ਼ਾਹੀ ਸ਼ਹਿਰ ਵਿਚ ਟਰੈਕਟਰ ਮਾਰਚ ਦਾ ਪ੍ਰੋਗਰਾਮ ਉਲੀਕਿਆ ਸੀ, ਪਰ ਕਿਸਾਨ ਬਾਜ਼ਾਰਾਂ ਦੀ ਥਾਂ ਟਰੈਕਟਰ ਲੈ ਕੇ ਮੁੱਖ ਮੰਤਰੀ ਨਿਵਾਸ ਵੱਲ ਨੂੰ ਹੋ ਤੁਰੇ। ਉਨ੍ਹਾਂ ਪੁਲਿਸ ਬੈਰੀਕੇਡਿੰਗ ਨੂੰ ਤੋੜ ਕੇ ਜਲਦੀ ਹੀ ਮੁੱਖ ਮੰਤਰੀ ਨਿਵਾਸ ਦੀ ਘੇਰਾਬੰਦੀ ਕਰ ਲਈ। ਕਿਸਾਨਾਂ ਨੇ ਵਾਈ.ਪੀ.ਐਸ. ਚੌਕ ਸਮੇਤ ਮੋਤੀ ਮਹਿਲ ਦੇ ਪਿਛਲੇ ਪਾਸੇ ਸੂਲਰ ਚੌਕ ਤੇ ਮਹਿੰਦੀ ਚੌਕ ਸਮੇਤ ਮਹਿਲ ਦੀ ਸੱਜੀ ਵੱਖੀ 'ਚ ਪੈਂਦੇ ਗੁਰਦੁਆਰਾ ਮੋਤੀ ਬਾਗ ਚੌਕ ਵਿਚ ਧਰਨੇ ਦਿੱਤੇ। ਕਿਸਾਨਾਂ ਨੇ ਪੋਲੋ ਗਰਾਊਂਡ ਚੌਕ, ਠੀਕਰੀ ਵਾਲਾ ਚੌਕ ਤੇ ਫੁਹਾਰਾ ਚੌਕ ਵਿਚ ਵੀ ਧਰਨੇ ਮਾਰ ਕੇ ਕਈ ਘੰਟਿਆਂ ਤੱਕ ਜਾਮ ਰੱਖੇ।

# ਮੋਦੀ ਸਰਕਾਰ ਦੀਆਂ ਨੀਤੀਆਂ ਖਿਲਾਫ ਇਕਜੁੱਟਤਾ ਦਾ ਪ੍ਰਗਟਾਵਾ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚਾ, ਕੇਂਦਰੀ ਟਰੇਡ ਯੂਨੀਅਨਾਂ ਅਤੇ ਖੇਤਰੀ ਜਥੇਬੰਦੀਆਂ ਤੇ ਸਮਾਜਿਕ ਸੰਸਥਾਵਾਂ ਦੀ ਸਾਂਝੀ ਬੈਠਕ ਦੌਰਾਨ ਸਰਬਸੰਮਤੀ ਨਾਲ ਮੋਦੀ ਸਰਕਾਰ ਦੀਆਂ ਨੀਤੀਆਂ ਖਿਲਾਫ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ।

ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਕਿਹਾ ਕਿ ਮਜ਼ਦੂਰਾਂ ਅਤੇ ਕਿਸਾਨੀ ਦੀ ਇਸ ਸਾਂਝੀ ਬੈਠਕ ਵਿਚ ਇਸ ਗੱਲ ਦੀ ਸ਼ਲਾਘਾ ਕੀਤੀ ਗਈ ਕਿ ਦੇਸ਼ ਵਿਚ ਦੋ ਮੁੱਖ ਉਤਪਾਦਕ ਸ਼ਕਤੀਆਂ ਕਿਸਾਨ ਤੇ ਮਜ਼ਦੂਰ, ਦੇ ਸੰਘਰਸ਼ ਦੀ ਏਕਤਾ ਦਾ ਮਜ਼ਬੂਤ ਗਠਜੋੜ ਕੇਂਦਰ ਸਰਕਾਰ ਦੀਆਂ ਤਬਾਹਕੁੰਨ ਨੀਤੀਆਂ ਵਿਰੁੱਧ ਸੰਘਰਸ਼ ਕਰ ਰਿਹਾ ਹੈ। ਸਰਕਾਰ ਹਰ ਖੇਤਰ ਵਿਚ ਸ਼ੋਸ਼ਣ ਕਰਨ ਵਾਲੀਆਂ ਨੀਤੀਆਂ ਲਿਆ ਰਹੀ ਹੈ, ਜਿਵੇਂ ਕਿ ਕੌਮੀ ਪੱਧਰ ਦੀ ਦੇਸੀ ਨਿਰਮਾਣ ਸਮਰੱਥਾ ਨੂੰ ਖਤਮ ਕਰ ਕੇ ਖੇਤੀਬਾੜੀ ਕਾਨੂੰਨਾਂ ਰਾਹੀਂ ਆਰਥਿਕਤਾ ਨੂੰ ਢਾਹ ਲਗਾਈ ਜਾ ਰਹੀ ਹੈ।

ਇਸ ਦੌਰਾਨ ਬਲਵੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਨਿੱਜੀਕਰਨ ਨਾਲ ਉਦਯੋਗਾਂ, ਸੇਵਾਵਾਂ, ਕੁਦਰਤੀ ਸਰੋਤਾਂ, ਸਿਹਤ ਅਤੇ ਸਿੱਖਿਆ ਖੇਤਰ ਉਜਾੜੇ ਜਾ ਰਹੇ ਹਨ। ਗੁਲਾਮੀ ਦੀਆਂ ਸ਼ਰਤਾਂ ਵੀ ਮਜ਼ਦੂਰਾਂ 'ਤੇ ਲਾਗੂ ਕੀਤੀਆਂ ਜਾ ਰਹੀਆਂ ਹਨ। ਇਹ ਲੇਬਰ ਕੋਡ ਨੂੰ ਲਾਗੂ ਕਰਨ ਅਤੇ ਲੋਕਤੰਤਰੀ ਅਧਿਕਾਰਾਂ, ਪ੍ਰਗਟਾਵੇ ਦੀ ਆਜ਼ਾਦੀ, ਅਸਹਿਮਤੀ ਦੇ ਅਧਿਕਾਰ ਆਦਿ ਨੂੰ ਰੋਕਣ ਦੇ ਫਾਸੀਵਾਦੀ ਉਦੇਸ਼ ਨਾਲ ਲਾਗੂ ਕੀਤੀਆਂ ਜਾ ਰਹੀਆਂ ਹਨ। ਅਜਿਹੀਆਂ ਤਬਾਹਕੁਨ ਨੀਤੀਆਂ ਕੋਵਿਡ-19 ਮਹਾਮਾਰੀ ਦੀ ਦੂਜੀ ਲਹਿਰ ਦੌਰਾਨ ਸਰਕਾਰ ਦੇ ਮਨਸੂਬਿਆਂ ਦਾ ਪ੍ਰਗਟਾਵਾ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਨਿੱਜੀਕਰਨ ਕਾਰਨ ਜਨਤਕ ਸਿਹਤ ਪ੍ਰਣਾਲੀ ਵਿਚ ਮਾਰੂ ਨਤੀਜੇ ਸਾਹਮਣੇ ਆਏ ਹਨ। ਸਿਰਫ ਇਹੀ ਨਹੀਂ, ਮੋਦੀ ਸਰਕਾਰ ਦੀ ਟੀਕਾਕਰਨ ਨੀਤੀ ਵੀ ਕੰਪਨੀਆਂ ਦੀ ਮੁਨਾਫਾਖੋਰੀ ਨੂੰ ਉਤਸ਼ਾਹਿਤ ਕਰਦੀ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 8 ਮਈ 2021

## ਕਰੋਨਾ ਦੇ ਦੌਰ ਵਿਚ ਚੋਣਾਂ

ਭਾਰਤ ਵਿਚ ਇਕ ਪਾਸੇ ਕਰੋਨਾ ਵਾਇਰਸ ਦਾ ਕਹਿਰ ਹੈ, ਦੂਜੇ ਪਾਸੇ ਸਿਆਸਤ ਖੂਬ ਭਖੀ ਹੋਈ ਹੈ। ਹੁਣੇ ਹੁਣੇ ਭਾਰਤ ਦੇ ਚਾਰ ਰਾਜਾਂ- ਪੱਛਮੀ ਬੰਗਾਲ, ਕੇਰਲ, ਤਾਮਿਲ ਨਾਡੂ ਤੇ ਅਸਾਮ ਅਤੇ ਕੇਂਦਰ ਸ਼ਾਸਤ ਪ੍ਰਦੇਸ਼ (ਯੂ.ਟੀ.) ਪੁੱਡੂਚੇਰੀ ਦੇ ਚੋਣ ਨਤੀਜਿਆਂ ਦਾ ਐਲਾਨ ਹੋਇਆ ਹੈ। ਉਂਜ, ਸਭ ਦੀਆਂ ਨਜ਼ਰਾਂ ਪੱਛਮੀ ਬੰਗਾਲ ਉਤੇ ਲੱਗੀਆਂ ਹੋਈਆਂ ਸਨ ਜਿਥੇ ਮੁੱਖ ਮੁਕਾਬਲਾ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਵਿਚਕਾਰ ਸੀ। ਇਸ ਰਾਜ ਵਿਚ ਚੋਣ ਜਿੱਤਣ ਲਈ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ ਹਰ ਹਰਬਾ ਵਰਤਿਆ ਪਰ ਆਖਰਕਾਰ ਇਸ ਦੇ ਪੱਲੇ ਹਾਰ ਹੀ ਪਈ ਅਤੇ ਤ੍ਰਿਣਮੂਲ ਕਾਂਗਰਸ ਪਹਿਲਾਂ ਨਾਲੋਂ ਵੀ ਵੱਧ ਸੀਟਾਂ ਜਿੱਤਣ ਵਿਚ ਕਾਮਯਾਬ ਰਹੀ ਹੈ। ਸੀਟਾਂ ਜਿੱਤਣ ਦੇ ਹਿਸਾਬ ਵਿਚ ਰਾਜ ਅੰਦਰ ਖੱਬੀਆਂ ਪਾਰਟੀ ਅਤੇ ਕਾਂਗਰਸ ਜਿਨ੍ਹਾਂ ਨੇ ਰਲ ਕੇ ਚੋਣਾਂ ਲੜੀਆਂ ਸਨ, ਦਾ ਸਫਾਇਆ ਹੋ ਗਿਆ ਹੈ। ਭਾਰਤੀ ਜਨਤਾ ਪਾਰਟੀ ਭਾਵੇਂ ਬਹੁਮਤ ਜੋਗੀਆਂ ਸੀਟਾਂ ਹਾਸਲ ਤੋਂ ਬਹੁਤ ਪਿਛਾਂਹ ਰਹਿ ਗਈ ਹੈ ਪਰ ਇਸ ਦੀਆਂ ਦੀਆਂ ਸੀਟਾਂ ਪਿਛਲੀ ਵਾਰ 3 ਤੋਂ ਵਧ ਕੇ ਹੁਣ 77 ਹੋ ਗਈਆਂ ਹਨ। ਭਾਰਤੀ ਜਨਤਾ ਪਾਰਟੀ ਹੁਣ ਅਜਿਹੇ ਅੰਕੜੇ ਪੇਸ਼ ਕਰ ਕੇ ਆਪਣੀ 'ਜਿੱਤ' ਦੇ ਦਾਅਵੇ ਕਰ ਰਹੀ ਹੈ। ਅਸਲ ਵਿਚ ਭਾਰਤੀ ਜਨਤਾ ਪਾਰਟੀ ਪੱਛਮੀ ਬੰਗਾਲ ਦੀਆਂ ਚੋਣਾਂ ਦੌਰਾਨ ਉਹ ਕੁਝ ਕਰਨ ਵਿਚ ਨਾਕਾਮ ਰਹੀ ਹੈ ਜੋ ਇਹ ਉਤਰ ਪ੍ਰਦੇਸ਼ ਜਾਂ ਹੋਰ ਰਾਜਾਂ ਅੰਦਰ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਕਰਨ ਵਿਚ ਪੂਰੀ ਤਰ੍ਹਾਂ ਕਾਮਯਾਬ ਰਹੀ ਸੀ। ਪੱਛਮੀ ਬੰਗਾਲ ਵਿਚ ਇਹ ਧਰੁਵੀਕਰਨ ਨਹੀਂ ਕਰ ਸਕੀ। ਭਾਰਤੀ ਜਨਤਾ ਪਾਰਟੀ ਦੀਆਂ ਸਾਰੀਆਂ ਆਸਾਂ ਫਿਰਕੂ ਮੁੱਦੇ ਉਭਾਰ ਕੇ ਬਹੁਗਿਣਤੀ ਹਿੰਦੂ ਦੀਆਂ ਵੋਟਾਂ ਬਟੋਰਨ ਉਤੇ ਹੁੰਦੀਆਂ ਹਨ। ਪੱਛਮੀ ਬੰਗਾਲ ਵਿਚ ਅਜਿਹਾ ਸੰਭਵ ਨਹੀਂ ਹੋ ਸਕਿਆ, ਹਾਲਾਂਕਿ ਮੋਦੀ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਨੇ ਆਪਣੀ ਸਾਰੀ ਤਾਕਤ ਇਸ ਰਾਜ ਅੰਦਰ ਝੋਕੀ ਹੋਈ ਸੀ।

ਭਾਰਤੀ ਜਨਤਾ ਪਾਰਟੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਾਂ ਇਹ ਚੋਣਾਂ ਜਿੱਤਣ ਖਾਤਰ ਮੁਲਕ ਭਰ ਵਿਚ ਤੇਜ਼ੀ ਨਾਲ ਫੈਲ ਰਹੇ ਕਰੋਨਾ ਵਾਇਰਸ ਵੱਲ ਵੀ ਧਿਆਨ ਨਹੀਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਹੋਰ ਮੰਤਰੀ ਤੇ ਪਾਰਟੀ ਦੇ ਆਗੂ ਤਿੱਖੀ ਨੁਕਤਾਚੀਨੀ ਦੇ ਬਾਵਜੂਦ ਪੱਛਮੀ ਬੰਗਾਲ ਵਿਚ ਵੱਡੀਆਂ ਰੈਲੀਆਂ ਨੂੰ ਸੰਬੋਧਨ ਕਰਦੇ ਰਹੇ। ਜਦੋਂ ਬਹੁਤ ਜ਼ਿਆਦਾ ਰੌਲਾ-ਰੱਪਾ ਪਿਆ, ਕਰੋਨਾ ਵਾਇਰਸ ਨਾਲ ਮਰਨ ਵਾਲਿਆਂ ਦੀ ਗਿਣਤੀ ਵਧਣ ਲੱਗੀ ਅਤੇ ਅਦਾਲਤਾਂ ਨੇ ਝਾੜਾਂ ਪਾਈਆਂ ਤਾਂ ਕਿਤੇ ਜਾ ਕੇ ਮੋਦੀ ਅਤੇ ਸ਼ਾਹ ਨੇ ਆਪਣੀਆਂ ਰੈਲੀਆਂ ਬੰਦ ਕੀਤੀਆਂ ਪਰ ਇਕੱਠ ਕਰਨੇ ਫਿਰ ਵੀ ਬੰਦ ਨਹੀਂ ਕੀਤੇ। ਉਹ ਦਿੱਲੀ ਬੈਠ ਨੇ ਵਰਚੂਅਲ ਮੀਟਿੰਗਾਂ ਰਾਹੀਂ ਚੋਣ ਪ੍ਰਚਾਰ ਕਰਦੇ ਰਹੇ। ਇਸ ਮਾਮਲੇ ਵਿਚ ਚੋਣ ਕਮਿਸ਼ਨ ਦਾ ਰੋਲ ਬਹੁਤ ਮਾੜਾ ਅਤੇ ਵਿਤਕਰੇ ਵਾਲਾ ਰਿਹਾ। ਪਹਿਲਾਂ ਤਾਂ ਇਸ ਨੇ ਪੱਛਮੀ ਬੰਗਾਲ ਵਿਚ ਅੱਠ ਗੇੜਾਂ ਵਿਚ ਵੋਟਾਂ ਪਵਾਉਣ ਦਾ ਸ਼ਡਿਊਲ ਬਣਾਇਆ, ਫਿਰ ਭਾਰਤੀ ਜਨਤਾ ਪਾਰਟੀ ਨੂੰ ਫਾਇਦਾ ਪਹੁੰਚਾਉਣ ਦੇ ਹਿਸਾਬ ਨਾਲ ਤ੍ਰਿਣਮੂਲ ਕਾਂਗਰਸ ਦੇ ਲੀਡਰਾਂ ਉਤੇ ਪਾਬੰਦੀਆਂ ਲਾਈਆਂ। ਮਦਰਾਸ ਹਾਈ ਕੋਰਟ ਨੇ ਚੋਣ ਕਮਿਸ਼ਨ ਦੇ ਅਜਿਹੇ ਰਵੱਈਏ ਲਈ ਬਹੁਤ ਤਿੱਖੀ ਆਲੋਚਨਾ ਕੀਤੀ ਹੈ। ਇਸੇ ਤਰ੍ਹਾਂ ਦਿੱਲੀ ਹਾਈਕੋਰਟ ਨੇ ਕਰੋਨਾ ਵਾਇਰਸ ਦੇ ਮਾਮਲੇ ਵਿਚ ਮੋਦੀ ਸਰਕਾਰ ਦੀ ਝਾੜਝੰਬ ਕੀਤੀ ਹੈ। ਕੇਂਦਰ ਸਰਕਾਰ ਬਾਰੇ ਦਿੱਲੀ ਹਾਈਕੋਰਟ ਦੀਆ ਟਿੱਪਣੀਆਂ ਅਖਬਾਰਾਂ ਦੀਆਂ ਸੁਰਖੀਆਂ ਬਣ ਰਹੀਆਂ ਹਨ। ਕੇਂਦਰ ਸਰਕਾਰ ਦੀ ਇੰਨੀ ਜ਼ਿਆਦਾ ਬਦਨਾਮੀ ਸ਼ਾਇਦ ਹੀ ਕਦੀ ਹੋਈ ਹੋਵੇ। ਇਹ ਬਦਨਾਮੀ ਤਾਂ ਹੁਣ ਮੁਲਕ ਤੋਂ ਪਾਰ ਜਾ ਕੇ ਸੰਸਾਰ ਭਰ ਵਿਚ ਹੋ ਰਹੀ ਹੈ। ਪ੍ਰਸਿੱਧ ਕੌਮਾਂਤਰੀ ਰਸਾਲੇ 'ਟਾਈਮ' ਨੇ ਆਪਣੇ ਫਰੰਟ ਕਵਰ ਉਤੇ ਕਰੋਨਾ ਮੌਤਾਂ ਕਾਰਨ ਬਲਦੇ ਸਿਵਿਆਂ ਦੀ ਤਸਵੀਰ ਲਾਈ ਹੈ। ਆਕਸੀਜਨ ਦੀ ਤੋਟ ਅਤੇ ਅਕਸੀਜਨ ਬਾਝੋਂ ਮਰ ਅਤੇ ਵਿਲਕ ਰਹੇ ਮਰੀਜ਼ਾਂ ਬਾਰੇ ਜਿਹੜੀਆਂ ਰਿਪੋਰਟਾਂ ਮੀਡੀਆ ਵਿਚ ਨਸ਼ਰ ਹੋਈਆਂ ਹਨ, ਉਸ ਨੇ ਮੋਦੀ ਸਰਕਾਰ ਦੀ ਮਿੱਟੀ ਪਲੀਤ ਕਰ ਦਿੱਤੀ ਹੈ। ਮਰੀਜ਼ਾਂ ਨੂੰ ਮੌਕੇ ਮੁਤਾਬਿਕ ਸੰਭਾਲਣ ਵਿਚ ਮੋਦੀ ਸਰਕਾਰ ਬਿਲਕੁਲ ਨਾਕਾਮ ਸਾਬਤ ਹੋਈ ਹੈ।

ਪੰਜਾਬ ਸਰਕਾਰ ਦਾ ਹਾਲ ਵੀ ਕੇਂਦਰ ਵਿਚਲੀ ਮੋਦੀ ਸਰਕਾਰ ਤੋਂ ਕੋਈ ਬਹੁਤਾ ਵੱਖਰਾ ਨਹੀਂ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਆਪਣੀਆਂ ਸਾਰੀਆਂ ਕਾਰਵਾਈਆਂ ਅਗਲੇ ਸਾਲ 2022 ਵਿਚ ਆ ਰਹੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਹੀ ਕਰ ਰਹੇ ਹਨ। ਰਾਜ ਅੰਦਰ ਸਿਹਤ ਸਹੂਲਤਾਂ ਦਾ ਪਹਿਲਾਂ ਹੀ ਮਾੜਾ ਹਾਲ ਸੀ ਪਰ ਹੁਣ ਕਰੋਨਾ ਦੀ ਦੂਜੀ ਲਹਿਰ ਵੁੱਟਣ ਕਾਰਨ ਲੋਕ ਤ੍ਰਾਹ-ਤ੍ਰਾਹ ਕਰ ਉਠੇ ਹਨ। ਸਰਕਾਰ ਲੋਕਾਂ ਨੂੰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੀ ਥਾਂ ਸਾਰਾ ਧਿਆਨ ਦੁਬਾਰਾ ਤਾਲਾਬੰਦੀ ਕਰਨ 'ਤੇ ਲਾ ਰਹੀ ਹੈ ਪਰ ਪਹਿਲਾਂ ਹੀ ਭਰੇ-ਪੀਤੇ ਬੈਠੇ ਦੁਕਾਨਦਾਰ ਅਤੇ ਹੋਰ ਛੋਟੇ ਕਾਰੋਬਾਰੀ ਹੁਣ ਸੜਕਾਂ 'ਤੇ ਨਿੱਕਲ ਆਏ ਹਨ। ਉਨ੍ਹਾਂ ਦੀ ਦਲੀਲ ਹੈ ਕਿ ਉਨ੍ਹਾਂ ਦਾ ਕਾਰੋਬਾਰ ਹੁਣ ਕਿਤਾ ਜਾ ਕੇ ਰੁੜ੍ਹਨਾ ਸ਼ੁਰੂ ਹੋਇਆ ਸੀ ਕਿ ਸਰਕਾਰ ਫਿਰ ਤਾਲਾਬੰਦੀ ਵੱਲ ਵਧ ਰਹੀ ਹੈ। ਇਸ ਤਿੱਖੇ ਵਿਰੋਧ ਕਾਰਨ ਕੈਪਟਨ ਸਰਕਾਰ ਨੂੰ ਫਿਲਹਾਲ ਮੁਕੰਮਲ ਤਾਲਾਬੰਦੀ ਤੋਂ ਪਿਛਾਂਹ ਹਟਣਾ ਪਿਆ ਹੈ। ਅਸਲ ਵਿਚ ਕੈਪਟਨ ਸਰਕਾਰ ਆਪਣੀਆਂ ਨਾਕਾਮੀਆਂ ਲੁਕੋਣ ਲਈ ਹਰ ਹਰਬਾ ਵਰਤ ਰਹੀ ਹੈ ਅਤੇ ਚਾਹੁੰਦੀ ਹੈ ਕਿ ਲੋਕਾਂ ਨੂੰ ਘਰਾਂ ਅੰਦਰ ਤਾੜ ਕੇ ਹੀ ਰੱਖਿਆ ਜਾਵੇ। ਸਿਆਸੀ ਮਾਹਿਰਾਂ ਅਨੁਸਾਰ ਕੈਪਟਨ ਸਰਕਾਰ ਨੇ ਚੋਣਾਂ ਕਾਰਨ ਹੀ ਕਿਸਾਨ ਅੰਦੋਲਨ ਵੱਲ ਵੀ ਫਿਲਹਾਲ ਨਰਮ ਰੁਖ ਅਪਣਾਇਆ ਹੋਇਆ ਸੀ। ਪਹਿਲਾਂ-ਪਹਿਲ ਇਸ ਨੇ ਪਿਛਲੇ ਸਾਲ ਕਿਸਾਨ ਅੰਦੋਲਨ ਨੂੰ ਫੈਲਣ ਤੋਂ ਰੋਕਣ ਲਈ ਸਖਤੀ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਕਿਸਾਨ ਜਥੇਬੰਦੀਆਂ ਦੀਆਂ ਲਗਾਤਾਰ ਸਰਗਰਮੀਆਂ ਕਾਰਨ ਸਰਕਾਰ ਦੀ ਕੋਈ ਪੇਸ਼ ਨਹੀਂ ਗਈ ਅਤੇ ਇਸ ਨੂੰ ਕਿਸਾਨਾਂ ਖਿਲਾਫ ਦਰਜ ਕੇਸ ਵੀ ਵਾਪਸ ਲੈਣੇ ਪਏ ਸਨ। ਜ਼ਾਹਿਰ ਹੈ ਕਿ ਸਰਕਾਰ ਭਾਵੇਂ ਕਿਸੇ ਦੀ ਵੀ ਹੋਵੇ, ਸਿਆਸੀ ਜਮਾਤ ਦਾ ਮੁੱਖ ਸਰੋਕਾਰ ਚੋਣਾਂ ਜਿੱਤਣਾ ਹੀ ਰਹਿ ਜਾਂਦਾ ਹੈ। ਲੋਕਾਂ ਨੂੰ ਇਸ ਪਾਸੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### ਬੂਟ ਬਨਾਮ ਚਪਲਾਂ!

ਗਲੀ ਗਲੀ ਵਿਚ ਫਿਰੀ 'ਸਰਕਾਰ' ਭਾਵੇਂ, ਰੂਪ ਧਾਰ ਕੇ 'ਨਾਥ ਟੈਗੋਰ' ਵਾਲਾ।
ਫਿਰਕੂ ਸੋਚ ਦਾ ਚਾੜ੍ਹਿਆ ਰੰਗ ਪੂਰਾ, ਕਾਲੀ ਸ਼ਾਹ ਜਿਹੀ ਘਟਾ ਘਨਘੋਰ ਵਾਲਾ।
ਛੱਡੀ ਕਸਰ ਨਾ ਕੋਈ ਕਮੀਨਗੀ ਦੀ, ਦਾਅ ਵਰਤਿਆ ਜ਼ੁਲਮ ਤੇ ਜੋਰ ਵਾਲਾ।
ਚਪਲਾਂ ਪੈ ਗਈਆਂ ਬੂਟਾਂ 'ਤੇ ਬਹੁਤ ਭਾਰੀ, ਭੋਗ ਪਾ ਦਿੱਤਾ ਜਿੱਤਣ ਦੇ 'ਸ਼ੋਰ' ਵਾਲਾ।
ਫਾਸ਼ੀਵਾਦੀਏ ਸੀਗੇ ਮਗਰੂਰ ਬਹੁਤੇ, ਜਿਨ੍ਹਾਂ ਕਾਰਨੇ ਛਾਈਆਂ ਕੰਗਾਲੀਆਂ ਨੇ।
ਕਿਵੇਂ ਰੋਕੀਦਾ 'ਨਫਰਤੀ ਫੁੱਲ' ਖਿੜਨੋਂ, ਦਿੱਤਾ ਜਨਤਾ ਨੂੰ ਦੱਸ ਬੰਗਾਲੀਆਂ ਨੇ!

# ਬੰਗਾਲ ਦੀਆਂ ਚੋਣਾਂ ਅਤੇ ਸਿਆਸਤ ਦੇ ਰੰਗ

*ਪੱਛਮੀ ਬੰਗਾਲ ਦੇ ਚੋਣ ਨਤੀਜਿਆਂ ਨੇ ਸਭ ਨੂੰ ਸੁਖ ਦਾ ਸਾਹ ਦਿਵਾਇਆ ਹੈ। ਸਿਆਸੀ ਮਾਹਿਰਾਂ ਮੁਤਾਬਿਕ, ਇਹ ਸੰਭਵ ਹੈ ਕਿ ਇਸ ਹਾਰ ਨਾਲ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੂੰ ਕੋਈ ਬਹੁਤਾ ਫਰਕ ਨਾ ਪਵੇ, ਕਿਉਂਕਿ ਉਹ ਆਪਣੀ ਜ਼ਹਿਰੀਲੀ ਸਿਆਸਤ ਵਿਚ ਅੰਨ੍ਹੀ ਹੋ ਕੇ ਲੱਗੀ ਹੋਈ ਹੈ ਪਰ ਇਹ ਗੱਲ ਸਾਫ ਹੈ ਕਿ ਜੇ ਕਿਤੇ ਪੱਛਮੀ ਬੰਗਾਲ ਵਿਚ ਇਸ ਪਾਰਟੀ ਦੀ ਜਿੱਤ ਹੋ ਜਾਂਦੀ ਤਾਂ ਇਸ ਦੀ ਸਿਆਸਤ ਹੋਰ ਬੇਕਾਬੂ ਅਤੇ ਹੋਰ ਨਿਰਦਈ ਜ਼ਰੂਰ ਹੋ ਜਾਣੀ ਸੀ। ਉਘੇ ਪੱਤਰਕਾਰ ਅਭੈ ਕੁਮਾਰ ਦੂਬੇ ਆਪਣੇ ਇਸ ਲੇਖ ਵਿਚ ਤ੍ਰਿਣਮੂਲ ਕਾਂਗਰਸ ਦੀ ਆਗੂ ਮਮਤਾ ਬੈਨਰਜੀ ਦੀ ਜਿੱਤ ਬਾਰੇ ਚਰਚਾ ਕੀਤੀ ਹੈ।*

ਬੰਗਾਲ ਦੇ ਚੋਣ ਯੁੱਧ ਵਿਚ ਮਮਤਾ ਬੈਨਰਜੀ ਦੀ ਬੇਮਿਸਾਲ ਜਿੱਤ ਦਾ ਵਿਸ਼ਲੇਸ਼ਣ ਕਰਦਿਆਂ ਇਕ ਟੀ.ਵੀ. ਐਂਕਰ ਨੇ ਸਿੱਟਾ ਕੱਢਿਆ ਹੈ ਕਿ ਘੱਟ ਗਿਣਤੀ ਦੀਆਂ ਬਹੁਗਿਣਤੀ ਵੋਟਾਂ, ਔਰਤਾਂ ਦੀਆਂ ਵੋਟਾਂ ਅਤੇ ਬਹੁਗਿਣਤੀ ਦੀਆਂ ਘੱਟ ਗਿਣਤੀ ਵੋਟਾਂ ਨੇ ਮਿਲ ਕੇ ਦੀਦੀ ਨੂੰ ਦੋ ਤਿਹਾਈ ਬਹੁਮਤ ਦਿਵਾਇਆ ਹੈ। ਇਸ ਤੋਂ ਇਹ ਸਮਝਿਆ ਜਾ ਸਕਦਾ ਹੈ ਕਿ ਹਿੰਦੂ ਵੋਟਾਂ ਦੀਦੀ ਨੂੰ ਬਹੁਤ ਘੱਟ ਮਿਲੀਆਂ, ਮੁਸਲਮਾਨ ਵੋਟਾਂ ਦਾ ਬਹੁਤ ਵੱਡਾ

**ਅਭੈ ਕੁਮਾਰ ਦੂਬੇ**

ਹਿੱਸਾ ਮਿਲਿਆ ਅਤੇ ਔਰਤਾਂ ਨੇ ਉਨ੍ਹਾਂ ਨੂੰ ਰੱਜ ਕੇ ਵੋਟਾਂ ਪਾਈਆਂ ਪਰ ਇਹ ਦਲੀਲ ਸਪਸ਼ਟ ਨਹੀਂ ਹੈ ਕਿ ਜਿਸ ਘੱਟ ਗਿਣਤੀ ਅਤੇ ਜਿਸ ਬਹੁਗਿਣਤੀ ਦਾ ਇੱਥੇ ਜ਼ਿਕਰ ਕੀਤਾ ਜਾ ਰਿਹਾ ਹੈ, ਉਸ ਵਿਚ ਔਰਤਾਂ ਸ਼ਾਮਿਲ ਹਨ ਜਾਂ ਨਹੀਂ? ਬੰਗਾਲ ਦੇ ਵੋਟਰ ਮੰਡਲ ਵਿਚ 48-49 ਫੀਸਦੀ ਔਰਤਾਂ ਸ਼ਾਮਿਲ ਹਨ। ਇਹ ਹਿੰਦੂ ਵੀ ਹਨ ਅਤੇ ਮੁਸਲਮਾਨ ਵੀ। ਜੇ ਹਿੰਦੂਆਂ ਦੀਆਂ ਅੱਧੀਆਂ ਵੋਟਾਂ ਦਾ ਵੱਡਾ ਹਿੱਸਾ ਮਮਤਾ ਬੈਨਰਜੀ ਨੂੰ ਮਿਲਿਆ ਹੈ ਤਾਂ ਫਿਰ ਇਹ ਕਿਵੇਂ ਹੋ ਸਕਦਾ ਹੈ ਕਿ ਉਨ੍ਹਾਂ ਦੀ ਪਾਰਟੀ ਨੂੰ ਹਿੰਦੂ ਵੋਟਾਂ ਬਹੁਤ ਘੱਟ ਮਿਲੀਆਂ ਹੋਣ। ਮਮਤਾ ਨੂੰ ਮਿਲਣ ਵਾਲੀਆਂ ਹਿੰਦੂ ਵੋਟਾਂ ਭਾਜਪਾ ਤੋਂ ਕੁਝ ਘੱਟ ਤਾਂ ਹੋ ਸਕਦੀਆਂ ਹਨ ਪਰ ਉਹ ਬਹੁਤ ਘੱਟ ਜਾਂ ਘੱਟ ਗਿਣਤੀ ਦੀ ਸ਼੍ਰੇਣੀ ਵਿਚ ਨਹੀਂ ਆ ਸਕਦੀਆਂ।

ਦਰਅਸਲ, ਜਿਸ ਪਾਰਟੀ ਨੂੰ 48 ਫੀਸਦੀ ਵੋਟਾਂ ਅਤੇ ਉਸ ਕਾਰਨ 214 ਸੀਟਾਂ ਮਿਲੀਆਂ ਹੋਣ, ਉਸ ਨੂੰ ਸਮਾਜ ਦੇ ਹਰ ਤਬਕੇ ਦਾ ਸਮਰਥਨ ਮਿਲੇ ਬਿਨਾਂ ਇਸ ਤਰ੍ਹਾਂ ਦਾ ਬਹੁਮਤ ਨਹੀਂ ਮਿਲ ਸਕਦਾ। ਸੀ.ਐਸ.ਡੀ.ਐਸ. ਲੋਕਨੀਤੀ ਵਲੋਂ ਵੋਟਾਂ ਤੋਂ ਬਾਅਦ ਕੀਤੇ ਗਏ ਸਰਵੇਖਣ ਦੇ ਅੰਕੜੇ ਮੋਟੇ ਤੌਰ 'ਤੇ ਦੱਸਦੇ ਹਨ ਕਿ ਹਿੰਦੂ ਵੋਟਾਂ ਦਾ ਕਰੀਬ 40 ਫੀਸਦੀ ਤ੍ਰਿਣਮੂਲ ਕਾਂਗਰਸ ਮਿਲਿਆ ਹੈ। ਮੁਸਲਮਾਨ ਵੋਟਾਂ ਦਾ 70 ਫੀਸਦੀ ਵੀ ਉਸ ਦੇ ਖਾਤੇ ਵਿਚ ਪਿਆ ਹੈ। ਔਰਤਾਂ ਦੀਆਂ ਵੋਟਾਂ ਵਿਚ ਵੀ ਤ੍ਰਿਣਮੂਲ ਨੂੰ ਭਾਜਪਾ 'ਤੇ ਚੜ੍ਹਤ ਪ੍ਰਾਪਤ ਹੋਈ ਹੈ। ਹਰ ਸੌ ਔਰਤ ਵੋਟਰਾਂ ਵਿਚੋਂ ਮਮਤਾ ਨੂੰ 50 ਨੇ ਵੋਟਾਂ ਪਾਈਆਂ ਹੋਣਗੀਆਂ ਅਤੇ ਭਾਜਪਾ ਨੂੰ 37 ਔਰਤਾਂ ਨੇ। ਇਸੇ ਤਰ੍ਹਾਂ ਕਮਜ਼ੋਰ ਜਾਤਾਂ ਦੀ ਚਰਚਾ ਕੀਤੀ ਜਾਵੇ ਤਾਂ ਤਸਵੀਰ ਕੁਝ ਜ਼ਿਆਦਾ ਵੱਖ ਦਿਖਾਈ ਨਹੀਂ ਦਿੰਦੀ। ਜਿਨ੍ਹਾਂ ਹਲਕਿਆਂ ਵਿਚ ਮਤੂਆ (ਨਾਮਸ਼ੂਦਰ) ਵੋਟਰਾਂ ਨਿਰਣਾਇਕ ਸਨ, ਉਥੇ ਵੀ ਤ੍ਰਿਣਮੂਲ ਨੇ ਬਾਜ਼ੀ ਮਾਰੀ ਹੈ। ਇਸ ਸਰਵੇਖਣ ਵਿਚ ਸਾਫ ਤੌਰ 'ਤੇ ਦਿਖਾਈ ਦਿੰਦਾ ਹੈ ਕਿ ਪਛੜੀਆਂ ਜਾਤਾਂ ਅਤੇ ਅਨੁਸੂਚਿਤ ਜਾਤਾਂ ਵਿਚ ਵੀ ਪੱਲੜਾ ਮਮਤਾ ਦੇ ਪੱਖ ਵਿਚ ਹੀ ਝੁਕਿਆ ਰਿਹਾ ਹੈ।

ਇਨ੍ਹਾਂ ਅੰਕੜਿਆਂ ਨੇ ਇਕ ਗੱਲ ਨਿਰਵਿਵਾਦ ਰੂਪ ਨਾਲ ਸਾਫ ਕਰ ਦਿੱਤੀ ਹੈ ਕਿ ਬੰਗਾਲ ਵਿਚ ਕਿਸੇ ਕਿਸਮ ਦੀ ਸਰਕਾਰ ਵਿਰੋਧੀ ਭਾਵਨਾ ਨਹੀਂ ਸੀ, ਸਰਕਾਰ ਵਿਰੋਧੀ ਲਹਿਰ ਦੀ ਗੱਲ ਤਾਂ ਛੱਡ ਹੀ ਦੇਣੀ ਚਾਹੀਦੀ ਹੈ। ਬਿਹਾਰ ਤੋਂ ਬਾਅਦ ਇਹ ਦੂਜਾ ਮੌਕਾ ਹੈ ਜਦੋਂ ਸਰਕਾਰ ਵਿਰੋਧੀ ਭਾਵਨਾਵਾਂ ਬਾਰੇ ਮੀਡੀਆ ਵਲੋਂ ਕੀਤੇ ਦਾਅਵੇ ਗਲਤ ਨਿਕਲੇ ਹਨ। ਸਿੱਟੇ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਸਰਕਾਰ ਵਿਰੋਧੀ ਭਾਵਨਾ ਦੋ ਤਰ੍ਹਾਂ ਦੀ ਹੁੰਦੀ ਹੈ। ਇਕ ਉਹ ਜੋ ਸੁਭਾਵਿਕ ਤੌਰ 'ਤੇ ਜ਼ਮੀਨ 'ਤੇ ਮੌਜੂਦ ਹੁੰਦੀ ਹੈ ਅਤੇ ਹਰ ਸਰਕਾਰ ਨੂੰ ਕਿਸੇ ਨਾ ਕਿਸੇ ਰੂਪ ਵਿਚ ਉਸ ਦਾ ਸਾਹਮਣਾ ਕਰਨਾ ਪੈਂਦਾ ਹੀ ਹੈ। ਦੂਜੀ ਉਹ ਜੋ ਮੀਡੀਆ ਵਾਲੇ ਦਿਖਾਉਂਦੇ ਹਨ; ਭਾਵ ਜੋ ਪੱਤਰਕਾਰਾਂ ਵਲੋਂ ਘੜੀ ਜਾਂਦੀ ਹੈ। ਬਿਹਾਰ ਵਿਚ ਨਿਤੀਸ਼ ਕੁਮਾਰ ਦੇ ਖਿਲਾਫ ਵੀ ਇਸੇ ਤਰ੍ਹਾਂ ਦੀ ਸਰਕਾਰ ਵਿਰੋਧੀ ਭਾਵਨਾ ਦਿਖਾਈ ਜਾ



ਰਹੀ ਸੀ। ਬੰਗਾਲ ਵਿਚ ਤਾਂ ਇਸ ਬਾਰੇ ਵਿਚ ਪਰਲੇ ਦਰਜੇ ਦੀਆਂ ਗੱਲਾਂ ਬੇਹੱਦ ਵਧਾ-ਚੜ੍ਹਾ ਕੇ ਪੇਸ਼ ਕੀਤੀਆਂ ਜਾ ਰਹੀਆਂ ਸਨ। ਬੰਗਾਲ ਦੀ ਜ਼ਮੀਨ ਨਾਲ ਤਾਅਲੁਕ ਰੱਖਣ ਦਾ ਦਾਅਵਾ ਕਰਨ ਵਾਲੀ ਅਤੇ ਚੋਣਾਂ ਦੌਰਾਨ ਪੂਰੇ ਪ੍ਰਦੇਸ਼ ਵਿਚ ਰਿਪੋਰਟਿੰਗ ਕਰਨ ਵਾਲੀ ਇਕ ਰਿਪੋਰਟਰ ਦਾ ਤਾਂ ਇੱਥੋਂ ਤੱਕ ਕਹਿਣਾ ਸੀ ਕਿ ਭਾਜਪਾ ਦੀ ਜਿੱਤ ਦੀਆਂ ਸੰਭਾਵਨਾਵਾਂ 175 ਸੀਟਾਂ ਤੋਂ ਸ਼ੁਰੂ ਹੋਣ ਵਾਲੀਆਂ ਹਨ; ਭਾਵ ਉਸ ਨੂੰ ਪੌਣੇ ਦੋ ਸੌ ਸੀਟਾਂ ਮਿਲਣਗੀਆਂ। ਇਹ ਪੱਤਰਕਾਰ ਵੋਟਾਂ ਦੀ ਗਿਣਤੀ ਦੇ ਦਿਨ ਸਵੇਰੇ ਸੱਤ ਵਜੇ ਤੱਕ ਟੀ.ਵੀ. 'ਤੇ ਇਹੀ ਦਾਅਵਾ ਕਰ ਰਹੀ ਸੀ।

ਇਸ ਤਰ੍ਹਾਂ ਬੁੱਧੀਜੀਵੀ ਹੋਣ ਦਾ ਦਾਅਵਾ ਕਰਨ ਵਾਲੇ ਇਕ ਸੱਜਣ ਆਪਣੇ ਯੂ-ਟਿਊਬ ਇੰਟਰਵਿਊ ਵਿਚ ਵਿਸਥਾਰ ਨਾਲ ਵਿਸ਼ਲੇਸ਼ਣ ਕਰਦਿਆਂ ਸਰਕਾਰ ਵਿਰੋਧੀ ਲਹਿਰ ਦੀ ਤਸਵੀਰ ਖਿੱਚ ਰਹੇ ਸਨ। ਇਸ 'ਜ਼ਮੀਨ ਨਾਲ ਜੁੜੀ' ਪੱਤਰਕਾਰ ਅਤੇ 'ਸੱਜਣ' ਬੁੱਧੀਜੀਵੀ ਦੀ ਦਲੀਲ ਉਹੀ ਸੀ ਜੋ ਭਾਜਪਾ ਦੇ ਸੂਬਾ ਪ੍ਰਧਾਨ ਦਿਲੀਪ ਘੋਸ਼ ਵਾਰ-ਵਾਰ ਦੇ ਰਹੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਬੰਗਾਲ ਦਾ ਵੋਟਰ ਤ੍ਰਿਣਮੂਲ ਕਾਂਗਰਸ ਦੀ ਦਾਦਾਗਿਰੀ ਤੋਂ ਡਰਿਆ ਹੋਇਆ ਹੈ। ਇਸ ਲਈ ਉਹ ਸਰਵੇਖਣਾਂ ਵਿਚ ਇਹ ਕਹਿਣ ਤੋਂ ਪਰਹੇਜ਼ ਕਰਦਾ ਹੈ ਕਿ ਬੰਗਾਲ ਵਿਚ ਇਸ ਵਾਰ ਤਬਦੀਲੀ ਹੋਣ ਵਾਲੀ ਹੈ। ਚੋਣ ਸਿੱਟਿਆਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਇਹ ਸਭ ਗੱਲਾਂ ਜਾਂ ਤਾਂ ਗਲਤਫਹਿਮੀ ਸੀ, ਜਾਂ ਫਿਰ ਜਾਣਬੁੱਝ ਕੇ ਬੋਲਿਆ ਜਾਣ ਵਾਲਾ ਝੂਠ ਸੀ।

ਬੰਗਾਲ ਵਿਚ ਸਰਕਾਰ ਵਿਰੋਧੀ ਭਾਵਨਾਵਾਂ ਦੇਖਣ 'ਤੇ ਤੁਲੇ ਲੋਕਾਂ ਨੇ ਇਕ ਦੂਜੀ ਹਕੀਕਤ ਵਲੋਂ ਅੱਖਾਂ ਮੀਟ ਰੱਖੀਆਂ ਸਨ। ਉਹ ਹਕੀਕਤ ਹੈ ਮਮਤਾ ਬੈਨਰਜੀ ਵਲੋਂ ਸਥਾਨਕ ਪੱਧਰ 'ਤੇ ਭ੍ਰਿਸ਼ਟਾਚਾਰ ਕਰਨ ਵਾਲੇ ਤ੍ਰਿਣਮੂਲ ਕਾਂਗਰਸ ਦੇ ਆਗੂਆਂ ਅਤੇ ਵਰਕਰਾਂ ਨੂੰ ਨੱਥ ਪਾਉਣ ਦੀ ਕਾਰਵਾਈ। ਇਸ ਦੀਆਂ ਬਹੁਤ ਮਿਸਾਲਾਂ ਹਨ; ਜਿਵੇਂ ਦੱਖਣੀ 24 ਪਰਗਨਾ ਅਤੇ ਡਾਇਮੰਡ ਹਾਰਬਰ ਵਿਚ ਮਮਤਾ ਨੇ ਖੁਦ ਸ਼ੌਕਤ ਮੁੱਲਾ ਅਤੇ ਅਬਦੁੱਲ ਇਸਲਾਮ ਵਰਗੇ ਆਪਣੇ ਆਗੂਆਂ ਨੂੰ ਮਜਬੂਰ ਕੀਤਾ ਕਿ ਉਹ ਜਨਤਾ ਤੋਂ ਜਬਰੀ ਉਗਰਾਹੀਆਂ ਰਕਮਾਂ ਮੋੜਨ। ਉਸ ਤਰ੍ਹਾਂ ਦੀਆਂ ਘਟਨਾਵਾਂ ਨੇ ਮਮਤਾ ਦੇ ਅਕਸ ਨੂੰ ਜਨਤਾ ਦੀਆਂ ਨਜ਼ਰਾਂ ਵਿਚ ਅਸਮਾਨ ਦੀਆਂ ਉਚਾਈਆਂ 'ਤੇ ਪਹੁੰਚਾ ਦਿੱਤਾ। ਅਸਲ ਵਿਚ 2019 ਦੀਆਂ ਲੋਕ ਸਭਾ ਚੋਣਾਂ ਵਿਚ ਜਦੋਂ ਨਤੀਜੇ ਆਸ ਤੋਂ ਉਲਟ ਨਿਕਲੇ ਸਨ ਤਾਂ ਮਮਤਾ ਹੈਰਾਨ ਹੋਈ ਸੀ। ਉਨ੍ਹਾਂ ਨੇ ਦੋ ਪਾਸੜ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ ਸੀ।

ਇਕ ਪਾਸੇ ਤਾਂ ਉਨ੍ਹਾਂ ਨੇ ਸਾਰੇ ਬੰਗਾਲ ਵਿਚ ਹੇਠਲੇ ਪੱਧਰ 'ਤੇ ਫੈਲੇ ਭ੍ਰਿਸ਼ਟਾਚਾਰ ਨੂੰ ਸੀਮਤ ਕਰਨ ਦੀ ਮੁਹਿੰਮ ਚਲਾਈ ਤਾਂ ਕਿ ਆਮ ਲੋਕਾਂ ਵਿਚ ਪਾਰਟੀ ਖਿਲਾਫ ਵਧ ਰਹੀ ਨਾਰਾਜ਼ਗੀ ਦੂਰ ਕੀਤੀ ਜਾ ਸਕੇ; ਦੂਜੇ ਪਾਸੇ ਉਸ ਨੇ ਆਪਣੀ ਸਰਕਾਰ ਦੇ ਅਕਸ ਨੂੰ ਮਜ਼ਬੂਤ ਕਰਨ ਦਾ ਨਿਰਣਾ ਕੀਤਾ। ਰੂਪਾਸ੍ਰੀ (ਵਿਆਹੀਆਂ ਔਰਤਾਂ ਲਈ), ਕੰਨਿਆਸ੍ਰੀ (ਵਿਦਿਆਰਥਣਾਂ ਲਈ) ਅਤੇ ਸਬੁਜ ਸਾਥੀ (ਕਿਸਾਨਾਂ ਲਈ) ਵਰਗੀਆਂ ਸਕੀਮਾਂ ਪਹਿਲਾਂ ਤੋਂ ਹੀ ਚੱਲ ਰਹੀਆਂ ਸਨ। ਇਹ ਸਕੀਮਾਂ ਬੰਗਾਲ ਦੇ ਔਰਤ ਸਮਾਜ ਅਤੇ ਗਰੀਬ ਕਿਸਾਨਾਂ ਨੂੰ ਚੋਖਾ ਪ੍ਰਭਾਵਿਤ ਕਰਨ ਵਾਲੀਆਂ ਸਨ। ਮਮਤਾ ਬੈਨਰਜੀ ਨੇ ਇਸ ਵਿਚ 'ਦੁਆਰੇ ਸਰਕਾਰ' ਅਤੇ 'ਦੀਦੀ ਕੇ ਬੋਲੋ' ਨੂੰ ਹੋਰ ਜੋੜਿਆ। ਦੁਆਰੇ ਸਰਕਾਰ ਕਾਰਨ ਲੋਕਾਂ ਨੂੰ ਲੱਗਾ ਕਿ ਸਰਕਾਰ ਉਨ੍ਹਾਂ ਦੀ ਦਹਿਲੀਜ਼ ਤੱਕ ਪਹੁੰਚ ਸਕਦੀ ਹੈ ਅਤੇ 'ਦੀਦੀ ਕੇ ਬੋਲੋ' ਰਾਹੀਂ ਉਹ ਕੇਂਦਰੀਕ੍ਰਿਤ ਫੋਨ ਨੰਬਰ 'ਤੇ ਆਪਣੀਆਂ ਸ਼ਿਕਾਇਤਾਂ ਮੁੱਖ ਮੰਤਰੀ ਤੱਕ ਪਹੁੰਚਾਉਣ ਲੱਗੇ ਸਨ। ਇਸੇ ਤਰ੍ਹਾਂ ਸਰਕਾਰੀ ਸਕੂਲਾਂ ਵਿਚ ਬੱਚਿਆਂ ਨੂੰ ਹਫਤੇ ਵਿਚ ਦੋ ਦਿਨ ਆਂਡੇ ਮਿਲਣ ਲੱਗੇ। ਉਨ੍ਹਾਂ ਨੇ ਇਹ ਯਕੀਨੀ ਬਣਾਇਆ ਕਿ ਅਨੁਸੂਚਿਤ ਜਾਤਾਂ ਦੇ ਲੋਕਾਂ ਨੂੰ ਐਸ.ਸੀ. ਪ੍ਰਮਾਣ ਪੱਤਰ ਬਣਾ ਕੇ ਬਿਨਾਂ ਕਿਸੇ ਖਰਚੇ ਦੇ ਸਹੂਲਤਾਂ ਦਿੱਤੀਆਂ ਜਾਣ।

ਬੰਗਾਲ ਦੀਆਂ ਚੋਣਾਂ ਵਿਚ ਨਾ ਬੁੱਝੀ ਜਾ ਸਕਣ ਵਾਲੀ ਗੁੰਝਲ ਇਹ ਸੀ ਕਿ ਕਾਂਗਰਸ ਅਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਗੱਠਜੋੜ ਦਾ ਪ੍ਰਦਰਸ਼ਨ ਕਿਹੋ ਜਿਹਾ ਹੋਵੇਗਾ? ਉਨ੍ਹਾਂ ਨੂੰ ਜੋ ਵੋਟਾਂ ਮਿਲਣਗੀਆਂ, ਉਨ੍ਹਾਂ ਨਾਲ ਕਿਸ ਦਾ ਨੁਕਸਾਨ ਹੋਵੇਗਾ ਅਤੇ ਕਿਸ ਦਾ ਫਾਇਦਾ ਹੋਵੇਗਾ? ਇਹ ਗੱਠਜੋੜ ਦੋ ਤਰ੍ਹਾਂ ਦੀ ਭੂਮਿਕਾ ਨਿਭਾਅ ਸਕਦਾ ਸੀ। ਪਹਿਲਾ ਇਹ ਕਿ ਗੱਠਜੋੜ ਭਾਜਪਾ ਤੋਂ ਆਪਣੀਆਂ ਉਨ੍ਹਾਂ ਵੋਟਾਂ ਦਾ ਇਕ ਹਿੱਸਾ ਵਾਪਸ ਲੈ ਸਕਦਾ ਸੀ ਜੋ ਲੋਕ ਸਭਾ ਚੋਣਾਂ ਵਿਚ ਇਨ੍ਹਾਂ ਪਾਰਟੀਆਂ ਦੇ ਹੱਥੋਂ ਕਿਰ ਗਈਆਂ ਸਨ। ਇਸ ਸੂਰਤ ਵਿਚ ਉਹ ਭਾਜਪਾ ਦਾ ਨੁਕਸਾਨ ਕਰ ਸਕਦਾ ਸੀ। ਦੂਜੀ ਸਥਿਤੀ ਇਹ ਹੋ ਸਕਦੀ ਸੀ ਕਿ ਇੰਡੀਅਨ ਸੈਕੂਲਰ ਫਰੰਟ ਵਰਗੀ ਪਾਰਟੀ ਨਾਲ ਮਿਲ ਕੇ ਇਹ ਗੱਠਜੋੜ ਮੁਸਲਮਾਨ ਵੋਟਾਂ ਵੰਡ ਦਿੰਦਾ ਅਤੇ ਇਸੇ ਤਰ੍ਹਾਂ ਮਮਤਾ ਬੈਨਰਜੀ ਦਾ ਨੁਕਸਾਨ ਕਰਦਾ। ਸਿੱਟੇ ਇਹ ਦੱਸਦੇ ਹਨ ਕਿ ਇਹ ਗੱਠਜੋੜ ਦੋਵਾਂ ਕੰਮਾਂ ਵਿਚ ਹੀ ਨਾਕਾਮ ਰਿਹਾ। ਨਾ ਤਾਂ ਉਸ ਨੇ ਭਾਜਪਾ ਤੋਂ ਆਪਣੀਆਂ ਵੋਟਾਂ ਵਾਪਸ ਲਈਆਂ ਅਤੇ ਨਾ ਹੀ ਮੁਸਲਮਾਨ ਵੋਟਰਾਂ ਵਿਚ ਉਸ ਪ੍ਰਤੀ ਕੋਈ ਆਕਰਸ਼ਣ ਪੈਦਾ ਹੋ ਸਕਿਆ। ਇਸ ਗੱਠਜੋੜ ਨੂੰ ਤਿਆਰ ਕਰਨ ਵਿਚ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਆਗੂ ਮੁਹੰਮਦ ਸਲੀਮ ਨੇ ਮੁੱਖ ਭੂਮਿਕਾ ਨਿਭਾਈ ਸੀ। ਉਹ ਖੁਦ ਆਪਣੀ ਚੋਣ ਬਹੁਤ ਵੱਡੇ ਅੰਤਰ ਨਾਲ ਹਾਰ ਗਏ ਹਨ।

ਇਕ ਹੋਰ ਗੱਲ ਸੀ ਜਿਸ ਨੂੰ ਅੰਗਰੇਜ਼ੀ ਵਿਚ 'ਬੰਗਾਲੀ ਅਕਸਪ੍ਰੈਸ਼ਨ' ਕਹਿੰਦੇ ਹਨ। ਇਸ ਦਾ ਮਤਲਬ ਇਹ ਹੁੰਦਾ ਹੈ ਕਿ ਬੰਗਾਲੀਆਂ ਦਾ ਆਪਣੀ ਭਾਸ਼ਾ, ਸਭਿਆਚਾਰ, ਪਹਿਰਾਵੇ, ਖਾਣ-ਪੀਣ ਅਤੇ ਬੰਗਾਲੀਅਤ ਨਾਲ ਬਹੁਤ ਪਿਆਰ ਹੈ। ਭਾਜਪਾ ਦੀ ਚੋਣ ਮੁਹਿੰਮ ਦਾ ਲਹਿਜਾ ਅਤੇ ਰਵੱਈਆ ਇਸ ਬੰਗਾਲੀਅਤ ਲਈ ਖੁੱਲ੍ਹਾ ਖਤਰਾ ਸੀ। ਇਸ ਦਾ ਉਲਟਾ ਅਸਰ ਪੈਣਾ ਸੁਭਾਵਿਕ ਹੀ ਸੀ। ਹਰ ਬੰਗਾਲੀ ਹਿੰਦੀ ਸਮਝਦਾ ਹੈ, ਹਿੰਦੀ ਫਿਲਮਾਂ ਵੀ ਦੇਖਦਾ ਹੈ, ਹਿੰਦੀ ਫਿਲਮਾਂ ਵਿਚ ਬੰਗਾਲੀਆਂ ਦਾ ਯੋਗਦਾਨ ਵੀ ਇਤਿਹਾਸਕ ਹੈ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਹਿੰਦੀ ਵਿਚ ਦਿੱਤੇ ਗਏ ਭਾਸ਼ਣ ਉਨ੍ਹਾਂ 'ਤੇ ਥੋਪ ਦਿੱਤੇ ਜਾਣ। ਭਾਜਪਾ ਨੇ ਜ਼ਿਦ ਕਰ ਕੇ ਇਹੀ ਕੀਤਾ। ਉਸ ਨੇ ਮਮਤਾ ਬੈਨਰਜੀ ਦੇ ਮੁਕਾਬਲੇ ਕੋਈ ਬੰਗਾਲੀ ਚਿਹਰਾ ਉਤਾਰਨਾ ਜ਼ਰੂਰੀ ਨਹੀਂ ਸਮਝਿਆ। ਜ਼ਾਹਰਾ ਤੌਰ 'ਤੇ ਭਾਜਪਾ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਹੀ ਪੈਣਾ ਸੀ।

## ਇਹ ਸਰਕਾਰ ਦੀ ਅਸਫਲਤਾ ਨਹੀਂ

# ਅਸੀਂ ਮਨੁੱਖਤਾ ਖਿਲਾਫ ਜੁਰਮਾਂ ਦੇ ਗਵਾਹ ਬਣ ਰਹੇ ਹਾਂ

***ਭਾਰਤ ਵਿਚ ਕਰੋਨਾ ਵਾਇਰਸ ਦੀ ਦੂਜੀ ਲਹਿਰ ਨੇ ਮੁਲਕ ਦਾ ਸਾਰਾ ਢਾਂਚਾ ਹਿਲਾ ਦਿੱਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਸਾਰੇ ਸਾਥੀ ਜਦੋਂ ਪੱਛਮੀ ਬੰਗਾਲ ਵਿਚ ਚੋਣ ਪ੍ਰਚਾਰ ਵਿਚ ਰੁੱਝੇ ਹੋਏ ਸਨ ਤਾਂ ਮੁਲਕ ਦੇ ਬਹੁਤ ਸਾਰੇ ਹਿੱਸਿਆਂ ਵਿਚ ਲੋਕ ਕਰੋਨਾ ਦੀ ਮਾਰ ਹੇਠ ਤੜਫ ਰਹੇ ਸਨ। ਇਨ੍ਹਾਂ ਭਿਅੰਕਰ ਹਾਲਾਤ ਬਾਰੇ ਉਘੀ ਲੇਖਕ ਅਰੁੰਧਤੀ ਰਾਏ ਨੇ ਲੰਮਾ ਲੇਖ ਲਿਖਿਆ ਹੈ ਜਿਸ ਦੀ ਪਹਿਲੀ ਕਿਸ਼ਤ ਪੇਸ਼ ਕੀਤੀ ਜਾ ਰਹੀ ਹੈ।***

**ਅਰੁੰਧਤੀ ਰਾਏ**
**ਅਨੁਵਾਦ: ਬੂਟਾ ਸਿੰਘ**

ਉਤਰ ਪ੍ਰਦੇਸ਼ ਵਿਚ 2017 'ਚ ਫਿਰਕੂ ਤੌਰ 'ਤੇ ਵੰਡੀ ਹੋਈ ਚੋਣ ਮੁਹਿੰਮ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਮੈਦਾਨ 'ਚ ਨਿੱਤਰੇ ਤਾਂ ਉਤੇਜਨਾ ਹੋਰ ਵਧ ਗਈ। ਇਕ ਜਨਤਕ ਮੰਚ ਤੋਂ ਉਨ੍ਹਾਂ ਨੇ ਰਾਜ ਸਰਕਾਰ ਜੋ ਵਿਰੋਧੀ ਧਿਰ ਦੇ ਹੱਥ ਵਿਚ ਸੀ - ਉਪਰ ਇਲਜ਼ਾਮ ਲਗਾਇਆ ਕਿ ਉਹ ਸ਼ਮਸ਼ਾਨਾਂ ਦੇ ਮੁਕਾਬਲੇ ਕਬਰਸਤਾਨਾਂ ਉਪਰ ਵਧੇਰੇ ਖਰਚ ਕਰ ਕੇ ਮੁਸਲਮਾਨਾਂ ਨੂੰ ਖੁਸ਼ ਕਰ ਰਹੀ ਹੈ।

ਆਪਣੇ ਸਦਾਬਹਾਰ ਹਿਕਾਰਤ ਭਰੇ ਅੰਦਾਜ਼ ਵਿਚ, ਚੁੱਭਵੀਂ ਗੱਲ ਕਰ ਕੇ ਭੀੜ ਨੂੰ ਉਕਸਾਇਆ। ਉਨ੍ਹਾਂ ਕਿਹਾ, 'ਪਿੰਡ ਵਿਚ ਜੇ ਕਬਰਸਤਾਨ ਬਣਦਾ ਹੈ ਤਾਂ ਸ਼ਮਸ਼ਾਨ ਵੀ ਬਣਨਾ ਚਾਹੀਦਾ ਹੈ।'

'ਸ਼ਮਸ਼ਾਨ! ਸ਼ਮਸ਼ਾਨ!' ਮੰਤਰ-ਮੁਗਧ ਭਗਤ ਭੀੜ ਵਿਚੋਂ ਜਵਾਬੀ ਗੂੰਜ ਉਠੀ। ਸ਼ਾਇਦ ਉਹ ਹੁਣ ਖੁਸ਼ ਹੋਣ ਕਿ ਭਾਰਤ ਦੇ ਸ਼ਮਸ਼ਾਨਾਂ ਤੋਂ ਸਮੂਹਿਕ ਅੰਤਿਮ ਸੰਸਕਾਰਾਂ ਨਾਲ ਉਠਦੀਆਂ ਲਾਟਾਂ ਦੀਆਂ ਦੁਖਦਾਈ ਤਸਵੀਰਾਂ ਕੌਮਾਂਤਰੀ ਅਖਬਾਰਾਂ ਦੇ ਪਹਿਲੇ ਪੰਨੇ 'ਤੇ ਆ ਰਹੀਆਂ ਹਨ। ਉਨ੍ਹਾਂ ਦੇ ਮੁਲਕ



ਦੇ ਸਾਰੇ ਕਬਰਸਤਾਨ ਅਤੇ ਸ਼ਮਸ਼ਾਨ ਸਹੀ ਤਰੀਕੇ ਨਾਲ ਕੰਮ ਕਰ ਰਹੇ ਹਨ, ਆਪੋ-ਆਪਣੀ ਆਬਾਦੀ ਦੇ ਮੁਕਾਬਲੇ ਕਿਤੇ ਜ਼ਿਆਦਾ।

'ਕੀ 1.3 ਅਰਬ ਆਬਾਦੀ ਵਾਲੇ ਭਾਰਤ ਨੂੰ ਅਲੱਗ-ਥਲੱਗ ਕੀਤਾ ਜਾ ਸਕਦਾ ਹੈ?' ਇਹ ਆਪਣੇ ਆਪ ਨੂੰ ਪੁੱਛੀ ਜਾਣ ਵਾਲੀ ਸਵਾਲਨੁਮਾ ਗੱਲ 'ਦਿ ਵਾਸ਼ਿੰਗਟਨ ਪੋਸਟ' ਨੇ ਹਾਲ ਹੀ ਵਿਚ ਆਪਣੇ ਇਕ ਸੰਪਾਦਕੀ 'ਚ ਕਹੀ ਜੋ ਭਾਰਤ ਦੀ ਫੈਲ ਰਹੀ ਤਬਾਹੀ ਅਤੇ ਨਵੇਂ, ਤੇਜ਼ੀ ਨਾਲ ਫੈਲਣ ਵਾਲੇ ਕੋਵਿਡ ਨੂੰ ਕੌਮੀ ਹੱਦਾਂ ਵਿਚ ਸੀਮਤ ਕਰਨ ਦੀਆਂ ਮੁਸ਼ਕਿਲਾਂ ਬਾਬਤ ਹੈ। ਇਸ ਦਾ ਜਵਾਬ ਸੀ- 'ਸੌਖਿਆਂ ਨਹੀਂ"। ਇਸ ਦੀ ਬਹੁਤ ਘੱਟ ਸੰਭਾਵਨਾ ਹੈ ਕਿ ਇਹ ਸਵਾਲ ਸਹੀ ਰੂਪ 'ਚ ਪੁੱਛਿਆ ਗਿਆ ਹੁੰਦਾ ਜਦੋਂ ਕਰੋਨਾ ਵਾਇਰਸ ਮਹਿਜ਼ ਕੁਝ ਮਹੀਨੇ ਪਹਿਲਾਂ ਬਰਤਾਨਵੀਆ ਅਤੇ ਯੂਰਪ ਵਿਚ ਤਬਾਹੀ ਮਚਾ ਰਿਹਾ ਸੀ; ਲੇਕਿਨ ਭਾਰਤ ਵਿਚ ਸਾਨੂੰ ਇਸ ਦਾ ਬੁਰਾ ਮਨਾਉਣ ਦਾ ਹੱਕ ਬਹੁਤ ਘੱਟ ਹੈ, ਇਸ ਦੀ ਵਜ੍ਹਾ ਹੈ, ਇਸ ਸਾਲ ਆਲਮੀ ਆਰਥਕ ਮੰਚ 'ਤੇ ਕਹੇ ਸਾਡੇ ਪ੍ਰਧਾਨ ਮੰਤਰੀ ਦੇ ਸ਼ਬਦ।

ਮੋਦੀ ਨੇ ਐਸੇ ਸਮੇਂ ਭਾਸ਼ਣ ਦਿੱਤਾ ਜਦੋਂ ਯੂਰਪ ਅਤੇ ਅਮਰੀਕਾ ਦੇ ਲੋਕ ਆਲਮੀ ਮਹਾਮਾਰੀ ਦੀ ਦੂਜੀ ਲਹਿਰ ਦੀ ਸਿਖਰ ਦੇ ਸੰਤਾਪ 'ਚੋਂ ਗੁਜ਼ਰ ਰਹੇ ਸਨ। ਪ੍ਰਧਾਨ ਮੰਤਰੀ ਕੋਲ ਕਹਿਣ ਲਈ ਹਮਦਰਦੀ ਦਾ ਇਕ ਵੀ ਸ਼ਬਦ ਨਹੀਂ ਸੀ, ਸਿਰਫ ਭਾਰਤ ਦੇ ਬੁਨਿਆਦੀ-ਢਾਂਚੇ ਅਤੇ ਕੋਵਿਡ ਸਬੰਧੀ ਤਿਆਰੀਆਂ ਬਾਰੇ ਲੰਮੀ, ਸ਼ੇਖੀ ਭਰੀ ਆਤਮ-ਸੰਤੁਸ਼ਟੀ ਸੀ। ਮੈਂ ਭਾਸ਼ਣ ਡਾਊਨਲੋਡ ਕਰ ਲਿਆ, ਮੈਨੂੰ ਡਰ ਹੈ ਕਿ ਜਦੋਂ ਮੋਦੀ ਹਕੂਮਤ ਇਤਿਹਾਸ ਨੂੰ ਮੁੜ ਤੋਂ ਲਿਖੇਗੀ, ਜੋ ਛੇਤੀ ਹੀ ਹੋਵੇਗਾ, ਤਾਂ ਇਹ ਭਾਸ਼ਣ ਗਾਇਬ ਹੋ ਸਕਦਾ ਹੈ ਜਾਂ ਇਸ ਨੂੰ ਲੱਭਣਾ ਮੁਸ਼ਕਿਲ ਹੋ ਜਾਵੇਗਾ। ਇਸ ਦੀਆਂ ਕੁਝ ਬੇਹੱਦ ਵੱਡਮੁੱਲੀਆਂ ਝਲਕੀਆਂ ਪੇਸ਼ ਹਨ:

'ਮਿੱਤਰੋ, ਤਮਾਮ ਸ਼ੰਕਿਆਂ ਦੌਰਾਨ ਅੱਜ ਮੈਂ ਤੁਹਾਡੇ ਸਭ ਦੇ ਸਾਹਮਣੇ 1.3 ਅਰਬ ਤੋਂ ਜ਼ਿਆਦਾ ਭਾਰਤੀਆਂ ਵੱਲੋਂ ਦੁਨੀਆ ਲਈ ਵਿਸ਼ਵਾਸ, ਸਕਾਰਾਤਮਕਤਾ ਅਤੇ ਉਮੀਦ ਦਾ ਸੰਦੇਸ਼ ਲੈ ਕੇ ਆਇਆ ਹਾਂ... ਭਵਿੱਖਬਾਣੀ ਕੀਤੀ ਗਈ ਸੀ ਕਿ ਪੂਰੀ ਦੁਨੀਆ 'ਚ ਕਰੋਨਾ ਨਾਲ ਸਭ ਤੋਂ ਪ੍ਰਭਾਵਿਤ ਮੁਲਕ ਭਾਰਤ ਹੋਵੇਗਾ। ਕਿਹਾ ਗਿਆ ਕਿ ਭਾਰਤ ਵਿਚ ਕਰੋਨਾ ਲਾਗ ਦੀ ਸੁਨਾਮੀ ਆਵੇਗੀ, ਕਿਸੇ ਨੇ 70-80 ਕਰੋੜ ਭਾਰਤੀਆਂ ਨੂੰ ਕਰੋਨਾ ਹੋਣ ਦੀ ਗੱਲ ਕਹੀ ਤਾਂ ਕਿਸੇ ਨੇ 20 ਲੱਖ ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋਣ ਦਾ ਖਦਸ਼ਾ ਜ਼ਾਹਿਰ ਕੀਤਾ ਸੀ। ਮਿੱਤਰੋ, ਭਾਰਤ ਦੀ ਕਾਮਯਾਬੀ ਨੂੰ ਕਿਸੇ ਇਕ ਮੁਲਕ ਦੀ ਸਫਲਤਾ ਨਾਲ ਅੰਕਣਾ ਉਚਿਤ ਨਹੀਂ ਹੋਵੇਗਾ। ਜਿਸ ਮੁਲਕ 'ਚ ਵਿਸ਼ਵ ਦੀ 18% ਆਬਾਦੀ ਰਹਿੰਦੀ ਹੋਵੇ, ਉਸ ਮੁਲਕ ਨੇ ਕਰੋਨਾ ਉਪਰ ਅਸਰਦਾਰ ਕਾਬੂ ਪਾ ਕੇ ਪੂਰੀ ਦੁਨੀਆ ਨੂੰ ਮਨੁੱਖਤਾ ਦੀ ਬੜੀ ਤ੍ਰਾਸਦੀ ਤੋਂ ਵੀ ਬਚਾਇਆ ਹੈ।'

ਜਾਦੂਗਰ ਮੋਦੀ ਨੇ ਕਰੋਨਾ ਉਪਰ ਅਸਰਦਾਰ ਕਾਬੂ ਪਾਉਂਦੇ ਹੋਏ ਮਨੁੱਖਤਾ ਨੂੰ ਬਚਾਉਣ ਲਈ ਵਾਹ-ਵਾਹ ਖੱਟੀ। ਹੁਣ ਜਦੋਂ ਪਤਾ ਲੱਗਾ ਹੈ ਕਿ ਉਹ ਉਸ ਉਪਰ ਕਾਬੂ ਨਹੀਂ ਪਾ ਸਕੇ ਹਨ, ਤਾਂ ਕੀ ਅਸੀਂ ਇਸ ਦੀ ਸ਼ਿਕਾਇਤ ਕਰ ਸਕਦੇ ਹਾਂ ਕਿ ਕਿਉਂ ਸਾਨੂੰ ਇਉਂ ਦੇਖਿਆ ਜਾ ਰਿਹਾ ਹੈ, ਜਿਵੇਂ ਅਸੀਂ ਰੇਡੀਓਐਕਟਿਵ ਹੋਈਏ?... ਹੋਰ ਮੁਲਕਾਂ ਨੇ ਸਰਹੱਦਾਂ ਬੰਦ ਕਰ ਦਿੱਤੀਆਂ ਹਨ ਅਤੇ ਉਡਾਣਾਂ ਰੱਦ ਕੀਤੀਆਂ ਜਾ ਰਹੀਆਂ ਹਨ? ਸਾਨੂੰ ਆਪਣੇ ਵਾਇਰਸ ਅਤੇ ਆਪਣੇ ਪ੍ਰਧਾਨ ਮੰਤਰੀ ਨਾਲ ਸੀਲਬੰਦ ਕੀਤਾ ਜਾ ਰਿਹਾ ਹੈ; ਸਾਰੀ ਬਿਮਾਰੀ, ਵਿਗਿਆਨ ਦੇ ਕੁਲ ਵਿਰੋਧ, ਨਫਰਤ ਅਤੇ ਬੇਵਕੂਫੀ ਨਾਲ ਜਿਸ ਦੀ ਉਹ, ਉਨ੍ਹਾਂ ਦੀ ਪਾਰਟੀ ਅਤੇ ਹਰ ਤਰ੍ਹਾਂ ਦੀ ਰਾਜਨੀਤੀ ਨੁਮਾਇੰਦਗੀ ਕਰਦੀ ਹੈ।

---

ਪਿਛਲੇ ਸਾਲ ਜਦੋਂ ਪਹਿਲੀ ਵਾਰ ਕੋਵਿਡ ਭਾਰਤ ਆਇਆ ਅਤੇ ਸ਼ਾਂਤ ਹੋ ਗਿਆ ਤਾਂ ਸਰਕਾਰ ਅਤੇ ਇਸ ਦੇ ਹਮਾਇਤੀ ਜੁਮਲੇਬਾਜ਼ ਕਾਮਯਾਬੀ ਦਾ ਜਸ਼ਨ ਮਨਾ ਰਹੇ ਸਨ। ਸ਼ੇਖਰ ਗੁਪਤਾ ਜੋ ਆਨਲਾਈਨ ਨਿਊਜ਼ ਵੈੱਬਸਾਈਟ 'ਦਿ ਪ੍ਰਿੰਟ' ਦੇ ਮੁੱਖ ਸੰਪਾਦਕ ਹਨ, ਨੇ ਟਵੀਟ ਕੀਤਾ ਸੀ, 'ਭਾਰਤ ਵਿਚ ਪਿਕਨਿਕ ਨਹੀਂ ਹੋ ਰਹੀ ਹੈ; ਲੇਕਿਨ ਸਾਡੀਆਂ ਨਾਲੀਆਂ ਲਾਸ਼ਾਂ ਨਾਲ ਭਰੀਆਂ ਹੋਈਆਂ ਨਹੀਂ ਹਨ, ਹਸਪਤਾਲਾਂ ਵਿਚ ਬੈੱਡਾਂ ਦੀ ਕਮੀ ਨਹੀਂ ਹੈ, ਨਾ ਹੀ ਸ਼ਮਸ਼ਾਨਾਂ ਅਤੇ ਕਬਰਸਤਾਨਾਂ ਵਿਚ ਲੱਕੜੀ ਤੇ ਜਗ੍ਹਾ ਦੀ ਕਮੀ ਹੈ। ਯਕੀਨ ਨਹੀਂ ਆਉਂਦਾ? ਜੇ ਨਹੀਂ ਮੰਨਦੇ ਤਾਂ ਡੇਟਾ ਲੈ ਆਓ, ਸਿਵਾਏ ਇਸ ਦੇ ਕਿ ਤੁਸੀਂ ਸੋਚਦੇ ਹੋ ਕਿ ਤੁਸੀਂ ਭਗਵਾਨ ਹੋ।'

ਇਸ ਸੰਵੇਦਨਸ਼ੀਲ, ਅਸ਼ਿਸ਼ਟ ਅਕਸ ਨੂੰ ਛੱਡ ਵੀ ਦੇਈਏ - ਲੇਕਿਨ ਕੀ ਸਾਨੂੰ ਇਹ ਦੱਸਣ ਲਈ ਕਿਸੇ ਭਗਵਾਨ ਦੀ ਜ਼ਰੂਰਤ ਹੁੰਦੀ ਹੈ ਕਿ ਜ਼ਿਆਦਾਤਰ ਮਹਾਮਾਰੀਆਂ ਦੀ ਦੂਜੀ ਲਹਿਰ ਵੀ ਹੁੰਦੀ ਹੈ, ਇਸ ਲਹਿਰ ਦਾ ਅਗਾਊਂ-ਅੰਦਾਜ਼ਾ ਲਗਾਇਆ ਸੀ, ਹਾਲਾਂਕਿ ਇਸ ਦੀ ਤੇਜ਼ੀ ਨੇ ਵਿਗਿਆਨੀਆਂ ਅਤੇ ਵਾਇਰਸ ਵਿਗਿਆਨੀਆਂ ਤੱਕ ਨੂੰ ਹੈਰਾਨ ਕਰ ਦਿੱਤਾ ਹੈ। ਫਿਰ ਕਿੱਥੇ ਹੈ ਉਹ ਕੋਵਿਡ ਸਬੰਧੀ ਬੁਨਿਆਦੀ ਢਾਂਚਾ ਅਤੇ ਵਾਇਰਸ ਦੇ ਖਿਲਾਫ 'ਜਨਤਾ ਦੇ ਅੰਦੋਲਨ' ਜਿਨ੍ਹਾਂ ਦੀ ਸ਼ੇਖੀ ਮੋਦੀ ਨੇ ਆਪਣੇ ਭਾਸ਼ਣ ਵਿਚ ਮਾਰੀ ਸੀ? ਹਸਪਤਾਲ 'ਚ ਬੈੱਡ ਨਹੀਂ ਮਿਲ ਰਹੇ। ਡਾਕਟਰ ਅਤੇ ਮੈਡੀਕਲ ਸਟਾਫ ਪਸਤ ਹੋਣ ਦੇ ਕੰਢੇ ਹਨ। ਦੋਸਤ ਫੋਨ ਕਰ ਕੇ ਐਸੇ ਵਾਰਡਾਂ ਦੀ ਦਾਸਤਾਨ ਦੱਸਦੇ ਹਨ ਜਿੱਥੇ ਕੋਈ ਸਟਾਫ ਨਹੀਂ ਹੈ, ਤੇ ਜਿੱਥੇ ਜ਼ਿੰਦਾ ਮਰੀਜ਼ਾਂ ਨਾਲੋਂ ਮੁਰਦੇ ਜ਼ਿਆਦਾ ਹਨ।

ਲੋਕ ਹਸਪਤਾਲ ਦੇ ਵਰਾਂਡਿਆਂ, ਸੜਕਾਂ ਜਾਂ ਆਪਣੇ ਘਰਾਂ ਵਿਚ ਮਰ ਰਹੇ ਹਨ। ਦਿੱਲੀ ਵਿਚ ਸ਼ਮਸ਼ਾਨ ਘਾਟਾਂ ਕੋਲ ਲੱਕੜੀ ਖਤਮ ਹੋ ਗਈ ਹੈ। ਵਣ ਵਿਭਾਗ ਨੂੰ ਸ਼ਹਿਰ ਦੇ ਦਰੱਖਤ ਵੱਢਣ ਲਈ ਵਿਸ਼ੇਸ਼ ਇਜਾਜ਼ਤ ਦੇਣੀ ਪਈ ਹੈ। ਪਾਰਕਾਂ ਅਤੇ ਕਾਰ ਪਾਰਕਿੰਗ ਨੂੰ ਸ਼ਮਸ਼ਾਨ ਭੂਮੀ 'ਚ ਤਬਦੀਲ ਕੀਤਾ ਜਾ ਰਿਹਾ ਹੈ।

ਭਾਰਤ ਵਿਚ ਬਿਮਾਰੀ ਦੇ ਨਵੇਂ ਸ਼ੇਅਰ ਬਾਜ਼ਾਰ ਵਿਚ ਆਕਸੀਜਨ ਦੀ ਨਵੀਂ ਕਰੰਸੀ ਹੈ। ਉਘੇ ਰਾਜਨੇਤਾ, ਪੱਤਰਕਾਰ, ਵਕੀਲ (ਭਾਰਤ ਦਾ ਕੁਲੀਨ ਵਰਗ) ਟਵਿੱਟਰ ਉਪਰ ਹਸਪਤਾਲਾਂ ਦੇ ਬੈੱਡ ਅਤੇ ਆਕਸੀਜਨ ਦੇ ਸਿਲੰਡਰ ਲਈ ਫਰਿਆਦ ਕਰ ਰਹੇ ਹਨ। ਸਿਲੰਡਰਾਂ ਦੀ ਗੁਪਤ ਮੰਡੀ ਵਧ-ਫੁੱਲ ਰਹੀ ਹੈ। ਆਕਸੀਜਨ ਸੈਚੂਰੇਸ਼ਨ ਮਸ਼ੀਨਾਂ ਅਤੇ ਦਵਾਈਆਂ ਮਿਲਣੀਆਂ ਮੁਸ਼ਕਿਲ ਹਨ।

ਮੰਡੀ ਕੁਝ ਹੋਰ ਚੀਜ਼ਾਂ ਦੀ ਵੀ ਹੈ। ਮੁਕਤ ਮੰਡੀ ਦੇ ਹੇਠਲੇ ਸਿਰੇ 'ਤੇ, ਆਪਣੇ ਪਿਆਰਿਆਂ ਦੀ ਆਖਰੀ ਝਲਕ ਲਈ ਰਿਸ਼ਵਤ, ਜਿਨ੍ਹਾਂ ਨੂੰ ਹਸਪਤਾਲ ਦੇ ਮੁਰਦਾਘਰ ਵਿਚ ਲਪੇਟ ਕੇ ਅਤੇ ਜਮ੍ਹਾ ਕਰ ਕੇ ਰੱਖਿਆ ਗਿਆ ਹੈ। ਇਕ ਪੁਜਾਰੀ ਦੀ ਵਧੀ ਹੋਈ ਭੇਟਾ ਜੋ ਅੰਤਿਮ ਰਸਮਾਂ ਨਿਭਾਉਣ ਲਈ ਰਾਜ਼ੀ ਹੋਇਆ ਹੈ। ਆਨਲਾਈਨ ਮੈਡੀਕਲ ਮਸ਼ਵਰੇ, ਜਿਸ ਵਿਚ ਪ੍ਰੇਸ਼ਾਨ ਪਰਿਵਾਰਾਂ ਨੂੰ ਬੇਰਹਿਮ ਡਾਕਟਰ ਲੁੱਟ ਰਹੇ ਹਨ।

ਮੇਰੇ ਇਕ ਨੌਜਵਾਨ ਦੋਸਤ 'ਟੀ' ਨਾਲ ਜੋ ਹੋਇਆ, ਉਹ ਦਿੱਲੀ ਦੀਆਂ ਸੈਂਕੜੇ ਅਤੇ ਸ਼ਾਇਦ ਹਜ਼ਾਰਾਂ ਐਸੀਆਂ ਦਾਸਤਾਨਾਂ ਵਿਚੋਂ ਇਕ ਹੈ। 'ਟੀ' ਆਪਣੀ ਉਮਰ ਦੇ ਤੀਜੇ ਦਹਾਕੇ 'ਚ ਹੈ, ਆਪਣੇ ਮਾਂ-ਬਾਪ ਨਾਲ ਦਿੱਲੀ ਦੇ ਬਾਹਰ ਗਾਜ਼ੀਆਬਾਦ ਵਿਚ ਨਿੱਕੇ ਜਿਹੇ ਫਲੈਟ ਵਿਚ ਰਹਿੰਦਾ ਹੈ। ਉਨ੍ਹਾਂ ਤਿੰਨਾਂ ਦਾ ਟੈਸਟ ਪਾਜ਼ੇਟਿਵ ਆ ਗਿਆ। ਉਸ ਦੀ ਮਾਂ ਗੰਭੀਰ ਰੂਪ 'ਚ ਬਿਮਾਰ ਸੀ। ਅਜੇ ਇਹ ਮੁੱਢਲੇ ਦਿਨਾਂ ਦੀ ਗੱਲ ਸੀ ਤਾਂ ਚੰਗੇ ਭਾਗੀਂ ਉਸ ਦੀ ਮਾਂ ਲਈ ਇਕ ਹਸਪਤਾਲ ਵਿਚ ਬੈੱਡ ਮਿਲ ਗਿਆ। ਉਸ ਦੇ ਪਿਤਾ ਜਿਨ੍ਹਾਂ ਨੂੰ ਗੰਭੀਰ ਬਾਈਪੋਲਰ



ਡਿਪਰੈਸ਼ਨ ਹੈ, ਹਿੰਸਕ ਹੋਣ ਲੱਗੇ ਅਤੇ ਉਨ੍ਹਾਂ ਨੇ ਖੁਦ ਨੂੰ ਨੁਕਸਾਨ ਪਹੁੰਚਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੂੰ ਨੀਂਦ ਆਉਣੋਂ ਹਟ ਗਈ। ਉਹ ਆਪਣੇ ਆਪ ਨੂੰ ਗੰਦਾ ਕਰ ਲੈਂਦੇ। ਉਨ੍ਹਾਂ ਦੀ ਮਨੋਚਿਕਿਤਸਕ ਉਨ੍ਹਾਂ ਦੀ ਆਨਲਾਈਨ ਮਦਦ ਕਰਨ ਦੀ ਵਾਹ ਲਾ ਰਹੀ ਸੀ, ਹਾਲਾਂਕਿ ਉਹ ਵੀ ਕਦੇ-ਕਦੇ ਟੁੱਟ ਜਾਂਦੀ, ਕਿਉਂਕਿ ਉਸ ਦੇ ਪਿਤਾ ਹੁਣੇ ਹੀ ਕੋਵਿਡ 'ਚੋਂ ਗੁਜ਼ਰੇ ਸਨ। ਉਨ੍ਹਾਂ ਨੇ ਕਿਹਾ ਕਿ 'ਟੀ' ਦੇ ਪਿਤਾ ਨੂੰ ਹਸਪਤਾਲ 'ਚ ਦਾਖਲ ਕਰਨ ਦੀ ਜ਼ਰੂਰਤ ਸੀ, ਲੇਕਿਨ ਕਿਉਂਕਿ ਉਹ ਪਾਜ਼ੇਟਿਵ ਸਨ ਤਾਂ ਇਸ ਦੀ ਕੋਈ ਸੰਭਾਵਨਾ ਹੀ ਨਹੀਂ ਸੀ। 'ਟੀ' ਰਾਤ ਦਰ ਰਾਤ ਜਾਗਦੇ ਹੋਏ ਆਪਣੇ ਪਿਤਾ ਨੂੰ ਸ਼ਾਂਤ ਕਰਦੇ, ਗਿੱਲੇ ਕੱਪੜੇ ਨਾਲ ਉਨ੍ਹਾਂ ਦਾ ਸਰੀਰ ਪੂੰਝਦੇ, ਸਾਫ ਕਰਦੇ। ਹਰ ਵਾਰ ਜਦੋਂ ਮੈਂ ਉਸ ਨਾਲ ਗੱਲ ਕੀਤੀ, ਮੈਨੂੰ ਆਪਣਾ ਸਾਹ ਉਖੜਦਾ ਮਹਿਸੂਸ ਹੋਇਆ।

ਅੰਤ ਇਕ ਦਿਨ ਸੰਦੇਸ਼ ਆ ਗਿਆ: 'ਪਿਤਾ ਜੀ ਗੁਜ਼ਰ ਗਏ।' ਉਹ ਕੋਵਿਡ ਨਾਲ ਨਹੀਂ, ਸਗੋਂ ਬਲੱਡ ਪ੍ਰੈਸ਼ਰ ਬਹੁਤ ਵਧ ਜਾਣ ਨਾਲ ਫੌਤ ਹੋਏ ਜੋ ਬੇਹੱਦ ਬੇਵਸੀ ਦੇ ਹਾਲਾਤ 'ਚ ਬਣੀ ਮਾਨਸਿਕ ਉਥਲ-ਪੁਥਲ ਦਾ ਨਤੀਜਾ ਸੀ।

ਉਨ੍ਹਾਂ ਦੀ ਦੇਹ ਦਾ ਕੀ ਕੀਤਾ ਜਾਵੇ? ਮੈਂ ਮਾਯੂਸੀ 'ਚ ਆਪਣੇ ਹਰ ਜਾਣੂ ਨੂੰ ਫੋਨ ਕੀਤੇ। ਜਵਾਬ ਦੇਣ ਵਾਲਿਆਂ ਵਿਚ ਇਕ ਅਨਿਰਬਾਨ ਭੱਟਾਚਾਰੀਆ ਸਨ ਜੋ ਜਾਣੇ-ਪਛਾਣੇ ਸਮਾਜੀ ਕਾਰਕੁੰਨ ਹਰਸ਼ ਮੰਦਰ ਨਾਲ ਕੰਮ ਕਰਦੇ ਹਨ। ਭੱਟਾਚਾਰੀਆ 2016 ਵਿਚ ਆਪਣੇ ਯੂਨੀਵਰਸਿਟੀ ਕੈਂਪਸ 'ਚ ਇਕ ਵਿਰੋਧ ਪ੍ਰਦਰਸ਼ਨ ਜਥੇਬੰਦ ਕਰਨ 'ਚ ਮਦਦ ਕਰਨ ਲਈ ਰਾਜਧ੍ਰੋਹ ਦੇ ਇਲਜ਼ਾਮ 'ਚ ਮੁਕੱਦਮਾ ਭੁਗਤ ਰਹੇ ਹਨ।

ਪਿਛਲੇ ਸਾਲ ਦੀ ਗੰਭੀਰ ਲਾਗ ਤੋਂ ਅਜੇ ਪੂਰੀ ਤਰ੍ਹਾਂ ਠੀਕ ਨਾ ਹੋਏ ਹਰਸ਼ ਮੰਦਰ ਉਪਰ ਵੀ ਨਿਗਰਾਨੀ ਦਾ ਖਤਰਾ ਮੰਡਰਾ ਰਿਹਾ ਹੈ ਅਤੇ ਉਨ੍ਹਾਂ ਦਾ ਅਨਾਥ ਘਰ ਬੰਦ ਕਰਾ ਦਿੱਤੇ ਜਾਣ ਦਾ ਡਰ ਹੈ ਜੋ ਉਹ ਉਦੋਂ ਤੋਂ ਚਲਾ ਰਹੇ ਹਨ ਜਦੋਂ ਉਨ੍ਹਾਂ ਨੇ ਨੈਸ਼ਨਲ ਰਜਿਸਟਰ ਆਫ ਸਿਟੀਜ਼ਨ'ਜ਼ (ਐਨ.ਆਰ.ਸੀ.) ਅਤੇ ਦਸੰਬਰ 2019 'ਚ ਪਾਸ ਕੀਤੇ ਗਏ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਖਿਲਾਫ ਲੋਕਾਂ ਨੂੰ ਇਕਜੁੱਟ ਕੀਤਾ ਸੀ। ਐਨ.ਆਰ.ਸੀ. ਅਤੇ ਸੀ.ਏ.ਏ., ਦੋਵੇਂ ਮੁਸਲਮਾਨਾਂ ਨਾਲ ਸ਼ਰੇਆਮ ਵਿਤਕਰਾ ਕਰਨ ਵਾਲੇ ਸਰਕਾਰੀ ਕਦਮ ਸਨ। ਮੰਦਰ ਅਤੇ ਭੱਟਾਚਾਰੀਆ ਉਨ੍ਹਾਂ ਅਨੇਕ ਨਾਗਰਿਕਾਂ ਵਿਚੋਂ ਹਨ ਜਿਨ੍ਹਾਂ ਨੇ ਕਿਸੇ ਵੀ ਤਰ੍ਹਾਂ ਦੇ ਸ਼ਾਸਨ ਦੀ ਗੈਰ-ਮੌਜੂਦਗੀ 'ਚ ਹੈਲਪਲਾਈਨਾਂ ਅਤੇ ਐਮਰਜੈਂਸੀ ਮਦਦ ਦਾ ਤਾਣਾਬਾਣਾ ਬਣਾਇਆ ਹੈ ਅਤੇ ਐਂਬੂਲੈਂਸਾਂ ਦਾ ਇੰਤਜ਼ਾਮ, ਅੰਤਿਮ ਸੰਸਕਾਰਾਂ ਦੀ ਵਿਵਸਥਾ ਅਤੇ ਲਾਸ਼ਾਂ ਨੂੰ ਲਿਆਉਣ-ਲਿਜਾਣ ਦੇ ਕੰਮ 'ਚ ਹਾਲੋ-ਬੇਹਾਲ ਹੋ ਕੇ ਜੁੱਟੇ ਹੋਏ ਹਨ।

ਆਪਣੀ ਮਰਜ਼ੀ ਨਾਲ ਇਸ ਕੰਮ 'ਚ ਲੱਗੇ ਇਹ ਲੋਕ ਜੋ ਕਰ ਰਹੇ ਹਨ, ਉਹ ਉਨ੍ਹਾਂ ਨੇ ਲਈ ਮਹਿਫੂਜ਼ ਨਹੀਂ ਹੈ। ਮਹਾਮਾਰੀ ਦੀ ਇਸ ਲਹਿਰ ਦੀ ਲਪੇਟ 'ਚ ਆਉਣ ਵਾਲਿਆਂ 'ਚ ਨੌਜਵਾਨ ਲੋਕ ਹਨ ਜੋ ਇੰਟੈਂਸਿਵ ਕੇਅਰ ਯੂਨਿਟਾਂ ਵਿਚ ਭਰਤੀ ਕੀਤੇ ਜਾ ਰਹੇ ਹਨ। ਜਦੋਂ ਨੌਜਵਾਨ ਲੋਕ ਮਰਦੇ ਹਨ ਤਾਂ ਸਾਡੇ ਵਿਚੋਂ ਬਜ਼ੁਰਗਾਂ ਦੀ ਜਿਊਣ ਦੀ ਖਵਾਇਸ਼ ਰਤਾ ਕੁ ਹੋਰ ਖੁਰ ਜਾਂਦੀ ਹੈ।

---

ਹਾਲਾਤ ਆਖਿਰਕਾਰ ਸੰਭਲ ਜਾਣਗੇ, ਬੇਸ਼ੱਕ ਅਜਿਹਾ ਹੋਵੇਗਾ; ਲੇਕਿਨ ਅਸੀਂ ਨਹੀਂ ਜਾਣਦੇ ਕਿ ਉਹ ਦਿਨ ਦੇਖਣ ਲਈ ਸਾਡੇ ਵਿਚੋਂ ਕੌਣ ਬਚਿਆ ਰਹੇਗਾ। ਅਮੀਰ ਸੌਖ ਨਾਲ ਸਾਹ ਲੈਣਗੇ। ਗਰੀਬ ਨਹੀਂ ਲੈ ਸਕਣਗੇ।

ਦਿੱਲੀ ਦੇ ਸਭ ਤੋਂ ਬੜੇ ਪ੍ਰਾਈਵੇਟ ਹਸਪਤਾਲਾਂ ਵਿਚੋਂ ਇਕ ਸਰ ਗੰਗਾ ਰਾਮ ਹਸਪਤਾਲ ਵਿਚ 22 ਅਪਰੈਲ ਦੀ ਰਾਤ ਨੂੰ ਹਾਈ-ਫਲੋਅ ਆਕਸੀਜਨ ਉਪਰ ਪਾਏ ਗੰਭੀਰ ਰੂਪ 'ਚ ਬਿਮਾਰ, 25 ਕੋਵਿਡ ਮਰੀਜ਼ ਦਮ ਤੋੜ ਗਏ। ਹਸਪਤਾਲ ਨੇ ਆਪਣੀ ਆਕਸੀਜਨ ਸਪਲਾਈ ਮੁੜ ਭਰਨ ਲਈ ਬਹੁਤ ਸਾਰੇ ਮਾਯੂਸੀ ਵਾਲੇ ਐਮਰਜੈਂਸੀ ਸੰਦੇਸ਼ ਭੇਜੇ। ਇਕ ਦਿਨ ਬਾਦ, ਹਸਪਤਾਲ ਬੋਰਡ ਦੇ ਪ੍ਰਧਾਨ ਕਾਹਲੀ-ਕਾਹਲੀ ਮਾਮਲੇ ਦੀ ਸਫਾਈ ਦਿੰਦੇ ਨਜ਼ਰ ਆਏ: 'ਅਸੀਂ ਇਹ ਨਹੀਂ ਕਹਿ ਸਕਦੇ ਕਿ ਉਹ ਆਕਸੀਜਨ ਸਪੋਰਟ ਦੀ ਘਾਟ ਕਾਰਨ ਮਰੇ ਹਨ।'

24 ਅਪਰੈਲ ਨੂੰ 20 ਹੋਰ ਮਰੀਜ਼ਾਂ ਦੀ ਮੌਤ ਹੋ ਗਈ, ਜਦੋਂ ਦਿੱਲੀ ਦੇ ਇਕ ਹੋਰ ਬੜੇ ਹਸਪਤਾਲ ਜੈਪੁਰ ਗੋਲਡਨ ਵਿਚ ਆਕਸੀਜਨ ਦੀ ਸਪਲਾਈ ਖਤਮ ਹੋ ਗਈ। ਉਸੇ ਦਿਨ ਦਿੱਲੀ ਹਾਈਕੋਰਟ 'ਚ ਭਾਰਤ ਦੇ ਅਟਾਰਨੀ ਜਨਰਲ ਤੁਸ਼ਾਰ ਮਹਿਤਾ ਨੇ ਭਾਰਤ ਸਰਕਾਰ ਵੱਲੋਂ ਕਿਹਾ: 'ਰੋਂਦੂ ਬੱਚੇ ਬਣਨ ਤੋਂ ਗੁਰੇਜ਼ ਕਰੋ... ਹੁਣ ਤੱਕ ਅਸੀਂ ਇਹ ਯਕੀਨੀ ਬਣਾ ਲਿਆ ਹੈ ਕਿ ਮੁਲਕ 'ਚ ਕੋਈ ਵੀ ਬਿਨਾਂ ਆਕਸੀਜਨ ਦੇ ਨਹੀਂ ਹੈ।'

ਉਤਰ ਪ੍ਰਦੇਸ਼ ਦੇ ਭਗਵੇਂ ਮੁੱਖ ਮੰਤਰੀ ਅਜੇ ਮੋਹਨ ਬਿਸ਼ਟ ਨੇ (ਜੋ ਯੋਗੀ ਅਦਿੱਤਿਆਨਾਥ ਵਜੋਂ ਜਾਣਿਆ ਜਾਂਦਾ ਹੈ) ਨੇ ਐਲਾਨ ਕੀਤਾ ਹੈ ਕਿ ਉਸ ਦੇ ਰਾਜ ਵਿਚ ਕਿਸੇ ਹਸਪਤਾਲ 'ਚ ਆਕਸੀਜਨ ਦੀ ਕੋਈ ਘਾਟ ਨਹੀਂ ਹੈ ਅਤੇ ਅਫਵਾਹ ਫੈਲਾਉਣ ਵਾਲਿਆਂ ਨੂੰ ਨੈਸ਼ਨਲ ਸਕਿਉਰਿਟੀ ਐਕਟ ਤਹਿਤ ਬਿਨਾਂ ਜ਼ਮਾਨਤ ਗ੍ਰਿਫਤਾਰ ਕੀਤਾ ਜਾਵੇਗਾ ਅਤੇ ਜਾਇਦਾਦ ਜ਼ਬਤ ਕਰ ਲਈ ਜਾਵੇਗੀ।

ਯੋਗੀ ਅਦਿੱਤਿਆਨਾਥ ਕੋਈ ਗੱਲ ਸਰਸਰੀ ਨਹੀਂ ਕਹਿੰਦੇ। ਕੇਰਲ ਦੇ ਇਕ ਮੁਸਲਮਾਨ ਪੱਤਰਕਾਰ ਸਿਦੀਕ ਕੱਪਨ ਉਤਰ ਪ੍ਰਦੇਸ਼ ਵਿਚ ਮਹੀਨਿਆਂ ਤੋਂ ਜੇਲ੍ਹ 'ਚ ਬੰਦ ਹਨ, ਜਦੋਂ ਉਹ ਅਤੇ ਦੋ ਹੋਰ ਜਣੇ ਹਾਥਰਸ ਜ਼ਿਲ੍ਹੇ ਵਿਚ ਇਕ ਲੜਕੀ ਦੇ ਸਮੂਹਿਕ ਬਲਾਤਕਾਰ ਅਤੇ ਹੱਤਿਆ ਦੀ ਰਿਪੋਰਟ ਕਰਨ ਲਈ ਉਥੇ ਗਏ ਸਨ। ਕੱਪਨ ਗੰਭੀਰ ਰੂਪ 'ਚ ਬਿਮਾਰ ਹਨ ਅਤੇ ਕੋਵਿਡ ਪਾਜ਼ੇਟਿਵ ਹਨ। ਉਨ੍ਹਾਂ ਦੀ ਪਤਨੀ ਨੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੂੰ ਦਿੱਤੀ ਪਟੀਸ਼ਨ ਵਿਚ ਦੱਸਿਆ ਕਿ ਉਸ ਦੇ ਪਤੀ ਨੂੰ ਮਥੁਰਾ ਦੇ ਮੈਡੀਕਲ ਕਾਲਜ ਅਤੇ ਹਸਪਤਾਲ 'ਚ ਇਕ ਬੈੱਡ ਨਾਲ 'ਜਾਨਵਰਾਂ ਵਾਂਗ' ਬੰਨ੍ਹ ਕੇ ਰੱਖਿਆ ਗਿਆ ਹੈ (ਸੁਪਰੀਮ ਕੋਰਟ ਨੇ ਉਤਰ ਪ੍ਰਦੇਸ਼ ਸਰਕਾਰ ਨੂੰ ਉਸ ਨੂੰ ਦਿੱਲੀ ਦੇ ਇਕ ਹਸਪਤਾਲ 'ਚ ਲਿਜਾਣ ਦਾ ਆਦੇਸ਼ ਦਿੱਤਾ ਹੈ)।

ਸੋ, ਜੇ ਤੁਸੀਂ ਉਤਰ ਪ੍ਰਦੇਸ਼ ਵਿਚ ਰਹਿੰਦੇ ਹੋ ਤਾਂ ਸੰਦੇਸ਼ ਇਹ ਜਾਪਦਾ ਹੈ ਕਿ ਆਪਣੇ ਉਪਰ ਮਿਹਰਬਾਨੀ ਕਰੋ ਅਤੇ ਬਿਨਾਂ ਸ਼ਿਕਾਇਤ ਕੀਤਿਆਂ ਮਰ ਜਾਓ। ਸ਼ਿਕਾਇਤ ਕਰਨ ਵਾਲਿਆਂ ਨੂੰ ਖਤਰਾ ਸਿਰਫ ਉਤਰ ਪ੍ਰਦੇਸ਼ ਤੱਕ ਸੀਮਤ ਨਹੀਂ ਹੈ। ਫਾਸ਼ੀਵਾਦੀ ਹਿੰਦੂ ਰਾਸ਼ਟਰਵਾਦੀ ਜਥੇਬੰਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.), ਮੋਦੀ ਅਤੇ ਉਸ ਦੇ ਕਈ ਮੰਤਰੀ ਜਿਸ ਦੇ ਮੈਂਬਰ ਹਨ ਅਤੇ ਜਿਸ ਦੀ ਆਪਣੀ ਹਥਿਆਰਬੰਦ ਮਿਲੀਸ਼ੀਆ ਹੈ - ਦੇ ਇਕ ਬੁਲਾਰੇ ਨੇ ਚਿਤਾਵਨੀ ਦਿੱਤੀ ਹੈ ਕਿ 'ਭਾਰਤ ਵਿਰੋਧੀ ਤਾਕਤਾਂ' ਇਸ ਸੰਕਟ ਸੰਕਟ ਦਾ ਲਾਹਾ 'ਨਕਾਰਾਤਮਕਤਾ' ਅਤੇ 'ਬੇਵਿਸ਼ਵਾਸੀ' ਦੀ ਅੱਗ ਭੜਕਾਉਣ ਲਈ ਲੈਣਗੀਆਂ ਅਤੇ ਉਸ ਨੇ ਮੀਡੀਆ ਤੋਂ 'ਸਕਾਰਾਤਮਕ ਮਾਹੌਲ' ਬਣਾਉਣ 'ਚ ਮਦਦ ਕਰਨ ਦੀ ਮੰਗ ਕੀਤੀ ਹੈ। ਟਵਿੱਟਰ ਨੇ ਉਨ੍ਹਾਂ ਦੀ ਮਦਦ ਕਰਦੇ ਹੋਏ ਸਰਕਾਰ ਪ੍ਰਤੀ ਆਲੋਚਨਾਤਮਕ ਰੁਖ ਅਖਤਿਆਰ ਕਰਨ ਵਾਲੇ ਅਕਾਊਂਟ ਜਾਮ ਕਰ ਦਿੱਤੇ।

ਮਨ ਨੂੰ ਧਰਵਾਸ ਦੇਣ ਅਸੀਂ ਕਿਸ ਪਾਸੇ ਝਾਕ ਰੱਖਾਂਗੇ? ਵਿਗਿਆਨ ਤੋਂ? ਕੀ ਅਸੀਂ ਅੰਕੜਿਆਂ ਦੇ ਭਰੋਸੇ ਰਹਾਂਗੇ? ਕਿੰਨੀਆਂ ਮੌਤਾਂ? ਕਿੰਨੇ ਠੀਕ ਹੋਏ? ਕਿੰਨੇ ਇਸ ਦੀ ਲਪੇਟ 'ਚ ਆਏ? ਇਸ ਦਾ ਸਿਖਰ ਕਦੋਂ ਆਵੇਗਾ? 27 ਅਪਰੈਲ ਨੂੰ 32144 ਨਵੇਂ ਮਾਮਲਿਆਂ ਅਤੇ 2771 ਮੌਤਾਂ ਦੀ ਖਬਰ ਸੀ।

ਦਿੱਲੀ ਵਿਚ ਵੀ ਟੈਸਟ ਕਰਵਾ ਸਕਣਾ ਬਹੁਤ ਮੁਸ਼ਕਿਲ ਹੈ। ਕਸਬਿਆਂ ਅਤੇ ਸ਼ਹਿਰਾਂ ਵਿਚ ਕਬਰਸਤਾਨਾਂ ਅਤੇ ਸ਼ਮਸ਼ਾਨਾਂ ਵਿਚ ਕੋਵਿਡ-ਨਿਯਮਾਂ ਮੁਤਾਬਿਕ ਹੋਣ ਵਾਲੇ ਅੰਤਿਮ ਸੰਸਕਾਰਾਂ ਦੀ ਗਿਣਤੀ ਦੱਸਦੀ ਹੈ ਕਿ ਮੌਤ ਦੇ ਅੰਕੜੇ ਅਧਿਕਾਰਕ ਗਿਣਤੀ ਨਾਲੋਂ 30 ਗੁਣਾਂ ਜ਼ਿਆਦਾ ਹਨ। ਮਹਾਨਗਰਾਂ ਦੇ ਬਾਹਰ ਕੰਮ ਕਰਨ ਵਾਲੇ ਡਾਕਟਰ ਦੱਸ ਸਕਦੇ ਹਨ ਕਿ ਹਾਲਾਤ ਕੀ ਹਨ। ਜੇ ਦਿੱਲੀ ਟੁੱਟ ਰਹੀ ਹੈ ਤਾਂ ਸਾਨੂੰ ਕਿਵੇਂ ਕਲਪਨਾ ਕਰਨੀ ਚਾਹੀਦੀ ਹੈ ਕਿ ਬਿਹਾਰ, ਉਤਰ ਪ੍ਰਦੇਸ਼, ਮੱਧ ਪ੍ਰਦੇਸ਼ ਦੇ ਪਿੰਡਾਂ ਵਿਚ ਕੀ ਹੋ ਰਿਹਾ ਹੈ ਜਿੱਥੇ ਸ਼ਹਿਰਾਂ ਤੋਂ ਕਰੋੜਾਂ ਮਜ਼ਦੂਰ ਆਪਣੇ ਨਾਲ ਵਾਇਰਸ ਲੈ ਕੇ ਆਪਣੇ ਪਰਿਵਾਰਾਂ ਕੋਲ ਆਪਣੇ ਘਰਾਂ ਨੂੰ ਪਰਤ ਰਹੇ ਹਨ? ਉਨ੍ਹਾਂ ਦੇ ਜ਼ਿਹਨ ਵਿਚ 2020 'ਚ ਮੋਦੀ ਦੇ ਦੇਸ਼ ਪੱਧਰੀ ਲੌਕਡਾਊਨ ਦੀ ਦਹਿਸ਼ਤ ਹੈ।

ਇਹ ਦੁਨੀਆ ਦਾ ਸਭ ਤੋਂ ਸਖਤ ਲੌਕਡਾਊਨ ਸੀ, ਜਿਸ ਨੂੰ ਮਹਿਜ਼ ਚਾਰ ਘੰਟਿਆਂ ਦੇ ਨੋਟਿਸ ਉਪਰ ਲਾਗੂ ਕਰ ਦਿੱਤਾ ਗਿਆ ਸੀ। ਇਸ ਨਾਲ ਪਰਵਾਸੀ ਮਜ਼ਦੂਰ ਰੋਜ਼ਗਾਰ ਤੋਂ ਬਿਨਾਂ, ਰਿਹਾਇਸ਼ ਦੇ ਕਿਰਾਏ ਜੋਗੇ ਪੈਸਿਆਂ ਤੋਂ ਬਿਨਾਂ, ਖਾਣੇ ਅਤੇ ਆਵਾਜਾਈ ਦੇ ਸਾਧਨਾਂ ਦੀ ਅਣਹੋਂਦ 'ਚ ਸ਼ਹਿਰਾਂ ਵਿਚ ਫਸ ਗਏ ਸਨ। ਕਈਆਂ ਨੂੰ ਆਪਣੇ ਦੂਰ-ਦਰਾਜ ਪਿੰਡਾਂ ਵਿਚਲੇ ਆਪਣੇ ਘਰਾਂ 'ਚ ਪਹੁੰਚਣ ਲਈ ਸੈਂਕੜੇ ਮੀਲ ਤੁਰਨਾ ਪਿਆ, ਸੈਂਕੜੇ ਰਸਤੇ 'ਚ ਹੀ ਦਮ ਤੋੜ ਗਏ। ਇਸ ਵਾਰ, ਹਾਲਾਂਕਿ ਕੋਈ ਦੇਸ਼ ਪੱਧਰੀ ਲੌਕਡਾਊਨ ਨਹੀਂ ਹੈ, ਮਜ਼ਦੂਰਾਂ ਨੇ ਹੁਣੇ ਚਾਲੇ ਪਾ ਦਿੱਤੇ ਹਨ, ਜਦੋਂ ਆਵਾਜਾਈ ਅਜੇ ਮਿਲ ਰਹੀ ਹੈ, ਜਦੋਂ ਟਰੇਨਾਂ ਅਤੇ ਬੱਸਾਂ ਅਜੇ ਚੱਲ ਰਹੀਆਂ ਹਨ। ਉਹ ਚੱਲ ਪਏ ਹਨ ਕਿਉਂਕਿ ਉਹ ਜਾਣਦੇ ਹਨ ਕਿ ਚਾਹੇ ਉਹ ਇਸ ਵਿਸ਼ਾਲ ਮੁਲਕ ਦੀ ਆਰਥਿਕਤਾ ਦਾ ਇੰਜਣ ਹਨ, ਜਦੋਂ ਕੋਈ ਸੰਕਟ ਆਉਂਦਾ ਹੈ ਤਾਂ ਇਸ ਪ੍ਰਸ਼ਾਸਨ ਦੀਆਂ ਨਜ਼ਰਾਂ 'ਚ ਉਨ੍ਹਾਂ ਦੀ ਕੋਈ ਹੋਂਦ ਨਹੀਂ ਹੁੰਦੀ।

ਇਸ ਸਾਲ ਦੇ ਪਲਾਇਨ ਦੇ ਨਤੀਜੇ 'ਚ ਇਕ ਵੱਖਰੀ ਤਰ੍ਹਾਂ ਦੀ ਗੜਬੜ ਹੋਈ ਹੈ: ਆਪਣੇ ਪਿੰਡਾਂ ਦੇ ਘਰਾਂ 'ਚ ਵੜਨ ਤੋਂ ਪਹਿਲਾਂ ਉਨ੍ਹਾਂ ਲਈ ਕੁਆਰੰਟੀਨ 'ਚ ਰਹਿਣ ਲਈ ਕੋਈ ਸੈਂਟਰ ਵੀ ਨਹੀਂ ਹੈ। ਸ਼ਹਿਰਾਂ ਵਿਚ ਫੈਲੇ ਵਾਇਰਸ ਤੋਂ ਪਿੰਡਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਨ ਦਾ ਕੋਈ ਦਿਖਾਵਾ ਤੱਕ ਨਹੀਂ ਕੀਤਾ ਜਾ ਰਿਹਾ। ਇਹ ਉਹ ਪਿੰਡ ਹਨ ਜਿੱਥੇ ਲੋਕ ਸੌਖਿਆਂ ਹੀ ਇਲਾਜ ਯੋਗ ਟੱਟੀਆਂ-ਉਲਟੀਆਂ ਅਤੇ ਟੀ.ਬੀ. ਵਰਗੀਆਂ ਬਿਮਾਰੀਆਂ ਨਾਲ ਮਰ ਜਾਂਦੇ ਹਨ। ਉਹ ਕੋਵਿਡ ਦਾ ਸਾਹਮਣਾ ਕਿਵੇਂ ਕਰਨਗੇ? ਕੀ ਉਨ੍ਹਾਂ ਕੋਲ ਕੋਵਿਡ ਟੈਸਟ ਦੀ ਸਹੂਲਤ ਹੈ? ਕੀ ਹਸਪਤਾਲ ਹਨ? ਕੀ ਉਥੇ ਆਕਸੀਜਨ ਹੈ? ਉਸ ਤੋਂ ਅੱਗੇ, ਕੀ ਪਿਆਰ ਹੈ? ਪਿਆਰ ਨੂੰ ਭੁੱਲ ਜਾਓ, ਕੋਈ ਚਿੰਤਾ ਵੀ ਹੈ? ਨਹੀਂ ਹੈ। ਜਿੱਥੇ ਭਾਰਤ ਦਾ ਜਨਤਕ ਦਿਲ ਹੋਣਾ ਚਾਹੀਦਾ ਹੈ, ਉਥੇ ਇਕ ਦਿਲਨੁਮਾ ਖੋਲ ਹੈ ਜਿਸ ਵਿਚ ਸਰਦ ਬੇਪ੍ਰਵਾਹੀ ਭਰੀ ਹੋਈ ਹੈ। ***(ਚੱਲਦਾ)***

# ਭਾਰਤ ! ਤੂੰ ਬੱਸ ਏਨਾ ਕੁ ਕਸ਼ਟ ਕਰ ਦੇਵੀਂ !

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ, ਤੂੰ ਭਰਮ ਦੇ ਵੱਡੇ ਜਾਲ ਵਿਚ ਫਸ ਗਿਆ ਹੈਂ। ਉਸ ਜਾਲ ਵਿਚ ਫਸ ਗਿਆ ਹੈਂ, ਜਿੱਥੇ ਹਉਮੈ ਦੇ ਭਰੇ ਭੜੋਲੇ ਵਰਗਾ ਇੱਕ ਆਗੂ ਬਾਕੀ ਸਭ ਲੋਕਾਂ ਨੂੰ ਪੁਤਲੀਆਂ ਸਮਝ ਕੇ ਨਚਾਉਣਾ ਚਾਹੁੰਦਾ ਹੈ ਤੇ ਏਦਾਂ ਦਾ ਭਾਰਤ ਉਸ ਨੂੰ ਚਾਹੀਦਾ ਹੈ, ਜੋ ਨਾ ਖਾਣ ਲਈ ਕੁਝ ਮੰਗੇ, ਨਾ ਜੀਵਨ ਲੋੜਾਂ ਦਾ ਚੇਤਾ ਕਰੇ, ਨਾ ਮਹਾਮਾਰੀਆਂ ਅਤੇ ਕੁਦਰਤੀ ਕਰੋਪੀਆਂ ਦੇ ਵਕਤ ਉਸ ਰਾਹਤ ਦੀ ਆਸ ਕਰੇ, ਜਿਹੜੀ ਪਿਤਾ-ਪੁਰਖੀ ਰਾਜੇ ਵੀ ਦੇ ਦਿੱਤਾ ਕਰਦੇ ਸਨ। ਮਰਦੇ ਪਏ ਦੇਸ਼ ਵਾਸੀਆਂ ਵੱਲ ਵੇਖਣ ਨਾਲੋਂ ਉਸ ਨੂੰ ਭਾਰਤ ਦੇ ਨਕਸ਼ੇ ਵਿਚ ਉਨ੍ਹਾਂ ਕੁਝ ਬਾਕੀ ਬਚੀਆਂ ਡੱਬ-ਖੜੱਬੀਆਂ ਥਾਂਵਾਂ ਨੂੰ ਵੇਖਣਾ ਵੱਧ ਜ਼ਰੂਰੀ ਲੱਗਦਾ ਹੈ, ਜੋ ਆਪਣੇ ਰੰਗ ਵਿਚ ਰੰਗਣ ਲਈ ਉਹ ਰਾਤ ਦਿਨ ਸੁਫਨੇ ਲੈਂਦਾ ਹੈ।

ਪੱਛਮੀ ਬੰਗਾਲ ਦੀ ਚੋਣ ਮੁਹਿੰਮ ਲਈ ਉਸ ਨੇ ਜੋ ਅਪਰੈਲ ਦਾ ਅੱਧੇ ਤੋਂ ਵੱਧ ਮਹੀਨਾ ਫੂਕ ਛੱਡਿਆ, ਉਹੀ ਮਹੀਨਾ ਦੇਸ਼ ਦੇ ਲੋਕਾਂ ਲਈ ਅੱਜ ਤੱਕ ਦਾ ਸਭ ਤੋਂ ਕਾਲਾ ਸਮਾਂ ਹੋ ਗਿਆ। ਫਰਵਰੀ ਦੇ ਅੰਤਲੇ ਦਿਨ ਕਰੋਨਾ ਵਾਇਰਸ ਦੇ ਐਕਟਿਵ ਕੇਸਾਂ ਦੀ ਗਿਣਤੀ ਭਾਰਤ ਵਿਚ ਇੱਕ ਲੱਖ ਸੱਤਰ ਹਜ਼ਾਰ ਤੋਂ ਥੋੜ੍ਹੀ ਉੱਤੇ ਸੀ, ਮਾਰਚ ਦੇ ਅੰਤਲੇ ਦਿਨ ਤੱਕ ਚੋਣਾਂ ਲਈ ਰਾਜਸੀ ਲੀਡਰਾਂ ਦੇ ਜਲਸੇ ਸ਼ੁਰੂ ਹੋਣ ਕਾਰਨ ਪੰਜ ਲੱਖ ਪਚਾਸੀ ਹਜ਼ਾਰ ਤੋਂ ਟੱਪ ਗਈ ਤੇ ਪ੍ਰਧਾਨ ਮੰਤਰੀ ਨੇ ਦੌਰੇ ਉਦੋਂ ਸਮੇਟੇ, ਜਦੋਂ ਐਕਟਿਵ ਕੇਸਾਂ ਦੀ ਗਿਣਤੀ ਵੀਹ ਲੱਖ ਤੋਂ ਟੱਪ ਗਈ। ਫਿਰ ਇਹ ਰੁਕੀ ਨਹੀਂ। ਹਾਲਾਤ ਕਾਬੂ ਤੋਂ ਬਾਹਰ ਹੋਣ ਨਾਲ ਅਪਰੈਲ ਮੁੱਕਣ ਤੱਕ ਇਹ ਗਿਣਤੀ ਬੱਤੀ ਲੱਖ ਟੱਪ ਗਈ। ਫਰਵਰੀ ਮੁੱਕਣ ਤੱਕ ਮੌਤਾਂ ਦੀ ਗਿਣਤੀ ਭਾਰਤ ਵਿਚ ਅਜੇ ਇੱਕ ਲੱਖ ਸਤਵੰਜਾ ਹਜ਼ਾਰ ਤੋਂ ਡੇਢ ਸੌ ਉੱਤੇ ਸੀ, ਮਾਰਚ ਮੁੱਕਣ ਤੱਕ ਇਹ ਇੱਕ ਲੱਖ ਤਰੇਹਠ ਹਜ਼ਾਰ ਦੇ ਨੇੜੇ ਪਹੁੰਚੀ, ਪਰ ਅਪਰੈਲ ਮੁੱਕਣ ਤੱਕ ਭਾਰਤ ਵਿਚ ਮੌਤਾਂ ਦੀ ਗਿਣਤੀ ਦੋ ਲੱਖ ਦਸ ਹਜ਼ਾਰ ਟੱਪ ਗਈ। ਅਪਰੈਲ ਦਾ ਮਹੀਨਾ ਭਾਰਤ ਵਿਚ ਸੰਤਾਲੀ ਹਜ਼ਾਰ ਮੌਤਾਂ ਦਾ ਕਾਰਨ ਬਣ ਗਿਆ। ਇਤਿਹਾਸ ਵਿਚ ਭਾਰਤ ਵਿਚ ਕਦੇ ਏਨੀਆਂ ਮੌਤਾਂ ਨਹੀਂ ਹੋਈਆਂ। ਕਦੀ ਕਿਸੇ ਨੇ ਸੋਚਿਆ ਨਹੀਂ ਸੀ ਕਿ ਏਦਾਂ ਵੀ ਹੋਵੇਗਾ, ਪਰ ਇਹ ਕਹਿਰ ਵਾਪਰ ਗਿਆ ਹੈ।

ਦੇਸ਼ ਦਾ 'ਪ੍ਰਧਾਨ ਸੇਵਕ' ਕਹਾਉਣ ਦੇ ਨਾਟਕ ਕਰਨ ਵਾਲਾ ਆਗੂ ਮੌਤਾਂ ਨਾਲ ਦੁਖੀ ਹੋਣ ਦੀ ਥਾਂ ਇਸ ਗੱਲ ਤੋਂ ਦੁਖੀ ਹੁੰਦਾ ਹੈ ਕਿ ਉਸ ਦੀ ਸਰਕਾਰ ਦੀ ਭੰਡੀ ਹੁੰਦੀ ਹੈ। ਜਿਹੋ ਜਿਹੇ ਕੰਮ ਹੋਣ, ਓਦਾਂ ਦੀ ਸੋਭਾ ਹੁੰਦੀ ਹੈ। ਦੁਨੀਆਂ ਭਰ ਦੇ ਅਖਬਾਰ ਉਸ ਦੇ ਚੋਣ ਚਸਕਿਆਂ ਤੇ ਭਾਸ਼ਣਾਂ ਦੌਰਾਨ ਆਈਆਂ ਮਕਾਣਾਂ ਨੇ ਕੰਬਣ ਲਾ ਦਿੱਤੇ ਹਨ, ਜਿਸ ਪਿੱਛੋਂ ਉਹ ਹਕੀਕਤਾਂ ਪੇਸ਼ ਕਰ ਰਹੇ ਹਨ ਤਾਂ ਇਹ ਭਾਰਤ ਦੇ ਨੇਤਾ ਨੂੰ ਭੰਡੀ ਜਾਪੀ ਹੈ। ਜਿਸ ਟਾਈਮ ਮੈਗਜ਼ੀਨ ਨੇ ਕਦੇ ਉਸ ਦੀ ਫੋਟੋ ਪਹਿਲੇ ਸਫੇ ਉੱਤੇ ਦਿਖਾਈ ਤਾਂ ਉਹ ਆਪਣੇ ਆਪ ਧੰਨ ਸਮਝਦਾ ਸੀ, ਅੱਜ ਉਹੀ ਟਾਈਮ ਜੇ ਭਾਰਤ ਦੇਸ਼ ਦੇ ਸ਼ਮਸਾਨ ਘਾਟਾਂ ਵਿਚ ਮੱਚਦੇ ਸਿਵਿਆਂ ਦੀ ਫੋਟੋ ਛਾਪਦਾ ਹੈ ਤਾਂ ਇਹ ਪ੍ਰਧਾਨ ਮੰਤਰੀ ਨੂੰ ਭੰਡੀ ਜਾਪੀ ਹੈ। ਅਮਰੀਕਾ ਦਾ ਅਖਬਾਰ ਵਾਸ਼ਿੰਗਟਨ ਪੋਸਟ, ਇੰਗਲੈਂਡ ਦਾ ਗਾਰਡੀਅਨ ਅਤੇ ਦੁਨੀਆਂ ਭਰ ਦੇ ਮੀਡੀਆ ਚੈਨਲਾਂ ਤੋਂ ਭਾਰਤ ਦੇਸ਼ ਦੇ ਹਾਲਾਤ ਦੀ ਚਰਚਾ ਵਿਚ ਮਰ ਗਏ ਲੋਕਾਂ ਦੇ ਅੰਕੜੇ ਵੀ ਤੇ ਮਰਨਾਊ ਪਏ ਲੋਕਾਂ ਦੇ ਅੰਕੜੇ ਵੀ ਪੇਸ਼ ਕੀਤੇ ਜਾਂਦੇ ਹਨ ਤਾਂ ਇਹ ਭਾਰਤ ਦੀ ਭੰਡੀ ਜਾਪੀ ਹੈ। ਉਹ ਲੋਕ ਭਾਰਤ ਦੀ ਭੰਡੀ ਨਹੀਂ ਕਰਦੇ, ਹਰ ਪੇਸ਼ਕਾਰੀ ਦੇ ਵਕਤ ਇਹ ਕਹਿੰਦੇ



ਹਨ ਕਿ ਇਹ ਹਾਲਤ ਭਾਰਤ ਦੇ ਇੱਕ ਨੇਤਾ ਦੇ ਚੋਣ ਚਸਕੇ ਕਾਰਨ ਪੈਦਾ ਹੋਈ ਹੈ। ਇਸ ਵਿਚ ਇੱਕ ਦੇਸ਼ ਦੀ ਭੰਡੀ ਨਹੀਂ, ਘੁਮੰਡ ਦੇ ਘੋੜੇ ਉੱਤੇ ਚੜ੍ਹੇ ਹੋਏ ਇੱਕ ਨੇਤਾ ਦੀ ਮਰਦੇ ਪਏ ਲੋਕਾਂ ਵਾਸਤੇ ਕੁਝ ਕਰਨ ਦੀ ਥਾਂ ਉਸ ਦੇ ਆਪਣੇ ਰਾਜ ਦੀਆਂ ਹੱਦਾਂ ਹੋਰ ਵਧਾਉਣ ਦੀ ਵਡੇਰੀ ਲਾਲਸਾ ਦਾ ਖੁਲਾਸਾ ਕੀਤਾ ਸਮਝਿਆ ਜਾ ਸਕਦਾ ਹੈ।

ਬਾਹਰਲੇ ਦੇਸ਼ਾਂ ਵਾਲੇ ਬੋਲਦੇ ਹਨ ਤਾਂ ਭਾਰਤ ਦੀ ਭੰਡੀ ਕਰਦੇ ਜਾਪਦੇ ਹਨ, ਆਪਣੇ ਲੋਕ ਬੋਲਦੇ ਹਨ ਤਾਂ ਮੋਦੀ ਟੀਮ ਨੂੰ ਉਹ ਵਿਰੋਧੀਆਂ ਦਾ ਕੂੜ-ਪ੍ਰਚਾਰ ਜਾਪਦਾ ਹੈ, ਪਰ ਭਾਜਪਾ ਦੇ ਆਪਣੇ ਅੰਦਰੋਂ ਜੋ ਬੋਲਿਆ ਗਿਆ ਹੈ, ਉਸ ਬਾਰੇ ਪ੍ਰਧਾਨ ਮੰਤਰੀ ਜਾਂ ਉਸ ਦੇ ਚੇਲਿਆਂ ਦੇ ਦੰਦ ਜੁੜੇ ਹੋਏ ਹਨ। ਕੇਂਦਰੀ ਮੰਤਰੀ ਮੰਡਲ ਵਿਚਲੇ ਤਿੰਨ ਚਿਹਰਿਆਂ ਦੇ ਹੱਥ ਸਾਰੀ ਤਾਕਤ ਮੰਨੀ ਜਾਂਦੀ ਹੈ, ਇੱਕ ਪ੍ਰਧਾਨ ਮੰਤਰੀ ਮੋਦੀ, ਦੂਸਰਾ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਤੀਸਰਾ ਨੰਬਰ ਖਜਾਨਾ ਮੰਤਰੀ ਨਿਰਮਲਾ ਸੀਤਾਰਮਨ ਦਾ ਹੈ। ਨਿਰਮਲਾ ਸੀਤਾਰਮਨ ਜਦੋਂ ਇਕਨਾਮਿਕਸ ਪੜ੍ਹਨ ਲਈ ਕਲਾਸ ਵਿਚ ਬੈਠਦੀ ਸੀ, ਉਸ ਦਾ ਪਤੀ ਪਰਕਲਾ ਪ੍ਰਭਾਕਰ ਉਸ ਦੇ ਨਾਲ ਇਕਨਾਮਿਕਸ ਦਾ ਵਿਦਿਆਰਥੀ ਹੁੰਦਾ ਸੀ। ਦੋਵੇਂ ਇਕੱਠੇ ਪੜ੍ਹੇ ਹਨ, ਪਰ ਉਸ ਦਾ ਪਤੀ ਇਸ ਮੰਤਰੀ ਬੀਬੀ ਵਾਂਗ ਰਾਜਨੀਤੀ ਦੇ ਰਾਹ ਦਾ ਪਾਂਧੀ ਨਾ ਹੋਣ ਕਾਰਨ ਤੇ ਕਿਸੇ ਕੁਰਸੀ ਦੀ ਝਾਕ ਨਾ ਰੱਖਣ ਕਾਰਨ ਅਜੇ ਵੀ ਸੱਚ ਬੋਲਣ ਨੂੰ ਠੀਕ ਸਮਝਦਾ ਹੈ। ਉਸ ਨੇ ਇੱਕ ਦਿਨ ਇਸ ਦੇਸ਼ ਦੇ ਗਰੀਬਾਂ ਦੀ ਅਸਲੀ ਹਾਲਤ ਬਾਰੇ ਲੇਖ ਲਿਖ ਦਿੱਤਾ, ਸਾਰੇ ਪਾਸੇ ਧੁੰਮ ਮੱਚ ਗਈ ਅਤੇ ਪ੍ਰਧਾਨ ਮੰਤਰੀ ਦੀ ਸਾਰੀ ਟੀਮ ਨੂੰ ਏਦਾਂ ਸੱਪ ਸੁੰਘ ਗਿਆ ਕਿ ਸਾਰਿਆਂ ਦੀ ਜ਼ਬਾਨ ਤਾਲੂ ਨਾਲ ਲੱਗ ਗਈ। ਕਿਸੇ ਨੇ ਉਸ ਦੇ ਲੇਖ ਦੀ ਕਿਸੇ ਗੱਲ ਬਾਰੇ ਕੋਈ ਟਿਪਣੀ ਤੱਕ ਕਰਨ ਦੀ ਹਿੰਮਤ ਨਹੀਂ ਦਿਖਾਈ, ਕਿਉਂਕਿ ਉਸ ਨੇ ਸੱਚ ਕਿਹਾ ਸੀ।

ਨਿਰਮਲਾ ਦੇ ਪਤੀ ਪਰਕਲਾ ਪ੍ਰਭਾਕਰ ਨੇ ਕਿਹਾ ਕਿ ਜਿਨ੍ਹਾਂ ਦੇ ਘਰ ਵਿਚ ਮੌਤ ਹੁੰਦੀ ਹੈ, ਉਨ੍ਹਾਂ ਨੂੰ ਦੁੱਖ ਪਤਾ ਹੈ; ਤੁਹਾਡੇ ਘਰੀਂ ਕੋਈ ਮੌਤ ਨਹੀਂ ਹੋਈ, ਤੁਹਾਨੂੰ ਇਸ ਦਾ ਦੁੱਖ ਨਹੀਂ, ਇਸ ਲਈ ਤੁਸੀਂ ਚੋਣ ਮੁਹਿੰਮਾਂ ਵਿਚ ਰੁੱਝੇ ਹੋ। ਤੁਹਾਡੇ ਸੰਤਾਂ ਲਈ ਕੁੰਭ ਵਾਲਾ ਇਸ਼ਨਾਨ ਕਰਨ ਮੌਕੇ ਭੀੜਾਂ ਸੱਦਣੀਆਂ ਜ਼ਰੂਰੀ ਹਨ ਅਤੇ ਮੁਲਕ ਮਰਦਾ ਦਿੱਸ ਨਹੀਂ ਸਕਿਆ। ਪਰਕਲਾ ਪ੍ਰਭਾਕਰ ਨੇ ਕਿਹਾ ਕਿ ਤੁਹਾਡੀ ਇੱਕ ਨੀਤੀ ਬਣ ਗਈ ਹੈ ਕਿ ਦੇਸ਼ ਦੇ ਲੋਕਾਂ ਨੂੰ ਰੋਣ ਦਿਓ, ਰੋਣ ਪਿੱਛੋਂ ਚੁੱਪ ਕਰ ਜਾਣਗੇ। ਪਹਿਲਾਂ ਤੁਸੀਂ ਨੋਟਬੰਦੀ ਕੀਤੀ ਤਾਂ ਲੋਕ ਰੋ ਕੇ ਚੁੱਪ ਕਰ ਗਏ ਸਨ, ਇਸ ਵਾਰੀ ਵੀ ਤੁਸੀਂ ਇਹੋ ਸੋਚ ਰਹੇ ਹੋ, ਪਰ ਇਸ ਵਾਰੀ ਲੋਕਾਂ ਦੀ ਜੇਬ ਨਹੀਂ ਕੱਟੀ ਗਈ, ਜ਼ਿੰਦਗੀ ਦੀ ਤੰਦ ਕੱਟੀ ਜਾ ਰਹੀ ਹੈ ਤਾਂ ਉਹ ਛੇਤੀ ਕੀਤੇ ਚੁੱਪ ਨਹੀਂ ਹੋਣਗੇ।

ਸਾਨੂੰ ਸੱਤ ਕੁ ਸਾਲ ਪਹਿਲਾਂ ਦੀ ਇੱਕ ਗੱਲ ਅਜੇ ਚੇਤਾ ਹੈ। ਉਦੋਂ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਬਣਨ ਵਾਸਤੇ ਦਿੱਲੀ ਦੀ ਉਡਾਰੀ ਲਾਉਣ ਲੱਗਾ ਤਾਂ ਉਸ ਨੇ ਆਪਣੀ ਥਾਂ ਸਭ ਤੋਂ ਸੀਨੀਅਰ ਮੰਤਰੀ ਆਨੰਦੀ ਬੇਨ ਪਟੇਲ ਨੂੰ ਗੁਜਰਾਤ ਦੀ ਮੁੱਖ ਮੰਤਰੀ ਬਣਾਉਣ ਦਾ ਫੈਸਲਾ ਕੀਤਾ ਸੀ। ਅਚਾਨਕ ਲੋਕਾਂ ਨੂੰ ਆਨੰਦੀ ਬੇਨ ਪਟੇਲ ਦੇ ਪਤੀ ਮਫਤ ਲਾਲ ਪਟੇਲ ਦਾ ਐਲਾਨ ਪੜ੍ਹਨ ਨੂੰ ਮਿਲਿਆ ਕਿ ਉਹ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਿਆ ਹੈ, ਕਿਉਂਕਿ ਉਸ ਦੀ ਨਜ਼ਰ ਵਿਚ ਭ੍ਰਿਸ਼ਟਾਚਾਰ ਦਾ ਭੜੋਲਾ ਬਣੀ ਕਾਂਗਰਸ ਤੇ ਫਿਰਕਾਪ੍ਰਸਤ ਹਜੂਮ ਵਾਲੀ ਭਾਜਪਾ ਵਿਚ ਜਾਣ ਦੀ ਥਾਂ ਇਹ ਪਾਰਟੀ ਦੋਹਾਂ ਨਾਲੋਂ ਕੁਝ ਹੱਦ ਤੱਕ ਵੱਧ ਠੀਕ ਲੱਗੀ ਹੈ। ਭਾਜਪਾ ਵਿਚ ਭਾਜੜ ਪੈ ਗਈ। ਪ੍ਰਧਾਨ ਮੰਤਰੀ ਲਈ ਉਡਾਰੀ ਲਾਉਣ ਨੂੰ ਤਿਆਰ ਨਰਿੰਦਰ ਮੋਦੀ ਨੂੰ ਲੱਗਾ ਕਿ ਘਰ ਵਿਚੋਂ ਉੱਠੀ ਇਹ ਵਿਰੋਧ ਦੀ ਸੁਰ ਜੜ੍ਹੀਂ ਨਾ ਬੈਠ ਜਾਵੇ, ਇਸ ਲਈ ਹਰ ਪਾਸੇ ਤੋਂ ਮਫਤ ਲਾਲ ਪਟੇਲ ਉੱਤੇ ਭਾਜਪਾ ਵਿਚ ਵਾਪਸੀ ਦਾ ਦਬਾਅ ਪਾਇਆ ਗਿਆ। ਬਹੁਤ ਮੁਸ਼ਕਿਲ ਵਾਪਸ ਮੁੜਨਾ ਮੰਨ ਕੇ ਵੀ ਉਸ ਨੇ ਪ੍ਰੈੱਸ ਦੇ ਸਾਹਮਣੇ ਇਹ ਗੱਲ ਕਹਿ ਦਿੱਤੀ ਕਿ ਉਂਜ ਤਾਂ ਭਾਜਪਾ ਤੋਂ ਆਮ ਆਦਮੀ ਪਾਰਟੀ ਚੰਗੀ ਹੈ, ਪਰ ਮੇਰੇ ਪਰਿਵਾਰ ਦੀ ਰਾਏ ਹੈ ਕਿ ਇਸ ਨਾਲ ਪਰਿਵਾਰ ਲਈ ਮੁਸ਼ਕਿਲਾਂ ਆਉਣਗੀਆਂ ਤੇ ਬੱਚਿਆਂ ਦਾ ਭਵਿੱਖ ਵੀ ਖਰਾਬ ਹੋ ਸਕਦਾ ਹੈ, ਇਸ ਲਈ ਮੈਂ ਫਿਰ ਭਾਜਪਾ ਨਾਲ ਹੀ ਰਹਿਣ ਦਾ ਫੈਸਲਾ ਕੀਤਾ ਹੈ। ਉਸ ਦੇ ਪਹਿਲੇ ਜਾਂ ਦੂਸਰੇ ਮੋੜਾ ਕੱਟਦੇ ਬਿਆਨ ਦਾ ਭਾਜਪਾ ਦੇ ਕਿਸੇ ਵੀ ਆਗੂ ਨੇ ਅੱਜ ਤੱਕ ਕਦੇ ਕੋਈ ਖੰਡਨ ਨਹੀਂ ਕੀਤਾ।

ਅੱਜ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੁਨੀਆਂ ਭਰ ਦਾ ਮੀਡੀਆ ਭੰਡੀ ਕਰਦਾ ਜਾਪਦਾ ਹੈ ਤਾਂ ਭਾਜਪਾ ਦੀ ਸਾਰੀ ਮੀਡੀਆ ਟੀਮ ਇਸ ਦੇ ਟਾਕਰੇ ਵਾਸਤੇ ਸਿਰ-ਪਰਨੇ ਹੋ ਗਈ ਹੈ। ਉਰਦੂ ਦਾ ਸ਼ੇਅਰ ਹੈ, 'ਸਾਰੀ ਉਮਰ ਏਕ ਹੀ ਗਲਤੀ ਦੁਹਰਾਤੇ ਰਹੇ। ਧੂਲ ਚਿਹਰੇ ਪੇ ਥੀ, ਪੋਂਛਾ ਆਈਨੇ ਪਰ ਲਗਾਤੇ ਰਹੇ।' ਭਾਜਪਾ ਦੀ ਇਹ ਪੋਚਾ ਮਾਰਨ ਦੇ ਕੰਮ ਲੱਗੀ ਹੋਈ ਅਤੇ ਅਸਲ ਵਿਚ ਲਾਈ ਹੋਈ ਟੀਮ ਵੀ ਦੁਨੀਆਂ ਭਰ ਦੇ ਮੀਡੀਏ ਦੇ ਕਹੇ ਸ਼ਬਦਾਂ ਉੱਤੇ ਪੋਚਾ ਫੇਰ ਕੇ ਖੁਸ਼ ਹੋਣ ਦੀ ਕੋਸ਼ਿਸ਼ ਕਰਦੀ ਹੈ, ਪਰ ਘਰ ਵਿਚੋਂ ਲਿਖੇ ਗਏ ਖਜਾਨਾ ਮੰਤਰੀ ਬੀਬੀ ਨਿਰਮਲਾ ਸੀਤਾਰਮਨ ਦੇ ਪਤੀ ਪਰਕਲਾ ਪ੍ਰਭਾਕਰ ਦੇ ਲੇਖ ਦਾ ਕੋਈ ਖੰਡਨ ਕਰਨ ਦੀ ਹਿੰਮਤ ਅਜੇ ਨਹੀਂ ਕਰ ਸਕੀ। ਉਸ ਨੇ ਏਡਾ ਕੌੜਾ ਸੱਚ ਪੇਸ਼ ਕੀਤਾ ਹੈ ਕਿ ਉਸ ਦਾ ਮੰਡਨ, ਅਰਥਾਤ ਉਸ ਨੂੰ ਮੰਨਣਾ ਭਾਜਪਾ ਲੀਡਰਸ਼ਿਪ ਲਈ ਔਖਾ ਹੈ, ਪਰ ਖੰਡਨ ਕਰਨਾ ਉਸ ਤੋਂ ਵੀ ਵੱਧ ਔਖਾ ਹੈ। ਜੇ ਉਸ ਦੇ ਲੇਖ ਦਾ ਖੰਡਨ ਕਰਨ ਦਾ ਯਤਨ ਕੀਤਾ ਗਿਆ ਤਾਂ ਉਹ ਜਿਸ ਕਿਸਮ ਦਾ ਵਿਦਵਾਨ ਆਦਮੀ ਹੈ, ਭੜਕ ਕੇ ਅਗਲੇ ਲੇਖ ਵਿਚ ਅੰਕੜਿਆਂ ਅਤੇ ਤੱਥਾਂ ਦਾ ਇਹੋ ਜਿਹਾ ਖਿਲਾਰਾ ਪਾ ਸਕਦਾ ਹੈ ਕਿ ਭਾਜਪਾ ਲੀਡਰਾਂ ਲਈ ਉਸ ਨਵੇਂ ਕੂੜੇ ਦੀ ਬਦਬੋ ਦੇ ਸਾਹਮਣੇ ਆਪਣੇ ਨੱਕ ਬੰਦ ਕਰਨੇ ਪੈ ਜਾਣਗੇ।

ਭਾਰਤ, ਤੂੰ ਇਹੋ ਜਿਹੀ ਲੀਡਰਸ਼ਿਪ ਦੀ ਜਕੜ ਵਿਚ ਬੁਰੀ ਤਰ੍ਹਾਂ ਫਸ ਚੁਕਾ ਹੈਂ, ਜੋ ਚੀਕਾਂ ਵੀ ਕਢਾਉਂਦੀ ਹੈ, ਮਰ ਗਿਆਂ ਨੂੰ ਰੋਣ ਵੀ ਨਹੀਂ ਦੇਣਾ ਚਾਹੁੰਦੀ ਤੇ ਸੱਚਾਈ ਦੇ ਦਰਸ਼ਨ ਕਰਨ ਦੀ ਥਾਂ ਸ਼ੀਸ਼ਾ ਸਾਫ ਕਰਨ ਵਿਚ ਸਫਲ ਨਾ ਹੋਵੇ ਤਾਂ ਸ਼ੀਸ਼ਾ ਭੰਨਣ ਨੂੰ ਤਿਆਰ ਹੋ ਸਕਦੀ ਹੈ। ਇਸੇ ਲਈ ਸਰਕਾਰ-ਦਰਬਾਰ ਤੋਂ ਆਵਾਜ਼ਾਂ ਉੱਠ ਰਹੀਆਂ ਹਨ ਕਿ ਜਿਹੜਾ ਕੋਈ ਸਰਕਾਰ ਜਾਂ ਸਿਸਟਮ ਦੀ ਭੰਡੀ ਕਰੇਗਾ, ਉਸ ਦੇ ਖਿਲਾਫ ਕਾਰਵਾਈ ਹੋ ਸਕਦੀ ਹੈ। ਇਹ ਆਵਾਜ਼ਾਂ ਅਜੇ ਹੇਠਲੇ ਲੀਡਰਾਂ ਵੱਲੋਂ ਕੱਢੀਆਂ ਗਈਆਂ ਹਨ, ਤਾਂ ਕਿ ਪਰਖਿਆ ਜਾਵੇ ਕਿ ਲੋਕ ਬਰਦਾਸ਼ਤ ਕਰਨ ਨੂੰ ਤਿਆਰ ਹੋ ਸਕਦੇ ਹਨ ਕਿ ਨਹੀਂ, ਜੇ ਲੋਕ ਇਹ ਵਾਰ ਝੱਲ ਗਏ ਤਾਂ ਅਗਲੀ ਸੱਟ ਪੈ ਸਕਦੀ ਹੈ।

ਭਾਰਤ ਦੇ ਲੋਕਾਂ ਨੇ ਬਹੁਤ ਸਾਰੇ ਹੱਲ ਝੱਲੇ ਹੋਏ ਹਨ, ਜਿਸਮਾਨੀ ਵੀ ਅਤੇ ਰੂਹਾਨੀ ਵੀ, ਪਰ ਉਹ ਕਦੇ ਚੁੱਪ ਨਹੀਂ ਕਰਵਾਏ ਜਾ ਸਕੇ। ਇਸ ਨਵੇਂ ਹੱਲੇ ਅੱਗੇ ਵੀ ਲੋਕ ਝੁਕਣ ਨਹੀਂ ਲੱਗੇ, ਪਰ ਇਸ ਵਕਤ ਵੱਡਾ ਸਵਾਲ ਉਸ ਹੱਲੇ ਦੇ ਹੋਣ ਅਤੇ ਕਿਸ ਵੇਲੇ ਹੋਣ ਦਾ ਨਹੀਂ, ਸਗੋਂ ਇਸ ਨਾਲੋਂ ਵੱਡਾ ਸਵਾਲ ਇਹ ਹੈ ਕਿ ਅਪਰੈਲ ਵਿਚ ਜਿਸ ਭਾਰਤ ਨੇ ਪੰਜਾਹ ਹਜ਼ਾਰ ਦੇ ਨੇੜੇ ਮੌਤਾਂ ਦਾ ਸਦਮਾ ਅਪਰੈਲ ਵਿਚ ਝੱਲਿਆ ਹੈ, ਉਸ ਨੂੰ ਮਈ ਵਿਚ ਕਿੰਨੀ ਮਾਰ ਝੱਲਣੀ ਪਵੇਗੀ! ਏਦਾਂ ਦੇ ਹਾਲਤ ਮੂਹਰੇ ਸਭ ਤੋਂ ਵੱਡੀ ਆਸ ਤਾਂ ਮੌਕੇ ਦੀ ਸਰਕਾਰ ਤੋਂ ਹੁੰਦੀ ਹੈ, ਪਰ ਜਿਸ ਸਰਕਾਰ ਦੇ ਆਪਣੇ ਮੰਤਰੀਆਂ ਦੇ ਘਰਾਂ ਵਿਚੋਂ ਇਹ ਕਿਹਾ ਜਾਣ ਲੱਗਾ ਹੈ ਕਿ ਸਰਕਾਰ ਬੇਦਰਦ ਹੈ, ਉਸ ਦੇਸ਼ ਵਿਚ ਲੋਕਾਂ ਨੂੰ ਆਪਣੀ ਮਦਦ ਆਪ ਕਰਨੀ ਪੈਣੀ ਹੈ। ਭਾਰਤ, ਤੂੰ ਏਨਾ ਕਰੀਂ ਕਿ ਆਪਣੇ ਲੋਕਾਂ ਨੂੰ ਦੱਸ ਦੇਵੀਂ ਕਿ ਬਾਬੇ ਕਹਿੰਦੇ ਹੁੰਦੇ ਸਨ, ਹਨੇਰੀਆਂ ਨਾਲ ਬੁੱਢੇ ਬੋਹੜ ਉੱਖੜ ਜਾਂਦੇ ਹਨ, ਸੰਘਣੇ ਰੁੱਖਾਂ ਦੀ ਝਿੜੀ ਕਦੇ ਨਹੀਂ ਪੁੱਟੀ ਗਈ। ਸੰਕਟ ਦੇ ਸਮੇਂ ਵਿਚ ਲੋਕ ਤਦੇ ਹੀ ਟਿਕੇ ਰਹਿ ਸਕਦੇ ਹਨ, ਜੇ ਝਿੜੀ ਦੇ ਵਾਂਗ ਉਹ ਆਪਸੀ ਕੜੰਘੜੀਆਂ ਮਜ਼ਬੂਤ ਕਰ ਲੈਣ, ਦੁਨੀਆਂ ਭਰ ਵਿਚ ਖਿੱਲਰੀ ਮਨੁੱਖਤਾ ਦੇ ਨਾਲ ਆਪਣੇ ਸੰਬੰਧ ਏਨੇ ਸੁਖਾਵੇਂ ਰੱਖਣ ਕਿ ਇੱਕ ਦੂਸਰੇ ਦੀ ਬਾਂਹ ਫੜ ਸਕੀਏ। ਭਾਰਤ! ਤੂੰ ਬੱਸ ਏਨਾ ਕੁ ਕਸ਼ਟ ਕਰ ਦੇਵੀਂ!

# ਕਿਸਾਨ ਮੋਰਚਿਆਂ ਤੋਂ ਚੜ੍ਹਦੀ ਕਲਾ ਵਾਲੀਆਂ ਖਬਰਾਂ ਦੀ ਕਮੀ

ਸੁਖਵੀਰ ਸਿੰਘ ਕੰਗ
ਫੋਨ: 91-85678-72291

ਕਿਸੇ ਵੀ ਯਤਨ, ਸੰਘਰਸ਼ ਜਾਂ ਮੁਹਿੰਮ ਨੂੰ ਮਿਲੀ ਭਰਵੀਂ ਹਮਾਇਤ ਨੂੰ ਨਿਜੀ ਤੌਰ 'ਤੇ ਨਹੀਂ ਲੈਣਾ ਚਾਹੀਦਾ। ਕਈ ਵਾਰ ਉਹ ਹਮਾਇਤ ਮੁੱਦੇ ਨੂੰ ਵੀ ਹੋ ਸਕਦੀ ਹੈ, ਖਾਸ ਕਰ ਉਦੋਂ, ਜਦੋਂ ਯਤਨ, ਸੰਘਰਸ਼ ਜਾਂ ਮੁਹਿੰਮ ਸਮੂਹਿਕ ਹੋਵੇ, ਇਸ ਦਾ ਪ੍ਰਭਾਵ ਖੇਤਰ ਵਿਸ਼ਾਲ ਹੋਵੇ ਅਤੇ ਇਸ ਦਾ ਕੱਦ ਤੇ ਘੇਰਾ ਬਹੁਤ ਵੱਡਾ ਹੋਵੇ। ਪਿਛਲੇ ਸਾਲ ਕੇਂਦਰ ਸਰਕਾਰ ਵਲੋਂ ਲਿਆਂਦੇ ਤਿੰਨ ਲੋਕ ਮਾਰੂ ਖੇਤੀ ਕਾਨੂੰਨਾਂ ਵਿਰੁੱਧ ਜਦੋਂ ਕਿਸਾਨਾਂ ਨੇ ਸੰਘਰਸ਼ ਅਰੰਭ ਕੀਤਾ ਅਤੇ ਵੱਖ-ਵੱਖ ਮੋਰਚਿਆਂ ਤੋਂ ਇਨ੍ਹਾਂ ਖਿਲਾਫ ਆਵਾਜ਼ ਉਠਾਉਣੀ ਸ਼ੁਰੂ ਕੀਤੀ ਤਾਂ ਉਦੋਂ ਤੋਂ ਲੈ ਕੇ ਰੇਲ ਪਟੜੀਆਂ ਉੱਪਰ ਧਰਨਿਆਂ, ਦਿੱਲੀ ਕੂਚ ਅਤੇ ਫਿਰ ਦਿੱਲੀ ਦੀਆਂ ਸਰਹੱਦਾਂ ਉੱਪਰ ਲਾਏ ਮੋਰਚਿਆਂ ਸਮੇਤ ਸੰਘਰਸ਼ ਨਾਲ ਸਬੰਧਤ ਹਰ ਗਤੀਵਿਧੀ ਤੋਂ ਲੰਬਾ ਸਮਾਂ ਚੜ੍ਹਦੀ ਕਲਾ ਵਾਲੀਆਂ, ਹੌਸਲੇ ਨਾਲ ਭਰਪੂਰ ਅਤੇ ਲੋਕਾਂ ਵਿਚ ਨਵੀਂ ਉਮੀਦ ਜਗਾਉਣ ਵਾਲੀਆਂ ਖਬਰਾਂ ਦੀ ਬਹੁਤ ਭਰਮਾਰ ਰਹੀ।

ਇਨ੍ਹਾਂ ਹਾਂ-ਪੱਖੀ ਨਤੀਜਿਆਂ ਦੀ ਉਮੀਦ ਲੈ ਕੇ ਆਉਣ ਵਾਲੀਆਂ ਖਬਰਾਂ, ਤਕਰੀਰਾਂ ਅਤੇ ਇਨ੍ਹਾਂ ਦੀਆਂ ਵੀਡੀਓਜ਼ ਨੇ ਸਿੱਧੇ ਤੌਰ 'ਤੇ, ਖਬਰਾਂ ਰਾਹੀਂ ਅਤੇ ਨੈਟ ਮੀਡੀਆ ਉੱਪਰ ਫੈਲ ਕੇ ਲੋਕਾਂ ਵਿਚ ਇੱਕ ਨਵੀਂ ਲਹਿਰ ਪੈਦਾ ਕਰ ਦਿੱਤੀ। ਪੰਜਾਬ ਜਾਂ ਪੂਰਾ ਦੇਸ਼ ਹੀ ਨਹੀਂ, ਸਾਰੇ ਵਿਸ਼ਵ ਨੂੰ ਇਸ ਵਿਲੱਖਣ ਅੰਦੋਲਨ ਤੋਂ ਬਹੁਤ ਆਸਾਂ ਬੱਝ ਗਈਆਂ। ਇਸ ਅੰਦੋਲਨ ਦੇ ਪੂਰੇ ਜੋਬਨ 'ਤੇ ਪਹੁੰਚਣ ਤੋਂ ਪਹਿਲਾਂ ਹੀ ਇਹ ਸਮੁੱਚੇ ਵਿਸ਼ਵ ਦੀ ਨਜ਼ਰੇ ਚੜ੍ਹ ਗਿਆ ਸੀ। ਇਸ ਅੰਦੋਲਨ ਦਾ ਕੱਦ ਅਤੇ ਦਾਇਰਾ ਏਨਾ ਵਿਸ਼ਾਲ ਹੋ ਜਾਣਾ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ ਸੀ। ਅੰਦੋਲਨ ਵਿਚ ਕਿਸਾਨਾਂ, ਆਮ ਲੋਕਾਂ, ਸਮਾਜ ਦੇ ਸਭ ਵਰਗਾਂ ਸਮੇਤ ਬੁੱਧੀਜੀਵੀਆਂ, ਸੰਗਠਨਾਂ ਅਤੇ ਪ੍ਰਤਿਭਾਵਾਨ ਸ਼ਖਸੀਅਤਾਂ ਦੀ ਆਪ ਮੁਹਾਰੀ ਭਰਵੀਂ ਸ਼ਮੂਲੀਅਤ ਇਸ ਦੀ ਤਾਕਤ ਬਣ ਗਈ। ਇਸੇ ਸ਼ਮੂਲੀਅਤ ਨੇ ਦੁਨੀਆਂ ਨੂੰ ਕਾਇਲ ਕੀਤਾ, ਪਰ ਕੁਝ ਲੋਕ ਇਸ ਨੂੰ ਨਿੱਜੀ ਪੱਧਰ 'ਤੇ ਲੈ ਬੈਠੇ।

ਅੰਦੋਲਨ ਨੂੰ ਦੇਸ਼ ਅਤੇ ਵਿਦੇਸ਼ ਤੋਂ ਮਿਲੀ ਇਸ ਰਿਕਾਰਡ-ਤੋੜ ਹਮਾਇਤ ਨੂੰ ਸੰਭਾਲਣ ਲਈ ਅਤੇ ਕਾਇਮ ਰੱਖਣ ਲਈ ਇਸ ਦੇ ਸੰਚਾਲਕਾਂ ਨੂੰ ਜਿਸ ਪੱਧਰ ਦੀ ਮਿਹਨਤ ਅਤੇ ਤਪੱਸਿਆ ਦੀ ਲੋੜ ਸੀ, ਪੰਜਾਬੀ ਤੇ ਭਾਰਤੀ ਲੋਕ ਅਤੇ ਆਗੂ ਉਸ ਪੱਧਰ ਦੇ ਅਭਿਆਸ ਦੇ ਆਦੀ ਨਹੀਂ ਸਨ। ਅਜਿਹੇ ਵੱਡੇ ਅੰਦੋਲਨਾਂ ਨੂੰ ਸਮਰਪਿਤ, ਸੱਚੀ, ਇਮਾਨਦਾਰ, ਸਪੱਸ਼ਟ ਅਤੇ ਨਿਰੋਲ ਤਰਜ਼ਮਾਨੀ ਵਾਲੀ ਅਗਵਾਈ ਦੀ ਲੋੜ ਹੁੰਦੀ ਹੈ, ਜੋ ਪੀੜਤ ਲੋਕਾਂ ਅਤੇ ਮੁੱਦਿਆਂ ਦੇ, ਵਫਾਦਾਰੀ ਨਾਲ ਨੇੜੇ ਹੋ ਕੇ ਵਿਚਰੇ। ਅੰਦੋਲਨ ਦੌਰਾਨ ਸਰਕਾਰ ਨਾਲ ਚੱਲੇ ਮੀਟਿੰਗਾਂ ਦੇ ਦੌਰ, ਭਰਵੀਂ ਵਿਦੇਸ਼ੀ ਹਮਾਇਤ, ਸਰਕਾਰ ਦੇ ਅੜੀਅਲ ਰਵੱਈਏ, 26 ਜਨਵਰੀ ਦੀਆਂ ਕੁਝ ਅਣ-ਕਿਆਸੀਆਂ ਤੇ ਕੁਝ ਗਿਣੀਆਂ-ਮਿਥੀਆਂ ਘਟਨਾਵਾਂ ਅਤੇ ਫਿਰ ਉੱਪਰੋ-ਥਲੀ ਵਾਪਰੇ ਹੇਠਲੇ ਮਿਆਰ ਦੇ ਘਟਨਾਕ੍ਰਮ ਦਰਮਿਆਨ ਸਿਰਜੇ ਬਿਰਤਾਂਤ ਦੇ ਸਿਲਸਿਲੇ ਤੋਂ ਪਹਿਲਾਂ ਕਿਸਾਨ ਅੰਦੋਲਨ ਵਿਚੋਂ ਆਉਣ ਵਾਲੀਆਂ ਖਬਰਾਂ ਲੋਕਾਂ ਲਈ ਉਤਸ਼ਾਹਜਨਕ, ਦਿਲ-ਖਿੱਚਵੀਆਂ, ਹੌਸਲਾ ਵਧਾਉਣ ਵਾਲੀਆਂ ਅਤੇ ਨਿੱਤ ਨਵੀਂ ਉਮੀਦ ਜਗਾਉਣ ਵਾਲੀਆਂ ਬਣੀਆਂ ਰਹੀਆਂ।

26 ਜਨਵਰੀ ਦੇ ਟਰੈਕਟਰ ਮਾਰਚ ਦੌਰਾਨ ਵਾਪਰੀਆਂ ਘਟਨਾਵਾਂ ਉਪਰੰਤ ਸਟੇਜਾਂ ਤੋਂ ਅਤੇ ਸੋਸ਼ਲ ਮੀਡੀਏ ਉੱਪਰ ਕੀਤੀ ਗਈ 'ਅਪਣਾ ਢਿੱਡ ਨੰਗਾ' ਕਰਨ ਵਾਲੀ ਬਿਆਨਬਾਜ਼ੀ ਅੰਦੋਲਨ ਦੀ ਸਾਖ ਵਾਸਤੇ ਸਭ ਤੋਂ ਵੱਧ ਮੰਦਭਾਗੀ ਸਾਬਤ ਹੋਈ, ਜਿਸ ਸਦਕਾ ਸਰਕਾਰ ਦੇ ਦਮਨ-ਚੱਕਰ ਚਲਾਉਣ ਦੇ ਹੌਸਲੇ ਵਧੇ ਅਤੇ ਠਾਣਿਆਂ ਤੇ ਜੇਲ੍ਹਾਂ ਵਿਚ ਕਿਸਾਨਾਂ ਤੇ ਨੌਜਵਾਨਾਂ ਨੂੰ ਤਸ਼ੱਦਦ ਦਾ ਸ਼ਿਕਾਰ ਹੋਣਾ ਪਿਆ। ਇਨ੍ਹਾਂ ਦੀ ਹੋਈ ਦੁਰਗਤ ਪ੍ਰਤੀ ਕਿਸਾਨ ਆਗੂਆਂ ਦੇ ਅਪਨਾਏ ਬੇਰੁਖੀ ਵਾਲੇ ਰਵੱਈਏ ਤੋਂ ਪੈਦਾ ਹੋਏ ਤਣਾਅ ਕਾਰਨ ਜਥੇਬੰਦੀਆਂ ਅਤੇ ਲੋਕਾਂ ਵਿਚ ਆਪਸੀ ਖਿੱਚੋਤਾਣ ਅਤੇ ਪਾਟੋਧਾੜ ਦਾ ਸਿਲਸਿਲਾ ਸ਼ੁਰੂ ਹੋ ਗਿਆ। ਜਿਸ ਅੰਦੋਲਨ ਵਿਚ ਕਿਸਾਨਾਂ, ਆਮ ਲੋਕਾਂ ਸਮੇਤ ਲਗਭਗ ਸਾਰੇ ਵਰਗਾਂ ਦੀ ਸ਼ਮੂਲੀਅਤ ਆਪ-ਮੁਹਾਰੇ ਹੋ ਰਹੀ ਸੀ, ਅੱਜ ਉਸੇ ਅੰਦੋਲਨ ਦੇ ਆਗੂ ਇਕੱਠ ਵਾਸਤੇ ਲੋਕਾਂ ਨੂੰ ਆਵਾਜ਼ਾਂ ਮਾਰਦੇ ਦੇਖੇ-ਸੁਣੇ ਜਾ ਰਹੇ ਹਨ। ਮੋਰਚਿਆਂ ਦੀਆਂ ਗਤੀਵਿਧੀਆਂ ਦਾ ਵਧੇਰੇ ਹਿੱਸਾ ਖੁਦ ਹੀ ਪੈਦਾ ਕੀਤੀ ਆਪਸੀ ਜੰਗ ਨਾਲ ਨਜਿੱਠਣ ਵੱਲ ਕੇਂਦਰਤ ਹੈ।

ਕਿਸਾਨ ਅੰਦੋਲਨ ਅਤੇ ਕਿਸਾਨ ਹਿਤਾਂ ਨਾਲ ਸਬੰਧਤ ਤਾਜ਼ਾ ਪੈਦਾ ਹੋ ਰਹੇ ਮਸਲਿਆਂ ਬਾਰੇ ਕਿਸਾਨ ਆਗੂਆਂ ਦੀ ਧਾਰੀ ਚੁੱਪ ਦੇ ਨਾਲ ਨਾਲ ਸਰਕਾਰ ਦਾ ਖੇਤੀ ਸਬੰਧੀ ਲਾਗੂ ਕੀਤੇ ਜਾ ਰਹੇ ਮਾਰੂ ਨਿਯਮਾਂ ਦਾ ਜਾਰੀ ਰਹਿਣਾ ਆਗੂਆਂ ਦੀ ਕਾਰਗੁਜ਼ਾਰੀ ਸਾਰੇ ਬਹੁਤ ਸ਼ੱਕ ਅਤੇ ਸੁਆਲ ਪੈਦਾ ਕਰ ਰਿਹਾ ਹੈ। ਇਸ ਵਰਤਾਰੇ ਦੇ ਕਾਰਨਾਂ ਅਤੇ ਕਾਰਕਾਂ ਨੂੰ ਖੋਜਣਾ, ਦੂਰ ਕਰਨਾ ਅਤੇ ਉਠਦੇ ਸੁਆਲਾਂ ਦੇ ਜੁਆਬ ਦੇਣਾ ਮੋਰਚਿਆਂ ਦੀ ਪਹਿਲੀ ਤਰਜੀਹ ਹੋਣਾ ਚਾਹੀਦਾ ਹੈ। ਮੋਰਚਿਆਂ ਦੇ ਵਜੂਦ ਨੂੰ ਲੈ ਕੇ ਹੋਣ ਵਾਲੀ ਜ਼ਿੰਮੇਵਾਰ ਬਿਆਨਬਾਜ਼ੀ ਅਤੇ ਸਹੀ ਸੂਚਨਾਂ ਦੀ ਕਮੀ ਹੁਣ ਲੋਕਾਂ ਨੂੰ ਖਟਕਣ ਲੱਗੀ ਹੈ। ਮੋਰਚਿਆਂ ਦੇ ਬੁਲਾਰਿਆਂ ਅਤੇ ਆਗੂਆਂ ਦੇ ਬਿਆਨਾਂ ਦੀਆਂ ਸੁਰਾਂ, ਰੰਗ ਅਤੇ ਨਿਸ਼ਾਨੇ ਹੁਣ ਬਦਲ ਗਏ ਹਨ। ਇਹ ਸਭ ਹੁਣ ਕੀਤੇ ਕੰਮਾਂ ਅਤੇ ਦਿੱਤੇ ਬਿਆਨਾਂ ਦੀਆਂ ਸਫਾਈਆਂ ਦੇਣ ਵਿਚ ਹੀ ਉਲਝ ਕੇ ਰਹਿ ਗਏ ਹਨ।

ਮੋਰਚਿਆਂ ਦੇ ਬਿਆਨਾਂ ਦੇ ਤੀਰ ਅਤੇ ਕਾਰਜਾਂ ਦੇ ਖੇਤਰ ਹੁਣ ਸਰਕਾਰ ਵਲੋਂ ਹਟ ਕੇ ਆਪਣਿਆਂ ਨੂੰ ਫੂੰਡਣ ਅਤੇ ਹੇਠਾਂ ਸੁੱਟਣ ਵੱਲ ਹੋ ਗਏ ਹਨ। ਕਿਸਾਨ ਅੰਦੋਲਨ ਦੇ ਹੋ ਚੁਕੇ ਉੱਚੇ ਕੱਦ ਅਤੇ ਵਿਸ਼ਾਲ ਦਾਇਰੇ ਨੂੰ ਦੇਖਦਿਆਂ ਸੰਚਾਲਕਾਂ, ਬੁਲਾਰਿਆਂ ਅਤੇ ਆਗੂਆਂ ਨੂੰ ਲੋੜ ਤਾਂ ਆਪਣਾ ਵਿਚਾਰਕ ਪੱਧਰ, ਅਧਿਐਨ, ਮਿਹਨਤ, ਤਪੱਸਿਆ ਅਤੇ ਲੋਕ-ਸੰਪਰਕ ਵਧਾਉਣ ਦੀ ਸੀ, ਪਰ ਅੰਦੋਲਨ ਦੀ ਇਸ ਪ੍ਰਾਪਤੀ ਨੂੰ ਵਿਅਕਤੀਗਤ ਸਮਝ ਉਹ ਆਪਣਾ ਸਮਾਜਿਕ ਪੱਧਰ, ਜਥੇਬੰਦਕ ਦਾਇਰਾ, ਹੈਂਕੜ, ਉੱਚਤਾ ਦੀ ਭਾਵਨਾ ਅਤੇ ਲੋਕਾਂ ਤੋਂ ਦੂਰੀ ਵਧਾਉਣ ਦੇ ਰਸਤੇ ਤੁਰ ਪਏ। ਲੋਕਾਂ ਨੂੰ ਇੰਜ ਜਾਪਣ ਲੱਗ ਪਿਆ ਹੈ ਕਿ ਕਿਸਾਨ ਸੰਘਰਸ਼ ਦੇ ਸਿੰਗ ਹੁਣ ਸਰਕਾਰ ਨਾਲ ਨਹੀਂ, ਸਗੋਂ ਅੰਦੋਲਨ ਵਿਚਲੇ ਮੁਕਾਬਲੇ ਦੇ ਆਗੂਆਂ ਦੇ ਆਪਸ ਵਿਚ ਫਸੇ ਹੋਏ ਹਨ। ਅੰਦੋਲਨ ਵਿਚ ਸ਼ਮੂਲੀਅਤ ਅਤੇ ਮਿਲਣ ਵਾਲੀ ਹਮਾਇਤ ਦਾ ਘੇਰਾ ਵੀ ਸੀਮਤ ਹੋਣ ਲੱਗਾ ਹੈ।

ਅੰਦੋਲਨ ਦੇ ਪਿੜ ਦੀ ਮੁੱਖ ਰੌਣਕ ਅਤੇ ਤਾਕਤ ਬਣਨ ਵਾਲੇ ਲਗਾਤਾਰ ਆਉਣ-ਜਾਣ ਵਾਲੇ ਲੋਕਾਂ ਦੀ ਦਿਲਚਸਪੀ ਅਤੇ ਵਿਸ਼ਵਾਸ ਬਣਾਈ ਰੱਖਣ ਲਈ ਹੁਣ ਨਵੇਂ ਸਿਰੇ ਤੋਂ ਯਤਨ ਕਰਨੇ ਪੈਣਗੇ ਤਾਂ ਕਿ ਅੰਦੋਲਨ ਦੇ ਮੋਰਚਿਆਂ ਤੋਂ ਉਤਸ਼ਾਹ, ਹੌਸਲੇ ਅਤੇ ਚੜ੍ਹਦੀ ਕਲਾ ਵਾਲੀਆਂ ਖਬਰਾਂ ਅਤੇ ਸੂਚਨਾਵਾਂ ਆਉਂਦੀਆਂ ਰਹਿਣ ਅੰਦੋਲਨ ਦਾ ਪ੍ਰਭਾਵ ਕਾਇਮ ਰੱਖਣ ਲਈ, ਦਬਦਬਾ ਬਣਾਈ ਰੱਖਣ ਲਈ, ਸਰਕਾਰ ਖਿਲਾਫ ਟਿਕੇ ਰਹਿਣ ਲਈ, ਭਰੋਸੇ ਉੱਪਰ ਖਰਾ ਉੱਤਰਨ ਲਈ ਅਤੇ ਜਿੱਤ ਵੱਲ ਵਧਣ ਲਈ ਇਹ ਹੁਣ ਜਰੂਰੀ ਵੀ ਹੋ ਗਿਆ ਹੈ।

# ਹਨੇਰ ਸਾਈਂ ਦਾ...!

ਬੱਦਲ ਗਰਜੇ, ਬਿਜਲੀ ਲਿਸ਼ਕੀ। ਅੰਬਰੋਂ ਗੈਬੀ ਆਵਾਜ਼ ਗੂੰਜੀ। ਇੰਜ ਲੱਗਾ ਜਿਵੇਂ ਜ਼ਮੀਰ ਜਾਗ ਪਈ। ਦੁਆਬੀਏ ਪਰਗਟ ਸਿੰਘ ਨੇ ਘਰੇ ਹਾਕੀ ਰੱਖ, ਪਿੰਡ ਬਾਦਲ ਜਾ ਅਲਖ ਜਗਾਈ। ਨਰਾਇਣ ਦੇ ਘਰ ਕੀੜੀ, ਪ੍ਰਧਾਨ ਜੀ ਧੰਨ ਹੋ ਗਏ। ਸਿਆਸੀ ਅਸੀਸਾਂ ਦਾ ਗੱਫਾ ਲੈ ਜਲੰਧਰ ਆ ਮੁੜੇ। ਅੱਗੇ ਘਰ ਜੁੜੀ ਸੰਗਤ ਨੇ ਜੈਕਾਰੇ ਛੱਡ'ਤੇ, 'ਜਥੇਦਾਰ ਪਰਗਟ ਸਿੰਘ! ਜ਼ਿੰਦਾਬਾਦ।' ਲੋਕਾਂ ਦੀ ਗਠੜੀ ਚੁੱਕ ਅਸੈਂਬਲੀ ਜਾ ਬੈਠੇ। ਜ਼ਮੀਰ ਦਾ ਜਥੇਦਾਰੀ ਦੀਵਾ, ਕੋਈ ਪੱਲਾ ਮਾਰ ਬੁਝਾ ਗਈ।

**ਚਰਨਜੀਤ ਭੁੱਲਰ**

ਪਰਗਟ ਬੌਂਦਲ ਗਿਆ, ਚਾਰੇ ਕੂਟ ਹਨੇਰਾ ਦਿਸੇ। 'ਸੱਚ ਬੋਲੋ ਤੇ ਭੱਜ ਜਾਓ।'

ਪਰਗਟ ਸਿੰਘ ਨੇ ਮੁੜ ਅੱਡੀ ਲਾਈ। ਦੀਵੇ 'ਚ ਪਾ ਕਾਂਗਰਸੀ ਤੇਲ, ਬੱਤੀ ਜ਼ਮੀਰ ਦੀ ਮੁੜ ਜਗਾਈ। 'ਮੂਸਾ ਡਰਿਆ ਮੌਤ ਤੋਂ, ਅੱਗੇ ਮੌਤ ਖੜ੍ਹੀ।' ਜ਼ਮੀਰ ਦਾ ਦੀਵਾ ਫੜ ਫੜ ਕਰੇ। ਲੀਰਾਂ ਦੀ ਕਾਂਗਰਸੀ ਖਿੱਦੋ, ਹੱਥ ਲਾਇਆਂ ਉੱਧੜ ਗਈ। ਸਿਸਵਾਂ ਫਾਰਮ ਹਾਊਸ 'ਚ ਜ਼ਮੀਰ ਚੁੱਪ ਰਹੀ, ਸੱਚ ਪ੍ਰਗਟ ਹੋਇਆ, 'ਰਾਜਾ ਸਾਹਿਬ! ਏਹ ਤਾਂ ਦੋਸਤਾਨਾ ਮੈਚ ਐ।' ਪਰਗਟ ਦਾ ਆੜੀ ਨਵਜੋਤ ਸਿੱਧੂ, ਬ੍ਰਹਮ ਅਸਤਰ ਹੋਣ ਦਾ ਰੌਲਾ ਪਾਉਂਦੈ। ਨਵਜੋਤ ਨੇ ਪਹਿਲਾਂ ਖਾਕੀ ਨਿੱਕਰ ਪਾਈ, ਗੁਰੂ ਨੂੰ ਮੇਚੇ ਨਾ ਆਈ। ਮੁੱਖ ਮੰਤਰੀ ਬਣਨ ਲਈ ਕਾਂਗਰਸੀ ਪਤਲੂਨ ਚੜ੍ਹਾਈ। 'ਅੱਤ ਨਾ ਭਲਾ ਬੋਲਣਾ, ਅੱਤ ਨਾ ਭਲੀ ਚੁੱਪ।'

ਏਹ ਗੁਰੂ ਹੁਣ ਟਵੀਟਾਂ ਦਾ ਨਿੱਤਨੇਮ ਕਰਦੈ। ਮੰਤਰੀ ਸੁਖਜਿੰਦਰ ਰੰਧਾਵਾ ਦਾ ਅੰਦਰਲਾ ਭਾਊਪੁਣਾ ਜਾਗਿਆ, 'ਮਹਾਰਾਜਾ ਸਾਹਿਬ! ਹੱਟੀ ਭੱਠੀ ਚਰਚੇ ਨੇ, ਬਈ! ਏਹ ਤਾਂ ਰਲ ਗਏ, ਬੇਅਦਬੀ ਦਾ ਇਨਸਾਫ ਕੌਣ ਦੇਊ।' 'ਹੜ੍ਹਾਂ ਤੋਂ ਬਾਅਦ ਡੈਮ ਉਸਾਰੀ ਦਾ ਕੀ ਫਾਇਦਾ।' ਭਰੇ ਪੀਤੇ ਮਝੈਲੀ ਵਿਧਾਇਕ ਵੀ ਗੜ੍ਹਕੇ, 'ਕਸੂਰਵਾਰ ਨਾ ਫੜੇ ਤਾਂ ਕਿਸੇ ਨੇ ਥੜ੍ਹੇ ਨਹੀਂ ਚੜ੍ਹਨ ਦੇਣਾ।' 'ਆਪ' ਦੇ ਰੇਡੀਓ 'ਤੇ ਗਾਣਾ ਵੱਜਿਐ, 'ਲੁਕ ਲੁਕ ਲਾਈਆਂ ਪ੍ਰਗਟ ਹੋਈਆਂ।' ਕਾਂਗਰਸੀ ਵੀਰਾਂ ਦੀ ਮਨੋਦਸ਼ਾ ਵੇਖ, 'ਆਪ' ਦੇ ਅਮਨ ਅਰੋੜਾ ਗੁਣਗੁਣਾਏ, 'ਯੇ ਦੋਸਤੀ ਹਮ ਨਹੀਂ ਛੋੜੇਂਗੇ।' ਸੁਨੀਲ ਜਾਖੜ ਸੌ ਹੱਥ ਰੱਸਾ ਵੀ, ਨਾਲੇ ਸਿਰੇ ਵਾਲੀ ਗੰਢ ਵੀ ਦਿਖਾ ਆਏ, ਅੱਗੇ ਬਾਦਸ਼ਾਹੀ ਮਨ ਦੀ ਮੌਜ। 'ਕਾਗਜ਼ ਦੇ ਘੋੜੇ, ਕਦ ਤੱਕ ਦੌੜੇ', ਪੰਜਾਬ ਅਰਦਲੀ ਬਣਿਐ, ਇਨਸਾਫ ਮਸਤਾਨਾ ਹੋਇਐ। ਪੰਜਾਬੀ ਕਿਵੇਂ ਭੁੱਲਣ, ਰਾਜੇ ਦੇ ਓਹ ਬੋਲ, 'ਗੋਲੀ ਦੇ ਹੁਕਮ ਦੇਣ ਵਾਲੇ ਸਭ ਤੋਂ ਪਹਿਲਾਂ ਫੜੂੰ।' ਬਾਣੀ ਦੇ ਪੱਤਰੇ ਕਿਸ ਨੇ ਪਾੜੇ? ਹਾਲੇ ਤੱਕ ਭੇਤ ਬਣਿਐ। ਕਦੇ ਪੇਂਡੂ ਸ਼ਰਧਾ ਵੇਖਣਾ। ਲੋਕ ਗਲੀ 'ਚ ਪਿਆ ਗੁਰਮੁਖੀ ਦਾ ਟੁਕੜਾ ਵੀ ਚੁੱਕ ਮੱਥੇ ਲਾਉਂਦੇ, ਫੇਰ ਕਿਸੇ ਕੰਧ ਦੀ ਵਿਰਲ 'ਚ ਪਾਉਂਦੇ। ਪਤਾ ਨਹੀਂ, ਬਾਬੇ ਦੀ ਬਾਣੀ ਨੂੰ ਹੱਥ ਪਾਉਣ ਵਾਲੇ ਕਿਹੜੇ ਪਾਪੀ ਹੱਥ ਹੋਣਗੇ।

ਪੁਰਾਣੇ ਰਾਜ ਭਾਗ 'ਚ, ਪੱਤਰੇ ਪਾੜੇ ਗਏ। ਨਵੇਂ ਰਾਜ 'ਚ ਇਨਸਾਫ ਪੱਤਰੇ ਵਾਚ ਗਿਆ। ਅਮਰਿੰਦਰ ਦਾ ਕਾਨੂੰਨ ਕੱਛੂਕੁੰਮੇ 'ਤੇ ਬੈਠੈ। ਗੋਰਡਨ ਹੇਵਾਰਟ ਦਾ ਕਥਨ ਐ, 'ਨਿਆਂ ਕਰਨਾ ਕਾਫੀ ਨਹੀਂ ਹੁੰਦਾ, ਸਗੋਂ ਪ੍ਰਤੱਖ ਰੂਪ 'ਚ ਦਿਖਣਾ ਵੀ ਚਾਹੀਦੈ।' ਗੁਰੂ ਗ੍ਰੰਥ ਸਾਹਿਬ ਨੂੰ ਦਸਮ ਪਿਤਾ ਨੇ ਗੁਰੂ ਮੰਨਿਐ। ਬਰਗਾੜੀ ਦੀਆਂ ਗਲੀਆਂ 'ਚ ਜਿਉਂਦੀ ਰੂਹ ਦਾ ਅਪਮਾਨ ਹੋਇਐ। ਕੁਰਸੀ ਪ੍ਰੇਮੀ ਪਿੱਟਣ ਡਹੇ ਨੇ, 'ਲੋਕਾਂ ਨੂੰ ਕਿਹੜਾ ਮੂੰਹ ਦਿਖਾਈਏ।' ਵੋਟਾਂ ਵਾਲੀ ਪੋਟਲੀ ਕਿਤੇ ਸੰਤੋਖੀ ਨਾ ਜਾਵੇ। ਪੰਜਾਬ ਆਖਦੈ, 'ਕਲਯੁਗ ਐ ਭਾਈ! ਗੁਰੂ ਨੂੰ ਵੀ ਹੱਥ ਪਾ ਲਿਐ।' 'ਚਾਹ ਥੱਲੇ ਦੀ, ਲੜਾਈ ਹੱਲੇ ਦੀ।' ਅਮਰਿੰਦਰ ਜਦੋਂ ਪਹਿਲੀ ਵਾਰ ਮੁੱਖ ਮੰਤਰੀ ਸਜੇ, ਕਪਤਾਨ ਨੇ ਰਵੀ ਸਿੱਧੂ ਦੇ ਖੂੰਡਾ ਵਗਾਹ ਮਾਰਿਆ, ਬਾਕੀ ਤੁਸੀਂ ਸਿਆਣੇ ਹੋ। ਜੇ ਹੁਣ ਸੋਚਦੇ ਹੋ, ਕੋਈ ਕਲਾ ਵਰਤੂ ਤਾਂ ਸੱਚਮੁਚ ਤੁਸੀਂ ਕਮਲੇ ਹੋ। ਰਲੀ-ਮਿਲੀ ਸਬਜ਼ੀ ਬਾਰੇ ਦਸੌਂਧਾ ਸਿੰਘ ਕੀਹਨੂੰ ਪੁੱਛੇ। ਭਗਵੰਤ ਮਾਨ ਦੱਸਦੈ, 'ਅਕਾਲੀ ਤੇ ਕਾਂਗਰਸੀ ਮਿਕਸ-ਵੈੱਜ ਬਣ ਗਏ।' ਲੁਧਿਆਣੇ ਵਾਲੇ ਬੈਂਸ ਤੋਹਮਤਾਂ ਲਾਉਂਦੇ ਨੇ 'ਏਹ ਤਾਂ ਫਰੈਂਡਲੀ ਮੈਚ ਹੈ।' ਮਾਸਾ ਫਰਕ ਨਹੀਂ ਲੱਗਦਾ।

ਸਾਧ ਸੰਗਤ ਜੀ! ਮਹਾਰਾਜਾ ਰਣਜੀਤ ਸਿੰਘ ਦੇ ਸ਼ਰਧਾਲੂਆਂ ਤੋਂ ਮੁਆਫੀ ਚਾਹੁੰਨਾਂ। ਮੂਰਖ ਨੰਦੋ! ਨਾ ਅਕਾਲੀ ਦਲ ਦਾ ਕਸੂਰ ਐ, ਨਾ ਹੀ ਕਾਂਗਰਸ ਦਾ, ਏਹ ਸਭ ਕਸੂਰ ਤਾਂ ਮਹਾਰਾਜਾ ਰਣਜੀਤ ਸਿੰਘ ਦੀ ਫੋਟੋ ਦਾ ਐ। ਗੱਲ ਪਹਿਲਾਂ ਸਮਝੋ, ਮੁੱਖ ਮੰਤਰੀ ਦਫਤਰ 'ਚ ਕਮੇਟੀ ਰੂਮ ਐ, ਜਿੱਥੇ ਕੈਬਨਿਟ ਜੁੜਦੀ ਐ। ਮੁੱਖ ਮੰਤਰੀ ਦੀ ਕੁਰਸੀ ਦੇ ਐਨ ਪਿੱਛੇ, ਰਣਜੀਤ ਸਿੰਘ ਦੀ ਤਸਵੀਰ ਸੁਸ਼ੋਭਿਤ ਐ। 1997 ਵਿਚ ਪ੍ਰਕਾਸ਼ ਸਿੰਘ ਬਾਦਲ ਗੱਜੇ ਸਨ, 'ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਦਿਆਂਗੇ।' ਪੰਜਾਬ ਦੇ ਮਨੀਰਾਮ ਨੇ ਲੱਖਣ ਲਾਇਐ। ਪਹਿਲੀ ਕੈਬਨਿਟ ਮਿਲਣੀ 'ਚ ਵੱਡੇ ਬਾਦਲ ਸਭ ਤੋਂ ਪਹਿਲਾਂ ਪਧਾਰੇ ਹੋਣਗੇ। ਮਹਾਰਾਜਾ ਰਣਜੀਤ ਸਿੰਘ ਦੀ ਤਸਵੀਰ ਨੂੰ ਹੱਥ ਜੋੜ ਮੱਥਾ ਟੇਕਿਆ ਹੋਵੇਗਾ। ਅੱਗਿਓਂ ਰਣਜੀਤ ਸਿੰਘ ਦੀ ਫੋਟੋ ਨੇ ਜ਼ਰੂਰ ਚੌਕਸ ਕੀਤਾ ਹੋਊ, 'ਭਗਤਾ! ਜੇ ਅਸਾਂ ਦੇ ਨਾਮ 'ਤੇ ਰਾਜ ਕਰਨੈਂ ਤਾਂ ਕੁਰਸੀ ਦੀਆਂ ਖੜਾਵਾਂ ਬਣ ਕੇ ਕਰਨਾ। ਮਹਾਰਾਜੇ ਦੇ ਬੋਲ ਖੰਡਿਤ ਹੋ ਗਏ, ਆਖਰ ਰਣਜੀਤ ਸਿਓਂ ਖੁਦ ਖੜਾਵਾਂ ਬਣ ਕੇ ਰਹਿ ਗਿਆ। ਫਿਰ ਅਮਰਿੰਦਰ ਸਿਓਂ ਨੇ ਚਰਨ ਪਾਏ, ਉਹੀ ਪੁਰਾਣਾ ਕਮੇਟੀ ਰੂਮ, ਕੈਬਨਿਟ ਮਿਲਾਪ ਹੋਇਆ, ਰਣਜੀਤ ਸਿੰਘ ਦੀ ਫੋਟੋ ਦੀ ਝਾੜ ਪੂੰਝ ਹੋਈ।

ਸ਼ੇਰ-ਏ-ਪੰਜਾਬ ਦੀ ਤਸਵੀਰ ਵੇਂਹਦੀ ਰਹੀ, ਪੰਜ ਪੰਜ ਸਾਲਾਂ ਪਿੱਛੋਂ ਕਦੇ ਨੀਲੇ, ਕਦੇ ਚਿੱਟੇ। ਇੱਕ ਸੇਵਾਦਾਰ ਨੇ ਰੱਬ ਨੂੰ ਉਲਾਂਭਾ ਦਿੱਤਾ, 'ਤੇਰੇ ਸੰਦਾਂ ਦਾ ਭੇਤ ਨਾ ਆਇਆ।' ਵੱਡੇ ਬਾਦਲ ਪਛਤਾਉਂਦੇ ਹੋਣਗੇ ਕਿ ਫੋਟੋ ਲਾਹ ਕਿਉਂ ਨਹੀਂ ਲਿਆਏ। ਘੱਟੋ-ਘੱਟ ਲੋਕਾਂ ਨੂੰ ਤਾਂ ਸਾਫ ਹੁੰਦਾ, ਬਈ ਰਾਜ ਕੀਹਦਾ ਹੈ। ਰਣਜੀਤ ਸਿਆਂ, ਤੇਰੇ ਬੋਲ ਵੀ ਪੁਗਾ ਰਹੇ ਨੇ।

ਚੋਣਾਂ ਤੋਂ ਪਹਿਲਾਂ ਖੜਾਵਾਂ ਪਾਉਂਦੇ ਨੇ, ਸੰਗਤ ਦੇ ਚਰਨਾਂ ਦੀ ਧੂੜ ਬਣਦੇ ਹਨ। ਫੇਰ, 'ਚਾਰੋ ਖਾਨੇ ਚਿੱਤ, ਕੋਈ ਨਾ ਬਣਿਆ ਮਿੱਤ। ਕੇਰਾਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਵਿਦੇਸ਼ ਮੰਤਰੀ ਨੂੰ ਦਿਲ ਦੀ ਦੱਸੀ, 'ਵਾਹਿਗੁਰੂ ਚਾਹੁੰਦੈ, ਮੈਂ ਸਭ ਨੂੰ ਇੱਕ ਅੱਖ ਨਾਲ ਵੇਖਾਂ, ਤਾਹੀਂ ਮੈਨੂੰ ਇੱਕ ਅੱਖ ਦਿੱਤੀ ਹੈ।' ਆਹ ਇੱਕ ਸ਼ਾਇਰ ਦੀ ਵੀ ਸੁਣੋ, 'ਇੱਕ ਸਦੀ ਪਹਿਲਾਂ ਸੀ ਅਸੀਂ ਸ਼ੇਰ-ਏ-ਪੰਜਾਬ/ ਇੱਕ ਸਦੀ ਪਿੱਛੋਂ ਬਣ ਗਏ ਹਾਜ਼ਰ ਜਨਾਬ।' ਹੁਕਮਰਾਨ ਅੱਖ ਦੀ ਸ਼ਰਮ ਮੰਨਦੇ, ਪੰਜਾਬ ਦੁਹੱਥੜ ਨਾ ਮਾਰਦਾ। ਕੈਪਟਨ ਦੀ ਪ੍ਰਾਪਤੀ ਭੂਤਾਂ ਵਰਗੀ ਐ, ਚਾਰੇ ਪਾਸੇ ਰੌਲਾ ਐ, ਦਿਖਦੀ ਕਿੱਧਰੇ ਨਹੀਂ।

ਰੱਬ ਨੇ ਆਗੂਆਂ ਦੀ ਤਾਂ ਝੜੀ ਲਾ'ਤੀ, ਅਕਲ ਦੇਣ ਵਾਰੀ ਕੰਜੂਸੀ ਵਰਤ ਗਿਆ। ਮੁੱਖ ਮੰਤਰੀ ਵਾਲੀ ਕੁਰਸੀ 'ਤੇ ਸਭ ਦੀ ਅੱਖ ਹੈ।

## ਵਿਚਲੀ ਗੱਲ

ਨਵਜੋਤ ਸਿੱਧੂ ਤੇ ਭਗਵੰਤ ਮਾਨ ਟੇਢੀ ਅੱਖ ਨਾਲ ਝਾਕ ਰਹੇ ਨੇ। ਅਮਰਿੰਦਰ ਆਪਣਾ ਹੱਕ ਸਮਝਦੈ। ਸੁਖਬੀਰ ਬਾਦਲ ਭੁਲੇਖੇ ਕੱਢ ਰਹੇ ਨੇ। ਚੌਥੀ ਧਿਰ ਵਾਲਾ ਸਿਆਸੀ ਸਤਨਾਜਾ ਵੀ ਵੇਖ ਲਓ। 'ਬੰਦਾ ਪਰਖਣਾ ਹੋਵੇ, ਕੁਰਸੀ 'ਤੇ ਬਿਠਾ ਦਿਓ।' ਸਭ ਇੰਦਰ ਦਾ ਅਖਾੜਾ ਲੁੱਟਣਾ ਲੋਚਦੇ ਨੇ। ਪ੍ਰਵਚਨ ਲੋਕਾਂ ਲਈ ਨੇ, 'ਕੰਮ ਕਰੋ, ਫਲ ਦੀ ਇੱਛਾ ਨਾ ਰੱਖੋ।' ਛੱਜੂ ਰਾਮ ਪ੍ਰੋ. ਨਰ ਸਿੰਘ ਦਿਆਲ ਦੀ ਕਿਤਾਬ 'ਜੈਵ ਸਾਮਰਾਜਵਾਦ' ਪੜ੍ਹ ਰਿਹੈ। ਵਿਚੋਂ ਲੱਭ ਰਿਹੈ ਕਿ ਜਿਵੇਂ ਪੌਦਿਆਂ 'ਚ ਜੀਨਗਿਰੀ ਨਾਲ ਨਦੀਨ ਵਿਰੋਧੀ ਤੱਤ ਪੈਂਦੇ ਨੇ, ਉਵੇਂ ਕਿਤੇ ਲੋਕ-ਪੱਖੀ ਜੀਨ ਨੇਤਾਵਾਂ 'ਚ ਪਾਉਣ ਦੀ ਕੋਈ ਵਿਧੀ ਹੋਵੇ?' ਕਾਸ਼! ਬੀਟੀ ਲੀਡਰ ਹੁੰਦੇ, ਘੱਟੋ ਘੱਟ ਵਰਕਰਾਂ ਨੂੰ ਵੀ ਮੌਕਾ ਮਿਲਦਾ। ਨਾਲੇ ਮਹਾਮਾਰੀ ਤੋਂ ਸਬਕ ਲੈਂਦੇ। ਮੋਦੀ ਭਰਮ ਨੇ ਜ਼ਿੰਦਗੀ ਕਰੰਡ ਕਰ'ਤੀ। ਅਮੀਰ ਦੇ ਵੱਛੇ ਨੂੰ ਅੰਦਾਜ਼ਾ ਨਹੀਂ ਹੁੰਦਾ ਕਿ ਕਸਾਈ ਕਿੰਜ ਮਾਰਦੈ।

ਦੇਸ਼ ਕਾ ਨੇਤਾ ਭਾਸ਼ਣ ਸੁਣਾ ਰਿਹਾ ਹੈ। ਗਰੀਬ ਨੂੰ ਭਾਸ਼ਣ ਦੀ ਨਹੀਂ, ਰਾਸ਼ਨ ਦੀ ਲੋੜ ਹੈ। ਆਫਤਾਂ ਸਿਰਾਂ 'ਤੇ ਨੇ, ਕੋਈ ਬੈੱਡ ਲੱਭ ਰਿਹੈ, ਕੋਈ ਆਕਸੀਜਨ, ਵੈਂਟੀਲੇਟਰਾਂ ਦੀ ਥੋੜ੍ਹ ਐ, ਇਲਾਜ ਲੱਭਦਾ ਨਹੀਂ। ਮੋਇਆ ਨੇ ਵੀ ਆਹ ਦਿਨ ਵੇਖਣੇ ਸਨ। ਬਲਦੇ ਸਿਵੇ ਵੇਖ ਫੇਰ ਵੀ ਅੱਖ ਨਾ ਖੁੱਲ੍ਹੇ, ਨਾ ਖੁੱਲ੍ਹਣ ਵਾਲੀ ਅੱਖ ਫੇਰ ਰੜਕੇਗੀ। ਪੱਗ ਕਿਸੇ ਰੰਗ ਦੀ ਬੰਨ੍ਹੋ, ਰੱਬ ਦੇ ਰੰਗਾਂ ਨੂੰ ਨਾ ਭੁੱਲਣਾ। ਲੋਕ ਰਜ਼ਾ 'ਚ ਰਹੋਗੇ, ਫੇਰ ਬਾਣੀ ਦੇ ਪੱਤਰੇ ਵੀ ਮਹਿਫੂਜ਼ ਰਹਿਣਗੇ। ਜਿਹਨੂੰ ਮਹਾਮਾਰੀ ਦੇ ਦੌਰ 'ਚ ਕੁਰਸੀ ਦਿਖਦੀ ਐ। ਉਹ ਜ਼ਰਾ ਧਿਆਨ ਦੇਣ, 'ਸ਼ਾਹ ਮੁਹੰਮਦਾ ਹੋਈ ਮੌਤ ਸਸਤੀ, ਖਾਲੀ ਨਹੀਂ ਜਾਣਾ ਕੋਈ ਵਾਰ ਮੀਆਂ।'

# ਆਖਰ ਕੀ ਸੁਨੇਹਾ ਦਿੰਦੇ ਹਨ ਪੰਜ ਸੂਬਿਆਂ ਦੇ ਚੋਣ ਨਤੀਜੇ

ਪਿਛਲੇ ਦਿਨੀਂ ਪੱਛਮੀ ਬੰਗਾਲ ਸਮੇਤ ਜਿਨ੍ਹਾਂ ਪੰਜ ਸੂਬਿਆਂ ਵਿਚ ਵੋਟਿੰਗ ਦਾ ਕੰਮ ਮੁਕੰਮਲ ਹੋਣ ਉਪਰੰਤ ਵੋਟਾਂ ਦੀ ਗਿਣਤੀ ਨਿਸ਼ਚਿਤ ਮਿਤੀ 2 ਮਈ ਨੂੰ ਸਵੇਰੇ ਅਰੰਭ ਕਰ ਦਿੱਤੀ ਗਈ। ਜਿਉਂ ਹੀ ਵੋਟਾਂ ਦੀ ਗਿਣਤੀ ਦਾ ਕੰਮ ਸ਼ੁਰੂ ਹੋਇਆ ਤਾਂ ਤਮਾਮ ਮੀਡੀਆ ਦਾ ਧਿਆਨ ਕਰੋਨਾ ਵਾਇਰਸ ਦੇ ਵਧ ਰਹੇ ਕੇਸਾਂ ਤੋਂ ਪਲਟ ਕੇ ਇਕ ਵਾਰ ਫਿਰ ਵੋਟਾਂ ਦੀ ਗਿਣਤੀ ਵੱਲ ਆਕਰਸ਼ਿਤ ਹੋ ਗਿਆ।

ਹਾਲਾਂਕਿ ਇਸ ਤੋਂ ਪਹਿਲਾਂ ਬੀਤੇ ਦੋ ਢਾਈ ਮਹੀਨਿਆਂ ਦਰਮਿਆਨ ਅਕਸਰ ਦੇਸ਼ ਦੇ ਲੋਕਾਂ ਦੀ ਚਰਚਾ ਦਾ ਕੇਂਦਰ ਪੱਛਮੀ ਬੰਗਾਲ ਦੀਆਂ ਉਕਤ ਚੋਣਾਂ ਸਨ, ਜਿਨ੍ਹਾਂ ਨੂੰ ਜਿੱਤਣ ਲਈ ਭਾਜਪਾ ਪਿਛਲੇ ਦੋ-ਢਾਈ ਸਾਲ ਤੋਂ ਜੁਟੀ ਹੋਈ ਸੀ ਅਤੇ ਉਧਰ ਸੂਬੇ ਦੀ ਸੱਤਾ 'ਤੇ ਬਿਰਾਜਮਾਨ ਮਮਤਾ ਬੈਨਰਜੀ

**ਅੱਬਾਸ ਧਾਲੀਵਾਲ, ਮਲੇਰਕੋਟਲਾ**
**ਫੋਨ: 91-98552-59650**

ਵੀ ਇਸ ਵਾਰੀ ਆਪਣੀ ਪਾਰਟੀ ਨੂੰ ਜਿਤਾ ਕੇ ਹੈਟ੍ਰਿਕ ਲਾਉਣ ਦੀ ਕੋਸ਼ਿਸ਼ ਵਿਚ ਸਨ। ਇਲੈਕਸ਼ਨ ਤਾਂ ਭਾਵੇਂ ਦੂਜੇ ਸੂਬਿਆਂ ਵਿਚ ਵੀ ਹੋ ਰਹੇ ਸਨ, ਪਰ ਅੱਠ ਭਾਗਾਂ ਵਿਚ ਹੋਣ ਵਾਲੇ ਪੱਛਮੀ ਬੰਗਾਲ ਦੀਆਂ ਚੋਣਾਂ ਦਰਅਸਲ ਭਾਜਪਾ ਦੇ ਲੀਡਰਾਂ ਲਈ ਇਕ ਵੱਕਾਰ ਦਾ ਸਵਾਲ ਬਣੀਆਂ ਹੋਈਆਂ ਸਨ। ਇਹੋ ਵਜ੍ਹਾ ਹੈ ਕਿ ਇਕ ਅੰਦਾਜ਼ੇ ਮੁਤਾਬਿਕ ਪੱਛਮੀ ਬੰਗਾਲ ਦੀਆਂ ਇਨ੍ਹਾਂ ਇਲੈਕਸ਼ਨ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਰੀਬ 21 ਜਨ ਸਭਾਵਾਂ ਨੂੰ ਸੰਬੋਧਨ ਕਰਦਿਆਂ ਭਾਜਪਾ ਲਈ ਵੋਟਾਂ ਮੰਗੀਆਂ।

ਉਧਰ ਅਪਰੈਲ ਮਹੀਨੇ ਵਿਚ ਜਦੋਂ ਕਰੋਨਾ ਵਾਇਰਸ ਦੀ ਦੂਜੀ ਲਹਿਰ ਨੇ ਭਾਰਤ ਦੇ ਵੱਖ ਵੱਖ ਸੂਬਿਆਂ ਵਿਚ ਆਪਣਾ ਜੋਰ ਫੜਿਆ ਤਾਂ ਦੇਸ਼ ਦੇ ਵਧੇਰੇ ਲੋਕਾਂ ਦਾ ਧਿਆਨ ਇਲੈਕਸ਼ਨ ਦੀ ਥਾਂ ਬੀਮਾਰੀ ਵਲ ਹੋ ਗਿਆ, ਪਰ ਇਸ ਸਭ ਕਾਸੇ ਦੇ ਬਾਵਜੂਦ ਪੱਛਮੀ ਬੰਗਾਲ ਵਿਚ ਉਸੇ ਰਫਤਾਰ ਨਾਲ ਚੁਣਾਵੀ ਸਭਾਵਾਂ ਦਾ ਸਿਲਸਿਲਾ ਚਲਦਾ ਰਿਹਾ। ਇਥੋਂ ਤਕ ਕਿ ਪਹਿਲਾਂ ਕਲਕੱਤਾ ਹਾਈਕੋਰਟ ਨੇ ਚੋਣ ਕਮਿਸ਼ਨ ਨੂੰ ਝਾੜ ਪਾਈ ਅਤੇ ਫਿਰ ਮਦਰਾਸ ਹਾਈਕੋਰਟ ਨੇ ਤਾਂ ਆਪਣੀਆਂ ਸਖਤ ਟਿੱਪਣੀਆਂ ਕਰਦਿਆਂ ਇਥੋਂ ਤੱਕ ਕਹਿ ਦਿੱਤਾ ਕਿ ਦੇਸ਼ ਅੰਦਰ ਕਰੋਨਾ ਦੀ ਦੂਜੀ ਲਹਿਰ ਫੈਲਾਉਣ ਲਈ ਇਲੈਕਸ਼ਨ ਕਮਿਸ਼ਨ ਜ਼ਿੰਮੇਵਾਰ ਹੈ। ਇਸ ਤੋਂ ਬਾਅਦ ਇਕ ਵਾਰ ਤਾਂ ਇੰਜ ਲੱਗਣ ਲੱਗਾ ਸੀ ਕਿ ਜਿਵੇਂ ਸ਼ਾਇਦ ਇਲੈਕਸ਼ਨ ਦੀ ਇਸ ਪ੍ਰਕਿਰਿਆ ਨੂੰ ਇਥੇ ਹੀ ਰੋਕ ਦਿੱਤਾ ਜਾਵੇਗਾ, ਪਰ ਅਜਿਹਾ ਨਹੀਂ ਹੋਇਆ ਸਗੋਂ ਚੋਣਾਂ ਦਾ ਕਾਰਜ ਮੁਕੰਮਲ ਹੋਇਆ ਅਤੇ ਨਿਸ਼ਚਿਤ ਮਿਤੀ 'ਤੇ ਵੋਟਾਂ ਦੀ ਗਿਣਤੀ ਵੀ ਕਰਨੀ ਅਰੰਭ ਕਰ ਦਿੱਤੀ ਗਈ ਤੇ ਫਿਰ ਜਿਵੇਂ ਜਿਵੇਂ ਹੀ ਰੁਝਾਨ ਆਉਣੇ ਸ਼ੁਰੂ ਹੋਏ, ਤਿਵੇਂ ਹੀ ਮੀਡੀਆ ਅਤੇ ਲੋਕਾਂ ਦਾ ਸਾਰਾ ਧਿਆਨ ਇਕ ਵਾਰ ਫਿਰ ਕਰੋਨਾ ਤੋਂ ਹਟ ਕੇ ਚੋਣ ਨਤੀਜਿਆਂ ਵਲ ਖਿੱਚਿਆ ਗਿਆ।

ਵੈਸੇ ਜਿਨ੍ਹਾਂ ਪੰਜ ਰਿਆਸਤਾਂ ਵਿਚ ਚੋਣਾਂ ਹੋਈਆਂ ਸਨ, ਉਨ੍ਹਾਂ ਵਿਚ ਲੋਕਾਂ ਲਈ ਸਭ ਤੋਂ ਵੱਧ ਦਿਲਚਸਪੀ ਤੇ ਉਤਸੁਕਤਾ ਪੱਛਮੀ ਬੰਗਾਲ ਦੇ ਨਤੀਜਿਆਂ ਨੂੰ ਜਾਣਨ ਲਈ ਸੀ। ਦੋ ਮਈ ਨੂੰ ਜਿਵੇਂ ਜਿਵੇਂ ਦੁਪਹਿਰ ਹੁੰਦੀ ਗਈ ਤਾਂ ਜਿਵੇਂ ਮਮਤਾ ਬੈਨਰਜੀ ਦੀ ਪਾਰਟੀ ਆਪਣੇ ਤਮਾਮ ਵਿਰੋਧੀਆਂ ਨੂੰ ਧਾਰਾਸ਼ਾਈ ਕਰਦਿਆਂ ਇਕ ਵੱਡੀ ਲੀਡ ਵਲ ਵਧਦੀ ਦਿਖਾਈ ਦੇਣ ਲੱਗੀ ਅਤੇ ਦੁਪਹਿਰ ਦੇ ਇਕ ਵਜੇ ਦੇ ਕਰੀਬ ਤਾਂ ਜਿਵੇਂ ਮਮਤਾ ਦੀਦੀ ਜਾ ਜਾਦੂ ਹਰ ਇੱਕ ਦੇ ਸਿਰ ਚੜ੍ਹ ਕੇ ਬੋਲਣ ਲੱਗਾ।

ਦਰਅਸਲ ਪੱਛਮੀ ਬੰਗਾਲ ਜਿੱਥੇ ਕਿ ਭਾਜਪਾ ਮਮਤਾ ਨੂੰ ਸੱਤਾ ਤੋਂ ਬੇਦਖਲ ਕਰ ਸੂਬੇ ਦੀ ਵਾਗਡੋਰ ਆਪ ਸੰਭਾਲਣ ਲਈ ਤਰਲੋ ਮੱਛੀ ਹੋ ਰਹੀ ਸੀ ਤਾਂ ਇਨ੍ਹਾਂ ਨਤੀਜਿਆਂ ਦੀ ਆਮਦ ਨੇ ਉਨ੍ਹਾਂ ਦੀਆਂ ਤਮਾਮ ਆਸਾਂ-ਉਮੀਦਾਂ 'ਤੇ ਪਾਣੀ ਫੇਰ ਦਿੱਤਾ। ਉਧਰ ਕਾਂਗਰਸ ਵਾਲਾ ਲੈਫਟ ਫਰੰਟ ਸ਼ਾਇਦ ਬੰਗਾਲ ਵਿਚ ਆਪਣੀ ਖੋਈ ਹੋਈ ਜਮੀਨ ਦੀ ਭਾਲ ਵਿਚ ਸੀ, ਪਰ ਪੱਛਮੀ ਬੰਗਾਲ ਨਤੀਜਿਆਂ ਨੇ ਜਿਵੇਂ ਮਮਤਾ ਦੇ ਤਮਾਮ ਵਿਰੋਧੀਆਂ ਨੂੰ ਚਾਰੋ ਖਾਨੇ ਚਿੱਤ ਕਰਕੇ ਰੱਖ ਦਿੱਤਾ।

ਚੋਣ ਰੈਲੀਆਂ ਦੌਰਾਨ ਜੋ ਆਗੂ ਮਮਤਾ ਬੈਨਰਜੀ ਨੂੰ ਵਿਅੰਗਮਈ ਸ਼ੈਲੀ ਵਿਚ "ਦੀਦੀ ਓ ਦੀਦੀ" ਆਖਦੇ ਸਨ, ਉਨ੍ਹਾਂ ਸਭਨਾਂ ਨੂੰ ਬੰਗਾਲ ਦੀ ਜਨਤਾ ਨੇ ਆਪਣਾ ਫਤਵਾ ਦਿੰਦਿਆਂ ਇਕ ਤਰ੍ਹਾਂ ਨਾਲ ਸਾਫ ਟਕੇ ਦਾ ਜਵਾਬ ਦੇ ਦਿੱਤਾ।

ਦਰਅਸਲ ਮਮਤਾ ਬੈਨਰਜੀ ਦੇ ਸਾਫ ਸੁਥਰੇ ਵਿਅਕਤੀਤਵ ਅਤੇ ਅਕਸ ਦੇ ਸਾਹਮਣੇ ਜਿਵੇਂ ਵੱਡੇ ਵੱਡੇ ਤੀਸ ਮਾਰ ਖਾਂ ਸਿਆਸਤ ਦੇ ਚਾਣਕਿਆ ਕਹੇ ਜਾਣ ਵਾਲੇ ਲੋਕ ਵੀ ਢਹਿ-ਢੇਰੀ ਹੁੰਦੇ ਵਿਖਾਈ ਦਿੱਤੇ। ਮਮਤਾ ਨੂੰ ਹਰਾਉਣ ਦੀਆਂ ਹਰ ਤਰ੍ਹਾਂ ਦੀਆਂ ਸ਼ਾਤਰਾਨਾਂ ਚਾਲਾਂ ਅਤੇ ਪਲਾਨ ਜਿਵੇਂ ਮੱਕੜੀ ਦੇ ਜਾਲੇ ਵਾਂਗ ਚਕਨਾਚੂਰ ਹੁੰਦੀਆਂ ਵਿਖਾਈ ਦਿੱਤੀਆਂ ਅਤੇ ਵੋਟਾਂ ਦੇ ਧਰੁਵੀਕਰਨ ਦੇ ਤਮਾਮ ਮਨਸੂਬੇ ਜਿਵੇਂ ਦਮ ਤੋੜਦੇ ਵਿਖਾਈ ਦਿੱਤੇ।

ਉਧਰ ਤਾਮਿਲਨਾਡੂ, ਜਿੱਥੇ ਇਸ ਵਾਰ ਦੋ ਸਿਆਸੀ ਮਹਾਂਰਥੀਆਂ ਜੈਲਲਿਤਾ ਅਤੇ ਕਰੁਣਾ ਨਿਧੀ ਦੀ ਮੌਜੂਦਗੀ ਦੇ ਬਿਨਾ ਇਲੈਕਸ਼ਨ ਹੋ ਰਹੇ ਸਨ, ਜਿਸ ਵਿਚ ਕਮਲ ਹਸਨ ਦੀ ਪਾਰਟੀ ਵੀ ਕਿਸਮਤ ਆਜ਼ਮਾਈ ਕਰ ਰਹੀ ਸੀ, ਉਥੇ ਵੀ ਪਿਛਲੇ ਦਸ ਸਾਲਾਂ ਤੋਂ ਸੱਤਾ 'ਤੇ ਬਿਰਾਜਮਾਨ ਏ. ਆਈ. ਏ. ਡੀ. ਐਮ. ਕੇ. ਨੂੰ ਉਸ ਦੀ ਵਿਰੋਧੀ ਪਾਰਟੀ ਡੀ. ਐਮ. ਕੇ. ਨੇ ਸੱਤਾ ਤੋਂ ਬੇਦਖਲ ਕਰਦਿਆਂ ਵਾਗਡੋਰ ਆਪਣੇ ਹੱਥ ਵਿਚ ਕਰਨ ਵਿਚ ਕਾਮਯਾਬੀ ਹਾਸਲ ਕੀਤੀ।


ਮਮਤਾ ਬੈਨਰਜੀ


ਪਿਨਾਰਾਏ ਵਿਜਿਅਨ (ਐਲ. ਡੀ. ਐਫ.)


ਕਮਲ ਹਸਨ

ਕੇਰਲ ਵਿਚ ਇੱਕ ਵਾਰ ਫਿਰ ਤੋਂ ਲੋਕਾਂ ਨੇ ਖੱਬੇ ਪੱਖੀ ਐਲ. ਡੀ. ਐਫ 'ਚ ਆਪਣਾ ਵਿਸ਼ਵਾਸ ਜਤਾਇਆ, ਜਦ ਕਿ ਆਸਾਮ ਦੇ ਵੋਟਰਾਂ ਨੇ 2016 ਤੋਂ ਸੱਤਾ 'ਤੇ ਬਿਰਾਜਮਾਨ ਭਾਜਪਾ ਦੇ ਕਮਲ ਨੂੰ ਇਕ ਵਾਰ ਫਿਰ ਖਿੜਾਇਆ। ਉਧਰ ਪੁਡੂਚਿਰੀ ਵਿਚ ਵੀ ਐਨ. ਡੀ. ਏ. ਨੂੰ ਬਹੁਮੱਤ ਵਲ ਵਧਦੇ ਵੇਖਿਆ ਗਿਆ।

ਹੁਣ ਜੇ ਉਕਤ ਨਤੀਜਿਆਂ 'ਤੇ ਅਸੀਂ ਇਕ ਉਡਦੀ ਝਾਤ ਮਾਰੀਏ ਤਾਂ ਜਾਂ ਉਕਾ-ਪੁੱਕਾ ਜਾਇਜ਼ਾ ਲਈਏ ਤਾਂ ਕਹਿ ਸਕਦੇ ਹਾਂ ਕਿ ਇਨ੍ਹਾਂ ਚੋਣਾਂ ਦੌਰਾਨ ਭਾਜਪਾ ਦੇ ਹਿੱਸੇ ਇੱਕ ਵੱਡੀ ਨਾਕਾਮੀ ਆਈ ਹੈ। ਕਿਉਂਕਿ ਪੱਛਮੀ ਬੰਗਾਲ 'ਚ ਜਿਸ ਤਰ੍ਹਾਂ ਦੀ ਤਿਆਰੀ ਨਾਲ ਉਹ ਚੋਣ ਮੈਦਾਨ ਵਿਚ ਉਤਰੀ ਸੀ, ਨਤੀਜੇ ਸਾਹਮਣੇ ਆਉਣ ਉਪਰੰਤ ਉਸ ਦੇ ਪੱਲੇ ਵੱਡੀ ਨਿਰਾਸ਼ਾ ਪਈ ਹੈ। ਬੰਗਾਲ ਦੇ ਨਤੀਜਿਆਂ ਨੇ ਦਰਅਸਲ ਪਾਰਟੀ ਨੂੰ ਇਹ ਸਪੱਸ਼ਟ ਸੁਨੇਹਾ ਦਿੱਤਾ ਹੈ ਕਿ ਉਹ ਆਪਣੀ ਪ੍ਰਚਲਿਤ ਵਿਚਾਰਧਾਰਾ ਜਿਵੇਂ ਕਿ ਧਾਰਮਿਕ ਵਖਰੇਵਿਆਂ ਆਦਿ ਵਾਲੀਆਂ ਨੀਤੀਆਂ ਨੂੰ ਤਬਦੀਲ ਕਰਨ ਬਾਰੇ ਸੋਚ-ਵਿਚਾਰ ਕਰੇ ਅਤੇ ਨਾਲ ਹੀ ਲੋਕਾਂ ਦੀ ਭਲਾਈ ਦੇ ਕੰਮਾਂ ਲਈ ਜਮੀਨੀ ਸਤਹ 'ਤੇ ਉਤਰ ਕੇ ਆਪਣੇ ਫਰਜ਼ਾਂ ਨੂੰ ਨਿਭਾਉਣਾ ਯਕੀਨੀ ਬਣਾਵੇ। ਇਸ ਦੇ ਇਲਾਵਾ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਜਿਸ ਤਰ੍ਹਾਂ ਨਾਲ ਚੋਣ ਸਭਾਵਾਂ ਵਿਚ 'ਦੀਦੀ ਓ ਦੀਦੀ' ਕਹਿ ਕੇ ਵਿਅੰਗ ਕਸਿਆ ਗਿਆ, ਉਸ ਨੂੰ ਵੀ ਸੂਬੇ ਦੇ ਲੋਕਾਂ, ਵਿਸ਼ੇਸ਼ ਤੌਰ 'ਤੇ ਔਰਤਾਂ ਨੇ ਆਪਣੇ ਅਪਮਾਨ ਵਜੋਂ ਵੇਖਿਆ ਅਤੇ ਇਸ ਮਾਮਲੇ ਨੂੰ ਲੈ ਕੇ ਵਧੇਰੇ ਲੋਕਾਂ ਦੀ ਹਮਦਰਦੀ ਵੀ ਮਮਤਾ ਬੈਨਰਜੀ ਦੇ ਹਿੱਸੇ ਆਈ।

ਭਾਜਪਾ ਦੀ ਹਾਰ ਦਾ ਇੱਕ ਵੱਡਾ ਕਾਰਨ ਕਿਸਾਨ ਆਗੂਆਂ ਵਲੋਂ ਭਾਜਪਾ ਨੂੰ ਵੋਟ ਨਾ ਪਾਉਣ ਦੀ ਅਪੀਲ ਵੀ ਸੀ। ਕਿਸਾਨਾਂ ਦੀ ਇਸ ਅਪੀਲ ਨੇ ਪਾਰਟੀ ਵਿਰੁੱਧ ਇਕ ਸੰਕੇਤਕ ਵਿਰੋਧੀ ਹਵਾ ਨੂੰ ਹੱਲਾਸ਼ੇਰੀ ਦਿੱਤੀ। ਇਸ ਤੋਂ ਇਲਾਵਾ ਇਲੈਕਸ਼ਨ ਦੌਰਾਨ ਜਿਸ ਤਰ੍ਹਾਂ ਮਮਤਾ ਬੈਨਰਜੀ ਦੇ ਪੈਰ 'ਤੇ ਸੱਟ ਵੱਜੀ ਅਤੇ ਇਸ ਉਪਰੰਤ ਉਹ ਆਪਣੀ ਹਰ ਚੋਣ ਸਭਾ ਪੱਟਾ ਲਿਪਟਿਆ ਪੈਰ ਲੈ ਕੇ ਸਟੇਜ 'ਤੇ ਆ ਕੇ ਲੋਕਾਂ ਨੂੰ ਆਪਣੀ ਪਾਰਟੀ ਦੇ ਹੱਕ ਵਿਚ ਵੋਟਾਂ ਪਾਉਣ ਦੀ ਅਪੀਲ ਕਰਦੀ ਸੀ ਤਾਂ ਉਸ ਨਾਲ ਵੀ ਉਨ੍ਹਾਂ ਨੂੰ ਲੋਕਾਂ ਦੀ ਵਧੇਰੇ ਹਮਦਰਦੀ ਮਿਲੀ ਤੇ ਨਿਰਸੰਦੇਹ ਇਹ ਹਮਦਰਦੀ ਉਸ ਦੇ ਵੋਟ ਬੈਂਕ ਵਿਚ ਤਬਦੀਲ ਹੁੰਦੀ ਗਈ।

ਸਿਆਸੀ ਮਾਹਿਰਾਂ ਦੀ ਮੰਨੀਏ ਤਾਂ ਇਸ ਦੇ ਇਲਾਵਾ ਪੱਛਮੀ ਬੰਗਾਲ ਵਿਚ ਅੱਠ ਭਾਗਾਂ ਵਿਚ ਹੋਇਆ ਇਲੈਕਸ਼ਨ ਵੀ ਪਾਰਟੀ ਲਈ ਇਕ ਵੱਡਾ ਡਰਾਬੈਕ ਸਿੱਧ ਹੋਇਆ ਹੈ, ਕਿਉਂਕਿ ਵੋਟਾਂ ਦੇ ਆਖਰੀ ਦੋ ਤਿੰਨ ਚਰਨਾਂ ਦੌਰਾਨ ਜਿਵੇਂ ਕਰੋਨਾ ਵਾਇਰਸ ਦੀ ਦੂਜੀ ਲਹਿਰ ਨੇ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਜੋਰ ਫੜਿਆ ਅਤੇ ਇਸ ਉਪਰੰਤ ਜਿਸ ਤਰ੍ਹਾਂ ਕਰੋਨਾ ਮਹਾਮਾਰੀ ਨਾਲ ਨਿਪਟਣ ਨੂੰ ਲੈ ਕੇ ਮੋਦੀ ਸਰਕਾਰ ਦੀ ਵਿਦੇਸ਼ੀ ਮੀਡੀਆ ਨੇ ਭੰਡੀ ਕੀਤੀ, ਉਹ ਵੀ ਪਾਰਟੀ ਦੀ ਹਾਰ ਦਾ ਇਕ ਵੱਡਾ ਕਾਰਨ ਮੰਨਿਆ ਜਾ ਰਿਹਾ ਹੈ।

ਭਾਵੇਂ ਭਾਜਪਾ ਆਸਾਮ ਵਿਚ ਆਪਣੀ ਸਰਕਾਰ ਬਣਾਉਣ ਵਿਚ ਕਾਮਯਾਬ ਹੋਈ ਹੈ, ਪਰ ਜਿਸ ਤਰ੍ਹਾਂ ਬੰਗਾਲ, ਕੇਰਲਾ ਅਤੇ ਤਾਮਿਲਨਾਡੂ ਵਿਚ ਉਸ ਦੀ ਦੁਰਗਤ ਹੋਈ ਹੈ, ਉਹ ਯਕੀਨਨ ਇਕ ਕੌਮੀ ਪਾਰਟੀ ਲਈ ਚਿੰਤਨ-ਮੰਥਨ ਕਰਨ ਦੀ ਮੰਗ ਕਰਦਾ ਹੈ।

ਦੂਜੇ ਪਾਸੇ ਜਿੱਥੋਂ ਤੱਕ ਕਾਂਗਰਸ ਦਾ ਸੁਆਲ ਹੈ ਤਾਂ ਉਹ ਵੀ ਇਨ੍ਹਾਂ ਚੋਣਾਂ ਵਿਚ ਕਿਸੇ ਇਕ ਵੀ ਸੂਬੇ ਵਿਚ ਆਪਣੇ ਬਲਬੂਤੇ ਸਰਕਾਰ ਬਣਾਉਣ 'ਚ ਅਸਫਲ ਰਹੀ ਹੈ। ਭਾਵੇਂ ਉਹ ਕੇਰਲ ਅਤੇ ਆਸਾਮ ਵਿਚ ਵਿਰੋਧੀ ਧਿਰ ਵਜੋਂ ਸਨਮਾਨਜਨਕ ਸੀਟਾਂ ਲੈਣ 'ਚ ਸਫਲ ਹੋਈ ਹੈ, ਪਰ ਫਿਰ ਵੀ ਇਕ ਕੌਮੀ ਪਾਰਟੀ ਤੋਂ ਜਿਸ ਤਰ੍ਹਾਂ ਦੀਆਂ ਉਮੀਦਾਂ ਰੱਖੀਆਂ ਜਾਂਦੀਆਂ ਹਨ, ਉਨ੍ਹਾਂ ਤੋਂ ਉਹ ਹਾਲੇ ਵੀ ਕਾਫੀ ਦੂਰ ਜਾਪਦੀ ਹੈ।

ਬਾਕੀ ਜਿਥੋਂ ਤੱਕ ਕਮਲ ਹਸਨ, ਅਸਦੂਦੀਨ ਓਵੇਸੀ ਵਰਗੇ ਖੇਤਰੀ ਪਾਰਟੀਆਂ ਵਾਲਿਆਂ ਆਗੂਆਂ ਦਾ ਸੁਆਲ ਹੈ ਤਾਂ ਇਹ ਨਤੀਜੇ ਉਨ੍ਹਾਂ ਨੂੰ ਇਹੋ ਸੁਨੇਹਾ ਦਿੰਦੇ ਜਾਪਦੇ ਹਨ ਕਿ ਇਨ੍ਹਾਂ ਖੇਤਰੀ ਪਾਰਟੀਆਂ ਦੇ ਆਗੂਆਂ ਨੂੰ ਜਮੀਨੀ ਸਤਹ 'ਤੇ ਹੋਰ ਵਧੇਰੇ ਸੁਚਾਰੂ ਢੰਗ ਨਾਲ ਲੋਕਾਂ ਵਿਚ ਵਿਚਰਨ ਦੀ ਲੋੜ ਹੈ।

# ਭਾਅ ਜੀ! ਮੈਂ ਅਹਿਸਾਨ ਫਰਾਮੋਸ਼ ਨਹੀਂ ਹਾਂ...

ਨਹੀਂ ਸੀ ਪਤਾ ਕਿ ਉਹ ਇੰਨੀ ਜਲਦੀ ਚਲੇ ਜਾਣਗੇ-ਕੁਝ ਕਹਿਣਾ ਸੀ, ਕੁਝ ਸਾਂਝਾ ਕਰਨਾ ਸੀ; ਪਰ ਸਤਿਕਾਰ ਵਜੋਂ ਮਿਲ ਕੇ ਕਿਸੇ ਖਾਸ ਮੌਕਾ ਮੇਲ 'ਤੇ ਜਦੋਂ ਉਹ ਮੈਨੂੰ ਗੱਲ ਕਰਨ ਦੇ ਕਾਬਲ ਲੱਗੇ ਤਾਂ ਹੀ ਆਪਣੇ ਵਲੋਂ ਸ਼ੁਕਰੀਆ ਕਰੂੰਗੀ। ਫੋਨ ਜਾਂ ਈਮੇਲ ਦਾ ਟੂਲ ਮੈਨੂੰ ਆਪਣੀਆਂ ਹੀ ਭੰਨਾਂ-ਘੜਤਾਂ ਵਿਚ ਸੂਤ ਨਾ ਬੈਠਾ। ਇੱਕ ਹਿਚਕਚਾਹਟ ਸੀ ਕਿ ਕਿਤੇ ਉਹ ਮੇਰੀ ਪਹਿਲਕਦਮੀ ਨੂੰ ਗਲਤ ਨਾ ਸਮਝ ਲੈਣ। ਜਿੰਨੀ ਸਿਦਕਦਿਲੀ, ਸੱਚ, ਨਿਆਂ ਦੀ ਸੱਤਾ ਦੀ ਝੰਡਾਬਰਦਾਰੀ ਨਾਲ ਇਮਾਨਦਾਰੀ, ਪ੍ਰਤੀਬੱਧਤਾ, ਨਿਰਪੱਖਤਾ ਨਾਲ ਸਰਵਰੰਗ ਹਫਤਾਵਾਰੀ ਪਰਚਾ ਕੱਢ ਰਹੇ ਸਨ, ਇਹ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ। ਆਪਣੀ ਜ਼ਿੰਦਗੀ ਦਾ ਇੱਕ ਇੱਕ ਪਲ ਸਵਾਸ ਸਵਾਸ ਉਨ੍ਹਾਂ ਸੰਘਰਸ਼ ਦੇ ਲੇਖੇ ਲਾਇਆ। ਪੇਪਰ ਦੀ ਲੋਕ ਮਿਆਰੀ ਆਸਥਾ ਨੂੰ ਪ੍ਰਣਾਇਆ। ਪੇਪਰ ਦੀ ਇਸ ਦਿੱਖ ਨੂੰ ਸਥਾਪਤ ਕਰਨ ਅਤੇ ਹਾਸ਼ੀਏ 'ਤੇ ਧੱਕੇ ਲੋਕਾਂ ਦੇ ਹਾਣ ਦਾ ਬਣਾਉਣ ਹਿੱਤ ਪੂਰਾ ਟਿੱਲ ਲਾਇਆ। 'ਰੰਗ ਬੇਰੰਗ' ਕਾਲਮ ਅਧੀਨ 'ਕਮਲਿਆਂ ਦਾ ਟੱਬਰ-ਪੰਜਾਬੀ ਟ੍ਰਿਬਿਊਨ ਨਾਲ ਜੁੜੀਆਂ ਯਾਦਾਂ' ਵਿਚ ਜਿਸ ਤਰ੍ਹਾਂ ਉਨ੍ਹਾਂ ਵਿਵਰਣ ਦਿੱਤੇ, ਉਨ੍ਹਾਂ ਵਿਚੋਂ ਕੁਝ ਦੀ ਮੈਂ ਵੀ ਚਸ਼ਮਦੀਦ ਹਾਂ। ਉਨ੍ਹਾਂ ਇਕੱਲੀ ਇਕੱਲੀ ਗੱਲ ਨੂੰ ਜਿਸ ਤਰ੍ਹਾਂ ਸੱਚ ਤੇ ਅਸਲੀਅਤ ਦੇ ਚੌਖਟੇ ਵਿਚ ਸਿਰਜਿਆ ਹੈ, ਉਸ ਤੋਂ ਉਨ੍ਹਾਂ ਦੀ ਸੱਚੀ ਸੁੱਚੀ ਖਰੀ ਅੰਤਰੀਵੀ ਸ਼ਖਸੀਅਤ ਦੇ ਦੀਦਾਰੇ ਹੁੰਦੇ ਹਨ ਤੇ ਕਿਤੇ ਵੀ ਮੁਲੰਮੇ ਦਾ ਆਭਾਸ ਨਹੀਂ ਹੁੰਦਾ।



**ਸੁਕੰਨਿਆਂ ਭਾਰਦਵਾਜ ਨਾਭਾ**
**ਫੋਨ: 815-307-3112**

ਇੰਨੀ ਗੰਭੀਰ ਬਿਮਾਰੀ ਦੇ ਨਾਲ ਜਿਵੇਂ ਉਨ੍ਹਾਂ ਪੇਪਰ ਨੂੰ ਜਨ-ਇਨਸਾਫ ਦੀ ਆਵਾਜ਼ ਬੁਲੰਦ ਕਰਨ, ਹਰ ਪੱਖ ਤੋਂ ਪ੍ਰਤਿਭਾਵਾਨ ਹੋਣ ਦੇ ਬਾਵਜੂਦ ਪੰਜਾਬੀ ਟ੍ਰਿਬਿਊਨ ਦੀ ਅੰਦਰੂਨੀ ਕੁੱਢਰ ਰਾਜਨੀਤੀ ਦੇ ਸ਼ਿਕਾਰ ਹੋ ਕੇ ਸੰਤਾਪ ਭੋਗਣ ਵਰਗੀ ਜ਼ਿੰਦਗੀ ਨੂੰ ਜਿਸ ਹੌਂਸਲੇ/ਹਿੰਮਤ ਨਾਲ ਨਿਭਾਇਆ, ਲਗਦਾ ਹੈ ਕਿ ਜਿਵੇਂ ਉਹ ਕੋਈ ਆਮ ਇਨਸਾਨ ਨਾ ਹੋਣ, ਜਿਵੇਂ ਸਿਰਜਣਹਾਰ ਨੇ ਉਨ੍ਹਾਂ ਨੂੰ ਵਿਸ਼ੇਸ਼ ਟਾਸਕ ਹਿੱਤ ਦੁਨੀਆਂ ਵਿਚ ਭੇਜਿਆ ਹੋਵੇ। ਤਾਂ ਹੀ ਉਹ ਵ੍ਹੀਲ ਚੇਅਰ 'ਤੇ ਹੁੰਦੇ ਹੋਏ ਵੀ ਆਪਣੇ ਪੇਪਰ ਨੂੰ ਸੱਚੀਂ ਮੁੱਚੀਂ ਪੁੱਤਰਾਂ ਵਾਂਗ ਪਾਲ ਕੇ ਕੋਈ ਵੀ ਲੋਭ ਲਾਲਚ ਜਾਂ ਗੈਰ-ਮਿਆਰੀ ਢੰਗ ਤਰੀਕੇ ਨਾ ਅਪਨਾ ਕੇ ਹੱਥੀਂ ਲਾਏ ਬੂਟੇ ਨੂੰ ਆਪਣੇ ਮੁੱਕਦੇ ਜਾ ਰਹੇ ਸੁਆਸਾਂ ਨਾਲ ਸਿੰਜਦੇ ਰਹੇ। ਨਹੀ ਤਾਂ ਡਾਲਰਾਂ ਦੀ ਚਕਾਚੌਂਧ ਨੇ ਵੱਡੇ ਵੱਡਿਆਂ ਨੂੰ ਵਾਹਣੀ ਪਾਇਆ ਹੋਇਆ ਹੈ। ਫਿਰ ਆਮ ਹਾਲਤ ਵਿਚ ਸਾਧਨ ਸੰਪੰਨ ਨੂੰ ਵੀ ਵਿਦੇਸ਼ੀ ਧਰਤੀ 'ਤੇ ਪੰਜਾਬੀ ਪਰਚਾ ਕੱਢਣਾ, ਉਹ ਵੀ ਆਪਣੀਆਂ ਅਣਐਲਾਨੀਆਂ ਸ਼ਰਤਾਂ 'ਤੇ, ਕਾਠ ਦੀ ਤਲਵਾਰ ਨਾਲ ਲੜਨ ਬਰਾਬਰ ਹੈ।

ਹੋ ਸਕਦਾ ਹੈ ਕਿ ਕਿਸੇ ਨੂੰ ਇਹ ਗੱਲ ਮਾਮੂਲੀ ਲੱਗੇ, ਪਰ ਮੇਰੇ ਇਸਤਰੀਤਵ, ਅਸਿਸਤਵ ਅਤੇ ਸੱਚ ਇਨਸਾਫ 'ਤੇ ਪਹਿਰਾ ਦੇਣ ਵਾਲੇ ਪਰਿਵਾਰਕ ਸਟੇਟਸ ਨੂੰ ਮਿੱਟੀ ਵਿਚ ਮਿਲਾਉਣ ਦੇ ਤੁਲ ਸੀ। ਗੱਲ 89-90 ਦੀ ਹੈ, ਜਦੋਂ ਅਤਿਵਾਦ ਵੀ ਸਿਖਰ 'ਤੇ ਸੀ। ਮੈਂ ਅਮਰਗੜ੍ਹ ਨੇੜੇ ਮਲੇਰਕੋਟਲਾ ਤੋਂ ਪੰਜਾਬੀ ਟ੍ਰਿਬਿਊਨ ਵਿਚ ਬਤੌਰ ਪੱਤਰਕਾਰ ਕੰਮ ਕਰਨਾ ਸ਼ੁਰੂ ਕੀਤਾ। ਪਹਿਲੇ ਤਿੰਨ ਮਹੀਨੇ (ਪ੍ਰੋਬੇਸ਼ਨਰੀ ਪੀਰੀਅਡ) ਦੌਰਾਨ ਹੀ ਮੈਂ ਪੇਪਰ ਵਿਚ ਪੰਜ ਪੇਜ ਦਾ ਸਪਲੀਮੈਂਟ ਦਿੱਤਾ, ਜਿਸ 'ਤੇ ਸੰਪਾਦਕ ਹਰਭਜਨ ਸਿੰਘ ਹਲਵਾਰਵੀ ਨੇ ਸ਼ਾਬਾਸ ਦਿੱਤੀ ਤੇ ਮੇਰੀ ਅੱਗੋਂ ਲਈ ਉਮੀਦਵਾਰੀ ਵੀ ਨਿਯਮਿਤ ਕਰ ਦਿੱਤੀ। ਕੁਝ ਸਮੇਂ ਬਾਅਦ ਅਮਰਗੜ੍ਹ ਦੇ ਜੰਮਪਲ ਤੇ ਅਜੀਤ ਜਲੰਧਰ ਵਿਚ ਬਤੌਰ ਸੀਨੀਅਰ ਸਬ ਐਡੀਟਰ ਅਜੀਤ ਕੁਮਾਰ ਨੇ ਅਮਰਗੜ੍ਹ ਡੇਟ ਲਾਈਨ ਤੋਂ ਪੰਜਾਬੀ ਟ੍ਰਿਬਿਊਨ ਵਿਚ ਲਗਦੀਆਂ ਖਬਰਾਂ ਨੂੰ ਦੇਖ ਕੇ ਮੈਨੂੰ ਅਜੀਤ ਦੀ ਪੱਤਰਕਾਰੀ ਕਰਨ ਲਈ ਕਿਹਾ। ਪਰ ਬੱਚੇ ਛੋਟੇ ਹੋਣ ਕਾਰਨ ਤੇ ਇੱਕ ਹਰ ਰੋਜ ਪੰਦਰਾਂ ਕਿਲੋਮੀਟਰ ਜਾਣ-ਆਉਣ ਅਤੇ ਦੋਵੇਂ ਪੇਪਰਾਂ ਨੂੰ ਵੱਖ ਵੱਖ ਖਬਰਾਂ ਭੇਜਣ ਦੀ ਖਜਾਲਤ ਕਾਰਨ ਮੈਂ ਫੈਸਲਾ ਨਾ ਕਰ ਸਕੀ, ਪਰ ਦੋ ਕੁ ਮਹੀਨੇ ਮਗਰੋਂ ਉਹ ਅਮਰਗੜ੍ਹ ਕਿਸੇ ਸਮਗਮ 'ਤੇ ਆਏ ਤੇ ਫਿਰ ਯਾਦ ਕਰਵਾਇਆ। ਮੈਂ ਆਪਣੀ ਸਮੱਸਿਆ ਦੱਸੀ ਤਾਂ ਉਨ੍ਹਾਂ ਕਿਹਾ ਕਿ ਪੰਜਾਬੀ ਟ੍ਰਿਬਿਊਨ ਨੂੰ ਜੋ ਖਬਰ ਭੇਜਦੇ ਹੋ, ਉਸੇ ਦੀ ਕਾਪੀ ਹੀ ਅਜੀਤ ਨੂੰ ਵੀ ਕੱਢ ਦਿਆ ਕਰੋ, ਵੱਖਰੇ ਤੌਰ 'ਤੇ ਕੁਝ ਕਰਨ ਦੀ ਲੋੜ ਨਹੀਂ। ਫਸਟ ਕਾਪੀ, ਸੈਕੰਡ ਕਾਪੀ ਦਾ ਕੋਈ ਚੱਕਰ ਨਹੀਂ, ਪਰ ਮੈਨੂੰ ਸਾਥੀ ਪੱਤਰਕਾਰਾਂ ਤੋਂ ਪਤਾ ਚਲ ਚੁਕਾ ਸੀ ਕਿ ਪੇਪਰ ਤੁਹਾਡੀ ਪਹਿਲੀ ਖਬਰ ਨੂੰ ਹੀ ਤਰਜੀਹ ਦੇਵੇਗਾ ਕਾਪੀ (ਨਕਲ) ਨੂੰ ਨਹੀਂ।

ਕੁਝ ਦੇਰ ਬਾਅਦ ਮੇਰਾ ਕਪੂਰਥਲੇ ਜਾਣ ਦਾ ਸਬੱਬ ਬਣਿਆ ਤਾਂ ਉਨ੍ਹਾਂ ਦੇ ਇਸ ਭਰੋਸੇ ਉਤੇ ਫੈਸਲਾ ਕੀਤਾ ਕਿ ਚਲੋ ਰਸਤੇ ਵਿਚ ਪੈਂਦੇ ਜਲੰਧਰ 'ਅਜੀਤ' ਦੇ ਦਫਤਰ ਹੋ ਕੇ ਜਾਇਆ ਜਾਵੇ। ਜਦੋਂ ਕਾਊਂਟਰ 'ਤੇ ਅਪਰੇਟਰ ਨੂੰ 'ਐਡੀਟਰ ਸਰ' ਨੂੰ ਮਿਲਣ ਬਾਰੇ ਕਿਹਾ ਤਾਂ ਉਨ੍ਹਾਂ ਤਪਾਕ ਨਾਲ 'ਬਰਜਿੰਦਰ ਭਾਅ ਜੀ' ਨੂੰ ਮਿਲਣਾ ਕਿਹਾ ਤਾਂ ਮੈਂ ਮੁੜ ਕਿਹਾ ਕਿ 'ਨਹੀਂ ਜੀ, ਮੈਂ ਤਾਂ ਹਮਦਰਦ ਸਾਹਿਬ, ਅਜੀਤ ਦੇ ਚੀਫ ਐਡੀਟਰ ਨੂੰ ਮਿਲਣਾ ਹੈ।' ਉਹਨੇ ਹੱਸ ਕੇ ਕਿਹਾ, "ਹਾਂ ਹਾਂ! ਤੁਸੀਂ ਰਿਸੈਪਸ਼ਨ 'ਚ ਬੈਠੋ, ਭਾਅ ਜੀ ਦੋ ਵਜੇ ਆਉਣਗੇ, ਮਿਲਾ ਦੇਵਾਂਗੇ।' ਮੈਂ ਹੈਰਾਨ, ਇਹ ਅਰਾਮ ਨਾਲ ਏਡੇ ਵੱਡੇ ਅਦਾਰੇ ਦੇ ਮਾਲਕ/ਸੰਪਾਦਕ ਨੂੰ ਭਾਅ ਜੀ ਕਹੀ ਜਾਂਦਾ ਹੈ, ਕੋਈ ਸਰ, ਸਾਹਿਬ ਨਹੀਂ। ਅਪਰੇਟਰ ਦੇ ਇਸ ਘਰੇਲੂ ਸੁਹਿਰਦ ਸਤਿਕਾਰਤ ਵਰਤਾਰੇ ਨੇ ਮੈਨੂੰ ਜਿਵੇਂ ਅਜੀਤ ਨਾਲ ਬੰਨ ਦਿੱਤਾ।

ਜਦੋਂ ਕਿ ਪੰਜਾਬੀ ਟ੍ਰਿਬਿਊਨ ਦਾ ਜਨਰਲ ਰਵੱਈਆ ਇਸ ਦੇ ਬਿਲਕੁਲ ਉਲਟ ਪੂਰਾ ਚੰਡੀਗੜ੍ਹੀਆ ਸੀ। ਛੋਟੇ ਤੋਂ ਬੜੇ ਤਕ ਬੌਸ ਦਾ ਅਹਿਸਾਸ। ਆਮ ਵਰਤਾਰਾ ਖੁਸ਼ਕ। ਜਿਵੇਂ ਹੀ ਖਬਰਾਂ ਲੱਗਣੀਆਂ ਸ਼ੁਰੂ ਹੋਈਆਂ ਤਾਂ ਮੇਰੇ ਤੋਂ ਪਹਿਲਾਂ ਅਜੀਤ ਲਈ ਨਾਭੇ ਤੋਂ ਪੱਤਰਕਾਰ ਜੋ ਕੰਮ ਤਾਂ ਘੱਟ-ਵੱਧ ਹੀ ਕਰਦਾ ਸੀ, ਪਰ ਇਲਾਕੇ ਵਿਚ ਸਾਰੇ ਅਖਬਾਰਾਂ ਦਾ ਇੱਕੋ ਇੱਕ ਨੁਮਾਇੰਦਾ ਕਹਿ ਕੇ 'ਆਪਣੀ ਦੁਕਾਨਦਾਰੀ' ਚੰਗੀ ਚਲਾਉਂਦਾ ਸੀ, ਉਹਨੂੰ ਆਪਣਾ ਇੱਕ ਛਤਰ ਰਾਜ ਖੁਸਦਾ ਜਾਪਿਆ। ਨਾਲ ਨਾਲ ਮੇਰੀ ਮਿਹਨਤ ਤੇ ਇਮਾਨਦਾਰੀ ਦੀ ਗੱਲ ਉਹਦੇ ਬਰਦਾਸ਼ਤ ਤੋਂ ਬਾਹਰ ਸੀ। ਨਾਭਾ, ਭਾਦਸੋਂ, ਗੋਬਿੰਦਗੜ੍ਹ ਸਮੇਤ ਸੰਗਰੂਰ ਦੇ ਵੀ ਕੁਝ ਹਿੱਸੇ ਵਿਚ ਮਾਰ ਕਰਦੇ ਇਸ ਪੱਤਰਕਾਰ ਨੂੰ ਇੱਕ ਔਰਤ ਪੱਤਰਕਾਰ ਦੀ ਇਹ ਰੁਸ਼ਨਾਈ ਹਜਮ ਨਹੀਂ ਹੋ ਰਹੀ ਸੀ। ਇਲਾਕੇ ਵਿਚ ਤੇ ਅਖਬਾਰਾਂ ਦੇ ਦਫਤਰ ਵਿਚ ਉਹਦੀ 'ਵਧੀਆ ਕਾਰਗੁਜ਼ਾਰੀ' ਦੇ ਚਰਚੇ ਹੋਣ ਦੇ ਬਾਵਜੂਦ ਉਹ ਆਪਣੀ ਤਿਕੜਮਬਾਜੀ ਨਾਲ ਸੰਪਾਦਕੀ ਅਮਲੇ ਨੂੰ ਗੇੜ ਵਿਚ ਪਾਉਣ ਦਾ ਧਨੀ ਸੀ। ਪਿਛੇ ਜਿਹੇ ਆ ਕੇ ਉਹਦੇ ਸਾਥੀ ਮੋਰਿੰਡਾ-ਰੋਪੜ ਦੇ ਪੱਤਰਕਾਰ ਦਾ ਹਲਵਾਰਵੀ ਸਾਹਿਬ ਦੇ ਪੀ. ਏ. ਨਾਲ ਜਾਅਲੀ ਬਿਲਾਂ ਦੇ ਗੇੜ ਵਿਚ ਨਾ ਆਉਣ ਕਾਰਨ ਦੋਵਾਂ ਨੂੰ ਹੀ ਪੇਪਰ ਵਿਚੋਂ ਡਿਸਮਿਸ ਕਰ ਦਿੱਤਾ ਗਿਆ, ਇਹ ਹੁੰਦਾ ਹੁੰਦਾ ਬਚਿਆ।

ਹਲਵਾਰਵੀ ਸਾਹਿਬ ਦੀ ਬਰਤਰਫੀ ਵੀ ਕੁਝ ਸਮੇਂ ਲਈ ਰੁਕ ਗਈ ਸੀ। ਉਹਨੇ ਟ੍ਰਿਬਿਊਨ ਵਿਚ ਚਲ ਰਹੀ ਗੰਧਲੀ ਸਿਆਸਤ ਨੂੰ ਹਥਿਆਰ ਬਣਾ ਕੇ ਸੰਪਾਦਕ ਹਲਵਾਰਵੀ ਸਮੇਤ ਨਿਊਜ਼ ਡੈਸਕ ਅਮਲੇ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਗੱਲ ਕੀ, ਇਹ ਆਧਾਰ ਬਣਾ ਕੇ ਕਿ ਪੰਜਾਬੀ ਟ੍ਰਿਬਿਊਨ ਦੀ ਪੱਤਰਕਾਰ ਹੋ ਕੇ ਅਜੀਤ ਲਈ ਕੰਮ ਕਰਨਾ ਬਹੁਤ ਵੱਡਾ ਗੁਨਾਹ ਹੈ, ਪੱਤਰਕਾਰੀ ਕੈਂਸਲ ਕਰਨ ਦੀ ਵਿਉਂਤਬੰਦੀ ਹੋ ਗਈ। ਜਦੋਂ ਕਿ ਉਹ ਆਪ ਅੱਧੀ ਦਰਜਨ ਅਖਬਾਰਾਂ ਨੂੰ ਖਬਰਾਂ ਦਿੰਦਾ ਸੀ। ਹਲਵਾਰਵੀ ਸਾਹਿਬ ਦਾ ਵੀ ਰਵੱਈਆ ਆਪਣੇ ਪ੍ਰਧਾਨ ਸੇਵਕ ਵਾਂਗ ਪਿਛੇ ਮੁੜਨ ਦਾ ਨਹੀਂ ਸੀ। ਉਸ ਸਮੇਂ ਜੰਮੂ ਭਾਅ ਜੀ ਨੇ ਮੇਰੇ ਹੱਕ ਵਿਚ ਨਾਹਰਾ ਮਾਰਿਆ ਸੀ ਕਿ ਉਸ ਨੂੰ ਕੇਵਲ ਇੱਕ ਔਰਤ ਕਰਕੇ ਤੰਗ ਕੀਤਾ ਜਾ ਰਹਾ ਹੈ, ਜਦੋਂ ਕਿ ਉਹਦਾ ਦੋਸ਼ ਤਾਂ ਕੋਈ ਨਹੀਂ। ਡੈਸਕ ਦੀ ਇਕੋ ਇੱਕ ਲੇਡੀ ਸਬ ਐਡੀਟਰ ਅਰਵਿੰਦਰ ਕੌਰ ਨੇ ਵੀ ਅੱਧੇ ਦਿਨ ਦੀ ਹੜਤਾਲ ਕੀਤੀ ਸੀ, ਹਲਵਾਰਵੀ ਸਾਹਿਬ ਦੇ ਇਸ ਫੈਸਲੇ ਖਿਲਾਫ, ਜਿਸ ਦਾ ਮੈਨੂੰ ਦੇਰ ਬਾਅਦ ਪਤਾ ਲੱਗਾ।

ਭਾਅ ਜੀ ਕਰਮਜੀਤ ਸਿੰਘ, ਦਲਜੀਤ ਸਰਾਂ, ਗੁਰਦਿਆਲ ਬੱਲ, ਸ਼ਿੰਗਾਰਾ ਸਿੰਘ ਭੁੱਲਰ, ਦਲਬੀਰ ਸਿੰਘ, ਸ਼ਾਮ ਸਿੰਘ ਸਮੇਤ ਕਈਆਂ ਨੂੰ ਮੈਂ ਜਾਣਦੀ ਸਾਂ ਤੇ ਥੋੜ੍ਹਾ ਮਿਲ ਵੀ ਚੁਕੀ ਸਾਂ, ਪਰ ਜਿਵੇਂ ਭਾਅ ਜੀ ਨੇ ਆਪਣੇ ਲੜੀਵਾਰ ਵਿਚ ਆਪਣੇ ਇਨ੍ਹਾਂ ਦੋਸਤਾਂ ਦਾ ਚਰਿਤਰ ਵਿਸ਼ਲੇਸ਼ਣ ਕੀਤਾ ਹੈ, ਉਹ ਕਮਾਲ ਦੀ ਕਲਾਕਾਰੀ ਹੈ। ਜੇ ਮੈਂ ਗਲਤ ਨਾ ਹੋਵਾਂ ਤਾਂ ਸ਼ਾਇਦ ਇੰਨਾ ਨੇੜੇ ਤੋਂ ਤਾਂ ਇਹ ਵੀ ਆਪਣੇ ਆਪ ਨੂੰ ਨਹੀਂ ਜਾਣਦੇ ਹੋਣਗੇ। ਮੈਂ ਜੰਮੂ ਭਾਅ ਜੀ ਨੂੰ ਕਦੇ ਮਿਲੀ ਨਹੀਂ ਸੀ ਤੇ ਨਾ ਹੀ ਉਨ੍ਹਾਂ ਨੂੰ ਜਾਣਦੀ ਸੀ। ਕੁਝ ਦੇਰ ਤਾਂ ਮੈਂ ਸਮਝੀ ਕਿ ਇਹ ਪੰਜਾਬ ਸਟੂਡੈਂਟ ਯੂਨੀਅਨ ਦੇ ਆਗੂ ਬਲਵਿੰਦਰ ਸਿੰਘ ਜੰਮੂ ਹੋਣਗੇ, ਕਿਉਂਕਿ 70ਵਿਆਂ ਦੇ ਦਹਾਕੇ ਵਿਚ ਚੱਲੀਆਂ ਖੱਬੇ ਪੱਖੀਆਂ



ਲਹਿਰਾਂ ਨੈਕਸੇਲਾਇਟ, ਨੌਜਵਾਨ ਸਭਾ, ਮੋਗਾ ਘੋਲ (ਰੀਗਲ ਸਿਨੇਮਾ ਘੋਲ), ਬੇਰੁਜਗਾਰ ਘੋਲ, ਪੰਜਾਬ ਸਟੂਡੈਂਟ ਯੂਨੀਅਨ ਪ੍ਰਧਾਨ ਪ੍ਰਿਥੀਪਾਲ ਸਿੰਘ ਰੰਧਾਵਾ ਦੀ ਹੱਤਿਆ ਤੇ ਘੋਲ, ਬੱਸ ਕਿਰਾਇਆ ਘੋਲ ਆਦਿ ਬਹੁਤ ਸਾਰੇ ਸੰਘਰਸ਼ ਵਿੱਢੇ ਗਏ, ਜਿਨ੍ਹਾਂ ਵਿਚ ਮੇਰੇ ਵੱਡੇ ਭਰਾ ਮਰਹੂਮ ਸੀ. ਐਮ. ਭਾਰਦਵਾਜ, ਸਵਰਗੀ ਰਘਵੀਰ ਸਿੰਘ ਲਮਦੀਪੁਰ (ਦੋਵੇਂ ਐਫ. ਸੀ. ਆਈ. ਸਟਾਫ ਯੂਨੀਅਨ ਆਗੂ), ਮਰਹੂਮ ਡਾ. ਸੰਤੋਖ ਸਿੰਘ (ਹਰਭਜਨ ਸਿੰਘ ਹਲਵਾਰਵੀ ਦੇ ਛੋਟੇ ਭਰਾ), ਟਰੇਡ ਯੂਨੀਅਨ ਆਗੂ ਪੰਜਾਬੀ ਯੂਨੀਵਰਸਟੀ ਪਟਿਆਲਾ ਸਵਰਗੀ ਕੌਰ ਸਿੰਘ ਸੇਖੋਂ, ਅਕਾਲੀ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਸਮੇਤ ਪਿਛੋਂ ਛੋਟੇ ਭਰਾ ਵਿਧੂ ਸ਼ੇਖਰ ਪੰਮੀ, ਸੁਖਦੇਵ ਸਿੰਘ ਪਟਵਾਰੀ, ਮਾਲਵਿੰਦਰ ਸਿੰਘ ਮਾਲੀ ਤੇ ਹੋਰ ਖੱਬੇ ਪੱਖੀ ਕਾਰਕੁੰਨਾਂ ਨਾਲ ਸਰਗਰਮ ਭੂਮਿਕਾ ਵਿਚ ਰਹੇ। ਕੁਦਰਤੀ ਹੈ ਕਿ ਸਾਨੂੰ ਵੀ ਕੁਝ ਨਾ ਕੁਝ ਇਲਮ ਚਲਦੀਆ ਲਹਿਰਾਂ ਦਾ ਹੁੰਦਾ ਰਹਿੰਦਾ ਸੀ ਤੇ ਪਰਿਵਾਰਕ ਤੌਰ 'ਤੇ ਹਮਦਰਦੀ ਵੀ। ਵੀਰ ਹੋਰਾਂ ਤੋਂ ਪਤਾ ਲੱਗਾ ਕਿ ਬਲਵਿੰਦਰ ਜੰਮੂ ਪੰਜਾਬੀ ਟ੍ਰਿਬਿਊਨ ਵਿਚ ਨਹੀਂ ਹੈ, ਫਿਰ ਇਹ ਜੰਮੂ ਕੌਣ ਹੋਇਆ? ਭਾਵੇਂ ਗੱਲ ਆਈ ਗਈ ਹੋ ਗਈ, ਪਰ ਇਸ 'ਹਾਅ ਦੇ ਨਾਹਰੇ' ਦੀ ਖੋਜ ਜਾਰੀ ਰਹੀ।

ਮਾਰਚ 2016 ਵਿਚ ਜਦੋਂ ਮੈ ਸ਼ਿਕਾਗੋ ਆਈ ਤਾਂ ਆਪਣੇ ਪ੍ਰਤੀਪਾਲਕ ਵੱਡੇ ਭਰਾ ਨੂੰ ਗੁਆ ਕੇ ਆਈ ਸੀ, ਪਰ ਜਦੋਂ ਮੈਂ ਰੱਖੜੀ 'ਤੇ ਆਪਣੀਆਂ ਯਾਦਾਂ ਨੂੰ ਕਾਗਜ਼ 'ਤੇ ਝਰੀਟਿਆ ਤਾਂ ਭਾਅ ਜੀ ਅਮੋਲਕ ਸਿੰਘ ਨੇ ਫੋਟੋਆਂ ਸਮੇਤ ਪੇਪਰ ਦੀ ਬੇਸ਼-ਕੀਮਤੀ ਥਾਂ ਮੇਰੇ ਨਿੱਜੀ, ਪਰ ਅਸਹਿ ਗਮ ਨੂੰ ਦੇ ਕੇ ਬਹੁਤ ਵੱਡਾ ਅਹਿਸਾਨ ਕੀਤਾ। 2018 ਵਿਚ ਮੇਰੇ ਹੱਥ 'ਕਮਲਿਆਂ ਦਾ ਟੱਬਰ' ਦੀ ਲੜੀਵਾਰ ਲਿਖਤ ਹੱਥ ਲੱਗ ਗਈ। ਜਦੋਂ ਪੰਜਾਬੀ ਟ੍ਰਿਬਿਊਨ ਵਿਚ ਵਾਪਰੇ ਘਟਨਾਕ੍ਰਮ ਬਾਰੇ ਪੜ੍ਹਿਆ ਤਾਂ ਸਾਰਾ ਕੁਝ ਚਲ-ਚਿੱਤਰ ਵਾਂਗ ਚਿੱਤਰਪਟ 'ਤੇ ਉਕਰ ਗਿਆ, ਜਿਵੇਂ ਕੱਲ੍ਹ ਦੀ ਗੱਲ ਹੋਵੇ। ਭਾਅ ਜੀ ਦੀ ਉਕਤ ਲੜੀਵਾਰ ਹਾਲ ਬਿਆਨੀ ਨਾਲ ਮੈਨੂੰ ਲੱਗਾ ਕਿ ਮੇਰੀ ਖੋਜ ਵੀ ਸਿਰੇ ਚੜ੍ਹ ਗਈ ਹੈ। ਇਹ ਹਾਅ ਦਾ ਨਾਹਰਾ ਮਾਰਨ ਵਾਲੇ ਭਾਅ ਜੀ ਅਮੋਲਕ ਸਿੰਘ ਜੰਮੂ ਹੀ ਹੋ ਸਕਦੇ ਹਨ। ਸਿਰਫ ਮੋਹਰ ਲਾਉਣੀ ਹੀ ਬਾਕੀ ਸੀ। ਇਸ ਲਈ ਮੈਂ ਆਪਣੇ ਬੇਟੇ ਤੇ ਪਤੀ ਨਾਲ ਪੰਜਾਬ ਟਾਈਮਜ਼ ਦੇ ਸਾਲਾਨਾ ਸਮਾਗਮ 'ਤੇ ਪਹੁੰਚੀ ਤੇ ਭਾਅ ਜੀ ਨੂੰ ਪਰਿਵਾਰ ਸਮੇਤ ਮਿਲ ਕੇ 30 ਕੁ ਸਾਲ ਪਹਿਲੇ ਕੀਤੇ ਉਪਕਾਰ ਬਦਲੇ ਸ਼ੁਕਰਾਨਾ ਕਰਨਾ ਚਾਹੁੰਦੀ ਸੀ, ਪਰ ਜਦੋਂ ਉਨ੍ਹਾਂ ਨੂੰ ਮਿਲੀ ਤਾਂ ਕੁਝ ਵੀ ਨਾ ਆਖ ਸਕੀ। ਉਹ ਮਸ਼ੀਨਾਂ ਵਿਚ ਜਕੜੇ ਬਿਲਕੁਲ ਸਾਇੰਸਦਾਨ ਸਟੀਫਨ ਹਾਕਿੰਗ ਦਾ ਰੂਪ ਹੀ ਲੱਗ ਰਹੇ ਸਨ। ਉਹ ਕੁਝ ਫੁਸਫੁਸਾਉਂਦੇ ਰਹੇ, ਪਰ ਮੈਂ ਕੁਝ ਵੀ ਸਮਝ ਨਾ ਸਕੀ। ਗੱਲ ਕਰਨ ਦਾ ਆਖਰੀ ਮੌਕਾ ਵੀ ਹੱਥੋਂ ਕਿਰਦਾ ਦਿਸਿਆ। ਫੋਟੋਆਂ ਖਿਚਾਉਣ ਵਾਲਿਆਂ ਦਾ ਰਸ਼ ਸੀ। ਮਨ ਦੀ ਪੀੜ ਨੂੰ ਮਨ ਵਿਚ ਹੀ ਦਬੋਚ ਕੇ ਉਥੇ ਜੁੜੀ ਭੀੜ ਦਾ ਹਿੱਸਾ ਬਣਨ ਦੀ ਕੋਸ਼ਿਸ਼ ਕੀਤੀ, ਪਰ ਵਿਅਰਥ। ਸਭ ਤੋਂ ਵੱਡੀ ਖੂਬੀ ਉਨ੍ਹਾਂ ਦੀ ਸੀ ਕਿ ਜਦੋਂ ਕੋਈ ਲਿਖਤ ਝਰੀਟਕੇ ਈ-ਮੇਲ ਕਰਨੀ ਤਾਂ ਉਨ੍ਹਾਂ ਦਾ ਪਿਆਰਾ ਜਿਹਾ 'ਥੈਂਕਸ' ਜਦੋਂ ਲਿਖਤ ਦੀ ਮਕਬੂਲੀਅਤ ਦਾ ਆਉਂਦਾ ਤਾਂ ਮਨ ਨੂੰ ਧਰਵਾਸ ਆ ਜਾਂਦਾ ਕਿ ਲਿਖਤ ਠਿਕਾਣੇ ਲੱਗ ਗਈ ਹੈ।

ਇਹੋ ਜਿਹਾ ਹੀ ਕਹਿਣਾ ਹੈ ਨਾਭੇ ਤੋਂ ਬਬੀਤਾ ਸ਼ਰਮਾ ਦਾ, ਜੋ ਪਾਠਕ ਦੇ ਨਾਲ ਨਾਲ ਗਾਹੇ-ਬਗਾਹੇ ਕਲਮ-ਅਜ਼ਮਾਈ ਵੀ ਕਰਦੀ ਹੈ। ਮੈਡਮ ਕ੍ਰਿਪਾਲ ਕੌਰ ਦਾ ਕਹਿਣਾ ਸੀ ਕਿ ਜੰਮੂ ਸਾਹਿਬ ਨੇ ਉਨ੍ਹਾਂ ਨੂੰ 'ਮਾਸੀ ਦਾ ਦਰਜਾ' ਦੇ ਕੇ ਸੰਪਾਦਕ-ਪਾਠਕ/ਲੇਖਕ ਦਾ ਅੰਤਰ ਹੀ ਮੁਕਾ ਦਿੱਤਾ ਸੀ। ਉਹ ਤਾਂ ਭੋਗ ਸਮਾਗਮ 'ਤੇ ਆਪਣੇ ਮਨ ਦੇ ਜਜ਼ਬਾਤ ਸ਼ੋਕ ਸਮਾਗਮ ਵਿਚ ਵਿਅਕਤ ਕਰਨਾ ਚਾਹੁੰਦੇ ਸਨ, ਪਰ ਕਿਸੇ ਕਾਰਨ ਉਨ੍ਹਾਂ ਨੂੰ ਮੌਕਾ ਨਾ ਮਿਲਿਆ। ਸੱਚੀਂ, ਰਿਸ਼ਤਿਆਂ ਦੀ ਪਾਕੀਜ਼ਗੀ ਤੇ ਮਾਨਵੀ ਕਦਰਾਂ-ਕੀਮਤਾਂ ਦੀ ਪਹਿਰੇਦਾਰੀ ਕੋਈ ਉਨ੍ਹਾਂ ਤੋਂ ਸਿੱਖੇ।

ਮੇਰਾ ਪਿਛਲੇ 30-40 ਸਾਲਾਂ ਤੋਂ ਅਖਬਾਰੀ ਦੁਨੀਆਂ ਤੇ ਸੰਪਾਦਕਾਂ, ਉਪ-ਸੰਪਾਦਕਾਂ ਨਾਲ ਵਾਹ ਵਾਸਤਾ ਰਿਹਾ ਹੈ, ਪਰ ਇਹੋ ਜਿਹੀ ਨਿਮਰਤਾ ਤੇ ਕਿਸੇ ਵੀ ਨਵੇਂ ਪੁਰਾਣੇ ਲੇਖਕ ਦੀ ਲਿਖਤ ਨੂੰ ਸਵੀਕਾਰ ਕੇ 'ਥੈਂਕਸ' ਕਰਨਾ ਸ਼ਾਇਦ ਕੋਈ ਨਹੀਂ ਜਾਣਦਾ ਕਿ ਇੱਕ ਕਲਮਕਾਰ ਵਾਸਤੇ ਇਹ ਕਿੱਡਾ ਵੱਡਾ ਰਿਵਾਰਡ ਹੈ, ਸਗੋਂ ਬਹੁਤਿਆਂ ਵਲੋਂ ਲਿਖਤ ਦੀ ਪਹੁੰਚ ਬਾਰੇ ਵਾਰ ਵਾਰ ਪੁੱਛਣ 'ਤੇ ਵੀ ਕੁਝ ਦੱਸਿਆਂ ਨਹੀਂ ਜਾਂਦਾ। ਉਨ੍ਹਾਂ ਦਾ ਹਿਰਦਾ ਇੰਨਾ ਵਿਸ਼ਾਲ ਸੀ ਕਿ ਜਿਥੇ ਉਨ੍ਹਾਂ ਆਪਣੇ ਕਾਲਜ ਯੂਨੀਵਰਸਿਟੀ, ਕਾਰੋਬਾਰੀ ਅਦਾਰਿਆਂ ਦੇ ਮਿੱਤਰ ਮੰਡਲੀ ਨੂੰ ਆਪਣੇ ਨਾਲ ਜੋੜੀ ਰੱਖਿਆ, ਸਗੋਂ ਨਵੇਂ ਤੇ ਅਣਜਾਣਾਂ ਨੂੰ ਵੀ ਆਪਣੇ ਕਲਾਵੇ ਵਿਚ ਲੈ ਕੇ ਉਨ੍ਹਾਂ ਨੂੰ ਲਿਖਦੇ ਰਹਿਣ ਲਈ ਪ੍ਰੇਰਿਆ।

ਸ਼ਿਕਾਗੋ ਫੇਰੀ ਤੋਂ ਪਹਿਲਾਂ ਮੈਂ ਭਾਅ ਜੀ ਤੇ ਪੰਜਾਬ ਟਾਇਮਜ਼ ਬਾਰੇ ਕੁਝ ਵੀ ਨਹੀਂ ਜਾਣਦੀ ਸਾਂ। ਉਨ੍ਹਾਂ ਵੀ ਨਾ ਕਦੇ ਪਹਿਲਾਂ ਤੇ ਨਾ ਹੀ ਪਿਛੋਂ ਮੈਨੂੰ ਕੁਝ ਜਤਾਇਆ ਸੀ। ਮੈਂ ਇੱਕ ਵਾਰੀ ਮਿਲ ਕੇ 30 ਸਾਲ ਪਹਿਲਾਂ ਕੀਤੇ ਅਹਿਸਾਨ ਦਾ ਕੁਝ ਰਿਣ ਉਤਾਰਨਾ ਚਾਹੁੰਦੀ ਸੀ। ਮੈਂ ਕਸ਼ਮਕਸ਼ ਵਿਚ ਸਾਂ ਕਿ ਪਤਾ ਨਹੀਂ ਉਨ੍ਹਾਂ ਨੂੰ ਇਹ ਯਾਦ ਵੀ ਹੋਵੇਗਾ ਕਿ ਨਹੀਂ? ਜਾਣਦੀ ਨਹੀਂ ਸਾਂ, ਮਿਲੀ ਨਹੀਂ ਸਾਂ, ਇਸ ਕਰਕੇ ਪਤਾ ਨਹੀਂ ਪਛਾਣਨਗੇ ਵੀ ਕਿ ਨਹੀਂ? ਕਿਤੇ ਉਨ੍ਹਾਂ ਨੂੰ ਲੱਗੇ ਕਿ ਹੁਣ ਇਥੇ ਵਿਦੇਸ਼ੀ ਧਰਤੀ 'ਤੇ ਖੁਦਗਰਜ਼ੀ ਵਜੋਂ ਕੋਈ ਖੁਸ਼ਾਮਦੀ ਚੱਕਰ ਹੈ, ਜਿਸ ਤੋਂ ਮੈਨੂੰ ਆਪ ਨੂੰ ਵੀ ਬਹੁਤ ਚਿੜ ਹੈ। ਕਿੰਨੇ ਸਾਰੇ ਸੁਆਲ ਧਰੇ-ਧਰਾਏ ਰਹਿ ਗਏ। ਲੱਗਦਾ ਸੀ, ਜੇ ਮੈਂ ਕੁਝ ਦੱਸਾਂਗੀ, ਇਹ ਉਨ੍ਹਾਂ ਨਾਲ ਧੱਕਾ ਹੋਵੇਗਾ। ਇੰਨੀ ਲਾਚਾਰ ਹਾਲਤ ਵਿਚ ਉਹ ਕਿਵੇਂ ਯਾਦ ਕਰਨਗੇ? ਮਨ ਦੀ ਗੁੱਥੀ ਨਾ ਖੋਲ੍ਹ ਸਕੀ। ਮਨ ਵਿਚ ਪੈਦਾ ਹੋਏ ਇਨ੍ਹਾਂ ਸ਼ੰਕਿਆਂ ਕਾਰਨ ਕਦੇ ਕੋਈ ਈਮੇਲ ਜਾਂ ਪੱਤਰ ਵੀ ਲਿਖ ਨਾ ਸਕੀ। ਭੈਣ ਜਸਪ੍ਰੀਤ ਨਾਲ ਵੀ ਕੋਈ ਜਾਣ-ਪਛਾਣ ਨਹੀਂ ਸੀ। ਬਸ ਉਕਤ ਕਿਸਮ ਦੀ ਜਕੋ-ਤੱਕੀ ਨੇ ਮੈਨੂੰ ਉਲਝਾਈ ਰੱਖਿਆ, ਪਰ ਹਮੇਸ਼ਾ ਦੋਸ਼ੀ ਮਹਿਸੂਸ ਕਰਦੀ ਰਹੀ, ਅਰਜੋਈ ਕਰਦੀ ਰਹੀ ਕਿ ਮਾਲਕ ਉਨ੍ਹਾਂ ਨੂੰ ਸਿਹਤਯਾਬੀ ਦੇਵੇ ਤਾਂ ਕਿ ਮੈਂ ਆਪਣੇ ਮਨ ਦੇ ਭਾਰ ਨੂੰ ਹਲਕਾ ਕਰ ਸਕਾਂ। ਹੁਣ ਇਸ ਪਛਤਾਵੇ ਵਿਚੋਂ ਨਿਕਲਣ ਦਾ ਇਹੀ ਰਸਤਾ ਸਮਝ ਪਿਆ ਹੋ ਸਕਦਾ ਹੈ, ਮੇਰੀ ਅੰਤਰ ਆਤਮਾ ਦੀ ਆਵਾਜ਼ ਉਨ੍ਹਾਂ ਤੱਕ ਪਹੁੰਚ ਜਾਵੇ ਤੇ ਮੇਰੇ ਇਨ੍ਹਾਂ ਪਛਤਾਵੇ ਦੇ ਸ਼ਬਦਾਂ 'ਭਾਅ ਜੀ ਮੈਂ ਅਹਿਸਾਨ ਫਰੋਸ਼ ਨਹੀਂ' ਨੂੰ ਤਸਲੀਮ ਕਰਕੇ ਇਸ ਆਤਮ ਗਿਲਾਨੀ ਤੋਂ ਸੁਰਖਰੂ ਕਰ ਦੇਣ।

ਇਹੋ ਜਿਹੀ ਪਰਉਪਕਾਰੀ ਆਤਮਾ ਅਜੋਕੇ ਪਦਾਰਥਵਾਦੀ ਯੁਗ ਵਿਚ ਕਿਤੇ ਸੰਭਵ ਹੈ। ਕਿਸੇ ਦੀ ਅੱਛਾਈ-ਸੱਚਾਈ ਦੀ ਵਕਾਲਤ ਵੀ ਕਰ ਦੇਣਾ ਤੇ ਕਦੇ ਉਹਨੂੰ ਅਹਿਸਾਸ ਤਕ ਵੀ ਨਾ ਕਰਾਉਣਾ। ਅਹਿਸਾਸ ਤਾਂ ਦੂਰ ਦੀ ਗੱਲ, ਬਿਨਾ ਜਾਣ-ਪਛਾਣ ਤੋਂ ਹੱਕ ਸੱਚ ਦੀ ਗੱਲ ਕਰਨੀ ਤੇ ਮੈਨੇਜਮੈਂਟ ਨਾਲ ਆਢਾ ਲਾ ਲੈਣਾ। ਜਦੋਂ ਕਿ ਆਪ ਵੀ ਉਸ ਸਮੇਂ ਅਥਾਰਟੀ ਦੀ ਅਣਦੇਖੀ ਦਾ ਸ਼ਿਕਾਰ ਸਨ, ਪਰ ਜਿਸ ਦੇ ਹੱਕ ਵਿਚ ਬੋਲਿਆ, ਉਸ ਦੇ ਡੇਰੇ ਖਬਰ ਵੀ ਨਹੀਂ। ਹੈ ਇਸ ਤਰ੍ਹਾਂ ਦੀ ਕੋਈ ਨਿਰਛੱਲ ਨਿਰਸੁਆਰਥ ਸ਼ਖਸੀਅਤ। ਅਜਿਹੇ ਮੌਕੇ ਤਾਂ ਆਪਣੇ ਵੀ ਮੂੰਹ ਫੇਰ ਲੈਂਦੇ ਹਨ।

ਪੱਚੀ ਅਪਰੈਲ ਨੂੰ ਗੁਰਦੁਆਰਾ ਪੈਲਾਟਾਈਨ ਵਿਖੇ ਉਨ੍ਹਾਂ ਦੇ ਭੋਗ ਸਮਾਗਮ ਵਿਚ ਅਸੀਂ ਕ੍ਰਿਸਟਲ ਲੇਕ ਤੋਂ ਮੈਡਮ ਕਿਰਪਾਲ ਕੌਰ, ਮੇਰੇ ਪਤੀ ਪ੍ਰੋ. ਬਸੰਤ ਲਾਲ, ਬੇਟੇ ਹਰਸ਼ਇੰਦੂ ਲਾਡੀ, ਪੋਤਰੇ ਨਿੱਕੂ ਸਮੇਤ ਸ਼ਾਮਲ ਹੋ ਕੇ ਅਰਦਾਸ ਜੋਦੜੀ ਕੀਤੀ ਸੀ ਕਿ ਮਾਲਕ ਉਨ੍ਹਾਂ ਦੀ ਜੀਵਨ ਸਾਥਣ ਭੈਣ ਜਸਪ੍ਰੀਤ ਕੌਰ, ਜਿਸ ਨਾਲ ਭਰ ਜੀਵਨ ਸਾਥ ਨਿਭਾਉਣ ਦਾ ਵਾਅਦਾ ਵਫਾ ਨਾ ਹੋ ਸਕਿਆ, ਸਪੁੱਤਰ ਮਨਦੀਪ ਸਿੰਘ ਸਮੇਤ ਪਰਿਵਾਰ, ਦੋਸਤਾਂ-ਮਿੱਤਰਾਂ ਤੇ ਸਕੇ-ਸਬੰਧੀਆਂ ਨੂੰ ਉਨ੍ਹਾਂ ਦੇ ਅਧੂਰੇ ਕਾਰਜ ਨੂੰ ਨੇਪਰੇ ਚਾੜ੍ਹਨ ਦੀ ਬਲ ਬੁੱਧੀ ਬਖਸ਼ੇ ਤੇ ਭਾਅ ਜੀ ਦੀ ਪਵਿਤਰ ਆਤਮਾ ਨੂੰ (ਇਹ ਲਿਖਣਾ ਕਿੰਨਾ ਔਖਾ ਹੈ) ਆਪਣੇ ਚਰਨ ਕਮਲਾਂ ਵਿਚ ਨਿਵਾਸ ਬਖਸ਼ੇ।

## ਵਾਰੀ ਆਪੋ ਆਪਣੀ...

ਮੈਨੂੰ 'ਪੰਜਾਬ ਟਾਈਮਜ਼' ਵੀਕਲੀ ਦੇ ਮੁੱਖ ਸੰਪਾਦਕ ਅਮੋਲਕ ਸਿੰਘ ਜੰਮੂ ਜੀ ਦੇ ਅਚਨਚੇਤ ਤੁਰ ਜਾਣ ਦਾ ਬੇਹੱਦ ਦੁੱਖ ਹੋਇਆ ਹੈ। ਪੰਜਾਬੀ ਭਾਸ਼ਾ ਦੇ ਪ੍ਰੇਮੀਆਂ ਲਈ ਇਹ ਇੱਕ ਨਾ ਪੂਰਾ ਹੋਣਾ ਵਾਲਾ ਘਾਟਾ ਹੈ, ਪਰ 'ਮਰਣਾ ਸੱਚ, ਜਿਉਣਾ ਝੂਠ' ਇੱਕ ਅਟੱਲ ਸੱਚਾਈ ਹੈ। ਗੁਰਬਾਣੀ ਦਾ ਵੀ ਉਪਦੇਸ਼ ਹੈ,

ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ॥
ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ॥

ਸੋ ਪਰਮਾਤਮਾ ਅੱਗੇ ਅਰਦਾਸ ਹੈ ਕਿ ਅਮੋਲਕ ਸਿੰਘ ਜੰਮੂ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਇਸ ਦੁੱਖ ਦੀ ਘੜੀ ਵਿਚ ਸਾਰੇ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

***-ਡਾ. ਨੌਰੰਗ ਸਿੰਘ ਮਾਂਗਟ, ਫੋਨ: 403-401-8787***
***ਸਾਬਕਾ ਪ੍ਰੋਫੈਸਰ ਤੇ ਸਾਇੰਸਦਾਨ, ਪੀ. ਏ. ਯੂ. ਲੁਧਿਆਣਾ,***

## 'ਪੰਜਾਬ ਟਾਈਮਜ਼'

1978 ਤੋਂ ਪੰਜਾਬੀ ਟ੍ਰਿਬਿਊਨ ਪੜ੍ਹਨ ਦੀ ਆਦਤ ਬਣ ਚੁਕੀ ਸੀ। 2009 ਵਿਚ ਜਦੋਂ ਕੈਲੀਫੋਰਨੀਆ ਆ ਕੇ 'ਪੰਜਾਬ ਟਾਈਮਜ਼' ਪੜ੍ਹਨ ਨੂੰ ਮਿਲਿਆ ਤਾਂ ਅੰਤਾਂ ਦਾ ਸਕੂਨ ਮਿਲਿਆ। ਦੋ-ਤਿੰਨ ਵਾਰ ਫੋਨ 'ਤੇ ਗੱਲ ਵੀ ਕੀਤੀ। ਇੱਕੋ-ਇੱਕ ਅਖਬਾਰ ਹੈ, ਜਿਸ ਵਿਚ ਇੰਨੀ ਨਿੱਗਰ ਅਤੇ ਨਵੀਂ ਸਮੱਗਰੀ ਪੜ੍ਹਨ ਨੂੰ ਮਿਲਦੀ ਹੈ। ਪਰਮਾਤਮਾ ਪਰਿਵਾਰ ਨੂੰ ਇਸ ਸਦਮੇ ਨੂੰ ਸਹਿਣ ਦਾ ਬਲ ਬਖਸ਼ੇ।

***-ਦਵਿੰਦਰ ਕੌਰ***

# ਅਮੋਲਕ ਸਿੰਘ ਜੰਮੂ ਬੜੇ ਗੂੜ੍ਹੇ ਪੂਰਨੇ ਛੱਡ ਕੇ ਗਏ ਹਨ

## ਸ਼ਰਧਾਂਜਲੀ

ਬੜੇ ਦੁੱਖ ਦੀ ਗੱਲ ਹੈ ਕਿ ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਤੇ ਪਿਆਰੇ ਸ. ਅਮੋਲਕ ਸਿੰਘ ਜੰਮੂ ਸਾਡੇ ਵਿਚ ਨਹੀਂ ਰਹੇ। ਬੜੀ ਲੰਮੀ ਤੇ ਨਾਮੁਰਾਦ ਬਿਮਾਰੀ ਨਾਲ ਯੋਧਿਆਂ ਵਾਂਗ ਜੂਝਦੇ ਉਹ ਇਸ ਸੰਸਾਰ ਯਾਤਰਾ ਨੂੰ ਸਮਾਪਤ ਕਰ ਕੇ ਬੀਰਗਤੀ ਪ੍ਰਾਪਤ ਕਰ ਗਏ ਹਨ। ਅਰਦਾਸ ਹੈ ਕਿ ਉਨ੍ਹਾਂ ਦੀ ਵਿਛੜੀ ਰੂਹ ਨੂੰ ਸ਼ਾਂਤੀ ਮਿਲੇ।

ਸ. ਜੰਮੂ ਤੇ ਆਮ ਆਦਮੀ ਵਿਚ ਇਹ ਹੀ ਫਰਕ ਸੀ ਕਿ ਉਹ ਅਤਿ ਦੇ ਬੀਮਾਰ ਹੋਏ ਵੀ ਲਗਾਤਾਰ ਕੰਮ ਕਰਦੇ, ਬੁਲੰਦ ਹੌਸਲੇ ਵਿਚ ਰਹਿੰਦੇ ਤੇ ਆਪਣੇ ਆਪ ਨੂੰ ਹਮੇਸ਼ਾ ਚੜ੍ਹਦੀ ਕਲਾ ਵਿਚ ਦੱਸਦੇ। ਉਨ੍ਹਾਂ ਦੀ ਲਗਨ ਨੂੰ ਦੇਖ ਕੇ ਬੋਰਿਸ ਪੋਲਵਾਈ ਦੀ ਕਿਤਾਬ "ਇਕ ਅਸਲ ਇਨਸਾਨ ਦੀ ਦਾਸਤਾਨ" ਦੇ ਨਾਇਕ ਅਲੈਕਸੀ ਮਰੇਸੀਵ ਦੀ ਯਾਦ ਆਉਂਦੀ ਹੈ, ਜਿਸ ਨੇ ਦੂਜੇ ਮਹਾਂਯੁਧ ਵਿਚ ਦੋਵੇਂ ਲੱਤਾਂ ਕਟ ਜਾਣ ਪਿਛੋਂ ਵੀ ਹੌਸਲਾ ਨਾ ਹਾਰਿਆ ਤੇ ਨਕਲੀ ਲੱਤਾਂ ਲਵਾ ਕੇ ਫਿਰ ਜੰਗੀ ਪਾਇਲਟ ਬਣ ਕੇ ਲੜਿਆ; ਪਰ ਅਲੈਕਸੀ ਮਰੇਸੀਵ ਸਾਡੇ ਅਦੁੱਤੀ ਐਡੀਟਰ ਸਾਹਮਣੇ ਬੌਣਾ ਜਿਹਾ ਲਗਦਾ ਹੈ। ਉਸ ਨੇ ਤਾਂ ਫਿਰ ਵੀ ਮਨਸੂਈ ਲੱਤਾਂ ਲਵਾਈਆਂ ਸਨ, ਪਰ ਅਮੋਲਕ ਜੰਮੂ ਤਾਂ ਜਾਮ ਹੋ ਕੇ ਖੜ੍ਹੇ ਸਰੀਰ ਨਾਲ ਹੀ ਜੰਗੀ ਪੱਧਰ 'ਤੇ ਲੜਦੇ ਰਹੇ। ਉਨ੍ਹਾਂ ਦੀ ਜੀਵਨ ਗਾਥਾ ਨੂੰ ਉਨ੍ਹਾਂ ਦਾ ਜਾਤੀ ਮਸਲਾ ਸਮਝ ਕੇ ਕਿਸੇ ਨੇ ਬਹੁਤਾ ਨਸ਼ਰ ਨਹੀਂ ਕੀਤਾ, ਪਰ ਜਦੋਂ ਵੀ ਕੋਈ ਇਸ ਵਲ ਧਿਆਨ ਦੇਵੇਗਾ, ਉਹ ਦੁਨੀਆਂ ਭਰ ਵਿਚ ਉਨ੍ਹਾਂ ਮੁੱਠੀਭਰ ਲੋਕਾਂ ਵਾਂਗ ਜਾਣੇ ਜਾਣਗੇ, ਜਿਹੜੇ ਯਾਦਗਾਰੀ ਮਿਸਾਲਾਂ ਕਾਇਮ ਕਰ ਗਏ ਹਨ। ਮੈਂ ਤਾਂ ਪਹਿਲੇ ਦਿਨ ਤੋਂ ਹੀ ਉਨ੍ਹਾਂ ਨੂੰ ਸਭ ਤੋਂ ਵੱਡੇ ਅਸਲੀ ਇਨਸਾਨ ਦੀ ਮਿਸਾਲ ਸਮਝਦਾ ਰਿਹਾ ਹਾਂ।

ਮੇਰਾ ਉਨ੍ਹਾਂ ਨਾਲ ਸਭ ਤੋਂ ਪਹਿਲਾਂ 2010 ਵਿਚ ਫੋਨ ਤੇ ਸੰਪਰਕ ਹੋਇਆ। ਅਮਰੀਕਾ ਆ ਕੇ ਮੈਂ ਕੁਝ ਲਿਖਣਾ ਚਾਹੁੰਦਾ ਸੀ, ਪਰ ਪੰਜਾਬੀ ਵਿਚ ਲਿਖਣ ਦਾ ਮੇਰਾ ਬਹੁਤਾ ਅਭਿਆਸ ਨਹੀਂ ਸੀ। ਮੈਂ ਚਾਹੁੰਦਾ ਸਾਂ ਕੋਈ ਅਖਬਾਰ ਅੱਗੇ ਵਧ ਕੇ ਮੈਨੂੰ ਬ੍ਰੇਕ ਦੇਵੇ ਤੇ ਮੇਰੀ ਟੁੱਟੀ ਫੁੱਟੀ ਲਿਖਤ ਨੂੰ ਛਾਪਣਾ ਅੰਗੀਕਾਰ ਕਰੇ। ਉਸ ਵੇਲੇ ਜਿੰਨੇ ਪੰਜਾਬੀ ਅਖਬਾਰ ਸਨ, ਮੈਂ ਸਭ ਦੇ ਸੰਪਾਦਕਾਂ ਨੂੰ ਫੋਨ ਖੜਕਾਏ, ਪਰ ਕੋਈ ਠੰਡਾ ਤੇ ਕੋਈ ਕੁਰਖਤ ਨਿਕਲਿਆ। ਪੰਜਾਬ ਟਾਈਮਜ਼ ਨੂੰ ਫੋਨ ਕਰਨ ਲਈ ਮੈਂ ਇਕ ਵਿਹਲੀ ਫੁਰਸਤ ਦੀ ਭਾਲ ਕਰਨ ਲੱਗਾ। ਕਾਰਨ ਇਹ ਕਿ ਇਸ ਦੇ ਐਡੀਟਰ ਦਾ ਲੜੀਵਾਰ ਲੇਖ "ਕਮਲਿਆਂ ਦਾ ਟੱਬਰ" ਪੜ੍ਹ ਕੇ ਮੈਂ ਜਾਣ ਚੁਕਾ ਸਾਂ ਕਿ ਉਹ ਵੀ ਪੰਜਾਬ ਯੂਨੀਵਰਸਿਟੀ ਵਿਚ ਉਦੋਂ ਕੁ ਹੀ ਪੜ੍ਹਦੇ ਸਨ, ਜਦੋਂ ਮੈਂ ਉਥੇ ਫੈਲੋਸ਼ਿਪ ਕਰਦਾ ਸਾਂ। ਸਾਡੇ ਵਿਭਾਗ ਵੀ ਨੇੜੇ-ਨੇੜੇ ਹੀ ਸਨ। ਜਿਸ ਚਾਚੇ ਦੀ ਚਾਹ ਦੀ ਦੁਕਾਨ ਦੀ ਉਹ ਗੱਲ ਲਿਖਦੇ ਸਨ, ਮੈਂ ਵੀ ਕਈ ਵਾਰੀ ਉਥੇ ਚਾਹ ਪੀ ਚੁਕਾ ਸਾਂ। ਉਨ੍ਹਾਂ ਦੇ ਅਧਿਆਪਕ ਹਰਦੇਵ ਸੱਚਰ ਕਿਸੇ ਵੇਲੇ ਮੇਰੇ ਵੀ ਮਨ ਚਾਹੇ ਅਧਿਆਪਕ ਰਹਿ ਚੁਕੇ ਸਨ। ਇਨ੍ਹਾਂ ਸਾਂਝਾਂ ਕਰ ਕੇ ਮੈਨੂੰ ਆਸ ਸੀ ਕਿ ਉਨ੍ਹਾਂ ਨਾਲ ਮੇਰੀ ਗੱਲ ਲੰਮੀ ਖਿਚੇਗੀ।


ਸਵਰਗੀ ਅਮੋਲਕ ਸਿੰਘ ਜੰਮੂ

ਆਖਰ ਫੋਨ ਕਰਨ ਦੀ ਇਹ ਘੜੀ ਉਦੋਂ ਆਈ, ਜਦੋਂ ਮੇਰੀ ਪਤਨੀ ਸੈਂਟਾ ਕਲਾਰਾ ਦੇ ਕੋਹਲ ਮਾਲ ਵਿਚ ਸ਼ਾਪਿੰਗ ਕਰਨ ਵਿਚ ਰੁਝੀ ਹੋਈ ਸੀ ਤੇ ਮੈਂ ਇਕ ਪਾਸੇ ਬੈਠਾ ਬੋਰ ਹੋ ਰਿਹਾ ਸਾਂ। ਫੋਨ ਅਮੋਲਕ ਨੇ ਆਪ ਚੁੱਕਿਆ ਤੇ ਮੈਂ ਆਪਣੀ ਜਾਣ-ਪਛਾਣ ਕਰਵਾ ਕੇ ਮੁੱਦੇ ਦੀ ਗੱਲ ਕੀਤੀ। ਉਨ੍ਹਾਂ ਨੇ ਮੈਨੂੰ ਬੜੇ ਸਨਮਾਨ ਨਾਲ ਨਿਵਾਜਿਆ ਤੇ "ਪ੍ਰੋਫੈਸਰ ਸਾਹਿਬ" ਕਹਿ ਕੇ ਸੰਬੋਧਨ ਕਰਦੇ ਰਹੇ।

ਉਨ੍ਹੀਂ ਦਿਨੀਂ 'ਪੰਜਾਬ ਟਾਈਮਜ਼' ਵਿਚ ਦਸਮ ਗ੍ਰੰਥ 'ਤੇ ਬੜੀ ਭਖਵੀਂ ਚਰਚਾ ਚਲ ਰਹੀ ਸੀ। ਇਸ ਲਈ ਸਭ ਤੋਂ ਪਹਿਲਾਂ ਇਸੇ ਦੀ ਗੱਲ ਕੀਤੀ। ਮੈਂ ਕਿਹਾ, ਮੈਂ ਇਸ ਚਰਚਾ ਬਾਰੇ ਕੁਝ ਲਿਖਣਾ ਚਾਹੁੰਦਾ ਹਾਂ, ਛਾਪੋਗੇ। ਉਨ੍ਹਾਂ ਭਰੋਸਾ ਦਿੰਦਿਆਂ ਕਿਹਾ, "ਤੁਸੀਂ ਕੁਝ ਵੀ ਲਿਖ ਕੇ ਭੇਜੋ, ਮੈਂ ਛਾਪਾਂਗਾ।" ਮੈਂ ਉਸੇ ਵੇਲੇ "ਚਰਿਤ੍ਰੋ ਪਾਖਿਆਨ" ਨਾਮੀ ਲੇਖ ਭੇਜਿਆ, ਜੋ ਉਨ੍ਹਾਂ ਨੇ 23 ਅਕਤੂਬਰ 2010 ਦੇ ਅੰਕ ਵਿਚ ਛਾਪਿਆ। ਇਸ ਲੇਖ ਤੋਂ ਬਾਅਦ ਇਸ ਅਖ਼ਬਾਰ ਵਿਚ ਦਸਮ ਗ੍ਰੰਥ ਦੀ ਚਰਚਾ ਹੀ ਸਮਾਪਤ ਹੋ ਗਈ। ਫਿਰ ਕਈ ਸਾਲ ਇਸ ਵਿਸ਼ੇ 'ਤੇ ਡਾ. ਗੁਰਨਾਮ ਕੌਰ ਦੇ ਇਕ ਸਾਧਾਰਨ ਆਰਟੀਕਲ ਤੋਂ ਬਿਨਾ ਕੁਝ ਵੀ ਨਾ ਛਪਿਆ।

ਉਸੇ ਸਾਲ ਹੋਮਿਓਪੈਥੀ ਦੇ ਬਾਨੀ ਡਾ. ਹੈਨੀਮਨ ਦੀ ਪੁਸਤਕ "ਆਰਗੈਨਨ" ਦੇ ਪ੍ਰਕਾਸ਼ਨ ਦੀ ਦੂਜੀ ਸ਼ਤਾਬਦੀ ਸੀ। ਦੁਨੀਆਂ ਭਰ ਵਿਚ ਇਹ ਵਰ੍ਹਾ ਜੋਸ਼ ਨਾਲ ਮਨਾਇਆ ਗਿਆ। ਮੈਂ ਵੀ ਕੁਝ ਲੇਖ ਲਿਖ ਕੇ ਇਸ ਵਿਚ ਯੋਗਦਾਨ ਪਾਉਣਾ ਚਾਹੁੰਦਾ ਸਾਂ। ਅਮੋਲਕ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਇਸ ਵਿਚਾਰ ਦੀ ਆਓਭਗਤ ਕੀਤੀ ਤੇ ਨਾਲ ਹੀ ਆਪਣੇ ਇਲਾਜ ਦੀ ਸ਼ਰਤ ਵੀ ਰੱਖੀ। ਮੈਂ ਉਨ੍ਹਾਂ ਦਾ ਕੇਸ ਲੈਣ ਦੀ ਕੋਸ਼ਿਸ਼ ਕੀਤੀ, ਪਰ ਉਹ ਹਰ ਗੱਲ ਵਿਚ ਇਹੀ ਕਹਿੰਦੇ ਰਹੇ ਕਿ ਉਨ੍ਹਾਂ ਨੂੰ ਕੋਈ ਤਕਲੀਫ ਨਹੀਂ, ਕੋਈ ਡਰ ਨਹੀਂ, ਕੋਈ ਥਕਾਵਟ ਨਹੀਂ ਤੇ ਹੌਸਲਾ ਬੜੀ ਚੜ੍ਹਦੀ ਕਲਾ ਵਿਚ ਹੈ। ਮੈਨੂੰ ਉਨ੍ਹਾਂ ਦੀ ਗੱਲਬਾਤ ਵਿਚੋਂ ਕੋਈ ਅਜਿਹੀ ਅਲਾਮਤ ਨਾ ਮਿਲੀ, ਜਿਸ ਦੇ ਆਧਾਰ 'ਤੇ ਇਲਾਜ ਸ਼ੁਰੂ ਕੀਤਾ ਜਾ ਸਕੇ। ਸਿਰਫ ਕਲਿਨਿਕਲ ਲੱਛਣਾਂ ਦੇ ਆਧਾਰ 'ਤੇ ਹੀ ਪਲੰਬਮ ਮਟੈਲੀਕਮ ਨਾਮੀ ਦਵਾ ਭੇਜਦਾ ਰਿਹਾ। ਇਹ ਦਵਾਈ ਲਗਾਤਾਰ ਕਮਜ਼ੋਰ ਤੇ ਬੇਕਾਰ ਹੁੰਦੇ ਪੱਠਿਆਂ (Progressively debilitating and depleting muscles) ਨੂੰ ਖੁਰਨ ਤੋਂ ਰੋਕਦੀ ਹੈ ਤੇ ਮਰੀਜ਼ ਦੀਆਂ ਲੱਤਾਂ-ਬਾਹਾਂ ਨੂੰ ਤਾਕਤਵਰ ਰੱਖਦੀ ਹੈ; ਪਰ ਉਹ ਹਰ ਵਾਰ ਦੱਸਦੇ ਰਹੇ ਕਿ ਉਨ੍ਹਾਂ ਨੂੰ ਕੋਈ ਫਰਕ ਨਹੀਂ ਪਿਆ ਹੈ। ਇਸ ਗੱਲ ਦਾ ਰਾਜ਼ ਉਦੋਂ ਜ਼ਾਹਰ ਹੋਇਆ, ਜਦੋਂ ਮੈਂ 2012 ਜੂਨ ਵਿਚ ਉਨ੍ਹਾਂ ਨੂੰ ਜਾ ਕੇ ਮਿਲਿਆ। ਸ਼ਾਮ ਦਾ ਸਮਾਂ ਸੀ। ਉਹ ਵ੍ਹੀਲ ਚੇਅਰ ਵਿਚ ਇਸ ਤਰ੍ਹਾਂ ਬੈਠੇ ਹੋਏ ਸਨ, ਜਿਵੇਂ ਇਸ 'ਤੇ ਕੋਈ ਖਾਲੀ ਕੋਟ ਟੰਗਿਆਂ ਹੁੰਦਾ ਹੈ। ਆਪਣੀ ਤਕਲੀਫ ਦੱਸਦਿਆਂ ਗਰਦਨ ਨੂੰ ਇੱਧਰ ਉੱਧਰ ਘੁਮਾ ਕੇ ਕਹਿਣ ਲੱਗੇ, "ਦੇਖ ਲਓ ਡਾਕਟਰ ਸਾਹਿਬ, ਮੇਰੀ ਮੂਵਮੈਂਟ (Movement) ਤਾਂ ਇੰਨੀ ਕੁ ਹੀ ਹਾਂ।" ਮੈਂ ਅੱਗੇ ਵੱਧ ਕੇ ਉਨ੍ਹਾਂ ਦੀਆਂ ਬਾਹਾਂ ਤੇ ਲੱਤਾਂ ਟੋਹੀਆਂ। ਉਨ੍ਹਾਂ ਦੇ ਸਾਰੇ ਮਸਲ ਖੁਰ ਚੁਕੇ ਸਨ ਤੇ ਉਹ ਲਮਕਦੇ ਫੀਤਿਆਂ ਵਾਂਗ ਨਾਲ ਲੱਗੀਆਂ ਹੋਈਆਂ ਸਨ। ਮੈਨੂੰ ਨਿਰਾਸ਼ਾ ਹੋਈ ਕਿ ਬਹੁਤ ਦੇਰ ਹੋ ਚੁਕੀ ਸੀ। ਹੋਮਿਓਪੈਥੀ ਕੁਝ ਵੀ ਕਰੇ, ਪਰ ਟੀਸ਼ੂ (Tissue) ਤਬਦੀਲੀਆਂ ਨੂੰ ਉਲਟਾ ਨਹੀਂ ਸਕਦੀ।

ਉਹ ਭਾਵੇਂ ਅਤਿ ਦੀ ਕਠਿਨ ਸਥਿਤੀ ਵਿਚ ਸਨ, ਪਰ ਹਾਸਾ-ਠੱਠਾ ਪੂਰੀ ਮੌਜ ਨਾਲ ਕਰ ਰਹੇ ਸਨ। ਘੁਸ ਮੁਸਾ ਹੋਣ 'ਤੇ ਉਨ੍ਹਾਂ ਨੇ ਆਪਣੀ ਸੇਵਾ ਕਰਦੇ ਲੜਕੇ ਨੂੰ ਕਿਹਾ, "ਜਾਹ ਕਾਕਾ, ਮਹਿਮਾਨਾਂ ਦੀ ਸੇਵਾ ਕਰ।" ਕਾਕਾ ਸ਼ਰਾਬ ਸੋਡੇ ਲੈ ਆਇਆ। ਮੇਰੇ ਮਨ੍ਹਾਂ ਕਰਨ 'ਤੇ ਕਹਿਣ ਲੱਗੇ, "ਡਾਕਟਰ ਸਾਹਿਬ ਤੁਸੀਂ ਡਾਕਟਰ ਕਾਹਦੇ ਹੋ ਜੋ ਦਵਾਈ ਨਹੀਂ ਪੀਂਦੇ?" ਫਿਰ ਉਨ੍ਹਾਂ ਲੜਕੇ ਨੂੰ ਕਿਹਾ, "ਲਿਆ ਕਾਕਾ ਮੈਨੂੰ ਤਾਂ ਦੇਹ। ਬਰਫ ਪਾ ਦਈਂ ਥੋੜ੍ਹੀ।" ਲੜਕੇ ਨੇ ਉਨ੍ਹਾਂ ਦਾ ਪੈਗ ਬਣਾ ਕੇ ਗਿਲਾਸ ਵਿਚ ਨਲਕੀ ਰੱਖੀ ਤੇ ਉਨ੍ਹਾਂ ਦੇ ਮੂੰਹ ਵਲ ਕਰ ਦਿੱਤੀ। ਉਹ ਬੱਚਿਆਂ ਵਾਗ ਗੁਟ-ਗੁਟ ਕਰ ਕੇ ਪੀਣ ਲੱਗੇ। ਫਿਰ ਬੋਲੇ, "ਹਫਤਾ ਭਰ ਤਾਂ ਸਿਰ ਖੁਰਕਣ ਦੀ ਵਿਹਲ ਨਹੀਂ ਹੁੰਦੀ, ਬਸ ਅੱਜ ਦੇ ਦਿਨ ਹੀ ਕੰਮ ਮੁਕਾ ਕੇ ਸ਼ੁਗਲ ਕਰੀਦਾ ਹੈ।" ਜਦੋਂ ਮੁੰਡਾ ਗੱਲਾਂ ਵਿਚ ਰਮ ਕੇ ਗਿਲਾਸ ਉਨ੍ਹਾਂ ਦੇ ਮੂੰਹ ਨੂੰ ਭੁੱਲ ਗਿਆ ਤਾਂ ਉਸ ਨੂੰ ਕਹਿਣ ਲੱਗੇ, "ਕਾਕਾ ਚੁੱਕ...ਆਪੇ ਧਿਆਨ ਰੱਖਿਆ ਕਰ।" ਦੋ ਘੰਟੇ ਗੱਲਾਂ ਮਾਰ ਕੇ ਜਦੋਂ ਅਸੀਂ ਚੱਲਣ ਲੱਗੇ, ਉਨ੍ਹਾਂ ਸਾਨੂੰ ਖਾਣਾ ਖਵਾਏ ਬਿਨਾ ਜਾਣ ਦੀ ਇਜਾਜ਼ਤ ਨਾ ਦਿੱਤੀ। ਉਨ੍ਹਾਂ ਦੀ ਧਰਮ ਪਤਨੀ ਜਸਪ੍ਰੀਤ ਤੇ ਬੱਚਿਆਂ ਨੇ ਸਾਨੂੰ ਖਾਣਾ ਖਵਾਇਆ। ਸਾਡੀ ਉਹ ਸ਼ਾਮ ਯਾਦਗਾਰੀ ਹੋ ਨਿਬੜੀ।

ਪਿਛਲੇ ਬੁੱਧਵਾਰ ਮੈਂ ਯੂਟਾ ਸਟੇਟ ਦੇ ਸ਼ਹਿਰ ਮੋਆਇਬ (Moib) ਵਿਚ ਸਾਂ। ਸਵੇਰ ਤੋਂ 'ਪੰਜਾਬ ਟਾਈਮਜ਼' ਪੜ੍ਹਨ ਲਈ ਖੋਲ੍ਹਣ ਦੀ ਕੋਸ਼ਿਸ਼ ਕਰਦਾ ਰਿਹਾ, ਪਰ ਕਾਮਯਾਬ ਨਾ ਹੋਇਆ। ਜਦੋਂ ਅਖਬਾਰ ਗਿਆਰਾਂ ਵਜੇ ਵੀ ਨਾ ਆਇਆ, ਮੇਰਾ ਮੱਥਾ ਠਣਕ ਗਿਆ। ਮੈਂ ਮਨ ਵਿਚ ਸੋਚਿਆ ਕਿ ਅਮੋਲਕ ਸਿੰਘ ਠੀਕ ਠਾਕ ਹੋਣ! ਗੁਰਦਿਆਲ ਬੱਲ ਨੂੰ ਫੋਨ ਕਰ ਕੇ ਅਖਬਾਰ ਦੇ ਲੇਟ ਹੋਣ ਦਾ ਸਬੱਬ ਪੁੱਛਿਆ। ਉਨ੍ਹਾਂ ਉਹੀ ਕੁਝ ਦੱਸਿਆ, ਜਿਸ ਦਾ ਡਰ ਸੀ। ਕਹਿਣ ਲੱਗੇ, "ਪੰਜਾਬ ਟਾਈਮਜ਼ ਵਾਲੇ ਬਾਬੇ ਨਹੀਂ ਰਹੇ।"

ਖਬਰ ਬੜੀ ਦੁਖਦਾਈ ਸੀ, ਪਰ ਜਾਣਾ ਤਾਂ ਅੱਗੇ ਪਿੱਛੇ ਸਭ ਨੇ ਹੀ ਹੈ। ਅਮੋਲਕ ਸਿੰਘ ਜੰਮੂ ਇਕ ਜਰਨੈਲ ਵਾਂਗ ਆਪਣੀ ਮਿਹਨਤ ਤੇ ਦ੍ਰਿੜ ਇਰਾਦੇ ਨਾਲ ਆਪਣੇ ਪਿੱਛੇ ਬੜੇ ਗੂੜ੍ਹੇ ਪੂਰਨੇ ਛੱਡ ਕੇ ਗਏ ਹਨ, ਜਿਨ੍ਹਾਂ ਨੂੰ ਦੁਨੀਆਂ ਯਾਦ ਰੱਖੇਗੀ। ਉਨ੍ਹਾਂ ਦਾ ਜੀਵਨ ਔਕੜਾਂ ਤੋਂ ਘਬਰਾਉਣ ਵਾਲਿਆਂ ਲਈ ਨਵੀਂ ਉਤੇਜਨਾ ਦਾ ਚਾਨਣ ਮੁਨਾਰਾ ਬਣੇਗਾ। ਉਨ੍ਹਾਂ ਦੀ ਗਿਣਤੀ ਦੁਨੀਆਂ ਦੇ ਕੁਝ ਕੁ ਦਲੇਰ ਵਿਅਕਤੀਆਂ ਵਿਚ ਹੋਵੇਗੀ ਤੇ ਲੋਕ ਉਨ੍ਹਾਂ ਦੇ ਉੱਦਮ ਦੀਆਂ ਮਿਸਾਲਾਂ ਦਿਆ ਕਰਨਗੇ। ਉਮੀਦ ਹੈ ਕਿ ਜਿਨ੍ਹਾਂ ਵਿਸ਼ਾਲ ਤੇ ਪੱਕੀਆਂ ਲੀਹਾਂ 'ਤੇ ਉਹ 'ਪੰਜਾਬ ਟਾਈਮਜ਼' ਨੂੰ ਖੜ੍ਹਾ ਕਰ ਕੇ ਗਏ ਹਨ, ਇਹ ਉਨ੍ਹਾਂ ਉਤੇ ਚਲ ਕੇ ਨਿੱਤ ਨਵੀਆਂ ਬੁਲੰਦੀਆਂ ਛੂਹੇਗਾ। ਹੁਣ ਇਹੀ ਤਮੰਨਾ ਹੈ ਕਿ ਉਨ੍ਹਾਂ ਦੀ ਅਮਰ ਜਯੋਤੀ ਦੀ ਲੋਅ ਦੂਰ ਦੂਰ ਤੀਕ ਫੈਲੇ ਤੇ ਉਨ੍ਹਾਂ ਦੇ ਪਰਿਵਾਰ ਤੇ ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਮਿਲੇ!

-ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

## ਅਮੋਲਕ ਸਿੰਘ ਜੰਮੂ ਦਾ ਵਿਛੋੜਾ

'ਪੰਜਾਬ ਟਾਈਮਜ਼' ਦੇ ਬਾਨੀ, ਨਿਧੜਕ ਪੱਤਰਕਾਰੀ ਦੇ ਥੰਮ, ਪੰਜਾਬੀ ਮਾਂ ਬੋਲੀ ਦੇ ਪ੍ਰਚਾਰਕ ਸ. ਅਮੋਲਕ ਸਿੰਘ ਜੰਮੂ ਦਾ ਦੁਨੀਆਂ ਤੋਂ ਚਲੇ ਜਾਣਾ ਸਭਨਾਂ ਲਈ ਬਹੁਤ ਅਸਹਿ ਸਦਮਾ ਹੈ। ਉਹ ਬਹੁਤ ਹੀ ਆਸ਼ਾਵਾਦੀ, ਪ੍ਰੇਰਨਾਦਾਇਕ ਅਤੇ ਨਿੱਧੜਕ ਸ਼ਖ਼ਸੀਅਤ ਦੇ ਮਾਲਕ ਸਨ। ਜ਼ਿੰਦਗੀ ਨਾਲ ਮੁੱਢੋਂ ਹੀ ਸੰਘਰਸ਼ ਕਰਨ ਵਾਲੇ ਅਮੋਲਕ ਸਿੰਘ ਦੇ ਤੁਰ ਜਾਣ ਦਾ ਪਤਾ ਲੱਗਿਆ ਤਾਂ ਕਾਲਜੇ 'ਚੋਂ ਰੁੱਗ ਜਿਹਾ ਭਰਿਆ ਗਿਆ। ਜ਼ਿੰਦਗੀ ਦੇ ਦੁੱਖਾਂ ਨੂੰ ਹੱਸ ਕੇ ਝੱਲਣ ਵਾਲੇ, ਰੱਬ ਦੀ ਰਜ਼ਾ 'ਚ ਰਹਿਣ ਵਾਲੇ ਅਮੋਲਕ ਜੰਮੂ ਭਾਵੇਂ ਸਰੀਰਕ ਤੌਰ 'ਤੇ ਸਾਡੇ 'ਚ ਨਹੀਂ ਰਹੇ, ਪਰ ਉਨ੍ਹਾਂ ਦੀ ਜ਼ਿੰਦਗੀ ਦੀਆਂ ਸੱਚਾਈਆਂ, ਫਲਸਫੇ, ਪ੍ਰੇਰਨਾਦਾਇਕ ਯਾਦਾਂ ਕਦੇ ਦਿਲਾਂ 'ਚੋਂ ਮਨਫੀ ਨਹੀਂ ਹੋ ਸਕਦੀਆਂ।

ਅਰਦਾਸ ਕਰਦੇ ਹਾਂ ਕਿ ਪਰਮਾਤਮਾ ਇਸ ਰੱਬੀ ਰੂਹ ਸ਼ਖ਼ਸੀਅਤ ਨੂੰ ਆਪਣੇ ਚਰਨਾਂ 'ਚ ਨਿਵਾਸ ਦੇਵੇ ਤੇ ਪਰਿਵਾਰ, ਮਿੱਤਰ-ਸਨੇਹੀਆਂ ਨੂੰ ਭਾਣਾ ਮੰਨਣ ਅਤੇ ਉਨ੍ਹਾਂ ਦੇ ਜੀਵਨ ਸਿਧਾਂਤ 'ਤੇ ਚੱਲਣ ਦਾ ਬਲ ਬਖਸ਼ੇ।

-ਸੁਰਜੀਤ ਜੱਸਲ, ਬਰਨਾਲਾ

# ਜੋ ਹੁਣ ਕਦੀ ਗੈਰ ਹਾਜ਼ਰ ਨਹੀਂ ਹੋਣੇ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਕੋਵਿਡ-19 ਦੇ ਦਿਨਾਂ ਵਿਚ ਪੰਜਾਬੀ ਸਾਹਿਤ ਤੇ ਸਭਿਆਚਾਰ ਨਾਲ ਜੁੜੇ ਜਿਹੜੇ ਸੱਜਣ ਵਿਛੋੜਾ ਦੇ ਗਏ, ਉਨ੍ਹਾਂ ਵਿਚ ਮੇਰੇ ਚੰਡੀਗੜ੍ਹ ਦਾ ਵਸਨੀਕ ਹੋਣ ਸਮੇਂ ਦਾ ਮਿੱਤਰ ਪ੍ਰੇਮ ਗੋਰਖੀ ਵੀ ਸੀ। ਉਸ ਨੂੰ ਪੰਜਾਬੀ ਟ੍ਰਿਬਿਊਨ ਦੇ ਅਮਲੇ ਵਿਚ ਸ਼ਾਮਲ ਕਰਨ ਵਾਲਾ ਭਾਵੇਂ ਬਰਜਿੰਦਰ ਸਿੰਘ ਹਮਦਰਦ ਸੀ, ਪਰ ਉਹ ਮੇਰੇ ਸੰਪਾਦਕ ਹੁੰਦਿਆਂ ਵੀ ਪਰੂਫ ਰੀਡਰਾਂ ਦੀ ਟੀਮ ਦਾ ਮੁਖੀ ਰਿਹਾ। ਉਹ 'ਮਿੱਟੀ ਰੰਗੇ ਲੋਕ' ਤੇ 'ਜੀਣ ਮਰਨ' ਕਹਾਣੀ ਸੰਗ੍ਰਹਿਆਂ ਦਾ ਰਚੇਤਾ ਹੈ, ਮੈਨੂੰ ਉਦੋਂ ਨਹੀਂ ਸੀ ਪਤਾ; ਉਸ ਦੀ ਰਚਨਾਕਾਰੀ ਦੀ ਇਹ ਧੁਨ ਮੇਰੇ ਟ੍ਰਿਬਿਊਨ ਛੱਡਣ ਤੋਂ ਪਿੱਛੋਂ ਵੀ ਜਾਰੀ ਰਹੀ-ਛੋਟੀ ਕਹਾਣੀਆਂ ਦੀਆਂ ਦੋ ਪੁਸਤਕਾਂ 'ਅਰਜਣ ਸਫੇਦੀ ਵਾਲਾ' ਤੇ 'ਧਰਤੀ ਪੁੱਤਰ' ਸਮੇਤ। ਉਸ ਨੇ ਦੋ ਤਿੰਨ ਕਹਾਣੀ ਸੰਗ੍ਰਹਿਆਂ ਦਾ ਸੰਕਲਨ ਤੇ ਸੰਪਾਦਨ ਵੀ ਕੀਤਾ ਅਤੇ ਇਕ 'ਗੈਰ ਹਾਜ਼ਰ ਆਦਮੀ' ਨਾਂ ਦੀ ਵੱਡ ਆਕਾਰੀ ਸਵੈਜੀਵਨੀ ਵੀ ਲਿਖੀ ਤੇ ਪ੍ਰਕਾਸ਼ਿਤ ਕਰਵਾਈ। ਉਸ ਦੀਆਂ ਰਚਨਾਵਾਂ ਵਿਚ ਗਰੀਬ ਤੇ ਦਲਿਤ ਵਰਗਾਂ ਦੇ ਮਸਲਿਆਂ ਤੇ ਦੁੱਖਾਂ ਦਾ ਪ੍ਰਗਟਾਵਾ ਹੈ।

ਉਸ ਦੀ ਸਾਹਿਤਕ ਘਾਲਣਾ ਨੂੰ ਮੁਖ ਰੱਖਦਿਆਂ ਉਹਨੂੰ ਪਟਿਆਲਾ, ਪਲਾਹੀ, ਦਿੱਲੀ, ਤਲਵਾੜਾ, ਫਾਜ਼ਿਲਕਾ, ਜਲੰਧਰ, ਕਪੂਰਥਲਾ, ਸੰਗਰੂਰ ਤੇ ਲੁਧਿਆਣਾ ਦੀਆਂ ਸਾਹਿਤਕ ਤੇ ਸਭਿਆਚਾਰਕ ਸੰਸਥਾਵਾਂ ਵਲੋਂ ਪੁਰਸਕਾਰਾਂ-ਸਨਮਾਨਾਂ ਨਾਲ ਨਿਵਾਜਿਆ ਗਿਆ। 2018 ਵਿਚ ਮੇਰੀ ਦੇਖ-ਰੇਖ ਥੱਲੇ ਕੰਮ ਕਰਦੀ ਚੰਡੀਗੜ੍ਹ ਸਾਹਿਤ ਅਕਾਡਮੀ ਨੇ ਉਸ ਨੂੰ ਉਸ ਵਰ੍ਹੇ ਦੀ ਸਭ ਤੋਂ ਵੱਡੀ ਦੇਣ ਲਈ ਨਿਵਾਜਿਆ। ਪ੍ਰੇਮ ਗੋਰਖੀ ਦੋ ਸਾਲ ਜਲੰਧਰ ਤੋਂ ਛਪਦੇ ਮਾਸਕ ਰਸਾਲੇ 'ਲਕੀਰ' ਦੇ ਸੰਪਾਦਕੀ ਅਮਲੇ ਵਿਚ ਵੀ ਕੰਮ ਕਰਦਾ ਰਿਹਾ। ਉਹ ਆਪਣੀ ਸਵੈ-ਜੀਵਨੀ ਵਿਚ ਆਪਣੇ ਆਪ ਨੂੰ ਕਿੰਨਾ ਵੀ ਗੈਰਹਾਜ਼ਰ ਮੰਨਦਾ ਹੋਵੇ, ਆਪਣੀ ਦੇਣ ਸਦਕਾ ਸਦਾ ਹੀ ਹਾਜ਼ਰ ਰਹੇਗਾ। ਉਹਦੇ ਵਾਂਗ ਵਿਛੋੜਾ ਦੇਣ ਵਾਲਿਆਂ ਵਿਚ ਮੰਡੀ ਬੋਰਡ ਦਾ ਸਾਬਕਾ ਚੇਅਰਮੈਨ ਜੁਗਰਾਜ ਸਿੰਘ ਗਿੱਲ, ਉਘਾ ਸੀ. ਪੀ. ਆਈ. ਲੀਡਰ ਜੋਗਿੰਦਰ ਦਿਆਲ ਤੇ ਰੰਗਮੰਚ ਵਾਲੀ ਕੰਵਲਜੀਤ ਢਿੱਲੋਂ ਦੇ ਮਾਤਾ ਜੀ ਤੋਂ ਬਿਨਾ ਜਨਮੇਜਾ ਸਿੰਘ ਜੌਹਲ ਦੀ ਪਤਨੀ ਤੇ ਡਾ. ਐਸ. ਐਸ. ਜੌਹਲ ਦੀ ਨੂੰਹ ਨਰਿੰਦਰ ਕੌਰ ਵੀ ਸ਼ਾਮਲ ਹਨ। ਉਮਰ ਦੀ ਸਭ ਤੋਂ ਛੋਟੀ ਨਰਿੰਦਰ ਕੌਰ ਕਿਸੇ ਕਾਰਨ ਕਰੋਨਾ ਦੀ ਲਪੇਟ ਵਿਚ ਆ ਗਈ, ਜੋ ਅਤਿ ਮੰਦਭਾਗੀ ਗੱਲ ਹੈ।

**ਧਰਤੀ ਦੀ ਹਿੱਕ ਉਤੇ ਸੂਰਜੀ ਕਿਰਨਾ ਦਾ ਚਾਨਣ:** ਕਰੋਨਾ ਤਾਲਾਬੰਦੀ ਦੇ ਦਿਨਾਂ ਵਿਚ ਇੰਦਰਜੀਤ ਸਿੰਘ ਸੰਧੂ ਦੀ ਪਲੇਠੀ ਕਾਵਿ ਪੁਸਤਕ 'ਕੋਰੇ ਕਾਗਜ਼ 'ਤੇ ਰੱਖੇ ਫੁੱਲ' (ਲੋਕਗੀਤ ਪ੍ਰਕਾਸ਼ਨ, ਪੰਨੇ 106, ਮੁੱਲ 250 ਰੁਪਏ) ਪੜ੍ਹਨ ਨੂੰ ਮਿਲੀ। ਸੰਜੋਗ-ਵਿਯੋਗ ਤੇ ਸੁਹਜ-ਭਾਵਨਾ ਨਾਲ ਓਤ-ਪੋਤ ਇਹ ਕਵਿਤਾਵਾਂ ਮਨੁੱਖੀ ਮਨ ਦੇ ਵਿਗਿਆਨਕ ਪੁੱਠ ਵਾਲੇ ਭਾਵਾਂ ਦੀ ਬਾਤ ਪਾਉਂਦੀਆਂ ਹਨ।

ਉਸ ਦਾ ਦਿਲ ਟੁੱਟਿਆ ਜ਼ਰੂਰ ਹੋਵੇਗਾ
ਜਦ ਤੂੰ ਉਹਦਾ ਸੁਟਿਆ ਗੁਲਾਬ ਹੋਵੇਗਾ।
ਉਸ ਨੂੰ ਨਾ ਤੱਕਣਾ ਸਿਰਫ ਤੇਰੀ ਹੀ ਸੀ ਜ਼ਿਦ
ਉਸ ਜਾਣ ਲੱਗਿਆਂ
ਤੈਨੂੰ ਤੱਕਿਆ ਜ਼ਰੂਰ ਹੋਵੇਗਾ।
ਤੂਫਾਨ ਦਾ ਮਿਜਾਜ਼
ਮੋਟੇ ਮੋਟੇ ਨੈਣ ਤੇਰੇ ਸਾਂਵਲਾ ਜਾ ਰੰਗ ਨੀਂ
ਮੱਥੇ ਉੱਤੇ ਖਿੜਿਆ ਰਹੇ
ਕਾਲਾ ਕਾਲਾ ਚੰਨ ਨੀਂ।
ਲੋਹੇ ਦੀਆਂ ਝਾਂਜਰਾਂ ਜਦ ਅੱਡੀ ਨਾਲ ਖਹਿੰਦੀਆਂ
ਸੱਚੀ ਮੁੱਚੀ ਸੱਚੀ ਮੇਰੀ ਜਿੰਦ ਕੱਢ ਲੈਂਦੀਆਂ।
ਤਿੱਖੇ ਤਿੱਖੇ ਨੱਕ ਵਿਚ ਭਾਰਾ ਭਾਰਾ ਕੋਕਾ ਨੀਂ
ਇੰਜ ਜਾਪੇ ਮਿਲਣੇ ਦਾ ਕਿੰਦਾਂ ਹੋਵੇ ਹੋਕਾ ਨੀਂ।
ਸਾਦਗੀ ਦੀ ਮੂਰਤੇ ਨੀਂ
ਤੇਰਾ ਨਖਰਾ ਕਮਾਲ ਏ
ਸੱਚੀ ਮੁੱਚੀ ਸੱਚੀ ਤੇਰੀ ਅਦਾ ਬੇਮਿਸਾਲ ਏ।
(ਵਣਜਾਰਨ)

ਵਿਗਿਆਨਕ ਵਿੱਦਿਆ ਤੇ ਵਿਗਿਆਨਕ ਸੋਚ ਨੂੰ ਪਰਨਾਇਆ ਹੋਣ ਦੇ ਬਾਵਜੂਦ ਇੰਦਰਜੀਤ ਆਤਮਕ ਸਮਤੋਲ ਨੂੰ ਪਛਾਣਦਾ ਹੈ:

ਮੇਰੇ ਸਿਲੇ ਨੈਣਾਂ 'ਚ
ਲਿਖਿਆ ਹੀ ਰਹਿ ਗਿਆ
ਸਵਾਲ ਤੇਰਾ ਸੀ, ਜਵਾਬ ਮੇਰਾ ਸੀ।
ਦੱਸ ਤਾਂ ਸਹੀ ਕੀ ਕਰਦਾ
ਮੈਂ ਇੱਕ ਦਿਨ ਦੀ ਬਹਾਰ ਦਾ
ਇਕਰਾਰ ਤੇਰਾ ਸੀ, ਇਨਕਾਰ ਮੇਰਾ ਸੀ।
(ਮੇਰਾ ਕਲਾਮ)

ਇੰਦਰਜੀਤ ਆਪਣੇ ਆਪ ਨੂੰ ਰੁੱਖ ਸਮਝ ਕੇ ਹਵਾਵਾਂ ਨੂੰ 'ਵਾਜਾਂ ਮਾਰਨ ਦੇ ਸੁਪਨੇ ਹੀ ਨਹੀਂ ਲੈਂਦਾ, ਸੁਪਨਿਆਂ ਵਿਚ ਆਪਣੇ ਆਪ ਨੂੰ ਮਰਿਆ ਵੀ ਦੇਖਦਾ ਹੈ।

ਮੈਂ, ਰਾਤੀਂ ਸੁਪਨੇ ਦੇ ਵਿਚ
ਆਪਣੇ ਆਪ ਨੂੰ ਮੋਇਆ ਵੇਖਿਆ
ਛੱਡ ਕੇ ਮਤਲਬੀ ਦੁਨੀਆਂ ਨੂੰ
ਆਪਣਿਆਂ ਦੇ ਸੰਗ ਹੋਇਆ ਵੇਖਿਆ।

ਕਵੀ ਦੀ ਇਸ ਭਾਵਨਾ ਨੇ ਮੈਨੂੰ ਕਾਵਿਕ ਉਤਮਤਾ ਦੇ ਮਹਾਰਥੀ ਮੀਰ ਤਕੀ ਮੀਰ ਦਾ ਸ਼ਿਅਰ ਹੀ ਚੇਤੇ ਨਹੀਂ ਕਰਾਇਆ ਆਪਣੇ ਮਰਹੂਮ ਮਿੱਤਰ ਤਾਰਾ ਸਿੰਘ (ਕਾਮਲ) ਦੇ ਬੋਲ ਵੀ ਚੇਤੇ ਕਰਵਾ ਦਿੱਤੇ ਹਨ:

ਅਹਿਦ-ਏ-ਜਵਾਨੀ ਰੋ ਰੋ ਕਾਟਾ
ਪੀਰੀ ਮੇਂ ਲੀਂ ਆਖੇਂ ਮੂੰਦ
ਯਾਨਿ ਰਾਤ ਬਹੁਤ ਥੇ ਜਾਗੇ
ਸੁਬ੍ਹਾ ਹੂਈ ਆਰਾਮ ਕੀਆ।
-ਮੀਰ ਤਕੀ ਮੀਰ)

ਰਾਤ ਫੇਰ ਤੁਸੀਂ ਸੁਪਨੇ ਆਏ
ਆ ਕੇ ਬਹਿ ਗਏ ਕੋਲ,
ਰਾਤ ਫੇਰ ਚੰਨ ਅਰਸ਼ੋਂ ਲੱਥਾ
ਜ਼ਿਮੀ ਦੀ ਭਰ ਗਿਆ ਝੋਲ।
-ਤਾਰਾ ਸਿੰਘ (ਕਾਮਲ)

ਉਹਦੀ ਰਚਨਾ ਵਿਚ ਵੱਡੇ ਕਵੀਆਂ ਵਾਲੀ ਕੋਮਲਤਾ ਨਫਾਸਤ ਤੇ ਉਤਮਤਾ ਹੋਵੇ, ਨਾ ਹੋਵੇ, ਉਨ੍ਹਾਂ ਦੇ ਪੈਰ ਚਿੰਨ੍ਹਾਂ ਉੱਤੇ ਚਲਣ ਦਾ ਯਤਨ ਜ਼ਰੂਰ ਕਰਦਾ ਹੈ। ਉਹਦੇ ਲਈ ਮਾਂਵਾਂ-ਧੀਆਂ ਦਾ ਰਿਸ਼ਤਾ ਵੀ ਸਿਦਕ ਸ਼ਹੀਦੀ ਦਾ ਸੰਦੇਸ਼ ਦੇਣ ਵਾਲਾ ਹੈ।

ਕਾਲਿਆਂ ਬਾਗਾਂ ਦੀ
ਸ਼ਗਨੀਂ ਮਹਿੰਦੀ ਨੀ ਮਾਏ
ਸਿਦਕੀ ਪਾਣੀ ਵਿਚ ਘੋਲ ਅੱਜ ਲਾਵੀਂ
ਫਿਰ ਹਥੋਂ ਨਾ ਲਹਿੰਦੀ ਨੀ ਮਾਏ।
ਤੂੰ ਰੱਬ ਜੇਡ ਉਮਰਾਂ ਮਾਣੇ ਨੀ ਮਾਏ
ਬਿਨ ਮਾਂਵਾਂ ਦੇ ਦਸ ਕਾਹਦੇ ਪੇਕੇ
ਕੌਣ ਧੀਆਂ ਨੂੰ ਸਿਆਣੇ ਨੀ ਮਾਏ।

ਸਾਡੇ ਵਰਗੇ ਉਰਦੂ ਸ਼ਾਇਰੀ ਦੇ ਪਾਠਕਾਂ ਨੂੰ ਇੰਦਰਜੀਤ ਦੀ ਕਵਿਤਾ ਵਿਚ ਵਜ਼ਨ ਤੇ ਬਹਿਰ ਦੀ ਘਾਟ ਕਿੰਨੀ ਵੀ ਰੜਕਦੀ ਹੋਵੇ, ਵਿਸ਼ਾ ਵਸਤੂ ਹਾਂ ਪੱਖੀ ਹੈ। ਕੋਰੇ ਕਾਗਜ਼ 'ਤੇ ਰੱਖੇ ਫੁੱਲਾਂ ਦਾ ਸਵਾਗਤ ਕਰਨਾ ਬਣਦਾ ਹੈ।

**ਅੰਤਿਕਾ:**
*(ਮੁਸ਼ਤਾਕ ਵਾਰਸੀ ਮਲੇਰ ਕੋਟਲਾ)*
ਦੂਰੋਂ ਨਾ ਕਰ ਤਮਾਸ਼ਾ ਆ ਵੇਖ ਨੇੜੇ ਹੋ ਕੇ
ਅੱਖਾਂ 'ਚ ਤੈਰਦੇ ਨੇ ਸਦੀਆਂ ਦੇ ਕਾਲੇ ਸੋਕੇ।
ਦੋ ਚਾਰ ਹੀਆਂ ਵੀ ਨਾ ਲੈ ਪਾਈ ਰੀਝਾਂ ਭੰਨੀ
ਟੁੱਟੀ ਉਹ ਪੀਂਘ ਚੰਦਰੀ
ਕੀਹਦਾ ਸਰਾਪ ਹੋ ਕੇ।
ਸ਼ਾਇਦ ਉਹ ਜਾਣ ਜਾਏ
ਮੁਸ਼ਤਾਕ ਦਿਲ ਦੀ ਹਾਲਤ
ਘੱਲੇ ਗੁਲਾਬ ਜੇਕਰ ਸੂਲਾਂ 'ਚ ਤੂੰ ਪਰੋ ਕੇ।

# ਹਵਾ ਦਾ ਵਧਦਾ ਪ੍ਰਦੂਸ਼ਣ



ਬਰਮਿੰਘਮ ਯੂਨੀਵਰਸਿਟੀ ਅਤੇ ਯੂ. ਸੀ. ਐੱਲ. ਦੇ ਖੋਜਾਰਥੀਆਂ ਦੀ ਇਕ ਅੰਤਰਰਾਸ਼ਟਰੀ ਟੀਮ, ਜਿਸ ਵਿਚ ਯੂ. ਕੇ., ਬੈਲਜੀਅਮ, ਜਮਾਇਕਾ ਅਤੇ ਭਾਰਤ ਦੇ ਵਿਗਿਆਨੀ ਸ਼ਾਮਲ ਹਨ, ਨੇ 28 ਅਪਰੈਲ 2021 ਨੂੰ ਆਪਣੀ ਇਕ ਖੋਜ ਰਿਲੀਜ਼ ਕੀਤੀ ਹੈ, ਜਿਸ ਅਨੁਸਾਰ ਭਾਰਤ ਦੇ ਦਿੱਲੀ ਸਮੇਤ ਕਈ ਸ਼ਹਿਰਾਂ ਵਿਚ ਹਵਾ ਦਾ ਪ੍ਰਦੂਸ਼ਣ ਤੇਜ਼ੀ ਨਾਲ ਵਧ ਰਿਹਾ ਹੈ। ਇਨ੍ਹਾਂ ਖੋਜਾਰਥੀਆਂ ਨੇ ਇਹ ਅਧਿਐਨ ਵਿਚ ਪੁਲਾੜ ਵਿਚ ਲੱਗੇ ਯੰਤਰਾਂ (ਸੈਟੇਲਾਈਟਸ) ਦੁਆਰਾ 2005-2018 ਤੱਕ ਦੇ ਅਰਸੇ ਦੌਰਾਨ ਨਿਕਾਸ ਹੋਏ ਹਵਾ ਦੇ ਪ੍ਰਦੂਸ਼ਣ ਦੇ ਅੰਕੜਿਆਂ ਦੇ ਆਧਾਰ ਉਤੇ ਕੀਤਾ ਹੈ। ਇਸ ਅਧਿਐਨ ਅਨੁਸਾਰ ਦਿੱਲੀ ਅਤੇ ਕਾਨਪੁਰ ਵਿਚ 2005 ਤੋਂ 2018 ਤੱਕ ਪੀ. ਐੱਮ. 2.5 ਅਤੇ ਨਾਈਟਰੋਜਨ ਆਕਸਾਈਡ ਦੇ ਕਣਾਂ

ਡਾ. ਗੁਰਿੰਦਰ ਕੌਰ

ਦੀ ਮਾਤਰਾ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ, ਜਦੋਂ ਕਿ ਇਸੇ ਅਰਸੇ ਵਿਚ ਇਨ੍ਹਾਂ ਦੋਹਾਂ ਪ੍ਰਦੂਸ਼ਣਾਂ ਦੀ ਮਾਤਰਾ ਲੰਡਨ ਅਤੇ ਬਰਮਿੰਘਮ ਵਿਚ ਲਗਾਤਾਰ ਘਟਦੀ ਰਿਕਾਰਡ ਕੀਤੀ ਗਈ ਹੈ।

ਇਸ ਅਧਿਐਨ ਵਿਚ ਹਵਾ ਦੇ ਪ੍ਰਦੂਸ਼ਣਾਂ ਵਿਚ ਫਾਰਮੈਲਡੀਹਾਈਡ ਵੀ ਪਾਇਆ ਹੈ, ਜਿਸ ਬਾਰੇ ਹਾਲੇ ਤੱਕ ਦੀਆਂ ਖੋਜਾਂ ਵਿਚ ਵਿਗਿਆਨੀਆਂ ਨੇ ਕਦੇ ਜ਼ਿਕਰ ਨਹੀਂ ਕੀਤਾ ਸੀ। ਦਿੱਲੀ, ਕਾਨਪੁਰ, ਲੰਡਨ ਅਤੇ ਬਰਮਿੰਘਮ ਦੀ ਹਵਾ ਵਿਚ ਫਾਰਮੈਲਡੀਹਾਈਡ ਦੀ ਹੋਂਦ ਨੇ ਖੋਜਾਰਥੀਆਂ ਨੂੰ ਵੀ ਹੈਰਾਨੀ ਵਿਚ ਪਾ ਦਿੱਤਾ। ਅਧਿਐਨ ਕਰ ਰਹੇ ਖੋਜਾਰਥੀਆਂ ਅਨੁਸਾਰ ਲੰਡਨ ਅਤੇ ਬਰਮਿੰਘਮ ਵਿਚ ਫਾਰਮੈਲਡੀਹਾਈਡ ਦਾ ਨਿਕਾਸ ਨਿੱਜੀ ਦੇਖਭਾਲ ਅਤੇ ਸਫਾਈ ਲਈ ਵਰਤੇ ਜਾਣ ਵਾਲੇ ਉਤਪਾਦਾਂ ਅਤੇ ਹੋਰ ਘਰੇਲੂ ਸਰੋਤਾਂ ਤੋਂ ਪੈਦਾ ਹੁੰਦਾ ਹੈ, ਜਦੋਂਕਿ ਭਾਰਤ ਵਿਚ ਇਨ੍ਹਾਂ ਸਰੋਤਾਂ ਦੇ ਨਾਲ ਨਾਲ ਵਾਹਨਾਂ ਤੋਂ ਵੀ ਪੈਦਾ ਹੋ ਰਿਹਾ ਹੈ।

ਭਾਰਤ ਦੇ ਸ਼ਹਿਰਾਂ ਵਿਚ ਵਧ ਰਹੇ ਹਵਾ ਦੇ ਪ੍ਰਦੂਸ਼ਣ ਬਾਰੇ ਆਇਆ ਇਹ ਕੋਈ ਪਹਿਲਾ ਅਧਿਐਨ ਨਹੀਂ ਹੈ। ਹਰ ਸਾਲ ਦੁਨੀਆਂ ਦੀ ਕੋਈ ਨਾ ਕੋਈ ਸੰਸਥਾ ਇੱਥੋਂ ਦੇ ਵਧ ਰਹੇ ਹਵਾ ਦੇ ਪ੍ਰਦੂਸ਼ਣ ਬਾਰੇ ਰਿਪੋਰਟ ਰਿਲੀਜ਼ ਕਰਦੀ ਹੈ, ਪਰ ਭਾਰਤ ਅਤੇ ਰਾਜ ਸਰਕਾਰਾਂ ਪ੍ਰਦੂਸ਼ਣ ਨੂੰ ਘਟਾਉਣ ਦੇ ਉਪਰਾਲੇ ਕਰਨ ਦੀ ਥਾਂ ਹਰ ਵਾਰ ਬਹਾਨੇ ਬਣਾ ਕੇ ਉਸ ਨੂੰ ਟਾਲੀ ਜਾਂਦੀਆਂ ਹਨ। ਵਰਲਡ ਏਅਰ ਕੁਆਲਿਟੀ ਰਿਪੋਰਟ 2020, ਜੋ ਇਸੇ ਸਾਲ 17 ਮਾਰਚ ਨੂੰ ਰਿਲੀਜ਼ ਹੋਈ ਹੈ, ਅਨੁਸਾਰ ਦਿੱਲੀ ਲਗਾਤਾਰ ਤੀਜੇ ਸਾਲ ਵੀ ਦੁਨੀਆਂ ਦੀ ਸਭ ਤੋਂ ਵੱਧ ਪ੍ਰਦੂਸ਼ਿਤ ਰਾਜਧਾਨੀ ਰਹੀ ਹੈ। ਇਸ ਤੋਂ ਇਲਾਵਾ ਦੁਨੀਆਂ ਦੇ ਸਭ ਤੋਂ ਵੱਧ ਪ੍ਰਦੂਸ਼ਿਤ ਪਹਿਲੇ 15 ਸ਼ਹਿਰਾਂ ਵਿਚੋਂ 14 ਅਤੇ ਪਹਿਲੇ 30 ਵਿਚੋਂ 22 ਭਾਰਤ ਵਿਚ ਹਨ; ਜਦੋਂ ਕਿ ਚੀਨ, ਪਾਕਿਸਤਾਨ ਤੇ ਬੰਗਲਾਦੇਸ਼ 'ਚ ਸਿਰਫ ਦੋ-ਦੋ ਸ਼ਹਿਰ ਹੀ ਹਨ।

ਹਵਾ ਦਾ ਵਧਦਾ ਪ੍ਰਦੂਸ਼ਣ ਇਕੱਲਾ ਵਾਤਾਵਰਨ ਨੂੰ ਹੀ ਪ੍ਰਦੂਸ਼ਿਤ ਨਹੀਂ ਕਰਦਾ, ਸਗੋਂ ਇਹ ਹਰ ਤਰ੍ਹਾਂ ਦੇ ਜੈਵਿਕਾਂ (ਬਨਸਪਤੀ, ਜੀਵ-ਜੰਤੂਆਂ ਅਤੇ ਮਨੁੱਖਾਂ) ਦੀ ਸਿਹਤ ਉਤੇ ਵੀ ਬੁਰਾ ਅਸਰ ਪਾਉਂਦਾ ਹੈ। ਇੰਡੀਆ ਸਟੇਟ-ਲੈਵਲ ਡਿਸੀਜ਼ਿਜ਼ ਬਰਡਨ ਇਨੀਸ਼ੀਏਟਿਵ ਅਨੁਸਾਰ 2019 ਦੌਰਾਨ ਭਾਰਤ ਵਿਚ 17 ਲੱਖ ਲੋਕ ਹਵਾ ਦੇ ਪ੍ਰਦੂਸ਼ਣ ਕਾਰਨ ਮਰ ਗਏ ਸਨ। ਗਰੀਨਪੀਸ ਸੰਸਥਾ ਦੀ ਸਾਊਥ-ਈਸਟ ਏਸ਼ੀਆ ਦੀ 2020 ਦੀ ਇਕ ਰਿਪੋਰਟ ਅਨੁਸਾਰ ਇਕੱਲੇ ਦਿੱਲੀ ਸ਼ਹਿਰ ਦੇ 34,000 ਵਿਅਕਤੀ ਹਵਾ ਦੇ ਪ੍ਰਦੂਸ਼ਣ ਨਾਲ ਹੋਣ ਵਾਲੀਆਂ ਬਿਮਾਰੀਆਂ ਨਾਲ ਮੌਤ ਦੇ ਮੂੰਹ ਵਿਚ ਜਾ ਪਏ ਸਨ। ਹਵਾ ਦੇ ਪ੍ਰਦੂਸ਼ਣ ਦਾ ਬੁਰਾ ਅਸਰ ਸਿਰਫ ਦਿੱਲੀ ਸ਼ਹਿਰ ਦੇ ਲੋਕਾਂ ਦੀ ਸਿਹਤ ਉਤੇ ਹੀ ਨਹੀਂ ਪੈ ਰਿਹਾ ਹੈ, ਇਸ ਪ੍ਰਦੂਸ਼ਣ ਨਾਲ ਮੁੰਬਈ ਵਿਚ 2020 ਦੌਰਾਨ 25,000; ਬੰਗਲੂਰੂ ਵਿਚ 12,000; ਹੈਦਰਾਬਾਦ ਅਤੇ ਚੇਨੱਈ-ਦੋਹਾਂ ਸ਼ਹਿਰਾਂ ਵਿਚ ਕਰੀਬ 11-11 ਹਜ਼ਾਰ ਲੋਕ ਮਰ ਗਏ ਸਨ। ਹਵਾ ਦੇ ਪ੍ਰਦੂਸ਼ਣ ਦਾ ਸਭ ਤੋਂ ਬੁਰਾ ਅਸਰ ਬੱਚਿਆਂ ਦੀ ਸਿਹਤ ਉਤੇ ਪੈਂਦਾ ਹੈ। ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼, ਕਲਾਵਤੀ ਸਾਰਨ ਚਿਲਡਰਨ'ਜ਼ ਹਾਸਪੀਟਲ ਅਤੇ ਵੱਲਭ ਭਾਈ ਪਟੇਲ-ਚੈਸਟ ਇੰਸਟੀਚਿਊਟ ਦੇ ਖੋਜਾਰਥੀਆਂ ਦੀ ਇਕ ਖੋਜ ਅਨੁਸਾਰ ਹਵਾ ਦੇ ਪ੍ਰਦੂਸ਼ਣ ਦੇ ਵਧ ਰਹੇ ਪੱਧਰ ਨਾਲ 3 ਤੋਂ 5 ਸਾਲ ਦੇ ਬੱਚਿਆਂ ਵਿਚ ਫੇਫੜਿਆਂ ਅਤੇ ਸਾਹ ਦੀਆਂ ਬਿਮਾਰੀਆਂ ਵਿਚ 21 ਤੋਂ 28 ਫੀਸਦ ਵਾਧਾ ਹੋ ਜਾਂਦਾ ਹੈ। ਹਵਾ ਪ੍ਰਦੂਸ਼ਣ ਸ਼ਹਿਰਾਂ ਵਿਚ ਵੱਸਦੇ ਗਰੀਬ ਲੋਕਾਂ ਨੂੰ ਸਮੇਂ ਤੋਂ ਪਹਿਲਾਂ ਹੀ ਮੌਤ ਦੇ ਮੂੰਹ ਵਿਚ ਧੱਕ ਦਿੰਦਾ ਹੈ।

ਬਰਮਿੰਘਮ ਯੂਨੀਵਰਸਿਟੀ ਦੀ ਹਾਲ ਵਿਚ ਰਿਲੀਜ਼ ਹੋਈ ਇਕ ਰਿਪੋਰਟ ਅਨੁਸਾਰ ਦਿੱਲੀ ਵਿਚ 46,000 ਤੋਂ ਵੱਧ ਗਰੀਬ ਲੋਕ ਦਿਨ ਭਰ ਦੀ ਮਿਹਨਤ ਤੋਂ ਬਾਅਦ ਮਹਿੰਗਾਈ ਅਤੇ ਰਹਿਣ ਲਈ ਥਾਂ ਨਾ ਮਿਲਣ ਕਾਰਨ ਅਕਸਰ ਫੁੱਟਪਾਥ ਉਤੇ ਹੀ ਸੌਂਦੇ ਹਨ। ਇਹ ਲੋਕ ਕੰਮ ਵੀ ਵੱਧ ਪ੍ਰਦੂਸ਼ਣ ਵਾਲੀਆਂ ਥਾਂਵਾਂ ਜਿਵੇਂ ਉਦਯੋਗਾਂ, ਥਰਮਲ ਪਲਾਂਟਾਂ, ਉਸਾਰੀ ਵਾਲੀਆਂ ਥਾਂਵਾਂ ਆਦਿ ਉਤੇ ਕਰਦੇ ਹਨ ਅਤੇ ਰਹਿੰਦੇ ਵੀ ਵੱਧ ਪ੍ਰਦੂਸ਼ਣ ਵਾਲੀਆਂ ਥਾਂਵਾਂ ਉਤੇ ਹਨ, ਜਿਸ ਕਰਕੇ ਹਵਾ ਦੇ ਖਤਰਨਾਕ ਪ੍ਰਦੂਸ਼ਣ ਦੀ ਲਪੇਟ ਵਿਚ ਆ ਕੇ ਸਮੇਂ ਤੋਂ ਪਹਿਲਾਂ ਮਰ ਜਾਂਦੇ ਹਨ। ਹਰ ਸਾਲ ਦੇਸ ਵਿਚ ਹਵਾ ਦੇ ਪ੍ਰਦੂਸ਼ਣ ਕਾਰਨ ਇੰਨੀਆਂ ਮੌਤਾਂ ਹੋ ਜਾਣ ਦੇ ਬਾਵਜੂਦ ਸਾਡੇ ਕੇਂਦਰੀ ਵਾਤਾਵਰਨ ਮੰਤਰੀ ਪ੍ਰਕਾਸ਼ ਜਾਵਡੇਕਰ ਨੇ ਸੋਚੇ-ਸਮਝੇ ਬਿਨਾ ਹੀ ਬਿਆਨ ਦੇ ਦਿੱਤਾ ਸੀ ਕਿ ਕੋਈ ਵੀ ਖੋਜ ਇਹ ਨਹੀਂ ਦੱਸਦੀ ਹੈ ਕਿ ਭਾਰਤੀ ਲੋਕ ਹਵਾ ਦੇ ਪ੍ਰਦੂਸ਼ਣ ਨਾਲ ਮਰਦੇ ਹਨ। ਜਾਵਡੇਕਰ ਦੇ ਇਸ ਬਿਆਨ ਦਾ ਜਵਾਬ ਵਰਲਡ ਹੈਲਥ ਆਰਗੇਨਾਈਜੇਸ਼ਨ ਦੀ ਡਾਇਰੈਕਟਰ ਮਾਰੀਆ ਨਾਈਅਰ ਨੇ ਮੈਡਰਿਡ ਵਿਚ ਹੋਈ ਸੀ. ਓ. ਪੀ. 25 ਦੀ ਕਾਨਫਰੰਸ ਵਿਚ ਵਿਅੰਗ ਵਜੋਂ ਦਿੱਤਾ ਸੀ ਅਤੇ ਕਿਹਾ ਸੀ ਕਿ ਕਿੰਨਾ ਚੰਗਾ ਹੁੰਦਾ ਜੇ ਭਾਰਤੀਆਂ ਉਤੇ ਹਵਾ ਦੇ ਪ੍ਰਦੂਸ਼ਣ ਦਾ ਕੋਈ ਅਸਰ ਨਾ ਹੁੰਦਾ, ਪਰ ਅਫਸੋਸ! ਇਹ ਸੱਚਾਈ ਨਹੀਂ ਹੈ।

ਹਵਾ ਦੇ ਪ੍ਰਦੂਸ਼ਣ ਨਾਲ ਇਕੱਲੇ ਲੋਕਾਂ ਦੀ ਸਮੇਂ ਤੋਂ ਪਹਿਲਾਂ ਮੌਤ ਹੀ ਨਹੀਂ ਹੁੰਦੀ, ਸਗੋਂ ਉਨ੍ਹਾਂ ਦੀ ਔਸਤ ਉਮਰ ਵੀ ਘਟ ਜਾਂਦੀ ਹੈ। ਜਿੱਥੇ ਜ਼ਿਆਦਾ ਪ੍ਰਦੂਸ਼ਣ ਹੁੰਦਾ ਹੈ, ਉਥੇ ਜ਼ਿਆਦਾ ਅਸਰ ਪੈਂਦਾ ਹੈ। ਹਵਾ ਦੇ ਪ੍ਰਦੂਸ਼ਣ ਦਾ ਅਸਰ ਹਰ ਇਕ ਦੇਸ ਦੀ ਆਰਥਿਕਤਾ ਉਤੇ ਵੀ ਪੈਂਦਾ ਹੈ। ਗਰੀਨਪੀਸ ਸੰਸਥਾ ਦੀ 2020 ਦੀ ਇਕ ਰਿਪੋਰਟ ਅਨੁਸਾਰ ਦੁਨੀਆਂ ਦੇ 28 ਸ਼ਹਿਰਾਂ ਦੇ ਅਧਿਐਨ ਤੋਂ ਇਹ ਤੱਥ ਸਾਹਮਣੇ ਆਇਆ ਹੈ ਕਿ ਹਵਾ ਦੇ ਪ੍ਰਦੂਸ਼ਣ ਦਾ ਸਭ ਤੋਂ ਜ਼ਿਆਦਾ ਆਰਥਿਕ ਨੁਕਸਾਨ ਦਿੱਲੀ ਸ਼ਹਿਰ ਨੂੰ ਹੋਇਆ, ਜੋ 58,895 ਕਰੋੜ ਰੁਪਏ ਸੀ। ਮੁੰਬਈ ਨੇ ਲਗਭਗ 26 ਹਜ਼ਾਰ ਕਰੋੜ, ਬੰਗਲੂਰੂ ਨੇ 12 ਹਜ਼ਾਰ ਕਰੋੜ, ਹੈਦਰਾਬਾਦ ਨੇ 11 ਹਜ਼ਾਰ ਕਰੋੜ ਅਤੇ ਚੇਨੱਈ ਨੇ 10 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਝੱਲਿਆ ਹੈ। ਆਰਥਿਕ ਨੁਕਸਾਨ ਤੋਂ ਬਿਨਾ ਹਵਾ ਦੇ ਪ੍ਰਦੂਸ਼ਣ ਦੀ ਸਮਾਜ ਨੂੰ ਵੀ ਭਾਰੀ ਕੀਮਤ ਚੁਕਾਉਣੀ ਪੈਂਦੀ ਹੈ। ਹਵਾ ਦੇ ਪ੍ਰਦੂਸ਼ਣ ਨਾਲ ਫੇਫੜਿਆਂ ਅਤੇ ਸਾਹ ਦੀਆਂ ਬਿਮਾਰੀਆਂ ਦੇ ਨਾਲ ਨਾਲ ਦਿਲ ਤੇ ਚਮੜੀ ਦੀ ਬਿਮਾਰੀਆਂ ਉਤੇ ਲੱਖਾਂ ਰੁਪਏ ਖਰਚ ਹੋ ਜਾਂਦੇ ਹਨ। ਜਿਹੜੇ ਲੋਕ ਇਨ੍ਹਾਂ ਬਿਮਾਰੀਆਂ ਦੀ ਤਾਬ ਨਾ ਝੱਲਦਿਆਂ ਮਰ ਜਾਂਦੇ ਹਨ, ਉਨ੍ਹਾਂ ਦੇ ਸਕੇ-ਸੰਬੰਧੀ ਆਪਣੇ ਕਿਸੇ ਨਾ ਕਿਸੇ ਸਾਕ ਸੰਬੰਧੀ ਨੂੰ ਖੋਅ ਦਿੰਦੇ ਹਨ, ਜੋ ਕਦੇ ਨਾ ਪੂਰਾ ਹੋਣ ਵਾਲਾ ਸਮਾਜਿਕ ਘਾਟਾ ਹੈ।

ਦਿੱਲੀ ਦੇ ਹਵਾ ਦੇ ਪ੍ਰਦੂਸ਼ਣ ਦੇ ਮੁੱਖ ਕਾਰਨ ਵਾਹਨਾਂ ਅਤੇ ਉਦਯੋਗਾਂ ਦੀ ਵਧਦੀ ਗਿਣਤੀ, ਨਿਰਮਾਣ ਕਾਰਜ, ਕੂੜੇ ਦੇ ਜਲਦੇ ਢੇਰ, ਥਰਮਲ ਪਲਾਂਟ, ਸੜਕਾਂ ਉਤੋਂ ਉਡਦੀ ਧੂੜ, ਉਤਰੀ ਰਾਜਾਂ ਵਿਚ ਫਸਲਾਂ ਦੀ ਰਹਿੰਦ-ਖੂਹੰਦ ਨੂੰ ਹਰ ਸਾਲ ਲੱਗਦੀ ਅੱਗ ਅਤੇ ਉਸ ਦਾ ਧੂੰਆਂ ਅਤੇ ਦੀਵਾਲੀ ਸਮੇਂ ਜਲਦੇ ਪਟਾਖੇ ਆਦਿ ਹਨ। ਕੋਵਿਡ-19 ਦੇ ਲੌਕਡਾਊਨ ਸਮੇਂ ਸਰਕਾਰ ਨੂੰ ਮਜਬੂਰੀਵੱਸ ਉਦਯੋਗ ਅਤੇ ਨਿੱਜੀਵਾਹਨ ਬੰਦ ਕਰਨੇ ਪਏ ਸਨ ਤਾਂ ਇੱਥੋਂ ਦਾ ਅਸਮਾਨ ਬਿਲਕੁਲ ਸਾਫ ਹੋ ਗਿਆ ਸੀ, ਜਦੋਂ ਕਿ ਉਸ ਸਮੇਂ ਪੰਜਾਬ ਅਤੇ ਹਰਿਆਣੇ ਦੇ ਕਿਸਾਨ ਆਪਣੀ ਹਾੜ੍ਹੀ ਦੀ ਫਸਲ ਚੁੱਕ ਰਹੇ ਅਤੇ ਫਸਲਾਂ ਦੀ ਰਹਿੰਦ-ਖੂਹੰਦ ਨੂੰ ਵੀ ਅੱਗ ਲਾ ਰਹੇ ਸਨ। ਕੋਇਲੇ ਨਾਲ ਚੱਲਣ ਵਾਲੇ ਥਰਮਲ ਪਲਾਂਟਾਂ, ਜੋ ਹਰ ਰੋਜ਼ ਵਾਤਾਵਰਨ ਵਿਚ ਵੱਡੀ ਮਾਤਰਾ ਵਿਚ ਸਲਫਰਡਾਇਆਕਸਾਈਡ, ਨਾਈਟਰੋਜਨ ਆਕਸਾਈਡ ਅਤੇ ਪੀ. ਐੱਮ. 10 ਅਤੇ ਪੀ. ਐੱਮ. 2.5 ਦੇ ਕਣ ਸੁੱਟਦੇ ਹਨ, ਉਤੇ ਐੱਮ. ਓ. ਈ. ਐੱਫ. ਸੀ. ਸੀ. ਵੱਲੋਂ 2015 ਵਿਚ ਨਿਰਧਾਰਤ ਕੀਤੇ ਨਿਯਮ ਸਖਤੀ ਨਾਲ ਲਾਗੂ ਕਰਨੇ ਚਾਹੀਦੇ ਹਨ।

ਥਰਮਲ ਪਲਾਂਟਾਂ ਦੇ ਮਾਲਕਾਂ ਨੇ 2015 ਦੇ ਵਾਤਾਵਰਣ ਨਿਯਮਾਂ ਵਿਚ ਢਿੱਲ ਦੇਣ ਲਈ ਸੁਪਰੀਮ ਕੋਰਟ ਵਿਚ ਅਰਜ਼ੀ ਦਿੱਤੀ ਸੀ ਅਤੇ ਉਸ ਵਿਚ ਉਨ੍ਹਾਂ ਨੂੰ 2022 ਤੱਕ ਢਿੱਲ ਮਿਲ ਗਈ ਹੈ। ਸੈਂਟਰ ਫਾਰ ਸਾਇੰਸ ਅਤੇ ਇਨਵਾਇਰਨਮੈਂਟ ਦੀ ਇਕ ਰਿਪੋਰਟ ਅਨੁਸਾਰ ਹਾਲ ਦੀ ਘੜੀ 12 ਥਰਮਲ ਪਲਾਂਟਾਂ ਵਿਚੋਂ ਸਿਰਫ 2 ਪਲਾਂਟ ਹੀ ਵਾਤਾਵਰਨ ਨਿਯਮਾਂ ਉਤੇ ਪੂਰੇ ਉਤਰਦੇ ਹਨ। ਸਰਕਾਰ ਦੀਆਂ ਇਸ ਤਰ੍ਹਾਂ ਦੀਆਂ ਢਿੱਲਾਂ ਦਿੱਲੀ ਦੇ ਵਾਤਾਵਰਨ ਨੂੰ ਤੇਜ਼ੀ ਨਾਲ ਪ੍ਰਦੂਸ਼ਿਤ ਕਰਨ ਲਈ ਜ਼ਿੰਮੇਵਾਰ ਹਨ।

ਹਵਾ ਦਾ ਪ੍ਰਦੂਸ਼ਣ ਇੱਕ ਅਦਿੱਖ ਜ਼ਹਿਰ ਹੈ, ਜੋ ਰੋਜ਼ਾਨਾ ਹਜ਼ਾਰਾਂ ਜ਼ਿੰਦਗੀਆਂ ਨੂੰ ਨਿਗਲ ਰਿਹਾ ਹੈ। ਜੇ ਸੰਜੀਦਗੀ ਨਾਲ ਦੇਖਿਆ ਜਾਵੇ ਤਾਂ ਹਵਾ ਦੇ ਇਸ ਪ੍ਰਦੂਸ਼ਣ ਨੇ ਪਹਿਲਾਂ ਲੋਕਾਂ ਦੇ ਫੇਫੜੇ ਬਹੁਤ ਕਮਜ਼ੋਰ ਕੀਤੇ ਹੋਏ ਹਨ, ਜੋ ਹੁਣ ਕੋਵਿਡ-19 ਦੀ ਮਾਰ ਨਾ ਸਹਿੰਦੇ ਹੋਏ ਘੜੀ-ਪਲਾਂ ਵਿਚ ਹੀ ਦੁਨੀਆਂ ਨੂੰ ਅਲਵਿਦਾ ਕਹਿ ਰਹੇ ਹਨ। ਸਰਕਾਰਾਂ ਨੂੰ ਹਵਾ ਦੇ ਪ੍ਰਦੂਸ਼ਣ ਤੋਂ ਲੋਕਾਂ ਨੂੰ ਬਚਾਉਣ ਲਈ ਤੇਜ਼ੀ ਨਾਲ ਉਪਰਾਲੇ ਕਰਨ ਦੀ ਸਖਤ ਲੋੜ ਹੈ।

# ਆਹ! ਅਮੋਲਕ, ਅਮੁਲ ਹੀਰਾ...

ਪੱਥਰ 'ਤੇ ਕਦੀ ਕੋਈ ਨਿਸ਼ਾਨ ਨਹੀਂ ਪੈਂਦਾ। ਕਈ ਲੋਕਾਂ ਦੇ ਇਰਾਦੇ ਇੰਨੇ ਮਜ਼ਬੂਤ ਹੁੰਦੇ ਹਨ ਕਿ ਉਨ੍ਹਾਂ ਦੇ ਪੈਰਾਂ ਦੇ ਨਿਸ਼ਾਨ ਭਾਵੇਂ ਪੱਥਰ 'ਤੇ ਨਾ ਪੈਣ ਪਰ ਮਜ਼ਬੂਤ ਇਰਾਦਿਆਂ ਨਾਲ ਪਾਈਆਂ ਸਫਲਤਾ ਦੀਆਂ ਕਹਾਣੀਆਂ ਆਪਣੇ ਆਪ ਸਮੇਂ ਦੀਆਂ ਮਜ਼ਬੂਤ ਚੱਟਾਨਾਂ 'ਤੇ ਲਿਖੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਦੀ ਕਹਾਣੀ ਅਮੋਲਕ ਸਿੰਘ ਜੰਮੂ ਦੀ ਹੈ।

ਕਿਰਪਾਲ ਕੌਰ
ਫੋਨ: 815-356-9535

ਭਿਆਨਕ ਬਿਮਾਰੀ ਦਾ ਮੁਕਾਬਲਾ ਪੂਰੇ ਚੁਤਾਲੀ ਸਾਲ ਕੀਤਾ। ਬਿਮਾਰੀ ਨਿੱਤ ਬਲਵਾਨ ਹੁੰਦੀ ਗਈ ਅਤੇ ਅਮੋਲਕ ਸਿੰਘ ਦਾ ਤਨ ਕਮਜ਼ੋਰ, ਪਰ ਇਰਾਦੇ ਬੁਲੰਦ ਰਹੇ ਤੇ ਸਿਰੜ ਤੇ ਸਿਦਕ ਸਦਕਾ ਚੜ੍ਹਦੀ ਕਲਾ ਵਿਚ ਰਹੇ। ਉਸ ਦੇ ਕੰਨ ਨਾਲ ਫੋਨ ਦੂਸਰੇ ਹੱਥ ਲਾਉਂਦੇ ਸਨ। ਹਾਲ ਪੁੱਛਣ ਤੇ ਸਦਾ ਇਹੀ ਕਹਿਣਾ, ਚੜ੍ਹਦੀ ਕਲਾ।

ਪੱਤਰਕਾਰੀ ਦੇ ਪੇਸ਼ੇ ਨੂੰ ਜਿਸ ਇਮਾਨਦਾਰੀ ਨਾਲ ਨਿਭਾਇਆ, ਉਸ ਦੀ ਮਿਸਾਲ ਮਿਲਣੀ ਬਹੁਤ ਔਖੀ ਹੈ। ਅੱਜ ਦਾ ਸਮਾਂ ਧਨ ਦੇ ਸਾਹਮਣੇ ਮਾਂ ਬਾਪ ਦੀ ਵੀ ਪ੍ਰਵਾਹ ਨਹੀਂ ਕਰਦਾ, ਪਰ ਅਮੋਲਕ ਸਿੰਘ ਨੇ ਔਖੇ ਸਮੇਂ ਵਿਚ ਵੀ ਧਨ ਨੂੰ ਤੁਛ ਸਮਝ ਪੱਤਰਕਾਰੀ ਦੇ ਧਰਮ ਨੂੰ ਆਂਚ ਨਹੀਂ ਆਉਣ ਦਿੱਤੀ।

ਮੈਂ ਜ਼ਿੰਦਗੀ ਦਾ ਬਹੁਤ ਲੰਮਾ ਪੈਂਡਾ ਪਾਰ ਕਰ ਚੁਕੀ ਹਾਂ। ਅੱਜ ਦੇ ਸਦਾਚਾਰ ਤੇ ਆਚਾਰ ਦੀਆਂ ਕਿੰਨੀਆਂ ਕੀਮਤਾਂ ਬਦਲ ਚੁਕੀਆਂ ਹਨ। ਮੇਰੇ ਬਚਪਨ ਅਤੇ ਲੜਕਪਨ ਦੇ ਦਿਨਾਂ ਵਿਚ ਪਿੰਡ ਦੀ ਧੀ ਸੱਚੀ ਸਾਰਿਆਂ ਦੀ ਧੀ ਹੁੰਦੀ ਸੀ। ਉਦੋਂ ਮੈਂ ਆਪਣੇ ਬਚਪਨ ਵਿਚ ਅਖਬਾਰਾਂ ਬਾਰੇ ਆਪਣੇ ਬੇਜੀ ਕੋਲੋਂ ਸੁਣਿਆ ਸੀ, 'ਮੈਂ ਤੇ ਅਖਬਾਰ ਦੀ ਗੱਲ ਕਰਦੀ ਹਾਂ। ਅਖਬਾਰ ਵਿਚ ਝੂਠ ਨਹੀਂ ਹੁੰਦਾ।' ਅੱਜ ਉਹ ਸਮਾਂ ਹੈ ਕਿ ਅਖਬਾਰ ਦੇ ਦੋ ਪੰਨੇ ਫੋਲ ਕੇ ਤੁਸੀਂ ਦੱਸ ਦੇਵੋਗੇ ਕਿ ਅਖਬਾਰ ਕਿਸ ਪਾਰਟੀ ਜਾਂ ਜਮਾਤ ਨਾਲ ਸਬੰਧਤ ਹੈ। ਇਲੈਕਟ੍ਰੋਨਿਕ ਮੀਡੀਏ ਦਾ ਵੀ ਇਹੀ ਹਾਲ ਹੈ।

ਅਮੋਲਕ ਸਿੰਘ ਦਾ ਅਖਬਾਰ 'ਪੰਜਾਬ ਟਾਈਮਜ਼' ਇਕ ਅਖਬਾਰ ਹੀ ਨਹੀਂ, ਸਾਹਿਤਕ ਰਸਾਲਾ ਵੀ ਹੈ। ਇਸ ਦੀ ਹਰ ਖਬਰ ਸੱਚੀ, ਉਸ ਦਾ ਨਿਰਪੱਖ ਵਿਸ਼ਲੇਸ਼ਣ। ਪੰਜਾਬੀ ਭਾਸ਼ਾ, ਬੋਲੀ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲਿਆਂ ਲਈ ਸਭ ਕੁਝ ਸੱਚਾ ਸੁੱਚਾ ਤੇ ਸੰਪੂਰਨ ਅਤੇ ਸੰਤੁਲਿਤ ਮਿਲਦਾ ਹੈ। ਬੁੱਧਵਾਰ ਸਵੇਰ ਦੇ ਨੌਂ ਵੱਜਣ ਦੀ ਉਡੀਕ ਹੁੰਦੀ ਹੈ। ਮਨ ਨੂੰ ਜਾਪਦਾ, ਹੁਣ ਕੋਈ ਪ੍ਰਸਾਦਿ ਮਿਲਣ ਵਾਲਾ ਹੈ, ਜਿਸ ਨਾਲ ਹਫਤਾ ਸੁਖਾਲਾ ਲੰਘ ਜਾਣਾ ਹੈ।

ਸ. ਅਮੋਲਕ ਸਿੰਘ ਦੀ ਕਮਜ਼ੋਰ ਹੋ ਰਹੀ ਸਿਹਤ ਕਾਰਨ ਜਿਥੇ ਬੀਬੀ ਜਸਪ੍ਰੀਤ ਕੌਰ ਦੀ ਜ਼ਿੰਮੇਵਾਰੀ ਉਸ ਦੀ ਸਿਹਤ ਵਲ ਵਧੇਰੇ ਹੋ ਗਈ ਸੀ, ਨਾਲ ਹੀ 'ਪੰਜਾਬ ਟਾਈਮਜ਼' ਦਾ ਭਾਰ ਵੀ ਸਾਰਾ ਉਸ ਉਪਰ ਹੋ ਗਿਆ ਸੀ ਤੇ ਹੈ। ਅੱਜ ਦੇ ਯੁਗ ਦੀ ਇਸ ਬੀਬੀ ਰਜਨੀ ਨੇ ਆਪਣੀਆਂ ਜ਼ਿੰਮੇਵਾਰੀਆਂ ਓਟਣ ਵਿਚ ਕਦੀ ਕੋਤਾਹੀ ਨਹੀਂ ਕੀਤੀ। ਨਾਲ ਹੀ ਇਸ ਨੇ ਘਰ ਆਉਣ ਵਾਲੇ ਹਰ ਮਹਿਮਾਨ ਦਾ ਸਦਾ ਖਿੜੇ ਮੱਥੇ ਸਵਾਗਤ ਕੀਤਾ। ਮੈਂ ਇਸ ਦੀ ਹਿੰਮਤ ਤੇ ਸਿਦਕ ਨੂੰ ਕੋਟਿ-ਕੋਟਿ ਪ੍ਰਣਾਮ ਕਰਦੀ ਹਾਂ। ਗੁਰੂ ਅੱਗੇ ਅਰਦਾਸ ਹੈ ਕਿ ਇਸ ਨੂੰ ਸਦਾ ਹਿੰਮਤ, ਨਿਰੋਗ ਤਨ ਤੇ ਚੜ੍ਹਦੀ ਕਲਾ ਬਖਸ਼ੇ।

ਹੁਣ ਸਾਡੀ ਸਾਰੇ ਪੰਜਾਬੀਆਂ ਜਿਹੜੇ 'ਪੰਜਾਬ ਟਾਈਮਜ਼' ਨਾਲ ਪਿਆਰ ਕਰਦੇ ਹਾਂ, ਦੀ ਜ਼ਿੰਮੇਵਾਰੀ ਹੈ 'ਪੰਜਾਬ ਟਾਈਮਜ਼' ਨੂੰ ਸੰਭਾਲਣ ਦੀ। ਮਾਂ ਲਈ ਆਪਣੇ ਬੱਚੇ ਦਾ ਮਿੱਠਾ ਪਿਆਰਾ ਤੇ ਸਤਿਕਾਰ ਭਰਿਆ ਬੋਲ ਹੀ ਬਹੁਤ ਹੁੰਦਾ ਹੈ। ਆਸ ਕਰਦੀ ਹਾਂ ਕਿ ਜਸਪ੍ਰੀਤ ਕੌਰ ਦਾ ਪੁੱਤਰ ਤੇ ਬਹੂ ਉਸ ਦੀ ਸੰਭਾਲ ਕਰਨਗੇ। ਵਾਹਿਗੂਰੂ ਅੱਗੇ ਅਰਦਾਸ ਹੈ ਕਿ ਉਹ ਬੱਚਿਆਂ ਨੂੰ ਸੁਮੱਤ ਤੇ ਸਮੱਰਥਾ ਬਖਸ਼ੇ। ਪਿਤਾ ਦੀ ਛਾਂ ਉਨ੍ਹਾਂ ਦੇ ਸਿਰ ਤੋਂ ਉਠ ਗਈ ਹੈ, ਪਰ ਬੱਚਿਓ! ਤੁਹਾਡੇ ਕੋਲ ਉਹ ਘਣਛਾਵਾਂ ਬੂਟਾ ਹੈ, ਜਿਸ ਦੀ ਛਾਂ ਰੱਬ ਨੂੰ ਵੀ ਉਧਾਰੀ ਮੰਗਣੀ ਪੈ ਜਾਂਦੀ ਹੈ, ਆਪਣਾ ਸਵਰਗ ਬਣਾਉਣ ਲਈ। ਤੁਹਾਨੂੰ ਤੁਹਾਡਾ ਘਣਛਾਵਾਂ ਬੂਟਾ ਸੁਹੰਢਣਾ ਹੋਵੇ। ਇਸ ਬੂਟੇ ਨੂੰ ਆਪਣੇ ਪਿਆਰ ਤੇ ਸਤਿਕਾਰ ਦਾ ਪਾਣੀ ਪਾਉਂਦੇ ਰਿਹੋ।

## ਸ਼ਹਾਦਤ ਦਾ ਸਿਖਰ

ਹੇ ਗੁਰੂ! ਮੇਰੇ ਨੌਵੇਂ ਨਾਨਕ
ਤੇਰੀ ਉਸਤਤੀ ਦਾ ਗੀਤ
ਲਿਖਣ ਲੱਗਿਆਂ
ਮੇਰਾ ਆਪਾ ਕੰਬ ਜਾਂਦਾ ਹੈ
ਆਪਣੇ ਆਪ ਤੋਂ ਸੰਗ ਜਾਂਦਾ ਹੈ
ਮੇਰੀ ਕਲਮ ਨੂੰ ਕੋਈ ਸ਼ਬਦ
ਨਹੀਂ ਥਿਆਉਂਦਾ
ਜੋ ਤੇਰੇ ਮੇਚ ਦਾ ਹੋਵੇ
ਤੇ ਤੇਰੀ ਉਸਤਤੀ ਦਾ ਗੀਤ
ਗਾਉਣ ਲਗਿਆਂ
ਸਾਜ਼ਾਂ ਦਾ ਸਹਾਰਾ ਲੈ
ਅਲਾਪ ਲੈਣ ਲੱਗਿਆਂ
ਬੇ-ਸੁਰੀ ਹੋ ਜਾਂਦੀ ਹਾਂ
ਕਿਉਂਕਿ ਮੇਰੇ ਅੰਦਰ ਵਸਦੇ
ਝੂਠ ਲਈ ਬੜਾ ਮੁਸ਼ਕਿਲ ਹੈ
ਸੱਚ ਦੇ ਸੂਰਜ ਦੇ ਸਾਹਮਣੇ ਖੜ੍ਹਨਾ
ਸੱਚ ਦਾ ਸੇਕ ਜਰਨਾ।

ਪਰ ਅੱਜ
ਚਾਂਦਨੀ ਚੌਂਕ 'ਚ ਖੜ੍ਹ
ਤੇਰੇ ਵਾਕ 'ਚ ਡੂੰਘਾ ਉੱਤਰਦੀ ਹਾਂ
ਤਾਂ ਦਿਖਾਈ ਦਿੰਦੀਆਂ ਹਨ
ਮਜ਼ਲੂਮਾਂ, ਨਿਮਾਣਿਆਂ, ਨਿਤਾਣਿਆਂ
ਸਮੇਂ ਦੀ ਸੱਤਾ ਦੇ ਸਤਾਏ
ਦੱਬੇ ਕੁਚਲੇ, ਫਿਰਕੂ ਕੱਟੜਤਾ
ਤੇ ਸਮਾਜਿਕ ਨਾ-ਬਰਾਬਰੀ ਦੇ
ਭਾਰੇ ਪੁੜਾਂ ਹੇਠ ਪੀਸੇ ਜਾ ਰਹੇ
ਡਰੇ ਤੇ ਸਹਿਮੇ ਲੋਕਾਂ ਦੀਆਂ
ਲੰਬੀਆਂ ਕਤਾਰਾਂ
ਤੇ ਉਨ੍ਹਾਂ ਨੂੰ ਡਰਾ ਰਹੀਆਂ
ਮੁਗਲੀਆ ਹਕੂਮਤ ਦੀਆਂ ਕਟਾਰਾਂ।

ਪਰ ਇਸ ਸਭ ਕਾਸੇ ਵਿਚਕਾਰ
ਆਰੇ ਨਾਲ ਤਨ ਚਿਰਵਾਉਂਦਾ
ਮਤੀ ਦਾਸ
ਰੂੰ 'ਚ ਵਲੇਟ ਕੇ
ਸਾੜਿਆ ਜਾਂਦਾ ਸਤੀ ਦਾਸ
ਤੇ ਦੇਗ ਵਿਚ ਉਬਲਦਾ ਦਿਆਲਾ
ਤੇ ਤੇਰੀ ਧੜ ਨਾਲੋਂ
ਜੁਦਾ ਹੁੰਦੇ ਤੇਰੇ ਸੀਸ ਨੇ
ਖੂਨ ਦੇ ਫੁੱਟਦੇ ਝਰਨੇ ਨੇ
ਲਹੂ ਦੀ ਇਕ ਇਕ ਤਿੱਪ ਤੇ
ਉੱਗਮਦੇ ਸੂਰਜਾਂ ਨੇ
ਰੌਸ਼ਨ ਕਰ ਦਿੱਤੈ ਆਲਾ ਦੁਆਲਾ।

ਮੈਂ ਇਸ ਰੌਸ਼ਨੀ 'ਚ ਖੜ੍ਹ ਕੇ
ਆਪਣੀ ਆਤਮਾ ਤੋਂ
ਹਨੇਰੇ ਦਾ ਪਰਦਾ ਹਟਾ ਕੇ ਦੇਖਦੀ ਹਾਂ
ਤਾਂ ਸਮਝ ਜਾਂਦੀ ਹਾਂ
ਕਿ ਤੇਰੀ ਸ਼ਹਾਦਤ
ਪੁਰਖਿਆਂ ਦੇ ਸਹਿਜ, ਸੰਜਮ
ਤੇ ਸੰਤੋਖ ਨਾਲ ਚਲਾਈ
ਸ਼ਹਾਦਤਾਂ ਦੀ ਲੜੀ ਦਾ
ਉਹ ਸਿਖਰ ਹੈ
ਜਿੱਥੇ ਜਾਤ ਪਾਤ, ਊਚ-ਨੀਚ
ਧਾਰਮਿਕ ਫਿਰਕੂਪੁਣੇ ਦਾ
ਤਾਣਾ-ਬਾਣਾ ਖਤਮ ਹੋ ਜਾਂਦਾ ਹੈ
ਓਥੇ ਕੇਵਲ ਇਨਸਾਨ
ਤੇ ਇਨਸਾਨੀਅਤ ਦਾ
ਦੇਸ਼ ਦਿਖਾਈ ਦਿੰਦਾ ਹੈ।

*-ਸੁਰਿੰਦਰ ਗੀਤ*
*ਕੈਲਗਰੀ, ਕੈਨੇਡਾ*

# ਬਾਪੂ

*ਅਵਤਾਰ ਸਿੰਘ ਬਿਲਿੰਗ ਮੂਲ ਰੂਪ ਵਿਚ ਗਲਪਕਾਰ ਹੈ। ਉਨ੍ਹਾਂ ਨੇ ਕਹਾਣੀਆਂ ਲਿਖੀਆਂ ਅਤੇ ਨਾਵਲਾਂ ਦੀ ਰਚਨਾ ਕੀਤੀ, ਜਿਨ੍ਹਾਂ ਅੰਦਰ ਪੰਜਾਬ ਦਾ ਬੰਦਾ ਆਪਣੇ ਪੂਰੇ ਵਜੂਦ ਨਾਲ ਪੇਸ਼ ਹੋਇਆ ਹੈ। ਉਨ੍ਹਾਂ ਦੇ ਨਾਵਲ ਅਸਲ ਵਿਚ ਪੰਜਾਬੀ ਰਹਿਤਲ ਦੀ ਬਾਤ ਪਾਉਂਦੇ ਹਨ। ਇਸ ਲੇਖ ਵਿਚ ਉਨ੍ਹਾਂ ਆਪਣੇ ਬਾਪੂ ਬਾਰੇ ਗੱਲਾਂ ਕੀਤੀਆਂ ਹਨ। ਇਸ ਲੇਖ ਵਿਚ ਵੀ ਉਨ੍ਹਾਂ ਬਾਪੂ ਦੇ ਬਹਾਨੇ ਪੰਜਾਬ ਅਤੇ ਪੰਜਾਬੀਅਤ ਦੀਆਂ ਗੱਲਾਂ ਹੀ ਕੀਤੀਆਂ ਹਨ।*

ਬਾਪੂ ਉੱਦਮੀ ਮਨੁੱਖ, ਬਹੁਤ ਮਿਹਨਤੀ ਕਿਸਾਨ ਅਤੇ ਬੜਾ ਮਿਲਾਪੜਾ ਇਨਸਾਨ ਸੀ। ਮਿੱਠ ਬੋਲੜਾ। ਹਰ ਕਿਸੇ ਨੂੰ ਉੱਡ ਕੇ ਮਿਲਦਾ। ਪਿੰਡ ਵਿਚ ਮਿੱਤਰਾਂ ਮੁਲਾਹਜ਼ੇਦਾਰਾਂ ਨੂੰ ਮਿਲੇ ਬਿਨਾਂ ਨਾ ਰਹਿ ਸਕਦਾ। ਅਨਪੜ੍ਹ, ਪੜ੍ਹੇ-ਲਿਖੇ ਹਰ ਇਕ ਤੋਂ ਕੁਝ ਸਿੱਖਣਾ ਚਾਹੁੰਦਾ; ਅੰਤਾਂ ਦਾ ਗੰਭੀਰ ਸਰੋਤਾ। ਨਿੱਜੀ ਅਕੀਦੇ ਜਾਂ ਵਿਸ਼ਵਾਸ ਪੱਖੋਂ ਵਿਰੋਧੀ ਵਿਚਾਰਾਂ ਨੂੰ ਵੀ ਮਾਨਤਾ ਦੇਣ ਵਾਲਾ। ਗਰੀਬ ਅਮੀਰ, ਸਾਧ ਫਕੀਰ, ਪੰਡਤ ਭਾਈ ਜੀ, ਹਰ ਇਕ ਵਿਅਕਤੀ ਪਾਸੋਂ ਕੋਈ ਗੁਣ ਲੈਣਾ ਲੋਚਦਾ। ਸ਼ੌਕ ਵਜੋਂ ਕਵੀਸ਼ਰੀ ਕਰਦਾ। ਨੇੜਲੇ ਪਿੰਡਾਂ ਤੋਂ ਆਪਣੇ ਸਾਥੀ ਕਵੀਸ਼ਰਾਂ ਦੇ ਜਾਉਂ ਵਜੋਂ ਅੱਗੇ ਹੋ ਕੇ ਗਾਉਂਦਾ। ਮਲਕਪੁਰੀਏ ਜਰਨੈਲ ਸਿੰਘ 'ਨਿਰਾਲਾ' ਉਰਫ 'ਸਾਰੰਗ' ਦਾ ਲਾਡਲਾ, ਕਾਬਲ ਸ਼ਾਗਿਰਦ, ਲੋਹੜੇ ਦੀ ਯਾਦਾਸ਼ਤ ਰੱਖਦਾ। ਕਵੀਸ਼ਰੀ ਦੇ ਸਾਰੇ ਪ੍ਰਸੰਗ ਉਹ ਖੇਤੀ ਦੇ ਆਹਰ ਲੱਗਿਆ, ਬਲਦ ਹੱਕਦਾ, ਜ਼ਬਾਨੀ ਯਾਦ ਕਰ ਲੈਂਦਾ। ਹਲ ਵਾਹੁੰਦਾ, ਉਹੀ



**ਅਵਤਾਰ ਸਿੰਘ ਬਿਲਿੰਗ**

ਛੰਦ ਗਾਉਂਦਾ, ਦੁਹਰਾਉਂਦਾ ਰਹਿੰਦਾ। ਉਹ ਮੇਰੇ ਬਚਪਨ ਤੋਂ ਹੀ ਮੈਨੂੰ ਪੜ੍ਹੀ ਵਿੱਦਿਆ ਨੂੰ ਕੰਠ ਕਰਨ ਬਾਰੇ ਟੋਟਕੇ ਸੁਣਾਉਂਦਾ

ਘੋੜਾ ਅੜੇ, ਰੋਟੀ ਸੜੇ, ਬਾਣੀ ਵਿਸਰ ਜਾਇ
ਕਹਿ ਚੇਲੇ ਕਿਸ ਕਾਇ?
ਗੁਰੂ ਜੀ, ਫੇਰੇ ਬਿਨਾਂ।

ਮੈਂ ਤੀਜੀ ਜਮਾਤ ਵਿਚ ਸੀ ਜਦੋਂ ਉਸ ਨੇ ਆਪਣੇ ਉਸਤਾਦ ਦੀ ਰਚੀ ਭਾਈ ਕਨ੍ਹਈਆ ਬਾਰੇ ਇਕ ਬੈਂਤ ਮੈਨੂੰ ਖੁਸ਼ਖਤ ਗੁਰਮੁਖੀ ਵਿਚ ਲਿਖ ਕੇ ਯਾਦ ਕਰਵਾ ਦਿੱਤੀ ਜਿਸ ਵਿਚ ਸਮਦਰਸ਼ੀ ਸਿੱਖ ਭਾਈ ਕਨ੍ਹਈਆ ਜੀ ਜੰਗ ਵਿਚ ਡਿੱਗੇ ਜ਼ਖਮੀਆਂ ਨੂੰ ਬਿਨਾਂ ਕਿਸੇ ਭੇਦਭਾਵ ਦੇ ਪਾਣੀ ਪਿਲਾਉਂਦੇ ਹਨ। ਉਸ ਬੈਂਤ ਦੀਆਂ ਸਿਰਫ ਦੋ ਸਤਰਾਂ ਮੇਰੇ ਚੇਤੇ ਨੇ ਹੁਣ ਤਕ ਸੰਭਾਲ ਰੱਖੀਆਂ ਹਨ:

ਡੱਬੀ ਮੱਲ੍ਹਮ ਦੀ ਦੇ ਕੇ ਸਾਰੰਗ ਜੀ
ਕਹਿੰਦੇ ਸਤਿਗੁਰੂ ਜ਼ਖਮਾਂ 'ਤੇ ਲਾ ਦਿਆ ਕਰ।

ਬਾਪੂ ਨੂੰ ਅਸਮਾਨੋਂ ਗੱਲ ਫੁਰਦੀ। ਸਟੇਜ ਦਾ ਧਨੀ। ਪਿੰਡ ਵਿਚ ਜਿਹੜਾ ਮਰਜ਼ੀ ਸਮਾਗਮ ਹੁੰਦਾ, ਸਟੇਜ ਸਦਾ ਬਾਪੂ ਹੀ ਸੰਭਾਲਦਾ। ਮੌਕੇ ਢੁੱਕਦੀ ਛੋਟੀ ਮੋਟੀ ਕਵਿਤਾ ਆਪ ਵੀ ਜੋੜ ਲੈਂਦਾ। ਉਸ ਕੋਲ ਹਰ ਕਿਸੇ ਨੂੰ ਖੁਸ਼ ਕਰਨ ਦਾ ਹੁਨਰ ਸੀ। ਸਾਡੇ ਪਿੰਡ ਵਿਚਲੇ ਕਿੰਨੇ ਹੀ ਕਾਸ਼ਤਕਾਰ ਤੇ ਗੈਰ-ਕਾਸ਼ਤਕਾਰ ਸਾਥੀਆਂ ਨੇ ਮਿਲ ਕੇ ਕੀਰਤਨ ਜਥਾ ਬਣਾਇਆ ਸੀ ਜੋ ਹਰ ਸੰਗਰਾਂਦ/ਗੁਰਪੁਰਬ ਨੂੰ ਗੁਰਦੁਆਰੇ ਕੀਰਤਨ ਕਰਦੇ। ਪਿੰਡ ਦੀਆਂ ਲੜਕੀਆਂ ਦੇ ਆਨੰਦ ਪੜ੍ਹਾਉਂਦੇ। ਬਾਪੂ ਨੂੰ ਉਸ ਦੇ ਉਸਤਾਦ ਦੀ ਲਿਖੀ ਲੰਬੀ ਕਵਿਤਾ ਪੜ੍ਹਨ ਲਈ ਸਿਫਾਰਸ਼ਾਂ ਪੈਂਦੀਆਂ:

ਜਾਹ ਧੀਏ ਮੇਰੀਏ ਲਾਡਲੀਏ
ਤੂੰ ਨਾਲ ਸੁੱਖਾਂ ਦੇ ਵੱਸਦੀ ਰਹਿ...

ਉੱਥੇ ਇਕੱਠਾ ਹੋਇਆ ਸਾਰਾ ਇਨਾਮ ਅਤੇ ਕੀਰਤਨ ਭੇਟਾ ਇਹ ਨਿਸ਼ਕਾਮ ਜੱਥਾ ਨਵੇਂ ਵਿਕਾਸ ਕਰਦੇ ਗੁਰੂਘਰ ਨੂੰ ਭੇਟ ਕਰ ਦਿੰਦਾ। ਖੇਤੀ ਦੇ ਕੰਮ ਦਾ ਭਾਵੇਂ ਜਿੰਨਾ ਮਰਜ਼ੀ ਜ਼ੋਰ ਹੁੰਦਾ, ਹਰ ਸੰਗਰਾਂਦ ਤੋਂ ਪਹਿਲੀ ਸ਼ਾਮ ਬਾਪੂ ਅਤੇ ਉਸ ਦੇ ਸਾਥੀ ਸਾਡੇ ਪਿੰਡਾਂ ਤੋਂ 20 ਕਿਲੋਮੀਟਰ ਦੂਰ ਨਵੇਂ ਬਣ ਰਹੇ ਇਤਿਹਾਸਕ ਗੁਰਦੁਆਰਾ ਭਾਤ ਸਾਹਿਬ ਵਿਖੇ ਸਾਈਕਲਾਂ ਉਪਰ ਜਾਂਦੇ। ਰਾਤ ਦਾ ਅਤੇ ਦੂਜੇ ਦਿਨ ਦੁਪਹਿਰ ਦਾ ਮੁਫਤ ਦੀਵਾਨ ਸਜਾ ਕੇ ਧੰਨ ਹੋਏ ਮੁੜਦੇ। ਉਦੋਂ ਹਾਲੇ ਅੱਜ ਵਾਲੇ ਡੇਰੇਦਾਰ ਬਾਬੇ ਪੈਦਾ ਨਹੀਂ ਸੀ ਹੋਏ। ਉੱਥੋਂ ਦੇ ਬੜੇ ਸਾਧਾਰਨ, ਨਿਸ਼ਕਾਮ, ਤਿਆਗੀ ਬਾਬਾ ਪਿਆਰਾ ਸਿੰਘ ਦੇ ਆਦੇਸ਼ ਅਨੁਸਾਰ, ਇਸ ਨੂੰ 'ਸੇਵਾ' ਸਮਝਦੇ, ਗੁਰੂਘਰ ਦੀ ਮਾਇਆ ਨੂੰ 'ਜ਼ਹਿਰ' ਜਾਂ 'ਪੂਜਾ ਦਾ ਧਾਨ' ਮੰਨਦੇ, ਕਦੇ ਵੀ ਸਵੀਕਾਰ ਨਾ ਕਰਦੇ। ਧੁਨ ਦੇ ਪੱਕੇ ਇਹ ਪੁੰਨ ਦਾ ਕਾਰਜ ਉਹ ਲਗਾਤਾਰ 18 ਸਾਲ ਕਰਦੇ ਰਹੇ।

ਆਪਣੇ ਸਾਰੇ ਦੋਸਤਾਂ ਵਾਂਗ ਅੰਮ੍ਰਿਤਧਾਰੀ ਹੋਣ ਦੇ ਬਾਵਜੂਦ ਬਾਪੂ ਬੜਾ ਖੁੱਲ੍ਹ-ਖਿਆਲੀਆ ਸੀ। ਗੁਰੂਘਰ ਦਾ ਅਨਿੰਨ ਸ਼ਰਧਾਲੂ ਪਰ ਸ਼ਹੀਦਾਂ ਸਮਾਧਾਂ, ਹੱਥ ਹੌਲਿਆਂ, ਮਾੜੇ ਚੰਗੇ ਸੁਪਨਿਆਂ ਜਾਂ ਸਵਰ ਸ਼ਗਨ ਵਿਚਾਰਨ ਵਿਚ ਵੀ ਵਿਸ਼ਵਾਸ ਰੱਖਦਾ। ਚੰਗੇ ਭਲੇ ਹਲ ਨੂੰ ਵਗਦੇ ਬਲਦ ਦੇ ਫਾਲਾ ਵੱਜਦਾ ਜਾਂ ਸੁਪਨੇ ਵਿਚ ਬਾਪੂ ਨੂੰ ਕੋਈ ਸੁਰਗ ਸਿਧਾਰਿਆ ਬੰਦਾ ਦਿਸ ਜਾਂਦਾ ਤਾਂ ਉਹ ਸਾਡੀ ਬੀਬੀ ਨੂੰ ਖੁਆਜੇ ਦੀ 'ਕੜਾਹੀ' ਕਰਨ ਦੀ ਤਾੜਨਾ ਕਰਦਾ। ਦਿਨ ਢਲੇ ਸਾਡੀ ਮਾਤਾ ਘਿਉ ਭੁੰਨਵਾਂ ਦਲੀਆ ਲੈ ਕੇ ਖੂਹ 'ਤੇ ਪਹੁੰਚ ਜਾਂਦੀ। ਬਾਪੂ ਖੂਹ ਜਾਂ ਖੂਹੀ ਦੀ ਮੌਣ ਕੋਲ ਆਟੇ ਦਾ ਬਣਾਇਆ ਚਿਰਾਗ ਬਾਲਦਾ, ਅੰਗਿਆਰੀ ਦੀ ਅੱਗ ਬਣਾਉਂਦਾ, ਹਵਨ ਦਿੰਦਾ 'ਜੈ ਹੋ ਤੇਰੀ!' ਆਖਦਾ ਮੱਥਾ ਟੇਕਦਾ। ਸਭ ਨੂੰ 'ਕੜਾਹੀ' ਵੰਡਦਾ। "ਖੁਆਜਾ ਖੇਤੀ ਦਾ ਦੇਵਤਾ ਹੈ, ਪੁੱਤਰਾ। ਅਰ ਪ੍ਰੇਤ ਜੂਨੀ ਦੀ ਕਰੂਰ ਨਿਗਾਹ ਕਦੇ ਕਦਾਈਂ ਬੰਦਿਆਂ ਵੱਲ ਵੀ ਹੋ ਜਾਂਦੀ ਐ।" ਕਾਲਜ ਦੀ ਹਵਾ ਲੱਗਣ ਕਰ ਕੇ ਜੇ ਮੈਂ ਕਦੇ ਇਤਰਾਜ਼ ਕਰਦਾ ਤਾਂ ਬਾਪੂ ਤਸੱਲੀ ਨਾਲ ਆਖਦਾ। ਮਾਸ ਆਂਡਾ ਨਾ ਖਾਣ ਦਾ ਉਸ ਨੇ ਮੇਰੇ ਜਨਮ ਤੋਂ ਮਗਰੋਂ ਲੰਮਾ ਸਮਾਂ ਬਿਮਾਰ ਪੈ ਜਾਣ ਕਾਰਨ ਨੇਮ ਪਾ ਦਿੱਤਾ ਸੀ। ਸਾਡੀ ਬੀਬੀ ਨੇ ਆਂਡਾ ਕਦੇ ਮੂੰਹ ਉੱਤੇ ਧਰ ਕੇ ਨਹੀਂ ਦੇਖਿਆ। ਬਚਪਨ ਵਿਚ ਸਾਡੇ ਭੈਣ ਭਰਾਵਾਂ ਵਿਚੋਂ ਕਿਸੇ ਨੂੰ ਜ਼ੁਕਾਮ ਹੋ ਜਾਂਦਾ ਤਾਂ ਆਂਡਾ ਉਬਾਲ ਕੇ ਜਾਂ ਦੁੱਧ ਵਿਚ ਫੈਂਟ ਕੇ ਜ਼ਰੂਰ ਦੇ ਦਿੰਦੀ। ਬਾਪੂ ਹੋਰ ਮਿੱਤਰ ਬੇਲੀਆਂ ਵਾਂਗ ਆਪਣੇ ਵਰਤਣ ਜੋਗੀ 'ਰੂੜੀ ਮਾਰਕਾ' ਸ਼ਾਮ ਦੇ ਮੂੰਹ ਝਾਕਰੇ ਵਿਚ ਸਾਡੇ ਡੰਗਰਾਂ ਵਾਲੇ ਘਰ ਹੀ ਕੱਢ ਲੈਂਦਾ। "ਜਾਹ ਦੇਖ ਕੇ ਆ, ਮੱਲਾ। ਐਧਰ ਬਾਹਰ ਫਿਰਨੀ 'ਤੇ ਕਿਤੇ ਪੁਲਿਸ ਤਾਂ ਨੀਂ ਆਉਂਦੀ?" ਮੈਨੂੰ ਨਿਆਣੇ ਨੂੰ ਉਹ ਕਦੇ ਸੂਏ ਦੇ ਪੁਲ ਵੱਲ ਨਠਾਉਂਦਾ।

ਪਿੰਡ ਵਿਚ ਸਕੂਲ ਨਾ ਹੋਣ ਕਾਰਨ ਉਹ ਗੁਰਦੁਆਰੇ ਵਿਖੇ ਭਾਈ ਜੀ ਜਵਾਲਾ ਸਿੰਘ ਪਾਸੋਂ ਗੁਰਮੁਖੀ, ਪੰਜ ਗਰੰਥੀ, ਦਸ ਗਰੰਥੀ ਪੜ੍ਹਿਆ ਸੀ। ਮੁਹਾਰਨੀ, ਭੁਲਾਵੇਂ ਅੱਖਰ, ਇਕ ਤੋਂ ਸੌ ਤਕ ਪੰਜਾਬੀ ਤੇ ਅੰਗਰੇਜ਼ੀ ਵਿਚ ਗਿਣਤੀ, ਪੈਂਤੀ ਪੁੱਠੀ ਅਤੇ ਸਿੱਧੀ ਇਕੋ ਸਾਹ ਵਿਚ ਪੜ੍ਹ ਦਿੰਦਾ। ਅੱਧੇ ਤੋਂ ਸਾਢੇ ਤਿੰਨ ਤਕ ਦੇ ਪਹਾੜੇ ਜ਼ਬਾਨੀ ਯਾਦ ਸਨ। ਮੈਨੂੰ ਪੜ੍ਹਾਉਣ ਦਾ ਉਸ ਨੂੰ ਬੇਹੱਦ ਸ਼ੌਕ ਸੀ। ਮੇਰੇ ਪਿੰਡ ਦੇ, ਪਿੰਡ ਵਿਚ ਹੀ ਪੜ੍ਹਾਉਂਦੇ, ਆਪਣੇ ਸੰਗੀ ਸਾਥੀਆਂ 'ਹੈੱਡ ਮਾਸਟਰ' ਜੋਗਿੰਦਰ ਸਿੰਘ ਅਤੇ ਮਾਸਟਰ ਕਸ਼ਮੀਰਾ ਸਿੰਘ ਦੀ ਰੀਸ ਉਹ ਮੈਨੂੰ ਵੀ ਦਸਵੀਂ ਤੋਂ ਬਾਅਦ ਜੇ.ਬੀ.ਟੀ. ਕਰਵਾ ਕੇ ਅਧਿਆਪਕ ਬਣਾਉਣਾ ਲੋਚਦਾ।" ਛੋਟੀ ਪੜ੍ਹਾਈ ਤਾਂ ਛੋਟੀਓ ਹੁੰਦੀ, ਨੌਰੰਗ ਸਿਆਂ! ਜੇ ਮੇਰੀ ਮੰਨਦਾ ਤੂੰ ਮੁੰਡੇ ਨੂੰ ਬੀ.ਏ. ਐਮ.ਏ. ਕਰਵਾ ਦੇਵੇਂ, ਇਹਨੂੰ ਕਿਸੇ ਦਿਨ ਪ੍ਰੋਫੈਸਰ/ਪ੍ਰਿੰਸੀਪਲ ਲੱਗਿਆ ਲਵੀਂ।" ਦਸਵੀਂ ਵਿਚੋਂ ਮੇਰੀ ਫਸਟ ਕਲਾਸ ਆਉਣ ਮਗਰੋਂ ਬਾਪੂ ਉਸ ਸ਼ੁਭਚਿੰਤਕ ਨੂੰ ਨਾਲ ਲੈ ਕੇ ਮੈਨੂੰ ਏ.ਐਸ. ਕਾਲਜ ਖੰਨਾ ਵਿਖੇ ਬੜੇ ਚਾਅ ਨਾਲ ਆਪ ਦਾਖਲ ਕਰਵਾ ਕੇ ਆਇਆ ਸੀ। ਮਾਇਕ ਹਾਲਤ ਚੰਗੀ ਨਾ ਹੋਣ ਦੇ ਬਾਵਜੂਦ ਅਜਿਹੇ ਸੱਜਣਾਂ ਦੀ ਦਲੀਲ ਸਦਕਾ ਹਰਸ਼ਾਏ ਪਿਤਾ ਨੇ ਮੈਨੂੰ ਐਮ.ਏ. ਇੰਗਲਿਸ਼ ਕਰਨ ਲਈ ਸਰਕਾਰੀ ਕਾਲਜ ਲੁਧਿਆਣਾ ਵੱਲ ਤੋਰਿਆ ਸੀ ਪਰ ਉਸ ਦੀ ਸ਼ੁਰੂ ਤੋਂ ਇਕ ਸ਼ਰਤ ਸੀ। ਜਿੱਥੇ ਫੇਲ੍ਹ ਹੋ ਗਿਆ, ਝੱਟ ਹਟਾ ਲੈਣਾ ਹੈ। ਫੀਸਾਂ ਭਰਨ ਲਈ ਉਹ ਅੜਦੇ ਥੁੜਦੇ ਇਨ੍ਹਾਂ ਮਿੱਤਰਾਂ ਪਾਸੋਂ ਹੀ ਮਾਇਆ ਉਧਾਰ ਫੜਦਾ। ਜਦੋਂ ਪੜ੍ਹਾਈ ਤੋਂ ਵਿਹਲਾ ਹੁੰਦਾ, ਮੈਨੂੰ ਖੇਤੀ ਵਿਚ ਲਗਾ ਕੇ ਰੱਖਦਾ, ਜਿੱਥੇ ਸਾਡੀ ਮਾਂ ਵੀ ਸੱਤਰਵਿਆਂ ਤਕ ਉਸ ਦਾ ਹੱਥ ਵਟਾਉਂਦੀ। ਹੋਰ ਸੁਆਣੀਆਂ ਵਾਂਗ ਦੁੱਧ ਰਿੜਕਣ, ਗੋਹਾ ਕੂੜਾ ਕਰਨ ਦਾ ਕੰਮ ਨਿਬੇੜ ਕੇ 'ਹਾਜ਼ਰੀ' ਪਹੁੰਚਦੀ ਕਰਨੀ, ਘੰਟਾ ਦੋ ਘੰਟੇ ਨੱਕੇ ਛੱਡਣੇ ਜਾਂ ਫਸਲ ਵਿਚੋਂ ਕੱਖ-ਕੰਡਾ ਕੱਢਣਾ, ਫੇਰ ਦੁਪਹਿਰ ਦੀ ਰੋਟੀ ਲੈ ਕੇ ਆਉਣੀ। ਤੀਜੇ ਪਹਿਰ ਦੀ ਚਾਹ ਦਾ ਸਾਮਾਨ ਕਈ ਵਾਰੀ ਨਾਲ ਹੀ ਲੈ ਆਉਣਾ। ਭਲੇ ਵੇਲੇ ਸਨ ਜਦੋਂ ਖੂਹਾਂ ਦੇ ਰਾਹ ਰਸਤੇ ਸੁਆਣੀਆਂ ਨਾਲ ਭਰੇ ਰਹਿੰਦੇ। ਪੱਠੇ ਵੱਢਣੇ, ਛੱਲੀਆਂ ਕੱਢਣੀਆਂ, ਨਰਮਾ ਚੁਗਣਾ, ਭਰੀਆਂ ਬੰਨ੍ਹਵਾਉਣੀਆਂ; ਹਾੜ੍ਹੀ ਸਾਉਣੀ ਅਨੇਕਾਂ ਕੰਮ ਹੁੰਦੇ। ਮੇਰੇ ਲਈ ਵੀ 'ਸਕੂਲੋਂ ਘਰ ਅਤੇ ਘਰੋਂ ਸਿੱਧਾ ਖੇਤ!' ਪਹੁੰਚਣਾ ਉਸ ਦਾ ਹੁਕਮ ਸੀ। ਸਕੂਲੋਂ/ਕਾਲਜੋਂ ਆਏ ਤੋਂ ਹਰ ਰੋਜ਼ ਪੁੱਛਦਾ, ਉਸ ਦਿਨ ਮੈਨੂੰ ਕੀ ਪੜ੍ਹਾਇਆ ਗਿਆ ਸੀ; ਪੇਪਰਾਂ ਵਿਚ ਮੇਰੇ ਕਿੰਨੇ ਨੰਬਰ ਸਨ। ਗੱਲ ਕੀ, ਬਾਪੂ ਬੇਹੱਦ ਸੁਚੇਤ ਮਨੁੱਖ ਸੀ।

ਖੇਤੀ ਵਿਚ ਉਹ ਇਕੱਲਾ ਇਕਲਾਪਾ ਸੀ। ਇਕ ਤਾਂ ਸਾਡੀ ਜ਼ਮੀਨ ਮਾਰੂ। ਜਿਹੜੀ ਖਿਝੇ ਹੋਏ ਦਾਦੇ ਨੇ ਦਿੱਤੀ, ਉਸ ਵਿਚੋਂ ਸਿਰਫ ਡੇਢ ਏਕੜ; ਜਿਸ ਨੂੰ ਖੂਹ ਨਾਲ ਸਿੰਜਿਆ ਜਾ ਸਕਦਾ। ਮੇਰੀ ਅਣਖੀਲੀ ਅਤੇ ਸੁਭਾਅ ਦੀ ਕੌੜੀ ਮਾਤਾ ਨੇ ਛੋਟੇ ਰੰਡੇ ਤਾਏ ਨੂੰ 'ਰੋਟੀ' ਦੇਣੀ ਸਵੀਕਾਰ ਨਾ ਕੀਤੀ। ਹਾਲਾਂਕਿ ਜਦੋਂ ਮੇਰਾ ਪਿਤਾ ਕੁਆਰਾ ਸੀ, ਉਸ ਤਾਏ ਦੀ ਅਤਿ ਸੁਨੱਖੀ ਤੇ ਸਖੀਦਿਲ ਘਰਵਾਲੀ ਦਾ ਲਾਡਲਾ ਦਿਉਰ ਸੀ ਜਿਸ ਨੂੰ ਉਹ 'ਥਾਂ ਸਿਰ ਦਾ ਮਣਕਾ' ਸਮਝਦੀ। ਕਹਿੰਦੇ, ਭਰਜਾਈ ਉੱਤੇ ਛੋਟੇ ਦਿਉਰ ਦਾ ਤਾਏ ਨਾਲੋਂ ਵੀ ਵੱਧ ਅਧਿਕਾਰ ਸੀ। ਤਾਈ ਥੋੜ੍ਹੇ ਸਾਲਾਂ ਬਾਅਦ ਹੀ ਪਿੱਛੋਂ ਆਈ ਬਿਮਾਰੀ ਟੀ.ਬੀ. ਦੀ ਸ਼ਿਕਾਰ ਹੋ ਗਈ। ਦਾਦੀ ਮੇਰੀ ਕਈ ਸਾਲ ਪਹਿਲਾਂ ਗੁਜ਼ਰ ਚੁੱਕੀ ਸੀ। ਬਾਪੂ ਅਤੇ ਤਾਇਆ ਰਲ ਕੇ, ਇਕ ਸੀਰੀ ਰੱਖ ਕੇ ਚੰਗੀ ਖੇਤੀ ਕਰਦੇ ਰਹੇ ਸਨ। ਤਾਈ ਦੇ ਚਲਾਣੇ ਮਗਰੋਂ ਬਾਪੂ ਦਾ ਗੁਆਂਢ ਵਿਚੋਂ ਲੱਗੀ ਸਿਫਾਰਸ਼ ਨਾਲ ਵਿਆਹ ਹੋਇਆ ਪਰ ਮੇਰੇ ਦਾਦੇ ਦੇ ਸ਼ਬਦਾਂ



ਵਿਚ ਮੇਰੀ 'ਸਤੀ ਸਵਿੱਤਰੀ' ਬੀਬੀ ਨੇ ਵਿਆਹੁਲੀ ਆਉਂਦੀ ਨੇ ਹੀ ਛੋਟੇ ਤਾਏ ਨੇ ਨਾਲ ਸਾਂਝ ਪਾਉਣ ਤੋਂ ਉੱਕਾ ਇਨਕਾਰ ਕਰਦਿਆਂ ਗਰੀਬੀ ਭੋਗਣ ਨੂੰ ਤਰਜੀਹ ਦਿੱਤੀ। ਦਾਦਾ ਸੱਥ ਵਿਚ ਬੈਠਾ ਮੱਥੇ ਹੱਥ ਮਾਰਦਾ। ਤਿੱਖੀ ਪਿਆਸ ਦੇ ਸਤਾਏ ਉਹ ਛੱਪੜ ਦਾ ਪਾਣੀ ਪੀ ਬੈਠੇ ਸਨ। ਮੇਰੀ ਮਾਤਾ ਨੂੰ ਉਹ ਕਿਸੇ ਕੌੜ ਲਵੇਰੀ ਨਾਲ ਮੇਲਦਾ, 'ਘੋਤੇ ਖੁਰਾਂ ਵਾਲੀ' ਆਖਦਾ, ਜਿਸ ਨੇ ਉਸ ਦਾ ਚੰਗਾ ਭਲਾ ਚਲਦਾ ਲਾਣਾ 'ਅੰਠੀਖੰਡ' ਕਰ ਦਿੱਤਾ ਸੀ। ਸੋ ਉਹ ਆਪਣੀ ਤਿੰਨ ਹਿੱਸੇ ਜ਼ਮੀਨ ਲੈ ਕੇ ਛੜੇ ਤਾਏ ਨਾਲ ਅਲੱਗ ਹੋ ਗਿਆ। ਬਾਪੂ ਨੂੰ ਹੋਰ ਲੋਕਾਂ ਪਾਸੋਂ ਜ਼ਮੀਨ ਵਟਾਈ ਉਪਰ ਲੈ ਕੇ ਖੇਤੀ ਕਰਨੀ ਪੈਂਦੀ ਜਿਸ ਦੀ ਉਪਜ ਵਿਚੋਂ ਅੱਧੀ ਮਾਲਕ ਨੂੰ ਦੇਣੀ ਹੁੰਦੀ। ਹਰੀ ਕ੍ਰਾਂਤੀ ਹਾਲੇ ਦੂਰ ਸੀ। ਹਲਟਾਂ ਦਾ ਜ਼ਮਾਨਾ ਸੀ। ਵਾਹੇ ਸੁਹਾਗੇ ਖੇਤਾਂ ਨੂੰ ਬਲਦਾਂ ਨਾਲ ਸਿੰਜ ਕੇ, ਜਦੋਂ ਕਣਕ ਬੀਜਣ ਦਾ ਮੌਕਾ ਹੁੰਦਾ, ਬਾਪੂ ਆਪਣਾ ਸ਼ੌਕ ਪਾਲਦਾ, ਇਕੋ-ਇਕ ਸਾਲਾਨਾ ਸਮਾਗਮ ਨਾ ਛੱਡ ਸਕਦਾ, ਐਨ ਉਸ ਵੇਲੇ ਕਵੀਸ਼ਰੀ ਕਰਨ ਚਲਿਆ ਜਾਂਦਾ। ਸਾਰਿਆਂ ਤੋਂ ਅੱਗੇ ਹੋ ਕੇ ਗਾਉਣ ਕਾਰਨ ਬਾਪੂ ਦਾ ਪੇਟ ਤੇ ਛਾਤੀ ਦਰਦ ਕਰਦੀ ਜਿਸ ਨੂੰ ਉਹ 'ਤਣੇ ਚੜ੍ਹਾਂ' ਆਖਦਾ। ਬਿਮਾਰ ਹੋ ਜਾਂਦਾ। ਕਵੀਸ਼ਰੀ ਕਰਨ ਬਦਲੇ ਹੱਥ ਲੱਗੇ ਦਸ ਪੰਦਰਾਂ ਦਮੜੇ ਡਾਕਟਰ ਬੈਜਨਾਥ ਦੇ ਦੁੱਧ ਚਿੱਟੇ ਟੀਕਿਆਂ ਅਤੇ ਮਿੱਠੀਆਂ ਮਿਕਸਚਰ-ਖੁਰਾਕਾਂ ਦੀ ਭੇਟ ਚੜ੍ਹ ਜਾਂਦੇ। ਕਣਕ ਬੀਜਣ ਦੀ ਵੱਤਰ ਖੁੰਝ ਜਾਂਦੀ। ਸਾਡੇ ਬਚਪਨ ਵਿਚ ਬਾਪੂ ਦਾ ਇਹ ਸ਼ੌਕ ਬੀਬੀ ਨੂੰ ਬੇਹੱਦ ਪਸੰਦ ਸੀ। ਗੂੜ੍ਹੀ ਸਰਦੀ ਦੀ ਰੁੱਤ ਵਿਚ ਵੱਡੇ ਤੜਕੇ ਪਿਤਾ ਨੂੰ ਚਾਹ ਪਿਲਾ ਕੇ ਚਾਈਂ-ਚਾਈਂ ਖੂਹ ਜਾਂ ਘੁਲਾੜੀ ਜੋੜਨ ਲਈ ਤੋਰ ਕੇ ਉਹ ਦੁੱਧ ਰਿੜਕਦੀ, ਚੱਕੀ ਪੀਂਹਦੀ; ਉਸ ਨੂੰ ਕੋਈ ਲੋਰ ਚੜ੍ਹਦੀ। ਬਾਪੂ ਤੋਂ ਸੁਣ ਕੇ ਕੰਠ ਕੀਤਾ ਇਹ ਬੰਦ ਆਪਮੁਹਾਰੇ ਗੁਣਗੁਣਾਉਂਦੀ:

ਰੁੱਤ ਸਰਦ ਪਵੇ ਜਦ ਕੱਕਰ ਜੀ,
ਪੈਰਾਂ ਤੋਂ ਨੰਗਾ ਫੱਕਰ ਜੀ
ਲਾਵੇ ਖੇਤਾਂ ਦੇ ਵਿਚ ਚੱਕਰ ਜੀ,
ਦੋਲੇ ਦੀ ਬੁੱਕਲ ਮਾਰੀ।
ਜੱਟਾ ਤੇਰਾ ਹੁਲੀਆ ਬਦਲਿਆ ਨਾ,
ਹੋਰ ਦੁਨੀਆਂ ਬਦਲਗੀ ਸਾਰੀ।

ਮਾਮਿਆਂ ਨੂੰ ਬਾਪੂ ਦੀ ਇਸ ਦਿਲਚਸਪੀ ਉੱਤੇ ਮਾਣ ਸੀ ਪਰ ਮੇਰਾ ਨਾਨਾ ਇਸ ਨੂੰ ਘਟੀਆ ਸ਼ੁਗਲ ਸਮਝਦਾ, 'ਕਮੀਣਾਂ ਦਾ ਕਿੱਤਾ' ਆਖਦਾ। ਸੋ ਗਰੀਬੀ ਦਾ ਸਤਾਇਆ ਬਾਪੂ ਆਪਣੇ ਸ਼ੌਕ ਦੀ ਬਦਖੋਈ ਸੁਣਦਾ, ਹੋਰ ਖਿਝਦਾ ਅਤੇ ਨਾਨੇ ਨੂੰ ਅਪਸ਼ਬਦ ਬੋਲਦਾ। ਬੀਬੀ ਕਲਪਦੀ, ਤੜਫਦੀ; ਕਲੇਸ਼ ਛਿੜ ਪੈਂਦਾ। ਪਿਤਾ ਖਫਾ ਹੁੰਦਾ, ਬੀਬੀ ਦੀ ਤੁਲਨਾ ਹੋਰ ਔਰਤਾਂ ਨਾਲ ਕਰਦਾ। ਛੋਟੇ ਕੱਦ ਦੀ ਸਾਡੀ ਮਾਤਾ ਸਾਹਮਣੇ ਆਪਣੀ ਮਰ ਚੁੱਕੀ 'ਰੰਗੀਲੀ ਮਟਕੀਲੀ, ਅੰਗ ਦੀ ਪਤਲੀ, ਮੁਟਿਆਰ ਜਵਾਨ' ਭਾਬੀ ਦੇ ਨਿੱਘੇ, ਮਿਲਾਪੜੇ ਸੁਭਾਅ ਦੀ ਸਿਫਤ ਕਰਦਾ, ਮਾਤਾ ਨੂੰ ਚਿੜਾਉਂਦਾ। ਦਾਜ ਦਹੇਜ ਨਾ ਦੇਣ ਦੇ ਤਾਹਨੇ ਮਾਰਦਾ, ਓਨ੍ਹਦਾ; ਵੱਡੇ ਤਾਏ ਵੱਲ ਤੁਰ ਜਾਂਦਾ। ਫੌਜ ਵਿਚੋਂ ਪੈਨਸ਼ਨ ਆਇਆ, ਵੀਹ ਵਰ੍ਹੇ ਵੱਡਾ ਤਾਇਆ ਘਰ ਆਏ ਛੋਟੇ ਵੀਰ ਨੂੰ ਰੰਮ ਦੇ ਦੋ ਹਾੜੇ ਲਵਾ ਦਿੰਦਾ। ਰੰਗਾਂ ਵਿਚ ਹੋਇਆ ਬਾਪੂ ਆਪਣੇ ਪੈਨਸ਼ਨੀਏ ਭਰਾ ਅਤੇ ਭਾਬੀ ਸਾਹਮਣੇ ਬੀਬੀ ਦੇ ਖਾਨਦਾਨ ਨੂੰ ਅਬਾ ਤਬਾ ਬੋਲਦਾ। ਮਾਂ ਵੱਲੋਂ ਪਿਤਾ ਨੂੰ ਬੁਲਾਉਣ ਲਈ ਦੌੜਾਇਆ, ਨਿੱਕਾ ਨਿਆਣਾ ਮੈਂ ਅਜਿਹੀਆਂ ਗੱਲਾਂ ਸੁਣਦਾ, ਦੁਖੀ ਹੁੰਦਾ।

ਬਾਹਰ ਸਾਰਿਆਂ ਨੂੰ ਖਿੜੇ ਮੱਥੇ ਮਿਲਦਾ ਸਾਡਾ ਰੰਗ ਰੰਗੀਲਾ ਪਿਤਾ ਘਰ ਵੜਦਿਆਂ ਮੁਰਝਾ ਜਾਂਦਾ। ਉਹ ਲਚਕੀਲੇ ਸੁਭਾਅ ਦਾ ਸੀ, ਜਦੋਂ ਕਿ ਮਾਂ ਲਈ ਲਿਫਣਾ-ਝੁਕਣਾ ਅਸੰਭਵ ਸੀ। ਬੇਸ਼ੱਕ ਉਹ ਬੜੇ ਉੱਚੇ ਸੁੱਚੇ ਆਚਰਨ ਦੀ ਮਾਲਕ ਸੀ ਪਰ ਅਜਿਹੇ ਮੌਕੇ ਬਾਪੂ ਨੂੰ ਰਿਝਾਉਣਾ ਨਾ ਜਾਣਦੀ। ਵੱਡਾ ਹੋਇਆ, ਇਕ ਵਾਰੀ ਮੈਂ ਇਹੀ ਗੱਲ ਬੀਬੀ ਨੂੰ ਆਖ ਬੈਠਾ। ਸਾਰੀ ਉਮਰ ਪਰਿਵਾਰ ਲਈ ਲਹੂ ਮਿੱਟੀ ਇਕ ਹੁੰਦੇ ਰਹੇ ਪਿਤਾ ਵੱਲ ਹੁਣ ਤਾਂ ਕੁਝ ਨਰਮ ਵਤੀਰਾ ਅਪਨਾਵੇ ਪਰ ਮਾਤਾ ਹਵਨ ਦੀ ਅਗਨੀ ਵਾਂਗ ਭੜਕਦੀ ਬੋਲੀ; "ਮਖਿਆ, ਇਹਨੂੰ ਰਿਝਾਏ-ਵਡਿਆਏ ਬਿਨਾਂ ਹੀ ਤੁਸੀਂ ਚਾਰੇ ਭੈਣ ਭਾਈ ਅਸਮਾਨੋਂ ਡਿਗ ਪੇ ਹੋਣੇ ਐਂ? ਅਰ ਬੈਜਨਾਥ ਦੇ ਹਸਪਤਾਲ 'ਚ ਪਏ, ਇਹਦੀ ਮਰੀ ਮੁੱਕੀ ਭਾਬੋ ਦੇ ਇਸ 'ਥਾਂਉਂ ਸਿਰ ਦੇ ਮਣਕੇ' ਨੂੰ ਬਾਰੀਕ ਤਾਪ ਤੋਂ ਬਚਾਉਣ ਖਾਤਰ ਆਪਣਾ ਸਾਰਾ ਟੂੰਬ ਛੱਲਾ ਵੀ ਮੈਂ ਐਵੇਂ ਭੰਗ ਦੇ ਭਾਣੇ ਵੇਚਤਾ ਹੋਊ? ਜਦ ਮੈਂ ਤੇਰੇ ਪਿਉ ਨੂੰ ਕਦੇ ਰਿਝਾਇਆ ਵਡਿਆਇਆ ਈ ਨਹੀਂ, ਤੇਰੀ ਨਿਗ੍ਹਾ 'ਚ ਤਾਂ ਆਪਣੀ ਰਣੀ ਚਣੀ ਵੀ ਫਿਰ ਮੈਂ ਉਈਓਂ ਡਾਕਟਰ ਦੀ ਝੋਲੀ 'ਚ ਪਾ'ਤੀ ਹੋਊ? ਮੇਰਾ ਕੋਈ ਕਸੂਰ ਨੀਂ ਪੁੱਤ। ਦੋਸ਼ ਕਰਮਾਂ ਆਪਣਿਆਂ। ਨਿੱਤ ਬੋਲ ਕਬੋਲ ਬੋਲਦਾ ਬੰਦਾ ਇਕ ਨਾ ਇਕ ਦਿਨ ਸੁਣਨ ਆਲੇ ਦੇ ਮਨੋਂ ਲਹਿ ਜਾਂਦੈ, ਕਾਕਾ" ਤੇ ਮਾਂ, ਜਿਸ ਨੂੰ ਮੈਂ ਬਹੁਤ ਸਾਧਾਰਨ ਸੁਆਣੀ ਸਮਝਦਾ, ਉਸ ਨੇ ਸੁਖਮਨੀ ਸਾਹਿਬ ਵਿਚੋਂ ਦ੍ਰਿਸ਼ਟਾਂਤ ਦਿੱਤਾ; "ਆਪਨੀ ਪਰਤੀਤ ਆਪ ਹੀ ਖੋਵਹਿ..."" ਉਹ ਅੰਦਰੋਂ ਬਾਹਰੋਂ, ਕਥਨੀ ਕਰਨੀ ਪੱਖੋਂ ਇਕ ਹੋਣ ਨੂੰ 'ਰਾਜਪੂਤੀ ਸ਼ਾਨ' ਜਾਂ 'ਸਰਦਾਰੀ ਸਮਝ' ਆਖਦੀ ਜਦੋਂਕਿ ਪਿਤਾ ਦਾ ਵਿਸ਼ਵਾਸ ਕੁਝ ਇਸ ਤਰ੍ਹਾਂ ਦਾ ਸੀ:

ਤਿੰਨੇ ਵਲ ਤੋਂ ਬਾਝ ਨਾ ਚੱਲ ਸਕਦੇ
ਦੁਨੀਆਦਾਰੀ ਤੇ ਸੱਪ ਦਰਿਆ ਮੀਆਂ।

ਸੋ ਦਿਨੋ-ਦਿਨ ਇਕ ਦੂਜੇ ਲਈ ਵਰਤ ਵਿਹਾਰ ਕੁਰਖਤ ਹੁੰਦਾ ਗਿਆ। ਉਮਰ ਵਧਦੀ ਗਈ, ਆਪਸੀ ਤਕਰਾਰ ਅਤੇ ਤਲਖੀ ਵਿਚ ਹੋਰ ਕੁੜੱਤਣ ਭਰਨ ਲੱਗੀ। ਆਪੋ-ਆਪਣੀ ਥਾਂ ਦੋਵੇਂ ਬੜੇ ਲਾਇਕ ਅਤੇ ਸਦਾਚਾਰੀ ਸਨ। ਘਰ ਪਰਿਵਾਰ ਦੀ ਬਿਹਤਰੀ ਲਈ ਕੁਰਬਾਨ ਹੋਣ ਵਾਲੇ! ਕਬੀਲਦਾਰੀ ਦੀ ਗੱਡੀ ਨੂੰ ਇਕੱਠੇ ਖਿੱਚਦੇ ਪਰ ਸੁਭਾਅ ਦੇ ਟਕਰਾਅ ਕਾਰਨ ਅਕਸਰ ਭਿੜ ਪੈਂਦੇ। ਬਾਪੂ ਬਾਹਰ ਲੋਕਾਂ ਨਾਲ ਵਿਚਰਦਾ ਕਦੇ ਕਿਸੇ ਨਾਲ ਝਗੜ ਪੈਂਦਾ, ਘਰ ਆ ਕੇ ਉਹੀ ਘਟਨਾ ਮੁੜ ਚਿਤਾਰਦਾ, ਤੈਸ਼ ਵਿਚ ਆਇਆ, ਉਸ ਬੰਦੇ ਨੂੰ ਗੰਦੀਆਂ ਗਾਲਾਂ ਕੱਢਦਾ ਤਾਂ ਬੀਬੀ ਖਾਹਮਖਾਹ ਭੜਕ ਜਾਂਦੀ; "ਇੱਥੇ ਮੂੰਹ ਗੰਦਾ ਕਰਨ ਦੀ ਕੀ ਲੋੜ। ਤੇਰੇ ਘਰ ਧੀ ਨੀਂ ਹੈਗੀ?" ਸਿਸ਼ਟਾਚਾਰ ਬਾਰੇ ਅਜਿਹੀ ਸੋਚ ਰੱਖਦੀ ਮਾਂ ਉਸ ਨੂੰ ਇਉਂ ਕਰਨ ਤੋਂ ਰੋਕਣਾ ਲੋਚਦੀ, ਅਢੱਿਖ ਲੋਕਾਂ ਦਾ ਪੱਖ ਪੂਰਦੀ। ਬਾਪੂ ਕਿਸੇ ਅੰਗ ਸਾਕ ਨੂੰ ਗਾਲਾਂ ਕੱਢਦਾ, ਮਾਂ ਹੋਰ ਵੱਧ ਤੜਫਦੀ। ਉਸ ਨੂੰ ਸਿਆਸਤ ਨਹੀਂ ਸੀ ਕਰਨੀ ਆਉਂਦੀ ਜਦੋਂ ਕਿ ਬਾਪੂ ਚੁਸਤੀ ਤੋਂ ਕੰਮ ਲੈਂਦਾ, ਮੌਕੇ ਦੀ ਨਜ਼ਾਕਤ ਨੂੰ ਸਮਝਦਾ, ਖੂਹ ਖੇਤ ਕਿਸੇ ਨਾਲ ਖਹਿਬੜ ਤਾਂ ਪੈਂਦਾ ਪਰ ਹੱਥੋਪਾਈ ਹੋਣ ਤੋਂ ਸੰਕੋਚ ਕਰਦਾ। ਘਰ ਆ ਕੇ ਗੁੱਸਾ ਲਾਹੁਣਾ ਚਾਹੁੰਦਾ। ਜਦੋਂ ਅਸੀਂ ਭੈਣ ਭਰਾ ਵੱਡੇ ਹੋ ਕੇ ਮਾਪਿਆਂ ਨੂੰ ਸ਼ਾਂਤ ਰਹਿਣ ਦੀ ਅਪੀਲ ਕਰਦੇ, ਭਖੀ ਹੋਈ ਬੀਬੀ ਆਪਣਾ ਪੈਂਤੜਾ ਨਾ ਬਦਲਦੀ। ਉਹ ਕਿਸੇ ਕਹਾਵਤ ਵਿਚਲੀ ਪਤਨੀ ਵਾਲਾ ਚਰਿੱਤਰ ਕਰਨਾ ਬਿਲਕੁਲ ਨਾ ਜਾਣਦੀ ਜਿਸ ਨੂੰ ਉਸ ਦੇ ਪਤੀ ਨੇ ਸੜਕ ਦੇ ਵਿਚਕਾਰ ਖੜੋਤੇ ਗਧੇ ਨੂੰ ਦੇਖ ਕੇ ਟਿੱਚਰ ਕੀਤੀ ਸੀ: "ਮਖਿਆ, ਹੌਲੀ ਤੁਰ। ਸਾਹਮਣੇ ਰਾਹ 'ਚ ਆ ਖੜ੍ਹੇ ਆਪਣੇ ਸਕੇ ਸੋਧਰੇ ਵੀਰੇ ਨੂੰ ਤਾਂ ਲੰਘ ਜਾਣ ਦੇ।" ਜ਼ਨਾਨੀ ਕੁਝ ਦੇਰ ਚੁੱਪ ਰਹੀ। ਫੇਰ ਮੁਸਕਰਾਉਂਦਿਆਂ ਬੋਲੀ: "ਉਹ ਥੋੜਾ ਲਾਡਲਾ ਸਾਲਾ ਮੈਨੂੰ ਕੁਛ ਨੀਂ ਕਹਿੰਦਾ। ਤੁਸੀਂ ਅੱਗੇ ਤਾਂ ਹੋਵੋ। ਦੇਖੋ ਬੇਚਾਰਾ ਆਪਣੇ ਸਕੇ ਜੀਜਾ ਜੀ ਨੂੰ ਸਲਾਮੀ ਪਾਉਣ ਖਾਤਰ ਕਿੰਨੇ ਚਾਅ ਨਾਲ ਉਡੀਕਦੈ।" ਜੇ ਕਿਤੇ ਮੇਰੀ ਮਾਤਾ ਨੂੰ ਧੁਰ ਦਰਗਾਹੋਂ ਅਜਿਹੀ ਸਿੱਖ ਮੱਤ ਮਿਲੀ ਹੁੰਦੀ ਤਾਂ ਉਨ੍ਹਾਂ ਦੀ ਜ਼ਿੰਦਗੀ ਨਿਰਾ ਸਵਰਗ ਸਾਬਤ ਹੁੰਦੀ, ਦੁਖਾਂਤ ਵਿਚ ਨਾ ਬਦਲਦੀ। ਸਾਡੀ ਬਹੁਤ ਪਿਆਰੀ ਮਾਂ ਨੂੰ ਇਹ ਨਹੀਂ ਸੀ ਪਤਾ ਕਿ ਘਰ ਕਿਸੇ ਬੰਦੇ ਲਈ ਇਕੱਲਾ ਰੈਣ ਬਸੇਰਾ ਹੀ ਨਹੀਂ ਸਗੋਂ ਭਾਵੁਕ ਆਸਰਾ ਵੀ ਹੁੰਦਾ; ਜਿੱਥੇ ਪਤਨੀ ਅਤੇ ਬੱਚਿਆਂ ਵੱਲੋਂ ਮੁਖੀ ਦੇ ਹਰ ਕਾਰਨਾਮੇ ਨੂੰ ਸਲਾਹੁੰਦਿਆਂ ਇਕ ਆਵਾਜ਼ੇ 'ਸ਼ਾਬਾਸ਼' ਵੀ ਦੇਣੀ ਬਣਦੀ। ਬਾਹਰ ਲੋਕਾਂ ਨਾਲ ਅਤਿ ਮਿੱਠਾ ਬੋਲਦੇ ਪਿਤਾ ਨੂੰ ਅਸੀਂ ਘਰ ਵਿਚ ਮਾਤਾ ਉੱਤੇ ਹੱਥ ਚੁੱਕਦਿਆਂ ਦੇਖ ਕੇ ਅਤੇ ਗਾਲਾਂ ਕੱਢਦਿਆਂ ਸੁਣ ਕੇ ਸਮਝਾਉਂਦੇ, ਅਚਿੰਤੇ ਹੀ ਮਾਂ ਦਾ ਪੱਖ ਪੂਰ ਜਾਂਦੇ। ਲਗਾਤਾਰ ਤੀਹ ਵਰ੍ਹਿਆਂ ਤਕ ਨਿੱਤ ਆਪਣੀ ਜੀਵਨ ਸਾਥਣ ਵੱਲੋਂ ਨਾਂਹਪੱਖੀ ਵਤੀਰਾ ਬਰਦਾਸ਼ਤ ਕਰਦਾ ਅਤਿ ਭਾਵੁਕ ਪਿਤਾ ਆਖਰ ਧੁਰ ਅੰਦਰੋਂ ਤਿਲ ਤਿਲ ਕਰ ਕੇ ਟੁੱਟਦਾ ਲੜਖੜਾ ਗਿਆ। ਉਸ ਨੂੰ ਸਾਰੀ ਜ਼ਿੰਦਗੀ ਫਜ਼ੂਲ ਦਾ ਖਲਜਗਣ ਜਾਪਣ ਲੱਗੀ। ਬੇਅਰਥ ਦਾ ਵਧਾਂਤ। ਨਿਰਾ ਨਰਕ। ਕਿੰਨੇ ਉਧਾਰ ਸੁਧਾਰ ਚੁੱਕ ਕੇ ਗਰੀਬੀ ਪਹਿਰੇ ਹੱਥੀਂ ਖਰੀਦਿਆ, ਬਾਅਦ ਵਿਚ ਆਪਣੇ ਖੂਨ ਪਸੀਨੇ ਦੀ ਕਮਾਈ ਨਾਲ ਪੱਕਾ ਛੱਤਿਆ ਖੁੱਲ੍ਹਾ ਡੁੱਲ੍ਹਾ ਮਕਾਨ ਜੋ ਕਦੇ ਉਸ ਨੂੰ 'ਕਿਲ੍ਹੇ' ਵਰਗਾ ਜਾਪਦਾ, ਹੁਣ 'ਜੇਲ੍ਹਖਾਨਾ' ਦਿਖਾਈ ਦਿੰਦਾ।

ਇਸ ਤਣਾਅ ਵਿਚ ਕਦੇ ਸੁੱਖਦਾਇਕ ਮੌਕੇ ਵੀ ਆਉਂਦੇ ਰਹੇ। ਮੇਰੇ ਸਿਰੜੀ ਮਾਪੇ ਆਪਣੀ ਕਬੀਲਦਾਰੀ ਨੂੰ ਅੱਗੇ ਤੋਰਨ ਲਈ ਮੋਢੇ ਨਾਲ ਮੋਢਾ ਜੋੜ ਕੇ ਮੁਸ਼ੱਕਤ ਕਰਦੇ। ਬਾਪੂ ਨੂੰ ਉਧਾਰ ਲਿਆ ਪੈਸਾ ਅਤੇ ਸਿਰ ਚੜ੍ਹਿਆ ਕਰਜ਼ਾ ਮੋੜਨ ਦੀ ਚਿੰਤਾ ਸਦਾ ਸਤਾਉਂਦੀ। ਘਰੇਲੂ ਲੋੜਾਂ ਪੂਰਨ ਵਾਸਤੇ ਕਈ ਵਾਰ ਉੱਚੀ ਵਿਆਜ ਦਰ ਉੱਤੇ ਕੁਝ ਰਕਮ ਕਿਸੇ ਪੈਂਡੂ ਫੌਜੀ ਜਾਂ ਖੰਨੇ ਦੇ ਆੜ੍ਹਤੀਏ ਤੋਂ ਲੈਣੀ ਪੈਂਦੀ। ਬਾਪੂ ਦੀ ਨੀਂਦ ਹਰਾਮ ਹੋ ਜਾਂਦੀ:

ਦੇਣਾ ਭਲਾ ਨਾ ਬਾਪ ਦਾ,
ਬੇਟੀ ਭਲੀ ਨਾ ਇਕ।
ਤੁਰਨਾ ਭਲਾ ਨਾ ਕੋਸ ਦਾ,
ਮੇਰਾ ਸਤਿਗੁਰ ਰੱਖੇ ਟੇਕ।

ਬਾਪੂ ਹਾੜ੍ਹੀ ਸਾਉਣੀ ਆਈ ਤੋਂ ਘੱਟ ਤੋਂ ਘੱਟ ਦਾਣੇ ਜਾਂ ਮਿੱਠਾ ਘਰ ਦੀ ਵਰਤੋਂ ਵਾਸਤੇ ਰੱਖ ਕੇ ਵੱਧ ਤੋਂ ਵੱਧ ਫਸਲ ਮੰਡੀ ਵਿਚ ਵੇਚ ਕੇ ਕਰਜ਼ੇ ਤੋਂ ਖਹਿੜਾ ਛੁਡਾਉਣ ਨੂੰ ਤਰਜੀਹ ਦਿੰਦਾ; ਜਦੋਂ ਕਿ ਸਾਡੀ ਬੀਬੀ ਗੁਆਂਢ ਵਿਚੋਂ ਕਿਸੇ ਦੇ ਘਰ ਭਰੇ ਰਹਿੰਦੇ 'ਗੁੜ ਸ਼ੱਕਰ ਦੇ ਕੜਾਹੇ' ਅਤੇ

(ਬਾਕੀ ਅਗਲੇ ਸਫੇ 'ਤੇ)

# ਪਿੱਪਲ ਜਾਂ ਬੋਹੜ ਦੇ ਰੁੱਖ ਰਾਤ ਨੂੰ ਆਕਸੀਜਨ ਨਹੀਂ ਛੱਡਦੇ

ਨਵੀਂ ਤਕਨਾਲੋਜੀ ਨੇ ਆਮ ਲੋਕਾਂ ਨੂੰ ਜਾਣਕਾਰੀ ਦਾ ਨਵਾਂ ਸਰੋਤ ਇੰਟਰਨੈਟ ਦੇ ਦਿੱਤਾ ਹੈ। ਇਸ ਵਿਚ ਬਹੁਤ ਸਾਰੀ ਲਾਭਦਾਇਕ ਜਾਣਕਾਰੀ ਬੜੇ ਸੌਖੇ ਤਰੀਕੇ ਮਿਲ ਜਾਂਦੀ ਹੈ, ਪਰ ਜ਼ਰੂਰੀ ਨਹੀਂ ਕਿ ਜੋ ਸਰੋਤ ਤੁਸੀਂ ਵੇਖ ਰਹੇ ਹੋ, ਉਹ ਬਿਲਕੁਲ ਸਹੀ ਹੋਵੇ। ਪਹਿਲਾਂ ਆਪਣੀ ਗੱਲ ਦੀ ਪ੍ਰੋੜਤਾ ਕਰਨ ਲਈ ਲੋਕ ਕਹਿ ਦਿੰਦੇ ਸਨ ਕਿ "ਇਹ ਬਿਲਕੁਲ ਸੱਚ ਹੈ, ਕਿਉਂਕਿ ਇਹ ਮੈਂ ਇਸ ਜਾਂ ਉਸ ਕਿਤਾਬ ਵਿਚ ਪੜ੍ਹੀ ਹੈ।" ਪਰ ਆਮ ਲੋਕਾਂ ਨੂੰ ਹੌਲੀ ਹੌਲੀ ਪਤਾ ਲੱਗਾ ਕਿ



**ਡਾ. ਬਲਜਿੰਦਰ ਸਿੰਘ ਸੇਖੋਂ**
ਫੋਨ: 905-871-1197

ਜ਼ਰੂਰੀ ਨਹੀਂ ਕਿ ਹਰ ਗੱਲ ਜੋ ਕਿਸੇ ਕਿਤਾਬ ਵਿਚ ਲਿਖੀ ਹੈ, ਉਹ ਸਹੀ ਹੋਵੇ। ਬਹੁਤ ਸਾਰੇ ਲੇਖਕ ਸੁਣੀ-ਸੁਣਾਈ ਗੱਲ ਨੂੰ ਬਿਨਾ ਕਿਸੇ ਪੜਤਾਲ ਦੇ ਲਿਖ ਜਾਂਦੇ ਹਨ, ਪਰ ਅਸਲ ਵਿਚ ਉਹ ਝੂਠੀ ਜਾਂ ਨਿਰਆਧਾਰ ਹੁੰਦੀ ਹੈ। ਲਿਖਤਾਂ ਵਿਚ ਤਾਂ ਜਿੰਨ, ਭੂਤ, ਪ੍ਰੇਤ, ਛਲੇਡਿਆਂ ਦਾ ਵੀ ਵਿਸਥਾਰ ਮਿਲਦਾ ਹੈ, ਪਰ ਹੈ ਉਹ ਸਰਾਸਰ ਝੂਠਾ। ਕਿੰਨੀਆਂ ਹੀ ਲਿਖਤਾਂ ਵਿਚ ਸਰੀਰ ਵਿਚਲੀ ਆਤਮਾ ਬਾਰੇ ਲਿਖਿਆ ਗਿਆ ਹੈ, ਪਰ ਸਾਇੰਸਦਾਨਾਂ ਨੂੰ ਇਸ ਦਾ ਕੋਈ ਸਬੂਤ ਨਹੀਂ ਮਿਲਿਆ। ਇਹ ਲਿਖਤ ਵੀ ਮਿਲਦੀ ਹੈ ਕਿ ਰੂਸ ਵਿਚ ਸਾਇੰਸਦਾਨਾਂ ਨੇ ਕਿਸੇ ਮਰ ਰਹੇ ਵਿਅਕਤੀ ਨੂੰ ਸ਼ੀਸ਼ੇ ਦੇ ਸੀਲ ਬੰਦ ਬਕਸੇ ਵਿਚ ਰੱਖ ਦਿੱਤਾ ਅਤੇ ਉਸ ਦੀ ਜਦ ਮੌਤ ਹੋਈ, ਸ਼ੀਸ਼ੇ ਵਿਚ ਤਰੇੜ ਪੈ ਗਈ, ਜੋ ਸਾਬਤ ਕਰਦੀ ਹੈ ਕਿ ਮਰਨ ਵੇਲੇ ਰੂਹ (ਆਤਮਾ) ਉਸ ਦਾ ਸਰੀਰ ਛੱਡ ਕੇ ਜਾ ਰਹੀ ਸੀ ਤਾਂ ਹੀ ਸ਼ੀਸ਼ਾ ਟੁੱਟਿਆ। ਕੁਝ ਨੇ ਤਾਂ ਆਤਮਾ ਦਾ ਭਾਰ ਵੀ ਤੋਲ ਲਿਆ, ਮਰਨ ਤੋਂ ਪਹਿਲਾਂ ਤੇ ਮਰਨ ਪਿਛੋਂ ਭਾਰ ਨੂੰ ਅੰਕਿਤ ਕਰਕੇ, ਪਰ ਸਾਇੰਸਦਾਨਾਂ ਮੁਤਾਬਿਕ ਇਸ ਤੋਲਣ ਦੀ ਵਿਧੀ 'ਚ ਕਈ ਖਾਮੀਆਂ ਸਨ। ਸਾਇੰਸਦਾਨਾਂ ਦੀ ਬਹੁਤ ਡੂੰਘੀ ਖੋਜ ਦੇ ਬਾਵਜੂਦ, ਉਨ੍ਹਾਂ ਨੂੰ ਸਰੀਰ 'ਚ ਆਤਮਾ ਨਾਂ ਦੀ ਕੋਈ ਚੀਜ਼ ਨਹੀਂ ਮਿਲੀ।

ਪੰਜਾਬੀਆਂ, ਭਾਰਤੀਆਂ ਵਿਚ ਇਹ ਚਰਚਾ ਕਈ ਵਾਰ ਚੱਲੀ ਹੈ ਕਿ ਸਾਡੇ ਸਭਿਆਚਾਰ ਵਿਚ ਪਵਿੱਤਰ ਮੰਨੇ ਜਾਂਦੇ ਪਿੱਪਲ ਅਤੇ ਬੋਹੜ ਇਸ ਲਈ ਪੂਜੇ ਜਾਂਦੇ ਰਹੇ, ਕਿਉਂਕਿ ਹੋਰ ਚੰਗੇ ਗੁਣਾ ਤੋਂ ਇਲਾਵਾ ਇਹ ਦੂਸਰੇ ਬੂਟਿਆਂ ਦੇ ਉਲਟ, ਦਿਨ ਨੂੰ ਹੀ ਨਹੀਂ ਸਗੋਂ ਰਾਤ ਨੂੰ ਵੀ ਆਕਸੀਜਨ ਛੱਡਦੇ ਹਨ। ਇਸ ਗੱਲ ਦੀ ਪ੍ਰੋੜਤਾ ਵਿਚ ਉਹ ਕੁਝ ਬੂਟਿਆਂ ਵਿਚ ਖਾਸ ਕਿਸਮ ਦੀ ਪ੍ਰਕਾਸ਼ ਸੰਸਲੇਸ਼ਣ ਕਿਰਿਆ, ਕੈਮ (ਕਰੈਸੂਲੇਸੀਅਨ ਐਸਿਡ ਮੈਟਾਬੋਲਿਜ਼ਮ) ਦਾ ਹਵਾਲਾ ਦਿੰਦੇ ਹਨ, ਜੋ ਉਨ੍ਹਾਂ ਮੁਤਾਬਿਕ ਪਿੱਪਲ ਅਤੇ ਬੋਹੜ ਦੇ ਰੁੱਖ ਵਿਚ ਵੀ ਹੁੰਦੀ ਹੈ। ਇਸ ਤਰ੍ਹਾਂ ਦੀਆਂ ਲਿਖਤਾਂ ਇੰਟਰਨੈੱਟ 'ਤੇ ਮਿਲਦੀਆਂ ਹਨ ਅਤੇ ਰੇਡੀਓ, ਟੈਲੀਵਿਜ਼ਨਾਂ ਦੇ ਪ੍ਰੋਗਰਾਮਾਂ ਵਿਚ ਵੀ ਚਰਚਾ ਦਾ ਵਿਸ਼ਾ ਬਣਦੀਆਂ ਹਨ।

ਜੇ ਇੰਟਰਨੈੱਟ 'ਤੇ ਜਾਣਕਾਰੀ ਦੇ ਸਰੋਤ, ਗੂਗਲ 'ਬਾਬਾ' ਦੀ ਗੱਲ ਹੀ ਕਰਨੀ ਹੈ ਤਾਂ ਇਸ ਵਿਚ ਵੀ ਦੋ ਕਿਸਮਾਂ ਹਨ-ਇੱਕ ਆਮ ਗੂਗਲ ਅਤੇ ਇੱਕ ਗੂਗਲ ਸਕਾਲਰ। ਆਮ ਗੂਗਲ ਵਿਚ ਜੋ ਵੀ ਲੋਕ ਲਿਖ ਦਿੰਦੇ ਹਨ, ਸ਼ਾਮਿਲ ਹੈ; ਪਰ ਗੂਗਲ ਸਕਾਲਰ ਵਿਚ ਸਿਰਫ ਜੋ ਲਿਖਤਾਂ ਸਹੀ ਸਾਇੰਸ ਦੇ ਰਸਾਲਿਆਂ ਵਿਚ ਛਪੀਆਂ ਹਨ, ਉਹ ਹੀ ਸ਼ਾਮਿਲ ਕੀਤੀਆਂ ਜਾਂਦੀਆਂ ਹਨ। ਪਿੱਪਲ ਜਾਂ ਬੋਹੜ ਦੇ ਇਸ ਜਾਦੂਈ ਗੁਣ ਬਾਰੇ ਆਮ ਗੂਗਲ ਵਿਚ ਲਿਖਤਾਂ ਹਨ, ਪਰ ਗੂਗਲ ਸਕਾਲਰ ਵਿਚ ਇਸ ਬਾਰੇ ਕੁਝ ਵੀ ਲਿਖਿਆ ਨਹੀਂ ਮਿਲਦਾ।

ਸਾਇੰਸ ਵਿਚਲੀ ਜਾਣਕਾਰੀ ਮੁਤਾਬਿਕ ਇਹ ਠੀਕ ਹੈ ਕਿ ਬੂਟਿਆਂ ਵਿਚ ਪ੍ਰਕਾਸ਼ ਸੰਸਲੇਸ਼ਨ (ਫੋਟੋਸਿੰਸਥੇਸਿਸ), ਜਿਸ ਵਿਚ ਕਾਰਬਨ ਡਾਇਆਕਸਾਈਡ ਅਤੇ ਪਾਣੀ ਤੋਂ ਗੁਲੂਕੋਜ਼ ਬਣਦੀ ਹੈ, ਦੀਆਂ ਤਿੰਨ ਕਿਸਮਾਂ ਹਨ-ਸੀ 3, ਸੀ 4 ਅਤੇ ਕੈਮ। ਆਮ ਬੂਟਿਆਂ (85%) ਵਿਚ ਸਾਰੀ ਦੀ ਸਾਰੀ ਕਿਰਿਆ ਰੌਸ਼ਨੀ ਵਿਚ ਹੁੰਦੀ ਹੈ, ਇਸ ਨੂੰ ਸੀ 3 (ਕਾਰਬਨ 3) ਫੋਟੋਸਿੰਸਥੇਸਿਸ ਕਿਹਾ ਜਾਂਦਾ ਹੈ, ਕਿਉਂਕਿ ਇਸ ਵਿਚ ਕਾਰਬਨ ਡਾਇਆਕਸਾਈਡ, ਜਿਸ ਵਿਚ ਇੱਕ ਕਾਰਬਨ ਹੁੰਦਾ ਹੈ, ਤੋਂ ਪਹਿਲੇ ਪਹਿਲ, ਤਿੰਨ ਕਾਰਬਨ ਵਾਲਾ ਰਸਾਇਣ (ਫੌਸਫੋਗਲਾਇਸੀਰਿਕ ਐਸਡ) ਬਣਦਾ ਹੈ। ਇਸ ਵਿਚ ਕਮੀ ਇਹ ਹੈ ਕਿ ਬਹੁਤ ਸਾਰੀ ਤਾਕਤ ਉਹੀ ਰਸਾਇਣ (ਰੁਬਿਸਕੋ), ਜੋ ਕਾਰਬਨ ਡਾਇਆਕਸਾਈਡ ਤੋਂ ਗੁਲੂਕੋਜ਼ ਬਣਾਉਂਦਾ ਹੈ, ਕਾਰਬਨ ਡਾਇਆਕਸਾਈਡ ਦੀ ਥਾਂ ਆਕਸੀਜਨ ਵਰਤ ਕੇ ਅਜਾਈਂ ਗੁਆ ਦਿੰਦਾ ਹੈ। ਇਹ ਫਜ਼ੂਲ ਦੀ ਕਿਰਿਆ ਉਸ ਸਮੇਂ ਹੁੰਦੀ ਹੈ, ਜਦ ਪੱਤੇ ਵਿਚ ਕਾਰਬਨ ਡਾਇਆਕਸਾਈਡ ਦੀ ਥਾਂ ਆਕਸੀਜਨ



ਦੀ ਮਾਤਰਾ ਵੱਧ ਜਾਂਦੀ ਹੈ। ਪ੍ਰਕਾਸ਼ ਸੰਸਲੇਸ਼ਣ ਵੇਲੇ ਆਕਸੀਜਨ ਦੀ ਮਾਤਰਾ ਤਾਂ ਵਧਣੀ ਹੋਈ, ਕਿਉਂਕਿ ਇਹ ਇਸ ਕਿਰਿਆ ਵਿਚ ਬਣ ਰਹੀ ਹੈ। ਸਾਲ 2016 ਵਿਚ ਛਪੇ ਇਕ ਖੋਜ ਪੱਤਰ ਅਨੁਸਾਰ ਅਮਰੀਕਾ ਵਿਚ ਇਸ ਕਿਰਿਆ (ਫੋਟੋਰੈਸਪੀਰੇਸ਼ਨ) ਨਾਲ ਸੋਇਆਬੀਨ ਅਤੇ ਕਣਕ ਦਾ ਝਾੜ ਕ੍ਰਮਵਾਰ 36% ਅਤੇ 20% ਘਟ ਜਾਂਦਾ ਹੈ। ਇਹ ਘਾਟਾ ਜੇ ਸਾਰੀਆਂ ਫਸਲਾਂ ਦਾ ਜੋੜ ਲਿਆ ਜਾਵੇ ਤਾਂ ਖਰਬਾਂ-ਖਰਬਾਂ ਡਾਲਰ ਦਾ ਬਣ ਜਾਂਦਾ ਹੈ। ਸਾਇੰਸਦਾਨ ਇਸ ਗੱਲ 'ਤੇ ਵੀ ਬਹਿਸ ਕਰਦੇ ਰਹਿੰਦੇ ਹਨ ਕਿ ਇਹ ਰੁਬਿਸਕੋ ਜੀਵ ਵਿਕਾਸ (ਐਵੋਲਿਊਸ਼ਨ) ਦੌਰਾਨ ਅਪਣਾ ਸਥਾਨ ਕਾਇਮ ਕਿਸ ਤਰ੍ਹਾਂ ਰੱਖ ਸਕਿਆ ਅਤੇ ਰੱਖ ਰਿਹਾ ਹੈ, ਜਦ ਕਿ ਇਸ ਵਿਚ ਇਹ ਐਡੀ ਵੱਡੀ ਕਮੀ ਹੈ। ਸ਼ਾਇਦ ਜੀਵ ਵਿਕਾਸ ਦੌਰਾਨ ਇਸ ਤੋਂ ਚੰਗਾ ਬਦਲ ਬੂਟਿਆਂ ਵਿਚ ਨਾ ਆਇਆ ਜਾਂ ਕਾਇਮ ਰਹਿ ਸਕਿਆ। ਇਸ ਵੱਡੇ ਫਜ਼ੂਲ ਘਾਟੇ ਤੋਂ ਬਚਣ ਲਈ ਜੀਵਾਂ ਦੇ ਵਿਕਾਸ ਦੌਰਾਨ, ਕੁਝ ਕੁ ਬੂਟਿਆਂ ਵਿਚ, ਦੂਸਰੀਆਂ ਦੋ ਕਿਰਿਆਵਾਂ ਹੋਂਦ ਵਿਚ ਆਈਆਂ, ਜਿਨ੍ਹਾਂ ਵਿਚ ਕਾਰਬਨ ਡਾਇਆਕਸਾਈਡ ਨੂੰ ਪੱਤਿਆਂ ਵਿਚ ਲੈਣ ਅਤੇ ਆਕਸੀਜਨ ਬਣਨ ਦੀਆਂ ਕਿਰਿਆਵਾਂ ਨੂੰ ਵੱਖ ਵੱਖ ਸਮੇਂ ਜਾਂ ਵੱਖ ਵੱਖ ਥਾਂ 'ਤੇ ਕਰ ਲਿਆ ਗਿਆ।

ਸੀ 4 ਫੋਟੋਸਿੰਸਥੇਸਿਸ ਵਿਚ ਬੂਟੇ ਕਾਰਬਨ ਡਾਇਆਕਸਾਈਡ ਨੂੰ ਪਹਿਲਾਂ ਪੱਤੇ ਦੇ ਖਾਸ ਸੈੱਲਾਂ (ਬੰਡਲ ਸ਼ੀਥ) ਵਿਚ ਲੈ ਕੇ ਉਸ ਦਾ 4 ਕਾਰਬਨ ਦਾ ਰਸਾਇਣ, ਮੈਲਿਕ ਐਸਿਡ, ਬਣਾ ਲੈਂਦੇ ਹਨ ਅਤੇ ਬਾਅਦ ਵਿਚ ਮੈਲਿਕ ਐਸਡ ਨੂੰ ਹੋਰ ਕਿਸਮ ਦੇ ਸੈੱਲਾਂ (ਮੀਜ਼ੋਫਿਲ) ਵਿਚ ਲਿਜਾ ਕੇ ਗੁਲੂਕੋਜ਼ ਬਣਾ ਲਈ ਜਾਂਦੀ ਹੈ। ਇਸ ਕਿਸਮ ਦੀ ਫੋਟੋਸਿੰਸਥੇਸਿਸ ਮੱਕੀ, ਗੰਨੇ, ਜੁਆਰ, ਬਾਜਰਾ ਆਦਿ ਵਿਚ ਹੁੰਦੀ ਹੈ। ਇਹ ਦੋਨੋ ਕਿਰਿਆਵਾਂ ਸਿਰਫ ਰੌਸ਼ਨੀ 'ਚ ਹੀ ਹੁੰਦੀਆਂ ਹਨ।

ਕੈਮ (ਕਰੈਸੂਲੇਸੀਅਨ ਐਸਿਡ ਮੈਟਾਬੋਲਿਜ਼ਮ) ਬਹੁਤ ਗਰਮੀ ਅਤੇ ਸੋਕੇ (ਮਾਰੂਥਲ) ਵਿਚ ਉੱਗਣ ਵਾਲੇ ਬੂਟਿਆਂ ਵਿਚ ਸ਼ੁਰੂ ਹੋਈ। ਇਹ ਬੂਟੇ ਦਿਨ ਵੇਲੇ ਪ੍ਰਕਾਸ਼ ਸੰਸਲੇਸ਼ਣ ਲਈ ਕਾਰਬਨ ਡਾਇਆਕਸਾਈਡ ਲੈਣ ਜਾਂ ਆਕਸੀਜਨ ਛੱਡਣ ਲਈ ਆਪਣੇ ਪੱਤਿਆਂ ਦੇ ਸੁਰਾਖ (ਸਟੋਮੈਟਾ) ਖੋਲ੍ਹਦੇ ਹੀ ਨਹੀਂ, ਇਸ ਤਰ੍ਹਾਂ ਕਰਨ ਨਾਲ ਇਹ ਦੁਰਲੱਭ ਪਾਣੀ ਅਜਾਈਂ ਗੁਆਉਣ ਤੋਂ ਬਚੇ ਰਹਿੰਦੇ ਹਨ। ਇਹ ਰਾਤ ਨੂੰ ਸੁਰਾਖ ਖੋਲ੍ਹ ਕੇ ਅਪਣੇ ਅੰਦਰ ਕਾਰਬਨ ਡਾਇਆਕਸਾਈਡ ਭਰ ਲੈਂਦੇ ਹਨ, ਜਿਸ ਨੂੰ ਉਹ ਇੱਕ ਤੇਜ਼ਾਬ (ਮੈਲਿਕ ਐਸਿਡ) ਬਣਾ ਕੇ ਜਮ੍ਹਾਂ ਕਰ ਲੈਂਦੇ ਹਨ। ਦਿਨ ਵੇਲੇ ਇਹੀ ਤੇਜ਼ਾਬ ਟੁੱਟ ਕੇ ਕਾਰਬਨ ਡਾਇਆਕਸਾਈਡ ਬਣਾ ਦਿੰਦਾ ਹੈ ਅਤੇ ਬੂਟੇ ਬਿਨਾ ਆਪਣੇ ਸੁਰਾਖ ਖੋਲ੍ਹੇ ਇਸ ਤੋਂ ਗੁਲੂਕੋਜ਼ ਬਣਾ ਲੈਂਦੇ ਹਨ। ਦਿਨ ਵੇਲੇ ਦੀ ਪ੍ਰਕਾਸ਼ ਸੰਸਲੇਸ਼ਣ ਕਿਰਿਆ ਵਿਚ ਇਹ ਆਕਸੀਜਨ ਬਣਾਉਂਦੇ ਹਨ, ਜੋ ਆਮ ਕਰਕੇ ਦਿਨ ਵੇਲੇ ਹੀ ਹੌਲੀ ਹੌਲੀ ਖਾਰਜ ਹੁੰਦੀ ਰਹਿੰਦੀ ਹੈ ਅਤੇ ਬਾਕੀ ਹਨੇਰਾ ਪੈਣ 'ਤੇ ਪੱਤਿਆਂ ਦੇ ਸੁਰਾਖ ਖੁਲ੍ਹਣ ਤੇ ਬਾਹਰ ਨਿਕਲ ਜਾਂਦੀ ਹੈ। ਸੋ ਇਹ ਬੂਟੇ ਵੀ ਰਾਤ ਨੂੰ ਕਾਰਬਨ ਡਾਇਆਕਸਾਈਡ ਤਾਂ ਲੈਂਦੇ ਹਨ, ਪਰ ਸਾਰੀ ਰਾਤ ਆਕਸੀਜਨ ਬਣਾਉਂਦੇ ਜਾਂ ਛੱਡਦੇ ਨਹੀਂ। ਕੈਮ ਪ੍ਰਕਾਸ਼ ਸੰਸਲੇਸ਼ਣ, ਥੋਹਰਾਂ, ਮੋਟੇ ਪੱਤਿਆਂ ਵਾਲੇ ਬੂਟਿਆਂ (ਸਟੋਨਕਰੌਪ), ਅਨਾਨਾਸ (ਪਾਈਨਐਪਲ), ਕੁਝ ਵੇਲਾਂ ਅਤੇ ਅਰਿੰਡ ਆਦਿ ਵਿਚ ਹੁੰਦੀ ਹੈ। ਪਿੱਪਲ ਅਤੇ ਬੋਹੜ ਇਸ ਸ਼੍ਰੇਣੀ ਵਿਚ ਨਹੀਂ ਆਉਂਦੇ।

ਸੋ ਪਹਿਲੀ ਗੱਲ ਤਾਂ ਇਹ ਕਿ ਕੈਮ ਵਿਚ ਵੀ ਕੋਈ ਬੂਟਾ ਰਾਤ ਵੇਲੇ ਆਕਸੀਜਨ ਬਣਾਉਂਦਾ ਜਾਂ ਛੱਡਦਾ ਨਹੀਂ ਅਤੇ ਦੂਸਰੇ ਪਿੱਪਲ ਜਾਂ ਬੋਹੜ ਨੂੰ ਇਹ ਕਹਿ ਕੇ ਕਿ ਇਹ ਕੈਮ ਕਿਸਮ ਦੀ ਪ੍ਰਕਾਸ਼ ਸੰਸਲੇਸ਼ਣ ਕਿਰਿਆ ਰਾਹੀਂ ਰਾਤ ਨੂੰ ਆਕਸੀਜਨ ਛੱਡਦੇ ਹਨ ਤਾਂ ਬਿਲਕੁਲ ਹੀ ਤੱਥਹੀਣ ਹੈ, ਕਿਉਂਕਿ ਇਹ ਸੀ 3 ਕਿਸਮ ਦੀ ਪ੍ਰਕਾਸ਼ ਸੰਸਲੇਸ਼ਣ ਹੀ ਕਰਦੇ ਹਨ। ਇਹ ਗੱਲ ਵਾਰ ਵਾਰ ਬਿਨਾ ਕਿਸੇ ਠੋਸ ਸਬੂਤ ਦੇ ਦੁਹਰਾਈ ਜਾਂਦੀ ਹੈ। ਇਹ ਉਸੇ ਲੜੀ ਦੀ ਇੱਕ ਤੱਥ ਹੀਣ ਗੱਲ ਹੈ, ਜਿਸ ਵਿਚ ਭਾਰਤ ਵਿਚ ਭਾਜਪਾ ਸਰਕਾਰ ਆਉਣ ਬਾਅਦ ਕਈ ਗੱਲਾਂ ਨੂੰ ਬਿਨਾ ਕਿਸੇ ਸਬੂਤ ਦੇ ਧਾਰਮਿਕ ਪੱਖ ਤੋਂ ਜਿਆਦਾ ਹੀ ਪ੍ਰਚਾਰਿਆ ਜਾ ਰਿਹਾ ਹੈ, ਇੱਥੋਂ ਤੱਕ ਕਿ ਗਊ ਮੂਤਰ, ਜੋ ਪਸ਼ੂ ਦੇ ਸਰੀਰ ਵਿਚੋਂ ਨਕਾਰੇ ਪਦਾਰਥ ਹਨ, ਨੂੰ ਵੀ ਕਿੰਨੀਆਂ ਹੀ ਬਿਮਾਰੀਆਂ ਦਾ ਤੋੜ ਦੱਸਿਆ ਗਿਆ, ਜੋ ਬਿਲਕੁਲ ਗਲਤ ਹੈ। ਪਿੱਪਲ ਅਤੇ ਬੋਹੜ ਦੇ ਇਨ੍ਹਾਂ ਗੁਣਾਂ ਬਾਰੇ ਦਸਦੀਆਂ ਲਿਖਤਾਂ ਵੀ ਇਸੇ ਝੂਠੇ ਪ੍ਰਚਾਰ ਤੰਤਰ ਦੀ ਦੇਣ ਹਨ।

# ਬਾਪੂ

*(ਪਿਛਲੇ ਸਫੇ ਦੀ ਬਾਕੀ)*

'ਛੱਤ ਛੋਂਹਦੀਆਂ ਕਣਕ ਮੱਕੀ ਦੀਆਂ ਧਾਂਕਾਂ' ਦੀ ਮਿਸਾਲ ਦਿੰਦੀ, ਵੱਧ ਤੋਂ ਵੱਧ ਫਸਲ ਘਰ ਵਰਤਣ ਲਈ ਰੱਖਣੀ ਲੋਚਦੀ, ਤੜਫਦੀ; "ਜੇ ਸਿਆਲ 'ਚ ਦਾਣੇ ਅਰ ਰੋਹੀ 'ਚ ਮਿੱਠਾ ਮੁੱਕ ਗਿਆ, ਫੇਰ ਕਮੀਣਾਂ ਵਾਂਗ ਹੱਟੀਓਂ ਲਿਆਉਂਦੇ ਚੰਗੇ ਲੱਗਾਂਗੇ?"

"ਅੱਛਿਆ! ਹੱਟੀਓਂ ਲਿਆਉਣ 'ਚ ਸਾਨੂੰ ਸ਼ਰਮ ਆਊ? ਜਦ ਕਰਿਆਨੇ ਆਲਾ ਲਾਲਾ ਅੰਮ੍ਰਿਤ ਵੇਲੇ ਆ ਕੇ ਮੱਥੇ ਲੱਗੂ ਅਰ ਆੜ੍ਹਤੀਆ ਆਏ ਐਤਵਾਰ ਦਰ ਖੜਕਾਊ, ਫੇਰ ਸਾਡੀ ਸਰਦਾਰੀ ਬਣੀ ਰਹੂ?" ਬਾਪੂ ਦਾ ਵਿਅੰਗ ਸਭ ਨੂੰ ਚੁੱਪ ਕਰਵਾ ਦਿੰਦਾ।

ਰੱਬ ਤੋਂ ਡਰਨ ਵਾਲਾ ਬਾਪੂ ਬੇਹੱਦ ਇਮਾਨਦਾਰ ਸੀ। ਕਿਸੇ ਦੀ ਅਮਾਨਤ ਦੱਬਣ ਨੂੰ ਪਾਪ ਸਮਝਦਾ। ਖੰਨੇ ਦਾ ਦੁਕਾਨਦਾਰ ਜਿਸ ਤੋਂ ਅਸੀਂ ਕਰਿਆਨਾ ਲੈਂਦੇ ਅਤੇ ਹਿਸਾਬ ਕਿਤਾਬ ਹਾੜ੍ਹੀ ਸਾਉਣੀ ਕਰਦੇ, ਪਤਾ ਨਹੀਂ ਕਿਉਂ ਖੁਦਕੁਸ਼ੀ ਕਰ ਗਿਆ। ਫਸਲ ਆਈ ਤੋਂ ਪਿਤਾ ਬਣਦੀ ਅਦਾਇਗੀ ਕਰਨ ਲਈ ਸ਼ਹਿਰ ਪਹੁੰਚਿਆ ਤਾਂ ਉਸ ਦਾ ਲੜਕਾ ਹੈਰਾਨ ਰਹਿ ਗਿਆ; "ਲੋਕ ਤਾਂ ਸਾਡੇ ਭਾਪਾ ਜੀ ਦੇ ਤੁਰ ਜਾਣ ਨਾਲ ਹੀ ਮਰ-ਮੁੱਕਰ'ਗੇ, ਸਰਦਾਰ ਜੀ। ਇਕੋ ਇਕ ਤੁਸੀਂ ਹੋ ਜੋ ਆਪ ਚੱਲ ਕੇ ਹਿਸਾਬ ਚੁਕਤਾ ਕਰਨ ਆਏ ਹੋ।" ਪਰ ਬਾਪੂ ਨੇ ਜੀਵਨ ਵਿਚ ਇਕ ਠੱਗੀ ਆਪਣੇ ਪਿਉ ਨਾਲ ਜ਼ਰੂਰ ਮਾਰੀ ਸੀ। ਵੈਸੇ ਉਹ ਸਾਡੇ ਦਾਦੇ ਤੋਂ ਬਹੁਤ ਤ੍ਰਭਕਦਾ। ਜੇ ਕਦੇ ਬਾਬੇ ਨੂੰ ਬੁਰਾ ਬੋਲਦਾ, ਦਾਦਾ ਗਹਿਰੀਆਂ ਕਬਰੀਆਂ ਅੱਖਾਂ ਨਾਲ ਉਸ ਵੱਲ ਝਾਕਦਾ; "ਮੈਂ ਤੇਰੀਆਂ ਜੜ੍ਹਾਂ ਪੱਟ ਕੇ ਸੂਰਜ ਵੱਲ ਨੂੰ ਕਰ ਦਊਂਗਾ, ਡੱਡੀਏ। ਸੋਚ ਲੈ।" ਬਾਪੂ ਡਰ ਜਾਂਦਾ। ਕਿਧਰੇ ਕੁੰਟਿਆ ਹੋਇਆ ਪਿਉ ਸਾਰੀ ਜ਼ਮੀਨ ਦੂਜੇ ਭਰਾਵਾਂ ਦੇ ਨਾਉਂ ਨਾ ਕਰਵਾ ਦੇਵੇ। ਸੋ ਉਹ ਕਦੇ ਕਦਾਈਂ ਬਾਬੇ ਨੂੰ ਗੁਰਦੁਆਰੇ ਨੇੜਲੀ ਹਲਟੀ ਤੋਂ ਬੁਲਾ ਕੇ ਘਰ ਕੱਢੀ ਦਾਰੂ ਦਾ ਪੈੱਗ ਲਵਾ ਦਿੰਦਾ। ਬੀਬੀ ਵੀ ਕਿਸੇ ਦਿਨ 'ਹਾਜ਼ਰੀ' ਵੇਲੇ ਸਾਡੇ ਘਰ ਨੇੜੇ ਬੈਠੇ ਬਾਬੇ ਨੂੰ ਦੇਖਦੀ, ਮੇਰੇ ਰਾਹੀਂ ਸੱਦ ਕੇ ਦਹੀਂ ਮੱਖਣੀ ਨਾਲ ਰੋਟੀ ਖਵਾ ਦਿੰਦੀ। ਇੰਝ ਵਡਿਆਏ ਬਾਬੇ ਨੇ ਇਕ ਵਾਰੀ ਕਈ ਖੇਤ ਬਾਪੂ ਨੂੰ ਜ਼ਬਤੀ ਉੱਤੇ ਵਾਹੁਣ ਲਈ ਦੇ ਦਿੱਤੇ। ਕਣਕ ਦੀ ਭਰਵੀਂ ਫਸਲ ਹੋਈ ਪਰ ਬਾਪੂ ਬਣਦੀ ਰਕਮ ਦੇਣ ਤੋਂ ਉੱਕਾ ਮੁੱਕਰ ਗਿਆ।

"ਤੂੰ ਬੇਈਮਾਨ ਹੈਂ, ਓਏ ਦੁਸ਼ਟਾ। ਜਾਹ, ਮੇਰੇ ਮੱਥੇ ਨਾ ਲੱਗਿਆ ਕਰ।" ਸਾਰੇ ਹੀਲੇ ਵਸੀਲੇ ਵਰਤ ਹਟਿਆ, ਬਾਬਾ ਘੁਰਕਿਆ।

"ਨਹੀਂ ਬਾਈ ਸਿਆਂ, ਮੈਂ ਬੇਈਮਾਨ ਕੋਈ ਨ੍ਹੀਂ। ਸਾਰਾ ਕਸੂਰ ਤੇਰੀ ਅੱਖ ਦਾ ਹੈ। ਤੈਨੂੰ ਸਦਾ ਇਕੋ-ਇਕ ਛੜਾ ਹੀ ਦੀਂਹਦਾ ਰਿਹੈ। ਮੈਂ ਜਾਂ ਮੇਰੇ ਜਵਾਕ ਕਦੇ ਦਿਖੇ ਹੀ ਨਹੀਂ। ਮੈਂ ਤਾਂ ਸਿਰਫ ਤੈਨੂੰ ਟੇਢੀ ਉਂਗਲੀ ਨਾਲ ਘਿਉ ਕੱਢ ਕੇ ਦਿਖਾਇਐ।" ਤੇ ਇਸ ਠੱਗੀ ਤੋਂ ਬਾਅਦ ਬਾਪੂ ਦੇ ਪੈਰ ਲੱਗ ਗਏ।

ਪੇਟ ਘਰੋੜੀ ਦਾ ਪੁੱਤਰ ਹੋਣ ਕਰ ਕੇ ਦਾਦੇ ਦੇ ਧੁਰ ਅੰਦਰ ਉਸ ਲਈ ਡੂੰਘਾ ਪਿਆਰ ਸੀ।

"ਆਪਣੇ ਫੌਜੀ ਨੇ ਕਦੇ ਧੇਲਾ ਮੇਰੇ ਹੱਥ 'ਤੇ ਨ੍ਹੀਂ ਧਰਿਆ। ਮੈਂ ਉਹਨੂੰ ਇਕ ਸਿਆੜ ਨ੍ਹੀਂ ਦੇਣਾ।" ਸਾਡੇ ਸਭ ਤੋਂ ਵੱਡੇ ਤਾਏ ਤੋਂ ਖਫਾ ਹੋਏ ਦਾਦੇ ਨੇ ਇਕ ਦਿਨ ਬਾਪੂ ਅਤੇ ਛੜੇ ਨੂੰ ਕੋਲ ਬੁਲਾ ਕੇ ਸਾਰੀ ਜ਼ਮੀਨ ਉਨ੍ਹਾਂ ਦੇ ਨਾਂ ਚੜ੍ਹਾਉਣ ਲਈ ਜ਼ਿੱਦ ਕੀਤੀ ਤਾਂ ਕੰਨਾਂ ਉੱਪਰ ਹੱਥ ਰੱਖਦੇ ਦੋਵੇਂ ਭਰਾ ਪਿੱਛੇ ਹਟ ਗਏ। ਵੱਡੇ ਭਰਾ ਦਾ ਹੱਕ ਮਾਰਨ ਵਾਲਾ 'ਘੋਰ ਪਾਪ' ਉਹ ਕਦੇ ਵੀ ਨਹੀਂ ਸੀ ਕਮਾ ਸਕਦੇ।

ਜਦੋਂ ਅਸੀਂ ਅੰਦਰਲੇ ਆਦੀ ਮਕਾਨ ਵਿਚ ਰਹਿੰਦੇ ਤਾਂ ਉਮਰ ਵਿਚ ਬਹੁਤ ਵੱਡੀਆਂ ਮਾਈਆਂ ਜੋ ਬਾਪੂ ਦੀਆਂ ਭਰਜਾਈਆਂ ਲੱਗਦੀਆਂ, ਉਸ ਨੂੰ 'ਓਏ ਕੱਛ ਆਲਿਆ!' ਆਖ ਬੁਲਾਉਂਦੀਆਂ। ਸਾਰੀ ਗਲੀ ਵਿਚ ਬਾਪੂ ਇਕੱਲਾ ਅੰਮ੍ਰਿਤਧਾਰੀ ਸੀ। ਇਉਂ ਤਾਂ ਫੌਜ ਵਿਚੋਂ ਪੈਨਸ਼ਨੀਆਂ ਆਇਆ ਦਲੀਪ ਸਿੰਘ ਮਹਿਰਾ ਵੀ ਸੀ ਪਰ ਉਮਰ ਵਿਚ ਬਰਾਬਰ ਦਾ ਅਤੇ ਗਹਿਰ ਗੰਭੀਰ ਸੁਭਾਅ ਦਾ ਹੋਣ ਕਰ ਕੇ ਉਸ ਨੂੰ ਮਜ਼ਾਕ ਕਰਨ ਦਾ ਕੋਈ ਹੌਸਲਾ ਨਾ ਦਿਖਾਉਂਦੀ। ਜਦੋਂ ਕਿਸੇ ਸ਼ਾਮ ਨੂੰ ਬਾਪੂ ਦੇ ਸਾਥੀ ਕਵੀਸ਼ਰ ਆ ਧਮਕਦੇ ਤਾਂ ਸਾਡੇ ਕੋਠੇ ਉਪਰ ਹੀ ਖੁਸ਼ਲੱਭਤੀ ਅਖਾੜਾ ਜੰਮ ਜਾਂਦਾ। ਗੁਆਂਢ ਵਿਚੋਂ ਆਦਮੀ ਔਰਤਾਂ ਆਪੋ ਆਪਣੇ ਬਨੇਰਿਆਂ ਉੱਪਰ ਜੁੜ ਕੇ ਬੈਠੇ ਫਰਮਾਇਸ਼ਾਂ ਪਾਉਂਦੇ। ਪਿੰਡ ਵਿਚੋਂ ਬਾਪੂ ਦੇ ਕਿੰਨੇ ਮਿੱਤਰ ਵੀ ਉਨ੍ਹਾਂ ਨਾਲ ਗਾਉਣ ਲੱਗਦੇ। 'ਬਾਬਾ ਵਿਧੀ ਚੰਦ ਗੁਆਚੇ ਲੱਭੂ', 'ਚੰਦੂ ਸ਼ਾਹ ਦੇ ਜ਼ੁਲਮ', 'ਭੂਮੀਆਂ ਚੋਰ', 'ਭਾਨੀਮਾਰ', 'ਕੁਛਨੀ ਬਈ ਕੁਛਨੀ' ਆਦਿ ਪ੍ਰਸੰਗ ਤੇ ਹਾਸਰਸੀ ਕਵਿਤਾਵਾਂ ਸੁਣਾਉਂਦੇ। ਮਿੱਤਰਾਂ ਦੇ ਵੱਖਰੇ ਉਚਾਰਨ ਅਤੇ ਬੋਲਣ ਢੰਗ ਤੋਂ ਹੀ ਬਾਪੂ ਨੇ ਕਈਆਂ ਦੀ ਵਿਸ਼ੇਸ਼ ਅੱਲ 'ਗੁਆਚੇ ਲੱਭੂ', 'ਬਿਧੀਆ', 'ਚੰਦੂ' 'ਰਾਮ ਰਾਜਾ', 'ਕੁਛਨੀ ਕੁਛਨੀ' ਪਾ ਦਿੱਤੀ ਸੀ। ਆਪਣੇ ਵੱਡੇ ਭਰਾਵਾਂ ਲਈ ਵੀ ਉਹ 'ਢਿੱਡ ਸਾਹਬ' 'ਬੀਨ-ਢਿੱਡਾ' ਆਦਿ ਵਿਸ਼ੇਸ਼ਣ ਵਰਤਦਾ। ਕੋਈ ਉਸ ਦਾ ਗੁੱਸਾ ਨਾ ਕਰਦਾ। ਸਾਡੀ ਗਲੀ ਵਿਚਲੀਆਂ ਵਡੇਰੀ ਉਮਰ ਭਾਬੀਆਂ ਉਸ ਲਈ- ਅਮਲਾ ਸਿਹੁੰ, ਦਰਪਦ, ਪਰਬਤ ਆਦਿ ਸਨ। ਕਿਸੇ ਸ਼ਾਮ ਦੇ ਘੁਸਮੁਸੇ ਵਿਚ ਜਦੋਂ ਉਹ ਸਿਰ ਉੱਤੇ ਪੱਠਿਆਂ ਦੀ ਪੰਡ ਚੁੱਕੀ, ਇਕ ਬਲਦ ਅੱਗੇ ਇਕ ਪਿੱਛੇ ਫੜੀ ਭੀੜੀ ਗਲੀ ਵਿਚੋਂ ਲੰਘਦਾ ਤਾਂ ਕੋਈ ਮਸ਼ਕਰੀ ਸੁਣਾਈ ਦਿੰਦੀ; "ਓ ਕੱਛ ਆਲਿਆ! ਅੱਜ ਕੋਈ ਛੰਦ-ਛੁੰਦ ਸੁਣੇ ਸੁਣਾਏ ਬਗੈਰ ਈ ਲੰਘ ਜਾਣੈਂ?" "ਮਖਿਆ, ਹੁਣ ਨ੍ਹੀਂ ਕੁਛ ਵੀ ਸੁੱਝਦਾ, ਅਮਲਾ ਸਿਆਂ। ਕੰਮ ਨੇ ਕਚੂੰਮਰ ਕੱਢਿਆ ਪਿਐ", ਬਾਪੂ ਦੀ ਮੱਧਮ ਆਵਾਜ਼ ਅਗਲੇ ਮੋੜ ਤੋਂ ਗਲੀ ਵਿਚ ਗੂੰਜਦੀ।

*ਸਿਆਲ ਜਾਂ ਗਰਮੀਆਂ ਵਿਚ ਜਦੋਂ ਵਿਹਲ ਹੁੰਦਾ, ਹਲਟੀ ਵਾਲੀ ਸੱਥ ਤੋਂ ਬਿਨਾਂ ਬਾਪੂ ਦੇ ਕਈ ਟਿਕਾਣੇ ਸਨ- ਮਿਸਤਰੀ ਲਾਹੌਰਾ ਸਿੰਘ ਦਾ ਕਾਰਖਾਨਾ, ਮਾਈ ਬਸੰਤ ਕੌਰ ਵਾਲੀ ਮਹਿਫਲ ਜਾਂ ਮਸਤੂ ਅਮਲੀ ਦਾ ਘਰ। ਲਾਹੌਰਾ ਸਿੰਘ ਉਸ ਦਾ ਕੀਰਤਨੀਆਂ ਸਾਥੀ ਸੀ ਜਿਹੜਾ ਕੀਰਤਨ ਕਰਦਿਆਂ ਦੂਜੇ ਜੋਟੀਦਾਰਾਂ ਨਾਲ ਆਪਣਾ ਮੁਕਾਬਲਾ ਕਰਦਾ, ਰਾਗ ਵਿੱਦਿਆ ਵਿਚ ਸਭ ਨੂੰ ਟਿੱਚ ਸਮਝਦਾ।*

ਸਿਆਲ ਜਾਂ ਗਰਮੀਆਂ ਵਿਚ ਜਦੋਂ ਵਿਹਲ ਹੁੰਦਾ, ਹਲਟੀ ਵਾਲੀ ਸੱਥ ਤੋਂ ਬਿਨਾਂ ਬਾਪੂ ਦੇ ਕਈ ਟਿਕਾਣੇ ਸਨ- ਮਿਸਤਰੀ ਲਾਹੌਰਾ ਸਿੰਘ ਦਾ ਕਾਰਖਾਨਾ, ਮਾਈ ਬਸੰਤ ਕੌਰ ਵਾਲੀ ਮਹਿਫਲ ਜਾਂ ਮਸਤੂ ਅਮਲੀ ਦਾ ਘਰ। ਲਾਹੌਰਾ ਸਿੰਘ ਉਸ ਦਾ ਕੀਰਤਨੀਆਂ ਸਾਥੀ ਸੀ ਜਿਹੜਾ ਕੀਰਤਨ ਕਰਦਿਆਂ ਦੂਜੇ ਜੋਟੀਦਾਰਾਂ ਨਾਲ ਆਪਣਾ ਮੁਕਾਬਲਾ ਕਰਦਾ, ਰਾਗ ਵਿੱਦਿਆ ਵਿਚ ਸਭ ਨੂੰ ਟਿੱਚ ਸਮਝਦਾ। ਉਸ ਬਰਾਬਰ ਨਾ ਬੋਲ ਸਕਣ ਵਾਲੇ ਨੂੰ ਛੁਟਿਆਉਂਦਾ; "ਦੇਖਿਆ? ਫੇਰ ਤੇਰਾ 'ਰਾਗੀ' ਕਹਾਉਂਦਾ ਚੰਚਲ ਸਿਹੁੰ ਉੱਦਣ ਮਿਸਤਰੀ ਦੇ ਪੁੱਤ ਨੇ ਉਪਰ ਏ ਟੰਗਤਾ ਕਿ ਨਹੀਂ? ਮਖਿਆ, ਕਰਦਾ ਤਾਂ ਮੇਰੀ ਬਰਾਬਰੀ। ਬੋਲਦਾ ਫੇਰ ਮੇਰੇ ਜਿੰਨਾ ਉੱਚਾ! ਅਖੇ, ਚੀਨ ਤੋਂ ਹਰਮੋਨੀਅਮ ਸਿੱਖ ਕੇ ਆਇਆ, ਬੜਾ ਗਮੰਤਰੀ! ਮਖਿਆ, ਜੱਟ ਦਾ ਸੁਰ ਨਾਲ ਭਲਾ ਕੀ ਕੰਮ!" ਲਾਹੌਰਾ ਸਿੰਘ ਦੀਆਂ ਸ਼ੇਖੀਆਂ ਸੁਣਦਾ ਬਾਪੂ ਅੰਦਰੋਂ ਹੱਸਦਾ, ਹੱਥਲਾ ਕੰਮ ਕਰਦੇ ਮਿਸਤਰੀ ਦਾ ਹੁੰਗਾਰਾ ਭਰੀ ਜਾਂਦਾ। ਮਾਈ ਬਸੰਤ ਕੌਰ ਦੇ ਘਰ ਹਾੜ੍ਹ ਸਿਆਲ ਇਹ ਕਈ ਮਿੱਤਰ ਦੋਸਤ ਆ ਜੁੜਦੇ; ਚਾਹ ਦੀ ਪਤੀਲੀ ਹਮੇਸ਼ਾ ਚੜ੍ਹੀ ਰਹਿੰਦੀ। ਹਰ ਤਰ੍ਹਾਂ ਦੀਆਂ ਜੱਕੜਾਂ ਏਥੇ ਸੁਣਨ ਨੂੰ ਮਿਲਦੀਆਂ। ਨਿੰਦਿਆ ਪੁਰਾਣ ਸਦਾ ਖੁੱਲ੍ਹਿਆ ਰਹਿੰਦਾ। ਮਸਤੂ ਅਮਲੀ ਦੀ ਹਵੇਲੀ ਵਿਚ ਵੀ ਮਾਈ ਬਚਨੀ ਡੋਡੇ ਉਬਾਲਦੀ, ਮਲ-ਮਸਲ ਕੇ, ਨਿਚੋੜ-ਪੁਣ ਕੇ ਅਮਲੀ ਨੂੰ ਪਿਲਾ ਦਿੰਦੀ। ਬਾਕੀ ਬਚੇ ਪੱਤ-ਸੁੱਤ ਵਾਲੀ ਉਸ ਪਤੀਲੀ ਵਿਚ ਸਾਂਝੀ ਚਾਹ ਧਰਦੀ। ਪਿਆਲੀ ਪਿਆਲੀ ਉੱਥੇ ਬੈਠੇ ਸਾਰੇ ਚਾਹ-ਅਭਿਲਾਸ਼ੀਆਂ ਨੂੰ ਫੜਾਉਂਦੀ ਆਖਦੀ, 'ਲਉ ਵੇ ਦਾਦਣਿਓਂ! ਤੁਸੀਂ ਬੀ ਆਪਣਾ ਜੁਖਾਮ ਹਟਾ ਲੌ। ਨਾਲੇ ਦੇਖੋ, ਏਹ ਬਸੰਤ ਕੁਰ ਆਲਾ ਗੁੜ ਦਾ ਗਡਾਣਾ ਨਹੀਂ। ਦਾਦਣਿਓਂ! ਭਲਿਆਟ ਮਹਿੰ ਦੇ ਦੁੱਧ ਦੀ ਟੋਭੇ ਦੀ ਚਿੱਕ ਵਰਗੀ ਗਾੜ੍ਹੀ ਚਾਹ ਬਣਾਈ ਐ!" 'ਵਾਹ ਮਹਾਰਾਜ! ਵਾਹ ਮਹਾਰਾਜ!' ਦੀਆਂ ਉੱਚੀਆਂ ਆਵਾਜ਼ਾਂ ਨਾਲ ਅਮਲੀ ਹੋਰ ਨਸ਼ਿਆ ਜਾਂਦਾ।

ਬਾਬੇ ਦੇ ਚਲਾਣੇ ਮਗਰੋਂ ਬਾਪੂ ਨੂੰ ਪੂਰਾ ਵਿਰਾਸਤੀ ਹਿੱਸਾ ਮਿਲਣ ਨਾਲ ਹੱਥ ਕੁਝ ਸੁਖਾਲਾ ਹੋਇਆ। ਸੱਤਰਵਿਆਂ ਵਿਚ ਸਾਡੀ ਬਿਜਲੀ ਮੋਟਰ ਲੱਗ ਗਈ ਤਾਂ ਬੈਲਟਾਂ ਤੋੜਦੇ, ਹੱਥ ਕਾਲੇ ਕਰਦੇ ਡੀਜ਼ਲ ਇੰਜਣ ਤੋਂ ਖਹਿੜਾ ਛੁੱਟ ਗਿਆ। ਲੈਂਡ ਮਾਰਗੇਜ ਬੈਂਕ ਤੋਂ ਦਸ ਸਾਲਾ ਲੋਨ ਲੈ ਕੇ ਬਾਪੂ ਨੇ ਦਾਦੇ ਵੱਲੋਂ ਸਾਂਝੇ ਥਾਂ ਗਹਿਣੇ ਧਰੀ ਜ਼ਮੀਨ ਵੀ ਛੁਡਾ ਲਈ ਸੀ। ਬਾਪੂ ਪਿੰਡ ਵੱਲ ਬਹੁਤ ਘੱਟ ਗੇੜਾ ਮਾਰਦਾ। ਉਸ ਨੇ ਹੁਣ ਖੂਹ ਉੱਪਰ ਪੱਕੇ ਡੇਰੇ ਲਾ ਲਏ। ਹਰੇ ਇਨਕਲਾਬ ਦੀ ਚੜ੍ਹਤ ਨਾਲ ਖੇਤਾਂ ਵਿਚ ਲਹਿਰਾਂ ਲੱਗ ਗਈਆਂ। ਸ਼ਾਮ ਵੇਲੇ ਇਕ ਢਲੀ ਉਮਰ, ਮੂੰਹ ਤੂੰਹ ਲੱਗਦੀ ਔਰਤ ਕੱਖ ਪੱਠਾ ਲੈਣ ਦੇ ਪੱਜ ਉਧਰ ਗੇੜਾ ਮਾਰਦੀ, ਬਾਪੂ ਨਾਲ ਹੱਸਦੀ, ਖਿੱਲਾਂ ਡੋਲ੍ਹਦੀ, ਕਿੰਨੀਆਂ ਗੱਲਾਂ ਕਰਦੀ।

"ਮੁੰਡਿਆ, ਆਥਣ ਵੇਲੇ ਆਪਣੇ ਖੂਹ ਕੰਨੀਂ ਜ਼ਰੂਰ ਜਾਇਆ ਕਰ। ਕੱਲ੍ਹ ਨੂੰ ਥੋਡੇ ਵਿਆਹ-ਮੰਗਣੇ ਵੀ ਕਰਨੇ ਨੇ। ਹੋਰ ਨਾ ਤੇਰਾ ਪਿਉ ਥੋਡਾ ਅੱਗਾ ਖੜ੍ਹਾ ਦੇਵੇ।" ਫਿਕਰਮੰਦ ਹੋਈ ਬੀਬੀ ਮੈਨੂੰ ਕਾਲਜੋਂ ਮੁੜਦੇ ਨੂੰ ਤਾੜਦੀ, ਧੱਕੇ ਨਾਲ ਖੂਹ ਵੱਲ ਤੋਰਦੀ। ਪਤਾ ਨਹੀਂ, ਉਸ ਨੂੰ ਕਿਸੇ ਗੁੱਝੇ ਭੇਤ ਦਾ ਕਿੱਥੋਂ ਪਤਾ ਲੱਗ ਗਿਆ ਸੀ।

# ‘ਸਿਰਜਣਾ’ ਦੀ ਸਾਹਿਤਕ ਬੁਲੰਦੀ

ਕਲਾ ਪਰਿਕਰਮਾ

‘ਪ੍ਰੀਤ ਲੜੀ’ ਤੋਂ ਬਾਅਦ ਤ੍ਰੈਮਾਸਕ ‘ਸਿਰਜਣਾ’ ਅਜਿਹਾ ਇਕੋ-ਇਕ ਸਾਹਿਤਕ ਰਿਸਾਲਾ ਹੈ ਜਿਹੜਾ ਦਹਾਕਿਆਂ ਤੋਂ ਲਗਾਤਾਰ, ਪੰਜਾਬੀ ਦੇ ਸਾਹਿਤ-ਸਭਿਆਚਾਰ ਵਿਚ ਆਪਣੀ ਹਾਜ਼ਰੀ ਲੁਆ ਰਿਹਾ ਹੈ। ਇਹ ਰਿਸਾਲਾ ਡਾਕਟਰ ਰਘਬੀਰ ਸਿੰਘ ਦੀ ਸੰਪਾਦਨਾ ਹੇਠ ਉਸ ਵਕਤ ਸ਼ੁਰੂ ਹੋਇਆ ਸੀ ਜਦੋਂ ਸਾਹਿਤਕ-ਸਭਿਆਚਾਰਕ ਹਲਕਿਆਂ ਅੰਦਰ

ਗੁਰਜੰਟ ਸਿੰਘ

ਪ੍ਰਯੋਗਸ਼ੀਲ ਲਹਿਰ ਦਾ ਦਾਬਾ ਸੀ ਅਤੇ ਪ੍ਰਗਤੀਵਾਦੀ ਸਾਹਿਤ ਧਾਰਾ ਮੱਠੀ ਪੈ ਚੁੱਕੀ ਸੀ। 'ਸਿਰਜਣਾ' ਦਾ ਪਹਿਲਾ ਅੰਕ (ਜੁਲਾਈ-ਅਗਸਤ-ਸਤੰਬਰ 1965) ਅਗਸਤ 1965 ਨੂੰ ਆਇਆ ਸੀ ਅਤੇ 1967 ਤੇ 1968 ਵਿਚ ਤਿੰਨ ਅੰਕਾਂ ਦੀਆਂ ਚੁੱਭੀਆਂ ਦੇ ਬਾਵਜੂਦ ਅਪਰੈਲ-ਮਈ-ਜੂਨ 1969 ਤਕ ਪੰਜਾਬੀ ਪਿਆਰਿਆਂ ਦੇ ਦਿਲਾਂ ‘ਤੇ ਦਸਤਕ ਦਿੰਦਾ ਰਿਹਾ। ਫਿਰ ਮੱਧ 1974 ਤੱਕ ਦੀ ਲੰਮੀ ਚੁੱਭੀ ਤੋਂ ਬਾਅਦ ਜੁਲਾਈ-ਅਗਸਤ-ਸਤੰਬਰ (1974) ਵਾਲਾ 15ਵਾਂ ਅੰਕ ਨਵਾਂ ਨਿਖਾਰ ਲੈ ਕੇ ਸਾਹਮਣੇ ਆਇਆ। ਉਸ ਤੋਂ ਬਾਅਦ ਤਾਂ ਫਿਰ ਚੱਲ ਸੋ ਚੱਲ। ਹੁਣ ਇਸ ਦੇ ਵਿਸ਼ੇਸ਼ 200ਵੇਂ ਅੰਕ ਨੇ ਪੰਜਾਬੀ ਸਾਹਿਤ ਜਗਤ ਦਾ ਬੂਹਾ ਖੜਕਾਇਆ ਹੈ।

ਡਾ. ਰਘਬੀਰ ਸਿੰਘ ਨੇ ‘ਸਿਰਜਣਾ’-200 ਦੀ ਸੰਪਾਦਕੀ ਵਿਚ ਲਿਖਿਆ ਹੈ: “ਸਿਰਜਣਾ ਦੀ ਨਿਰੰਤਰ ਇਹ ਨੀਤੀ ਰਹੀ ਕਿ ਕਲਾਤਮਕ ਪੱਖ ਦਾ ਖਿਆਲ ਰੱਖਦੇ ਹੋਏ ਪਰਚੇ ਵਿਚ ਸਿਰਜਣਾਤਮਕ ਲਿਖਤਾਂ ਉਹ ਹੀ ਛਪਣ ਜੋ ਯਥਾਰਥਵਾਦੀ ਮਾਨਵਵਾਦੀ ਪਹੁੰਚ ਦੀਆਂ ਧਾਰਨੀ ਹੋਣ। ਐਪਰ ਵਿਚਾਰਧਾਰਕ ਪੱਧਰ 'ਤੇ ਪੂਰੇ ਜ਼ੋਰ ਨਾਲ ਆਪਣੀ ਗੱਲ ਕਰਨ ਦੇ ਨਾਲ ਨਾਲ ਵਿਰੋਧੀ ਵਿਚਾਰਾਂ ਦੇ ਪ੍ਰਗਟਾਅ ਲਈ ਵੀ ਰਾਹ ਮੋਕਲਾ ਛੱਡਿਆ ਗਿਆ ਸੀ। ਵੈਸੇ ਵੀ ਅਹਿਮ ਮੁੱਦਿਆਂ ਬਾਰੇ ਸੰਵਾਦ ਨੂੰ ਉਤਸ਼ਾਹਤ ਕੀਤਾ ਗਿਆ। ਨਤੀਜੇ ਵਜੋਂ ‘ਸਿਰਜਣਾ’ ਸਾਹਿਤਕ ਤੇ ਸਿਧਾਂਤਕ ਵਿਚਾਰ-ਚਰਚਾ ਅਤੇ ਸੰਵਾਦ ਦਾ ਇਕ ਤਕੜਾ ਮੰਚ ਬਣ ਗਿਆ। ਪਰਚਾ ਸ਼ੁਰੂ ਕਰਨ ਵਾਲੇ ਦੋਸਤਾਂ ਦੀ ਟੋਲੀ ਅਤੇ ਸੰਪਾਦਕ ਦੀ ਖੱਬੇਪੱਖੀ ਰਾਜਸੀ ਲਹਿਰ ਅਤੇ ਸਮਾਜਵਾਦੀ ਚਿੰਤਨ ਧਾਰਾ ਨਾਲ ਸਰਗਰਮ ਸਾਂਝ ਹੋਣ ਕਰਕੇ ਕੁਝ ਹਲਕਿਆਂ ਵੱਲੋਂ ਉਦੋਂ ‘ਸਿਰਜਣਾ’ ਬਾਰੇ ਬੇਵਸਾਹੀ ਜਿਹੀ ਪ੍ਰਗਟ ਕੀਤੀ ਗਈ ਸੀ। ਪਰ ਛੇਤੀ ਹੀ ਇਸ ਕਿਸਮ ਦੀ ਬੇਵਸਾਹੀ ਕਿਧਰੇ ਅਲੋਪ ਹੋ ਗਈ। ਪਰਚੇ ਦਾ ਬਿੰਬ ਕੁਝ ਇਸ ਪ੍ਰਕਾਰ ਦਾ ਬਣ ਗਿਆ ਕਿ ਥੋੜ੍ਹਾ ਸਮਾਂ ਪਹਿਲਾਂ ਤਕ ਇਸ ਬਾਰੇ ਸੰਦੇਹ ਦਾ ਇਜ਼ਹਾਰ ਕਰਨ ਵਾਲੇ ਸਾਹਿਤਕਾਰ ਖੁਦ ‘ਸਿਰਜਣਾ’ ਵਿਚ ਆਪਣੀਆਂ ਰਚਨਾਵਾਂ ਪ੍ਰਕਾਸ਼ਤ ਹੋਈਆਂ ਦੇਖਣ ਲਈ ਤੱਤਪਰ ਸਨ।”

ਅਸਲ ਵਿਚ ‘ਸਿਰਜਣਾ’ ਦੀ ਇਸੇ ਪਹੁੰਚ ਕਾਰਨ ਹੀ ਇਹ ਹੁਣ ਵਾਲਾ ਮੁਕਾਮ ਹਾਸਲ ਕਰ ਸਕਿਆ ਹੈ। ਵੱਖ-ਵੱਖ ਵਿਧਾ ਵਿਚ ਲਿਖਣ ਵਾਲੇ ਪੂਰਾਂ ਦੇ ਪੂਰ ਹੀ ‘ਸਿਰਜਣਾ’ ਨਾਲ ਨਹੀਂ ਜੁੜੇ, ਸਗੋਂ ਬਹੁਤ ਸਾਰੇ ਲੇਖਕਾਂ ਦੀ ਪਛਾਣ ‘ਸਿਰਜਣਾ’ ਦੇ ਪੰਨਿਆਂ 'ਤੇ ਛਪ ਕੇ ਹੋਈ; ਭਾਵ ‘ਸਿਰਜਣਾ’ ਨੇ ਨਵੇਂ ਲੇਖਕ ਵੀ ਪੈਦਾ ਕੀਤੇ; ਜਿਹੜੇ ਪਾਠਕ ਪੈਦਾ ਕੀਤੇ, ਉਹ ਤਾਂ ਹੈ ਹੀ ਹਨ।


ਬਹੁਤ ਸਾਰੇ ਸਾਹਿਤਕ ਪਰਚੇ ਹਨ ਜਿਹੜੇ ਇਤਿਹਾਸ ਦਾ ਹਿੱਸਾ ਬਣ ਚੁੱਕੇ ਹਨ ਪਰ ਡਾ. ਰਘਬੀਰ ਸਿੰਘ ਦਾ ਦਾਈਆਂ ਹੈ ਕਿ ‘ਸਿਰਜਣਾ’ ਪਹਿਲਾਂ ਵਾਂਗ ਹੀ ਸਾਹਿਤਕ ਪਿੜ ਵਿਚ ਡਟਿਆ ਰਹੇ। ਨਵੇਂ ਅੰਕ ਵਿਚ ਡਾ. ਸਤੀਸ਼ ਵਰਮਾ ਦੀ ਲਿਖੀ ਅੰਤਿਕਾ ਸਫਰ ਜਾਰੀ ਰੱਖਣ ਦੀ ਹੀ ਪ੍ਰੋੜ੍ਹਤਾ ਕਰਦੀ ਹੈ ਅਤੇ ਉਸ ਨੇ ਉਮੀਦ ਪ੍ਰਗਟ ਕੀਤੀ ਹੈ ਕਿ ‘ਸਿਰਜਣਾ’ ਦੇ ਪਹਿਲਾਂ 100ਵੇਂ, ਹੁਣ 200ਵੇਂ ਅੰਕਾਂ ਵਾਂਗ 300ਵੇਂ ਅਤੇ ਹੋਰ ਅੰਕ ਵੀ ਛਪਣਗੇ। ਅੱਧੀ ਸਦੀ ਤੋਂ ਸਾਹਿਤ ਅਤੇ ਸਭਿਆਚਾਰ ਦੇ ਖੇਤਰ ਵਿਚ ਯੋਗਦਾਨ ਪਾ ਰਹੇ ਇਸ ਪਰਚੇ ਦੇ ਸੰਪਾਦਕ ਨੇ ਵੀ ਇਸੇ ਤਰ੍ਹਾਂ ਦੇ ਵਿਚਾਰ ਆਪਣੀ ਸੰਪਾਦਕੀ ਵਿਚ ਜ਼ਾਹਿਰ ਕੀਤੇ ਹਨ: “ਅੱਜ ਵੀ ਅਗਾਂਵਧੂ ਸੋਚ ਵਾਲੇ ਗੰਭੀਰ ਚਿੰਤਕ, ਵੱਡੀ ਕਲਾਤਮਕ ਸਮਰੱਥਾ ਵਾਲੇ ਸਾਹਿਤਕਾਰ ਅਤੇ ਸੰਭਾਵਨਾਵਾਂ ਵਾਲੇ ਨਵੀਂ ਪੀੜ੍ਹੀ ਦੇ ਲੇਖਕ ਜਿਵੇਂ 'ਸਿਰਜਣਾ' ਲਈ ਹੱਲਾਸ਼ੇਰੀ, ਨੇੜ, ਅਪਣੱਤ ਤੇ ਆਦਰ-ਭਾਵ ਪ੍ਰਗਟਾਉਂਦੇ ਹਨ, ਉਹ ਹੋਰ ਅਗਾਂਹ ਚੱਲਦੇ ਰਹਿਣ ਲਈ ਸ਼ਕਤੀ ਦਾ ਵੱਡਾ ਸ੍ਰੋਤ ਹੈ। ਤਦ ਵੀ ਇਹ ਮਸਲਾ ਅਜੇ ਸੁਲਝਣਾ ਬਾਕੀ ਹੈ ਕਿ ਉਮਰ ਦੇ ਅੱਸੀਵਿਆਂ ਵਿਚੋਂ ਲੰਘ ਰਹੇ ਸੰਪਾਦਕ ਸਿਰਜਣਾ ਦੇ ਲਾਂਭੇ ਹੋਣ ਦੀ ਸੂਰਤ ਵਿਚ ਇਹ ਸਫਰ ਅਗਾਂਹ ਕਿਵੇਂ ਜਾਰੀ ਰਹਿ ਸਕਦਾ ਹੈ।” ਜ਼ਾਹਿਰ ਹੈ ਕਿ ‘ਸਿਰਜਣਾ’ ਦਾ ਸਫਰ ਜਾਰੀ ਹੈ ਅਤੇ ਇਸ ਦੇ ਮੁਹੱਬਤੀਆਂ ਦਾ ਕਾਫਲਾ ਲਗਾਤਾਰ ਪੈਂਡੇ ਮਾਰ ਰਿਹਾ ਹੈ। 200ਵੇਂ ਅੰਕ ਤੋਂ ਹੀ ਪਰਚੇ ਦੇ ਮਿਆਰ ਬਾਰੇ ਪਤਾ ਲਾਇਆ ਜਾ ਸਕਦਾ ਹੈ। ਪਰਚੇ ਵਿਚ ਸ਼ਾਮਿਲ ਰਚਨਾਵਾਂ ਦੱਸਦੀਆਂ ਹਨ ਕਿ ਸਾਹਿਤ ਦੇ ਇਸ ਮੰਚ ਵਿਚ ਕਿੰਨਾ ਦਮਖਮ ਹੈ।

ਇਸ ਵਿਸ਼ੇਸ਼ ਅੰਕ ਵਿਚ ਸੁਰਜੀਤ ਪਾਤਰ, ਦੇਵ, ਮੋਹਨਜੀਤ, ਗੁਰਭਜਨ ਗਿੱਲ, ਜਸਵੰਤ ਜ਼ਫਰ, ਗੁਰਪ੍ਰੀਤ, ਸੱਤਪਾਲ ਭੀਖੀ, ਮਦਨ ਵੀਰਾ, ਪਰਮਿੰਦਰ ਸੋਢੀ, ਸੁਖਵਿੰਦਰ ਕੰਬੋਜ, ਸੰਦੀਪ, ਸਰਬਜੀਤ ਕੌਰ ਜਸ, ਕਰਮਜੀਤ ਕਿਸ਼ਾਂਵਲ, ਨਵਰੂਪ ਕੌਰ, ਅਜੀਤ ਪਿਆਸਾ, ਦਵਿੰਦਰ ਬਿਮਰਾ ਤੇ ਸੁਰਿੰਦਰਪ੍ਰੀਤ ਘਣੀਆ ਦੀਆਂ ਕਵਿਤਾਵਾਂ; ਉਘੇ ਕਹਾਣੀਕਾਰ ਗੁਲਜ਼ਾਰ ਸਿੰਘ ਸੰਧੂ, ਸੁਕੀਰਤ, ਜਸਵੰਤ ਦੀਦ, ਬਲਬੀਰ ਪਰਵਾਨਾ, ਅਵਤਾਰ ਸਿੰਘ ਬਿਲਿੰਗ ਤੇ ਰਾਜਿੰਦਰ ਪਾਲ ਸਿੰਘ ਬਰਾੜ ਦੇ ਸ਼ਬਦ ਚਿੱਤਰ; ਵਰਿਆਮ ਸੰਧੂ, ਬਲਵਿੰਦਰ ਗਰੇਵਾਲ, ਗੁਰਮੀਤ ਕੜਿਆਲਵੀ, ਲਾਲ ਸਿੰਘ, ਸਾਧੂ ਬਿਨਿੰਗ, ਹਰਪ੍ਰੀਤ ਸੇਖਾ, ਬਲਬੀਰ ਮਾਧੋਪੁਰੀ, ਜਤਿੰਦਰ ਹਾਂਸ, ਸਿਮਰਨ ਧਾਲੀਵਾਲ, ਦੀਪਤੀ ਬਬੂਟਾ, ਕੁਲਬੀਰ ਬਡੇਸਰੋਂ, ਅਰਵਿੰਦਰ ਧਾਲੀਵਾਲ ਤੇ ਨਿਰੰਜਨ ਬੋਹਾ ਦੀਆਂ ਕਹਾਣੀਆਂ; ਚਮਨ ਲਾਲ, ਤੇਜਵੰਤ ਸਿੰਘ ਗਿੱਲ, ਰੌਣਕੀ ਰਾਮ, ਸੁਖਵੰਤ ਹੁੰਦਲ, ਕੁਲਦੀਪ ਦੀਪ, ਸਾਧੂ ਸਿੰਘ, ਸਾਹਿਬ ਸਿੰਘ, ਪਿਆਰਾ ਸਿੰਘ ਭੋਗਲ ਤੇ ਸਤੀਸ਼ ਵਰਮਾ ਦੇ ਵੱਖ-ਵੱਖ ਵਿਸ਼ਿਆਂ ਦੇ ਲੇਖ, ਅਵਤਾਰ ਸਿੰਘ ਬਿਲਿੰਗ ਦੀ ਕਹਾਣੀਕਾਰ ਮੁਖਤਿਆਰ ਸਿੰਘ ਨਾਲ ਕੀਤੀ ਮੁਲਾਕਾਤ; ਪਾਠਕਾਂ ਦੇ ਸਿਰਜਣਾ ਲਈ ਮੁਹੱਬਤੀ ਬੋਲ ਅਤੇ ਵੱਖ-ਵੱਖ ਕਿਤਾਬਾਂ ਦੇ ਰੀਵੀਊ ਹਨ।

ਤਸੱਲੀ ਵਾਲੀ ਗੱਲ ਹੈ ਕਿ ‘ਸਿਰਜਣਾ’ ਦੇ ਨਵੇਂ ਅੰਕ ਨੂੰ ਵੀ ਪਾਠਕਾਂ ਨੇ ਪਹਿਲਾਂ ਵਾਂਗ ਹੀ ਹੱਥਾਂ ਉਤੇ ਚੁੱਕ ਲਿਆ ਹੈ ਅਤੇ ਖੂਬ ਹੁੰਗਾਰਾ ਭਰਿਆ ਹੈ। ਜ਼ਾਹਿਰ ਹੈ ਕਿ ‘ਸਿਰਜਣਾ’ ਸਾਹਿਤ ਦੇ ਪਿੜ ਵਿਚ ਨਵਾਂ ਇਤਿਹਾਸ ਰਚ ਰਿਹਾ ਹੈ। ‘ਸਿਰਜਣਾ’ ਪੰਜਾਬੀ ਸਾਹਿਤ ਦਾ ਸ਼ਾਇਦ ਇਕੋ-ਇਕ ਅਜਿਹਾ ਪਰਚਾ ਹੋ ਨਿਬੜਿਆ ਹੈ ਜਿਸ ਨੇ ਮਿਆਰ ਕਾਇਮ ਰੱਖਣ ਦੇ ਨਾਲ-ਨਾਲ ਆਪਣੀ ਵਿਚਾਰਧਾਰਾ ਉਤੇ ਵੀ ਡਟ ਕੇ ਪਹਿਰਾ ਦਿੱਤਾ ਹੈ। ਇਹੀ ਗੱਲ ਇਸ ਪਰਚੇ ਨੂੰ ਬਾਕੀ ਪਰਚਿਆਂ ਨਾਲੋਂ ਵੱਖਰਿਆਉਂਦੀ ਹੈ।



ਤ੍ਰੈਮਾਸਿਕ ‘ਸਿਰਜਣਾ’ ਦੇ 200ਵੇਂ ਅੰਕ ਦਾ ਮੁਖੜਾ।




‘ਸਿਰਜਣਾ’ ਦਾ ਪਲੇਠਾ ਅੰਕ ਜੋ 1965 ਵਿਚ ਪ੍ਰਕਾਸ਼ਿਤ ਹੋਇਆ ਸੀ।



‘ਸਿਰਜਣਾ’ ਦਾ 100ਵਾਂ ਅੰਕ ਜੋ 1995 ਵਿਚ ਛਪਿਆ ਸੀ।

## ਸੰਪਾਦਕੀ ਹੁਨਰ

*ਜਗਰਾਵਾਂ ਨੇੜਲੇ ਪਿੰਡ ਭੰਮੀਪੁਰ ਵਿਚ ਜਨਮੇ ਡਾ. ਰਘਬੀਰ ਸਿੰਘ ਪਹਿਲਾਂ ਪਹਿਲ ਸਿਆਸਤ ਵਿਚ ਵੀ ਸਰਗਰਮ ਰਹੇ ਅਤੇ ਉਨ੍ਹਾਂ ਭਾਰਤੀ ਕਮਿਊਨਿਸਟ ਪਾਰਟੀ ਲਈ ਕੰਮ ਕੀਤਾ। ਬਾਅਦ ਵਿਚ ਉਨ੍ਹਾਂ ਸਾਹਿਤ ਅਤੇ ਸਭਿਆਚਾਰ ਨੂੰ ਆਪਣਾ ਪਿੜ ਚੁਣ ਲਿਆ। ਉਨ੍ਹਾਂ ਪਹਿਲਾਂ ਜੰਡਿਆਲਾ ਕਾਲਜ ਅਤੇ ਫਿਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪੜ੍ਹਾਇਆ। ਇਸ ਦੇ ਨਾਲ-ਨਾਲ ‘ਸਿਰਜਣਾ’ ਦੀ ਸੰਪਾਦਨਾ ਜਾਰੀ ਰੱਖੀ ਅਤੇ ਆਪਣੀ ਵੱਖਰੀ ਪਹੁੰਚ ਕਾਰਨ ਸਾਹਿਤ ਦੇ ਖੇਤਰ ਵਿਚ ਨਵੇਂ ਪੂਰਨੇ ਪਾਏ।*



# ਆਖ ਤਸਵੀਰਾਂ ਬੋਲਦੀਆਂ

*ਕਾਲਮ ‘ਆਖ ਤਸਵੀਰਾਂ ਬੋਲਦੀਆਂ’ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ ’ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ ’ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 16 ਮਈ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-481



*ਪੇਟ ਦੀ ਖਾਤਿਰ ਕੀ-ਕੀ ਪਾਪੜ ਵੇਲਣੇ ਪੈਂਦੇ ਨੇ।*
*ਔਖੇ ਵੇਲੇ ਦੇਖੋ ਲੋਕੀ ਕੀ-ਕੀ ਸਹਿੰਦੇ ਨੇ।*

## ਕੈਪਸ਼ਨ ਮੁਕਾਬਲਾ-479



ਕਰ ਮੁਸ਼ੱਕਤ ਕੁੱਬੇ ਹੋ ਗਏ
ਪਰ ਕਿਸਮਤ ਨਾ ਬਦਲੀ,
ਸੁੰਨਾ ਮੰਜਾ ਪੀੜ੍ਹੀ ਤੇ ਪੱਖੀ
ਨਾ ਵਰ੍ਹੀ ਖੁਸ਼ੀ ਦੀ ਬੱਦਲੀ।
ਆਖਦੇ ਨੇ ਖੇਤਾਂ ਦਾ ਰਾਜਾ
ਅੰਨਦਾਤਾ ਦੀ ਪਦਵੀ ਪਾਈ,
ਸ਼ਾਹ, ਸਰਕਾਰ ਦੋਨੋਂ ਲੁੱਟਦੇ
ਨਾ ਸ਼ਰਮ ਕਿਸੇ ਨੂੰ ਆਈ।
***-ਸੇਵਾ ਸਿੰਘ ਨੂਰਪੁਰੀ***

---

ਬੇਬੇ ਆਖੇ ਬਾਪੂ ਤਾਈਂ
ਦਾਬਾ ਨਾ ਹੁਣ ਮੰਨਾਂਗੇ।
ਲੈ ਫੜ ਤੂੰ ਪੀ ਘੁੱਟ ਚਾਹ ਦੀ
ਕਾਇਮ ‘ਜੇ ਹੋ ਕੇ ਚੱਲਾਂਗੇ।
ਜ਼ਿੰਦਾਬਾਦ ਦੇ ਨਾਹਰੇ ਲਾ ਕੇ
ਹਕੂਮਤ ਤਾਈਂ ਦਵੱਲਾਂਗੇ।
***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਆਹ ਲੈ ਪਾਣੀ ਪੀ ਲੈ,
ਸਰਨਾ ਨਹੀਂ ਹੁਣ ਢੇਰੀ ਢਾਹ ਕੇ।
ਜਿਵੇਂ, ਕਿਵੇਂ ਆਪਣੀ ਲੰਘ ਗਈ,
ਲੈ ਜਾਣਗੇ ਜਮੀਨਾਂ ਹਥਿਆ ਕੇ।
ਪੁੱਤ, ਪੋਤਿਆਂ ਲਈ ਪੈਣਾ ਲੜਨਾ,
ਜਿੱਤ ਕੇ ਮੁੜਨਾ, ਹਾਰ ਨ੍ਹੀਂ ਮੰਨਣੀ,
ਚੜ੍ਹਦੀ ਕਲਾ ਰੱਖਣੀ ਬਣਾ ਕੇ।
***-ਦਵਿੰਦਰ ਕੌਰ***

---

ਉਮਰ ਬੀਤ ਗਈ ਸਾਡੀ
ਕੀਤੇ ਜ਼ਿੰਦਗੀ ਵਿਚ ਸੰਘਰਸ਼ ਬਥੇਰੇ।
ਪੈਂਡਾ ਭਾਵੇਂ ਔਖਾ ਸਾਡੇ ਲਈ
ਪਰ ਹੌਸਲੇ ਸਾਂਭ ਰੱਖੇ ਨੇ ਬਥੇਰੇ।

ਉਹ ਦਿਨ ਵੀ ਕਰਮਾਂ ਵਾਲਾ ਆਵੇਗਾ
ਜਦੋਂ ਖੁਸ਼ੀ ਨਾਲ ਖਿੜੇ ਹੋਣਗੇ ਸਭ ਦੇ ਚਿਹਰੇ।
ਜਿਵੇਂ ਆਉਂਦਾ ਹੈ ਦਿਨ
ਉਸ ਕਾਲੀ ਰਾਤ ਤੋਂ ਬਾਅਦ,
ਉਵੇਂ ਆਵੇਗੀ ਜਿੱਤ ਵੀ
ਸਾਡੇ ਕਿਸਾਨ ਵੀਰਾਂ ਦੇ ਵਿਹੜੇ।
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-940-6660***

---

ਲੱਸੀ ਦੇ ਗਿਲਾਸ ਨੂੰ ਵੀ
ਤਰਸੇ ਪਏ ਆਂ ਭਾਗਵਾਨੇ,
ਤੋਕੜ ਸਭ ਲਵੇਰੀਆਂ
ਖਾਲੀ ਪਏ ਨੇ ਦਧੂਨੇ।
ਲੱਸੀਆਂ ਦੁੱਧ ਵਿਹੂਣੇ ਸਾਰੇ
ਖੜਕਣ ਬਾਟੀਆਂ ਤੇ ਛੰਨੇ,
ਠੰਡਾ ਪਾਣੀ ਹੀ ਪਿਆ ਦੇ
ਨੀ ਠੰਢ ਪੈ ਜਾਏ ਜੇ ਸੀਨੇ।
***-ਕਲਵੰਤ ਸਿੰਘ ਸਹੋਤਾ***
***ਫੋਨ: 604-589-5919***

---

ਗੁਰਬਤ ਦੇ ਵਿਚ ਲੰਘਾਈ ਜ਼ਿੰਦਗੀ
ਬੁਢਾਪੇ ‘ਚ ਸਰੀਰ ਡੱਗ-ਡੱਗ ਹੱਲੇ।
ਨਵੀਂ ਪੀੜ੍ਹੀ ਨੂੰ ਫੰਗ ਲੱਗ ਗਏ
ਪੁੱਤ ਸਾਡੇ ਕਿਸਾਨ ਅੰਦੋਲਨ ‘ਚ ਚੱਲੇ।
ਨੂੰਹਾਂ, ਪੋਤ-ਨੂੰਹਾਂ ਕੋਈ ਨਾ ਪੁੱਛੇ
ਰੜੇ ਮੈਦਾਨ ਦੋਵੇਂ ਰਹਿ ਗਏ ‘ਕੱਲੇ।
ਸਬਰ ਨਾਲ ਇਕ ਦੂਜੇ ਦੀ ਸੁਣੀਏ
ਮਨ ਹੌਲਾ ਕਰ ਕੇ ਹੁੰਦੀ ਬੱਲੇ ਬੱਲੇ।
***-ਅਮਰਜੀਤ ਸਿੰਘ ਤੂਰ***
***ਪਿੰਡ ਕੁਲਬੁਰਛਾ, ਪਟਿਆਲਾ।***
***ਫੋਨ: 91-98784-69639***

---

ਉਮਰੋਂ ਭਾਵੇਂ ਬੁਢੇਪਾ ਆ ਗਿਆ
ਦੇਖ ਹੱਕਾਂ ‘ਤੇ ਪਿਆ ਛਾਪਾ।
ਖੂਨ ਲੱਗਾ ਖੌਲਣ ਵਿਚ
ਮੈਦਾਨ ਡਟਣ ਲਈ
ਮਾਰੇ ਨਾ ਕੋਈ ਤਾਹਨਾ ਕਿਤੇ,
ਸੀਨਾ ਤਣਿਆ ਅਣਖ ਨਾਲ
ਬਜੁਰਗ ਜੋੜਾ ਵੀ ਆ ਬੈਠਾ ਨੌਜਵਾਨਾਂ ਨਾਲ
“ਦੋ ਪੈਰ ਘੱਟ ਤੁਰਨਾ
ਪਰ ਤੁਰਨਾ ਮਟਕ ਦੇ ਨਾਲ,
ਦੋ ਪੈਰ ਘੱਟ ਜੀਵਣਾ
ਪਰ ਜੀਵਣਾ ਅਣਖ ਦੇ ਨਾਲ।
***-ਦਰਸ਼ਨਪਾਲ ਦੋਸਾਂਝ***

# ਫਲਸਫਾ ਗੁਰੂ ਤੇਗ ਬਹਾਦਰ: ਸ਼ਹਾਦਤ ਦਾ ਪੈਂਡਾ

***ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਹਿੰਦੋਸਤਾਨੀ ਉਪ-ਮਹਾਂਦੀਪ ਦੇ ਇਤਿਹਾਸ ਵਿਚ ਇਕ ਯੁੱਗ ਪਲਟਾਊ ਘਟਨਾ ਸੀ। ਇਸ ਨੇ ਪੰਜਾਬ ਦੇ ਇਤਿਹਾਸ ਨੂੰ ਨਵਾਂ ਅਤੇ ਕ੍ਰਾਂਤੀਕਾਰੀ ਮੋੜ ਦਿੱਤਾ। ਤਾਰੀਖ ਵਿਚ ਬਹੁਤ ਸ਼ਹੀਦੀਆਂ ਅਤੇ ਕੁਰਬਾਨੀਆਂ ਹੋਈਆਂ ਹਨ ਪਰ ਬਹੁਤ ਘੱਟ ਨੇ ਭਾਈਚਾਰਿਆਂ ਅਤੇ ਖੇਤਰਾਂ ਦੇ ਇਤਿਹਾਸ 'ਤੇ ਇੰਨਾ ਅਸਰ ਪਾਇਆ ਹੈ ਜਿੰਨਾ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਨੇ। ਇਸ ਲੇਖ ਵਿਚ ਸਤਨਾਮ ਚਾਨਾ ਨੇ ਵਿਸਥਾਰ ਸਹਿਤ ਚਰਚਾ ਕੀਤੀ ਹੈ।***

**ਸਤਨਾਮ ਚਾਨਾ**

ਕਿਰਤ ਦੀ ਕ੍ਰਾਂਤੀ ਲਈ ਗੁਰੂ ਤੇਗ ਬਹਾਦਰ ਦਾ ਯੋਗਦਾਨ ਸਭ ਤੋਂ ਵਧੇਰੇ ਸੰਜੀਦਾ ਖੋਜ ਦਾ ਵਿਸ਼ਾ ਹੈ। ਇਹ ਨਿਰਵਿਵਾਦ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਦੇ ਸੰਘਰਸ਼ ਦਾ ਕੇਂਦਰੀ ਨੀਤੀਵਾਕ ਸੀ- 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥' ਪਿੰਨਕੋਟ ਦੇ ਹਵਾਲੇ ਨਾਲ ਇੰਦੂ ਭੂਸ਼ਨ ਬੈਨਰਜੀ ਨੇ ਲਿਖਿਆ ਹੈ ਕਿ "ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਤੇਗ ਬਹਾਦਰ ਨੇ ਆਪਣਾ ਜੀਵਨ ਮੁਗਲਾਂ ਦੀ ਹਕੂਮਤ ਦੇ ਹਥਿਆਰਬੰਦ ਵਿਰੋਧ ਵਿਚ ਗੁਜ਼ਾਰਿਆ"। ਉਹ ਆਪਣੀ ਚੜ੍ਹਦੀ ਜਵਾਨੀ ਤੋਂ ਹੀ ਦਿਲ ਗੁਰਦੇ ਵਾਲੇ ਜੁਝਾਰੂ ਸਨ। ਉਨ੍ਹਾਂ ਨੇ ਗੁਰੂ ਹਰਿਗੋਬਿੰਦ ਦੀ ਕਰਤਾਰਪੁਰ ਵਿਚ ਲੜੀ ਗਈ ਜੰਗ ਸਮੇਂ ਬਹਾਦਰੀ ਦੇ ਕਰਤਬ ਦਿਖਾਏ ਸਨ। ਬੈਨਰਜੀ ਅਨੁਸਾਰ "ਗੁਰੂ ਹਰਿਗੋਬਿੰਦ ਜੀ ਨੇ ਆਪਣੇ ਛੋਟੇ ਪੁੱਤਰ ਨੂੰ ਤਲਵਾਰ ਦੇ ਜੌਹਰ ਦਿਖਾਉਂਦਿਆਂ ਦੇਖ ਫਰਮਾਇਆ ਸੀ, 'ਤੂੰ ਤਿਆਗ ਮੱਲ ਨਹੀਂ, ਤੇਗ ਬਹਾਦਰ ਹੈਂ'।"

ਗੁਰੂ ਤੇਗ ਬਹਾਦਰ ਜੀ ਦਾ ਮੁੱਢਲਾ ਨਾਮ ਤਿਆਗ ਮੱਲ ਸੀ। ਇੱਥੇ ਕੁਝ ਇਤਿਹਾਸਕਾਰਾਂ ਨੇ ਕਿਹਾ ਹੈ ਕਿ ਇਸ ਜੰਗ ਉਪਰੰਤ ਗੁਰੂ ਤੇਗ ਬਹਾਦਰ ਦੀ ਮਾਨਸਿਕਤਾ ਵਿਚ ਪਰਿਵਰਤਨ ਆ ਗਿਆ ਤੇ ਉਹ ਭਜਨ ਬੰਦਗੀ ਵਿਚ ਲੱਗ ਗਏ। ਉਨ੍ਹਾਂ ਇਤਿਹਾਸਕਾਰਾਂ ਨੇ ਇਹ ਵੀ ਕਾਫੀ ਉਭਾਰ ਕੇ ਪੇਸ਼ ਕੀਤਾ ਹੈ ਕਿ ਗੁਰੂ ਸਾਹਿਬ ਤੇਗ ਬਹਾਦਰ ਬਣਨ ਨਾਲੋਂ 'ਦੇਗ ਬਹਾਦਰ' ਰਹਿਣਾ ਪਸੰਦ ਕਰਦੇ ਸਨ; ਅਥਵਾ 'ਗਰੀਬਾਂ ਦੇ ਪਾਲਣਹਾਰ ਅਤੇ ਭੁੱਖਿਆਂ ਦੇ ਮਦਦਗਾਰ' ਰਹਿਣਾ ਚਾਹੁੰਦੇ ਸਨ। ਸ਼ਸਤਰਧਾਰੀ ਸ਼ੈਲੀ ਨਹੀਂ ਅਪਨਾਉਣਾ ਚਾਹੁੰਦੇ ਸਨ। ਅਮਨ ਚੈਨ ਅਤੇ ਭਗਤੀ ਵਿਚੋਂ ਬਹੁਤ ਸਾਰੇ ਲੇਖਕਾਂ ਨੇ ਸ਼ਕਤੀ ਦੀ ਭੂਮਿਕਾ ਨੂੰ ਉਕਾ ਹੀ ਖਾਰਜ ਕਰ ਦਿੱਤਾ ਹੈ ਪਰ ਜ਼ਿੰਦਗੀ ਨੇ ਜੋ ਅਸਲ ਵਿਚ ਸਾਬਤ ਕੀਤਾ, ਉਹ ਬਣਾਈ ਜਾ ਚੁੱਕੀ ਧਾਰਨਾ ਤੋਂ ਵੱਖਰਾ ਨਜ਼ਰ ਆਉਂਦਾ ਹੈ। ਉਸ ਵਿਚ ਭਗਤੀ ਦੇ ਨਾਲ ਸ਼ਕਤੀ ਦੀ ਭੂਮਿਕਾ ਵੀ ਉਭਰ ਕੇ ਪੇਸ਼ ਹੁੰਦੀ ਹੈ।

ਗੁਰੂ ਸਾਹਿਬ ਵੱਲੋਂ ਗੱਦੀ ਸੰਭਾਲਣ ਉਪਰੰਤ ਜਦੋਂ ਧੀਰ ਮੱਲੀਆਂ ਨੇ ਹਿੰਸਾ ਕੀਤੀ ਅਤੇ ਗੁਰੂ ਸਾਹਿਬ 'ਤੇ ਗੋਲੀ ਵੀ ਚਲਾਈ ਤਾਂ ਗੁਰੂ ਸਾਹਿਬ ਦੇ ਸ਼ਰਧਾਲੂਆਂ ਨੇ ਭਾਈ ਮੱਖਣ ਸ਼ਾਹ ਲੁਬਾਣਾ ਦੀ ਅਗਵਾਈ ਵਿਚ ਧੀਰ ਮੱਲੀਆਂ ਵਿਰੁੱਧ ਸ਼ਸਤਰਾਂ ਦਾ ਪ੍ਰਯੋਗ ਕੀਤਾ ਸੀ। ਉਸ ਉਪਰੰਤ ਪੂਰੀ ਤਰ੍ਹਾਂ ਅਮਨ ਚੈਨ ਹੋ ਗਿਆ ਸੀ। ਗੁਰਗੱਦੀ ਉਪਰ ਬੈਠਦੇ ਸਾਰ ਹੀ ਵਿਰੋਧੀਆਂ ਨੇ ਗੁਰੂ ਸਾਹਿਬ ਦੇ ਪੈਰੋਕਾਰਾਂ ਨੂੰ ਸ਼ਸਤਰ ਇਸਤੇਮਾਲ ਕਰਨ ਲਈ ਮਜਬੂਰ ਕਰ ਦਿੱਤਾ। ਸ਼ਕਤੀ ਤੇ ਸ਼ਸਤਰ ਹੀ ਅਮਨ ਦੀ ਗਾਰੰਟੀ ਸਾਬਤ ਹੋਏ। 'ਪੁਰਖ ਭਗਵੰਤ' ਦੇ ਲੇਖਕ ਸਤਿਬੀਰ ਸਿੰਘ ਅਨੁਸਾਰ ਗੁਰਗੱਦੀ ਗੁਰੂ ਹਰਿਰਾਏ ਨੂੰ ਬਖਸ਼ਿਸ਼ ਕਰਨ ਸਮੇਂ ਵੀ ਜਦੋਂ ਮਾਤਾ ਨਾਨਕੀ ਨੇ ਗੁਰੂ ਹਰਿਗੋਬਿੰਦ ਤੋਂ ਤੇਗ ਬਹਾਦਰ ਲਈ ਵੀ ਕੁਝ ਬਖਸ਼ਿਸ਼ ਕਰਨ ਦੀ ਮੰਗ ਕੀਤੀ ਸੀ ਤਾਂ ਉਨ੍ਹਾਂ ਨੇ ਰੁਮਾਲ, ਪੋਥੀ ਅਤੇ ਕਟਾਰ ਦਿੱਤੇ ਸਨ ਅਤੇ ਕਿਹਾ ਸੀ ਕਿ ਭਵਿੱਖ ਵਿਚ ਉਹ ਇਨ੍ਹਾਂ ਦੀ ਵਰਤੋਂ ਕਰਨਗੇ। ਗੁਰਗੱਦੀ ਸੰਭਾਲਣ ਸਮੇਂ ਉਨ੍ਹਾਂ ਨੂੰ ਗੁਰੂ ਹਰਿਗੋਬਿੰਦ ਜੀ ਦੇ ਸ਼ਸਤਰ ਸੌਂਪੇ ਗਏ ਸਨ।

'ਦਿ ਸਿੱਖਸ' ਕਿਤਾਬ ਦਾ ਲੇਖਕ ਜੋਹਨ ਗੋਰਡੋਨ ਦੱਸਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਸਤਲੁਜ ਕਿਨਾਰੇ ਕਿਲ੍ਹਾ ਉਸਾਰਿਆ ਜਿਸ ਨੂੰ ਉਨ੍ਹਾਂ ਨੇ ਆਪਣੇ ਧਾਰਮਿਕ ਅਤੇ ਸੈਨਿਕ ਹੈੱਡਕੁਆਰਟਰ ਵਜੋਂ ਸਥਾਪਤ ਕੀਤਾ। ਇਸੇ ਪ੍ਰਕਾਰ ਇਤਿਹਾਸਕਾਰ ਮੁਹੰਮਦ ਲਤੀਫ, ਕੁਝ ਉਜ਼ਰਾਂ ਦੇ ਬਾਵਜੂਦ ਸਵੀਕਾਰਦਾ ਹੈ ਕਿ "ਉਹ ਬੜੇ ਬਹਾਦਰ ਅਤੇ ਸੂਰਮਾ ਸ਼ਖਸ ਸਨ, ਉਨ੍ਹਾਂ ਆਪਣੀ ਖੁਦ ਦੀ ਮਿਸਾਲ ਅਤੇ ਕਰਨੀ ਨਾਲ ਸਿੱਖਾਂ ਨੂੰ ਜੰਗਜੂ ਲੋਕਾਂ ਦਾ ਰੂਪ ਦੇਣ ਵਿਚ ਘੱਟ ਕੰਮ ਨਹੀਂ ਕੀਤਾ, ਉਨ੍ਹਾਂ ਦੇ ਝੰਡੇ ਥੱਲੇ ਬੇਅੰਤ ਸੰਗਤਾਂ ਜਮ੍ਹਾਂ ਹੋ ਗਈਆਂ। ... ਉਨ੍ਹਾਂ ਨੇ ਅਨੰਦਪੁਰ ਵਿਚ ਕਿਲ੍ਹਾ ਉਸਾਰਿਆ"। ਸੋਹਣ ਸਿੰਘ ਸੀਤਲ ਦਾ ਵਿਚਾਰ ਹੈ ਕਿ "ਗੁਰੂ ਹਰਿਗੋਬਿੰਦ ਸਾਹਿਬ ਤੋਂ ਗੁਰਗੱਦੀ ਦੀ ਸ਼ਾਨ ਬਾਦਸ਼ਾਹਾਂ ਵਰਗੀ ਬਣ ਗਈ ਸੀ। ਗੁਰੂ ਮਹਾਰਾਜ ਕਲਗੀ ਲਾ ਕੇ ਸ਼ਾਹੀ ਤਖਤ ਸਜਾ ਕੇ ਉਪਰ ਬੈਠਦੇ ਸਨ। ਗੁਰੂ ਤੇਗ ਬਹਾਦਰ ਸਾਹਿਬ ਵੀ ਉਸੇ ਮਰਯਾਦਾ ਦੀ ਪਾਲਣਾ ਕਰ ਰਹੇ ਸਨ।"



ਅਕਤੂਬਰ 1665 ਵਿਚ ਜਦੋਂ ਧਮਧਾਮ ਦੇ ਸਥਾਨ ਤੋਂ ਆਲਮ ਖਾਨ ਰੁਹੇਲੇ ਨੇ ਗੁਰੂ ਤੇਗ ਬਹਾਦਰ ਜੀ ਨੂੰ ਗ੍ਰਿਫਤਾਰ ਕੀਤਾ ਸੀ ਤਾਂ ਉਸ ਸਮੇਂ ਤੱਕ ਕਸ਼ਮੀਰੀ ਪੰਡਤਾਂ ਨਾਲ ਜੁੜਿਆ ਕੋਈ ਵੀ ਮਸਲਾ ਸਿਆਸੀ ਪੱਧਰ 'ਤੇ ਇਸ ਪ੍ਰਕਾਰ ਨਹੀਂ ਉਭਰਿਆ ਹੋਇਆ ਸੀ। ਫਿਰ ਉਸ ਸਮੇਂ ਗ੍ਰਿਫਤਾਰੀ ਦਾ ਕੀ ਕਾਰਨ ਸੀ? ਕਸ਼ਮੀਰੀ ਪੰਡਤਾਂ ਉਪਰ ਜ਼ੁਲਮ ਦਾ ਦੌਰ ਕਿਤੇ ਬਾਅਦ, ਸ਼ੇਰ ਅਫਗਾਨ ਦੇ ਸਮੇਂ ਅਰੰਭ ਹੋਇਆ ਸੀ। ਸਿੱਖ ਇਤਿਹਾਸ ਦੇ ਕਰਤਾ ਪ੍ਰੋ. ਕਰਤਾਰ ਸਿੰਘ ਅਨੁਸਾਰ ਔਰੰਗਜ਼ੇਬ ਨੇ ਹਿੰਦੂਆਂ ਦੇ ਧਾਰਮਿਕ ਸਥਾਨ ਢਹਿ ਢੇਰੀ ਕਰਨ ਦੇ ਹੁਕਮ ਵੀ ਉਸ ਤੋਂ ਚਾਰ ਸਾਲ ਬਾਅਦ 1669 ਵਿਚ ਜਾਰੀ ਕੀਤੇ ਸਨ। ਇਫਤਖਾਰ ਖਾਨ ਨੂੰ ਬਾਅਦ ਵਿਚ ਹੀ ਕਸ਼ਮੀਰ ਦਾ ਗਵਰਨਰ ਨਿਯੁਕਤ ਕੀਤਾ ਜਾਂਦਾ ਹੈ। ਮੁਹੰਮਦ ਲਤੀਫ ਅਨੁਸਾਰ ਪਹਿਲੀ ਗ੍ਰਿਫਤਾਰੀ ਸਮੇਂ ਗੁਰੂ ਸਾਹਿਬ ਉਪਰ ਇਹ ਦੋਸ਼ ਲਾਇਆ ਗਿਆ ਸੀ ਕਿ ਉਹ ਆਪਣਾ ਰਾਜ ਸਥਾਪਤ ਕਰਨਾ ਅਤੇ ਲੋਕ ਅਮਨ ਵਿਚ ਗੜਬੜ ਉਤਪੰਨ ਕਰਨਾ ਚਾਹੁੰਦੇ ਹਨ। ਇਹ 'ਇਲਜ਼ਾਮ' ਅਤੇ ਇਹ 'ਕਾਰਵਾਈ' ਪਹਿਲੇ ਗੁਰੂ ਸਾਹਿਬਾਨ ਦੇ ਸੰਘਰਸ਼ ਦੀ ਲਗਾਤਾਰਤਾ ਦਾ ਹੀ ਅਗਲਾ ਪੜਾਅ ਸੀ ਪਰ ਇਸ ਗ੍ਰਿਫਤਾਰੀ ਸਮੇਂ ਜੈਪੁਰ ਦੇ ਮਿਰਜ਼ਾ ਜੈ ਸਿੰਘ ਦੇ ਪੁੱਤਰ ਰਾਜਾ ਰਾਮ ਸਿੰਘ ਨੇ ਦਖਲ ਦੇ ਕੇ ਅਤੇ ਜ਼ਮਾਨਤ ਦੇ ਕੇ ਉਨ੍ਹਾਂ ਨੂੰ ਬੰਦੀਖਾਨੇ ਵਿਚ ਨਾ ਜਾਣ ਦਿੱਤਾ ਜਿਸ ਕਰ ਕੇ ਉਨ੍ਹਾਂ ਨੂੰ ਰਾਜਾ ਰਾਮ ਸਿੰਘ ਦੇ ਮਹੱਲ ਵਿਚ ਰੱਖਿਆ ਗਿਆ ਸੀ ਅਤੇ ਬਾਅਦ ਵਿਚ ਰਿਹਾਅ ਕਰ ਦਿੱਤਾ ਗਿਆ ਸੀ। ਗੁਰੂ ਤੇਗ ਬਹਾਦਰ ਜੀ ਦੀ ਇਹ ਪਹਿਲੀ ਗ੍ਰਿਫਤਾਰੀ ਸੀ ਜੋ ਮੁਗਲ ਸਲਤਨਤ ਦੇ ਸੂਹੀਆਂ ਦੀਆਂ ਅਜਿਹੀਆਂ ਸੂਚਨਾਵਾਂ ਦੇ ਆਧਾਰ 'ਤੇ ਕੀਤੀ ਗਈ ਸੀ ਕਿ ਗੁਰੂ ਤੇਗ ਬਹਾਦਰ ਲੋਕਾਂ ਅੰਦਰ ਨਵੀਂ ਲਹਿਰ ਪੈਦਾ ਕਰ ਰਹੇ ਹਨ, ਨਵੇਂ ਵਿਚਾਰਾਂ ਨਾਲ ਜਾਗਰਤ ਕਰ ਰਹੇ ਹਨ ਅਤੇ ਦਿਨੋ ਦਿਨ ਬੜੀ ਸ਼ਕਤੀ ਹਾਸਲ ਕਰਦੇ ਜਾ ਰਹੇ ਹਨ। ਇਸੇ ਸਬੰਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿਚ ਪਹਿਲਾ ਤਰਜਮਾ ਕਰਨ ਵਾਲਾ ਵਿਦਵਾਨ ਅਰਨੈਸਟ ਟਰੰਪ ਲਿਖਦਾ ਹੈ ਕਿ "ਗੁਰੂ ਜੀ ਕੋਈ ਸ਼ਾਂਤਮਈ ਧਾਰਮਿਕ ਆਗੂ ਨਹੀਂ ਸਨ ਜਾਪਦੇ ਸਗੋਂ ਆਪਣੇ ਸ਼ਸਤਰਧਾਰੀ ਪੈਰੋਕਾਰਾਂ ਦੇ ਆਗੂ ਸਨ।" ਇਤਿਹਾਸਕਾਰ ਯਾਦੂ ਨਾਥ ਸਰਕਾਰ ਵੀ ਲਿਖਦਾ ਹੈ ਕਿ ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਤੇਗ ਬਹਾਦਰ ਨੂੰ ਸ਼ਸਤਰ ਤਿਆਗ ਦੇਣ ਲਈ ਕਿਹਾ ਸੀ। ਮੁਹੰਮਦ ਲਤੀਫ ਦਾ ਦਾਅਵਾ ਹੈ ਜਿਸ ਦੀ ਪੁਸ਼ਟੀ ਇਕ ਹੱਦ ਤੱਕ ਮੈਕਸ ਆਰਥਰ ਮੈਕਾਲਿਫ (ਇਸ ਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ) ਨੇ ਵੀ ਕੀਤੀ ਹੈ ਕਿ ਗੁਰੂ ਤੇਗ ਬਹਾਦਰ ਜੀ ਕੋਲ 1000 ਘੋੜਸਵਾਰ ਸਨ। ਉਸ ਦਾ ਇਹ ਵੀ ਦਾਅਵਾ ਹੈ ਕਿ ਗੁਰੂ ਸਾਹਿਬ ਨੇ "ਪੇਂਡੂ ਕਬੀਲਿਆਂ ਵਿਚੋਂ ਸ਼ਸਤਰਧਾਰੀ ਚੇਲੇ ਭਰਤੀ ਕਰ ਲਏ ਸਨ"। ਮੁਹੰਮਦ ਲਤੀਫ ਅਨੁਸਾਰ ਗੁਰੂ ਸਾਹਿਬ ਨੇ "ਮੁਗਲ ਰਾਜ ਦੇ ਉਨ੍ਹਾਂ ਭਗੌੜਿਆਂ ਨੂੰ ਪਨਾਹ ਦੇਣੀ ਸ਼ੁਰੂ ਕਰ ਦਿੱਤੀ ਜੋ ਨੱਸ ਕੇ ਉਨ੍ਹਾਂ ਦੀ ਸ਼ਰਨ ਜਾ ਪੈਂਦੇ ਸਨ।" ਇਸ ਦੇ ਨਾਲ ਹੀ ਰਲਦਾ ਮਿਲਦਾ ਕਥਨ ਇਤਿਹਾਸਕਾਰ ਖੁਸ਼ਵਕਤ ਰਾਏ ਦਾ ਹੈ ਕਿ "ਗੁਰੂ ਜੀ ਨੇ ਘੋੜਸਵਾਰਾਂ ਤੇ ਊਠਸਵਾਰਾਂ ਦਾ ਇਕ ਦਸਤਾ ਤਿਆਰ ਕੀਤਾ, ਕਾਰਖਾਨੇ ਕਾਇਮ ਕਰਨ ਦੇ ਰਾਖਵੇਂ ਸ਼ਾਹੀ ਅਧਿਕਾਰ ਵਿਚ ਦਖਲ ਦਿੱਤਾ ਅਤੇ ਬਾਗੀ ਅਮੀਰਾਂ, ਅਜਾਰੇਦਾਰਾਂ, ਜ਼ਿਮੀਂਦਾਰਾਂ, ਮੁਣਸ਼ੀਆਂ, ਮੁਸਤਦੀਆਂ ਨੂੰ ਆਪਣੇ ਦਰਬਾਰ ਵਿਚ ਪਨਾਹ ਲੈਣ ਦਾ ਹੌਸਲਾ ਦਿੱਤਾ। ਜਿੱਥੇ ਉਨ੍ਹਾਂ ਨੂੰ ਉਚੀ ਇੱਜ਼ਤ ਦੀਆਂ ਪਦਵੀਆਂ ਦਿੱਤੀਆਂ"।

ਇਸ ਤੋਂ ਇਲਾਵਾ ਜਗਜੀਤ ਸਿੰਘ ਨੇ ਸਿੱਖਾਂ ਦਾ ਇਤਿਹਾਸ ਲਿਖਣ ਵਾਲੇ ਅੰਗਰੇਜ਼ ਇਤਿਹਾਸਕਾਰ ਜੇ.ਡੀ. ਕਨਿੰਘਮ ਅਤੇ ਮੁਹੰਮਦ ਲਤੀਫ ਦੇ ਹਵਾਲਿਆਂ ਨਾਲ ਲਿਖਿਆ ਹੈ ਕਿ ਗੁਰੂ ਤੇਗ ਬਹਾਦਰ ਜੀ ਦੀਆਂ "ਆਪਣੇ ਸਿੱਖਾਂ ਨੂੰ ਵਾਰ-ਵਾਰ ਦਿੱਤੀਆਂ ਹਦਾਇਤਾਂ ਕਿ ਉਹ ਉਨ੍ਹਾਂ ਦੇ ਤੀਰਾਂ ਦੇ ਨਿਸ਼ਾਨ ਦਿਖਾਉਣ ਵਾਲਿਆਂ ਦਾ ਹੁਕਮ ਮੰਨਣ, ਭਗਤੀ ਦੀਆਂ ਭਾਵਨਾਵਾਂ ਨਾਲੋਂ ਬਾਦਸ਼ਾਹੀ ਦੀ ਸਪਿਰਟ ਨੂੰ ਵਧੇਰੇ ਜ਼ਾਹਿਰ ਕਰਦੀਆਂ ਹਨ।"

ਫਿਰ ਵੀ ਜਿਹੜੇ ਇਤਿਹਾਸਕਾਰ ਗੁਰੂ ਤੇਗ ਬਹਾਦਰ ਜੀ ਨੂੰ ਸਿਰਫ ਬੰਦਗੀ ਅਤੇ ਸ਼ਾਂਤੀ ਦੇ ਦ੍ਰਿਸ਼ਟੀਕੋਣ ਤੋਂ ਹੀ ਪੇਸ਼ ਕਰਦੇ ਹਨ, ਉਨ੍ਹਾਂ ਦੀਆਂ ਆਪਣੀਆਂ ਲਿਖਤਾਂ ਵਿਚ ਵੀ ਅਨੇਕਾਂ ਅਜਿਹੇ ਵਾਕਿਆਤ ਦਰਜ ਹਨ ਜਿਹੜੇ ਗੁਰੂ ਸਾਹਿਬ ਦੇ ਜੁਝਾਰੂ ਤੇ ਸ਼ਸਤਰਧਾਰੀ ਜੀਵਨ ਦਾ ਸਬੂਤ ਪੇਸ਼ ਕਰਦੇ ਹਨ। ਅਜਿਹੇ ਵਾਕਿਆਤ ਸਾਬਤ ਕਰਦੇ ਹਨ ਕਿ ਗੁਰੂ ਸਾਹਿਬ ਹਰ ਵਕਤ ਆਪਣੇ ਕੋਲ ਕਈ ਪ੍ਰਕਾਰ ਦੇ ਸ਼ਸਤਰ ਰੱਖਦੇ ਸਨ। ਜਿਵੇਂ ਮੈਕਾਲਿਫ ਦੱਸਦਾ ਹੈ ਕਿ ਭੀਖੀ ਪਿੰਡ ਦੇ ਦੇਸੂ ਨਾਮ ਦੇ ਇਕ ਸ਼ਖਸ, ਜਿਹੜਾ ਸਖੀ ਸਰਵਰ ਦਾ ਚੇਲਾ ਸੀ, ਨੂੰ ਗੁਰੂ ਜੀ ਨੇ ਯਾਦ ਵਜੋਂ ਤੀਰਾਂ ਦੀ ਬਖਸ਼ਿਸ਼ ਕੀਤੀ ਅਤੇ ਆਪਣੇ ਇਕ ਹੋਰ ਸ਼ਰਧਾਲੂ ਭਗਤ ਭਗਵਾਨ ਨੂੰ ਤਲਵਾਰ ਬਖਸ਼ੀ ਅਤੇ ਬਨਾਰਸ ਦੀ ਸੰਗਤ ਨੂੰ ਮ੍ਰਿਦੰਗ (ਸਾਜ਼) ਦੀ ਬਖਸ਼ਿਸ਼ ਕੀਤੀ। ਗੁਰੂ ਸਾਹਿਬ ਆਪ ਜਮਨਾ ਤੋਂ ਪਾਰ ਸ਼ਿਕਾਰ ਖੇਡਣ ਜਾਇਆ ਕਰਦੇ ਸਨ। ਗੁਰੂ ਸਾਹਿਬ ਜਦੋਂ ਅਸਾਮ ਵਿਚ ਸਨ ਤਾਂ ਉਨ੍ਹਾਂ ਨੇ ਪਿੱਪਲ ਦੇ ਰੁੱਖ ਵਿਚ ਤੀਰ ਮਾਰ ਕੇ ਆਰ ਪਾਰ ਕਰ ਦਿੱਤਾ ਸੀ ਆਦਿ। ਸ਼ਸਤਰਾਂ ਨਾਲ ਜੁੜੇ ਤਕਰੀਬਨ ਸਾਰੇ ਵਾਕਿਆਤ ਉਨ੍ਹਾਂ ਇਤਿਹਾਸਕਾਰਾਂ ਨੇ ਵੀ ਆਪਣੀਆਂ ਲਿਖਤਾਂ ਵਿਚ ਦਰਜ ਕੀਤੇ ਹਨ ਜਿਨ੍ਹਾਂ ਦਾ ਉਪਰ ਜ਼ਿਕਰ ਕੀਤਾ ਗਿਆ ਹੈ।

ਇਸ ਪ੍ਰਕਾਰ ਅਸਾਮ ਵਿਚ ਰਾਜਾ ਰਾਮ ਸਿੰਘ ਦੀ ਮੁਹਿੰਮ ਦੌਰਾਨ ਗੁਰੂ ਤੇਗ ਬਹਾਦਰ ਜੀ ਦੀ ਭੂਮਿਕਾ ਨਾਲ ਜੁੜੀਆਂ ਘਟਨਾਵਾਂ ਬਾਰੇ ਵੀ ਕੁਝ ਸਵਾਲ ਅਣਸੁਲਝੇ ਪਏ ਹਨ।

ਆਸਾਮ ਦੀ ਮੁਹਿੰਮ ਦੇ ਨਤੀਜਿਆਂ ਦਾ ਜ਼ਿਕਰ ਕਰਦਿਆਂ ਖਜ਼ਾਨ ਸਿੰਘ ਲਿਖਦਾ ਹੈ ਕਿ "ਆਸਾਮ ਦੇ ਰਾਜਿਆਂ ਨੂੰ ਹਾਰ ਹੋਈ ਸੀ ਅਤੇ ਗੌਰੀਪੁਰ ਦੇ ਰਾਜੇ ਨੇ ਗੁਰੂ ਤੇਗ ਬਹਾਦਰ ਜੀ ਰਾਹੀਂ ਸੰਧੀ ਕਰ ਲਈ ਸੀ।" ਗੌਰੀਪੁਰ ਦਾ ਰਾਜਾ ਰਾਮ ਰਾਏ ਅਸਲ ਵਿਚ ਵੱਡਾ ਜਾਗੀਰਦਾਰ ਹੀ ਸੀ ਜੋ ਰਾਜਾ ਕਰ ਕੇ ਜਾਣਿਆ ਜਾਂਦਾ ਸੀ। ਦੂਜੇ ਪਾਸੇ ਮੈਕਾਲਿਫ ਦਾ ਮੰਨਣਾ ਹੈ ਕਿ ਰੰਗਮਈ ਦੇ ਰਾਜਾ ਨੇ ਰਾਜਾ ਰਾਮ ਸਿੰਘ ਨਾਲ, ਗੁਰੂ ਜੀ ਦੇ ਪ੍ਰਭਾਵ ਸਦਕਾ ਸਮਝੌਤਾ ਕਰ ਲਿਆ ਸੀ ਅਤੇ ਉਨ੍ਹਾਂ ਨੇ ਆਪਸ ਵਿਚ ਪੱਗਾਂ ਵੀ ਵਟਾਈਆਂ ਸਨ ਜਦੋਂਕਿ ਸਤਿਬੀਰ ਸਿੰਘ ਦਾ ਮੰਨਣਾ ਹੈ ਕਿ "1670 ਨੂੰ ਗੁਰੂ ਜੀ ਨੇ ਅਸਾਮੀਆਂ ਤੇ ਮੁਗਲ ਫੌਜਾਂ ਵਿਚ ਸੁਲਾਹ ਕਰਾ ਦਿੱਤੀ। ਗੁਰੂ ਜੀ ਦੇ ਕਹਿਣ 'ਤੇ ਦੋਵੇਂ ਧਿਰਾਂ ਪੁਰਾਣੀਆਂ ਸਰਹੱਦਾਂ 'ਤੇ ਚਲੀਆਂ ਗਈਆਂ। ਕਈ ਜਾਨਾਂ ਦਾ ਨੁਕਸਾਨ ਹੋਣ ਤੋਂ ਬਚ ਗਿਆ।"

ਆਸਾਮ ਵਿਚ ਦੋ ਸਾਲ ਗੁਜ਼ਾਰਨ ਉਪਰੰਤ ਗੁਰੂ ਤੇਗ ਬਹਾਦਰ ਜੀ ਪਹਿਲਾਂ ਆਪ ਪੰਜਾਬ ਆਏ ਅਤੇ ਬਾਅਦ ਵਿਚ ਸਾਰਾ ਪਰਿਵਾਰ (ਗੁਰੂ) ਗੋਬਿੰਦ ਰਾਏ ਨੂੰ ਨਾਲ ਲੈ ਕੇ ਆਨੰਦਪੁਰ ਪਹੁੰਚ ਗਿਆ। ਗੁਰੂ ਸਾਹਿਬ ਦੀ ਪਹਿਲੀ ਗ੍ਰਿਫਤਾਰੀ ਤੋਂ ਬਾਅਦ ਔਰੰਗਜ਼ੇਬ ਦੇ ਜ਼ੁਲਮਾਂ ਵਿਚ ਵਾਧਾ ਹੁੰਦਾ ਗਿਆ। ਫਿਰਕੂ ਜਨੂਨ ਉਸ ਦੇ ਸਿਰ ਨੂੰ ਚੜ੍ਹ ਗਿਆ ਸੀ। ਔਰੰਗਜ਼ੇਬ ਵੱਲੋਂ ਇੰਨੀ ਅਤਿ ਚੁੱਕਣ ਦਾ ਕਾਰਨ ਸ਼ਾਇਦ ਉਸ ਦੇ ਮਨ ਵਿਚ ਬੈਠ ਰਿਹਾ ਭੈਅ ਸੀ। ਬਾਅਦ ਵਿਚ ਜਲਦੀ ਹੀ ਉਸ ਦਾ ਇਹ ਭੈਅ ਸਚਾਈ ਵਿਚ ਬਦਲ ਗਿਆ। ਉਹ ਸੱਚਮੁੱਚ ਇਸਲਾਮ ਦੇ 'ਭੱਥੇ ਦਾ ਆਖਰੀ ਤੀਰ' (ਖਦੰਗੇ ਆਖਰੀ) ਸਾਬਤ ਹੋਇਆ। ਗੁਰੂ ਸਾਹਿਬ ਵਿਰੁੱਧ ਕਾਰਵਾਈ ਲਈ ਉਹ ਬਹਾਨੇ ਦੀ ਉਡੀਕ ਵਿਚ ਸੀ। ਗੁਰੂ ਸਾਹਿਬ 11 ਨਵੰਬਰ 1675 ਨੂੰ ਦਿੱਲੀ ਦੇ ਚਾਂਦਨੀ ਚੌਕ ਵਿਚ ਲੋਕਾਂ ਦੇ ਭਾਰੀ ਇੱਕਠ ਸਾਹਮਣੇ ਸ਼ਹੀਦ ਕਰ ਦਿੱਤੇ ਗਏ। ਉਨ੍ਹਾਂ ਦਾ ਸੀਸ ਭਾਈ ਜੈਤਾ ਆਨੰਦਪੁਰ ਸਾਹਿਬ ਲੈ ਆਇਆ ਜਿੱਥੇ ਸੀਸ ਦਾ ਸਸਕਾਰ ਕੀਤਾ ਗਿਆ। ਗੁਰੂ ਸਾਹਿਬ ਦਾ ਧੜ ਲੱਖੀ ਸ਼ਾਹ ਲੁਬਾਣਾ ਆਪਣੇ ਸਾਥੀਆਂ ਦੀ ਮਦਦ ਨਾਲ ਚੋਰੀ ਉਠਾ ਕੇ ਲੈ ਗਿਆ ਤੇ ਲੁਬਾਣਾ ਬਰਾਦਰੀ ਦੇ ਬੰਦਿਆਂ ਨੇ ਧੜ ਦਾ ਸਸਕਾਰ ਕਰਨ ਖਾਤਰ ਆਪਣੇ ਘਰਾਂ ਨੂੰ ਅੱਗ ਲਗਾ ਦਿੱਤੀ।

ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਦੇ ਅਸਲ ਕਾਰਨਾਂ ਦਾ ਖੁਲਾਸਾ ਕਰਦਿਆਂ ਕਨਿੰਘਮ ਇੰਝ ਟਿੱਪਣੀ ਕਰਦਾ ਹੈ, "ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ (ਗੁਰੂ) ਤੇਗ ਬਹਾਦਰ ਨੂੰ 1675 ਵਿਚ ਬਾਗੀ ਕਰਾਰ ਦੇ ਕੇ ਸ਼ਹੀਦ ਕੀਤਾ ਗਿਆ ਸੀ।" ਇਸੇ ਤਰ੍ਹਾਂ ਵਿਲੀਅਮ ਇਰਵਿਨ ਦੱਸਦਾ ਹੈ ਕਿ "ਬਾਦਸ਼ਾਹ ਦੀਆਂ ਨਜ਼ਰਾਂ ਵਿਚ ਗੁਰੂ ਦਾ ਗੁਨਾਹ ਇਹ ਸੀ ਕਿ ਉਨ੍ਹਾਂ ਦੇ ਪੈਰੋਕਾਰ ਆਪਣੇ ਰਹਿਬਰ ਨੂੰ 'ਸੱਚਾ ਪਾਤਸ਼ਾਹ' ਅਰਥਾਤ ਅਸਲ ਬਾਦਸ਼ਾਹ ਮੰਨਦੇ ਸਨ।" ਇਨ੍ਹਾਂ ਦੋਵਾਂ ਇਤਿਹਾਸਕਾਰਾਂ ਦੀਆਂ ਧਾਰਨਾਵਾਂ ਖੁਸ਼ਵਕਤ ਰਾਏ ਦੇ ਕਥਨ ਨਾਲ ਹੋਰ ਸਪੱਸ਼ਟ ਹੁੰਦੀਆਂ ਹਨ। ਉਹ ਕਹਿੰਦਾ ਹੈ ਕਿ ਸਿੱਖ ਸੰਗਤ ਗੁਰੂ ਦੇ ਦਰਬਾਰ ਦਾ ਜਲੌਅ ਦੇਖ ਕੇ ਏਨੀ ਪ੍ਰਭਾਵਤ ਹੋ ਉਠੀ ਸੀ ਕਿ ਉਹ ਆਪਣੇ ਆਪ ਨੂੰ ਰਾਜ ਸੱਤਾ ਦੀ ਦਾਅਵੇਦਾਰ ਸਮਝਣ ਲੱਗੀ ਸੀ। ਲੇਖਕਾਂ ਦੀਆਂ ਇਹ ਧਾਰਨਾਵਾਂ ਔਰੰਗਜ਼ੇਬ ਦੇ ਮਨ 'ਚ ਬੈਠੇ ਭੈਅ ਦਾ ਹਕੀਕੀ ਕਾਰਨ ਸਥਾਪਤ ਕਰਦੀਆਂ ਹਨ।

ਔਰੰਗਜ਼ੇਬ ਵੱਲੋਂ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਦਾ ਨਤੀਜਾ ਕੀ ਨਿਕਲਿਆ? ਇਸ ਦਾ ਸ਼ਾਨਦਾਰ ਨਿਚੋੜ ਜੋਹਨ ਜੇ.ਐਫ. ਗੋਰਡੋਨ ਇੰਝ ਪੇਸ਼ ਕਰਦਾ ਹੈ, "ਦਿੱਲੀ ਵਿਚ ਸ਼ਹੀਦ ਕੀਤੇ ਗਏ ਗੁਰੂ ਤੇਗ ਬਹਾਦਰ ਦੇ ਲਹੂ ਦੇ ਬੀਜੇ ਬੀਜਾਂ ਨੇ ਬੜੀ ਭਰਵੀਂ ਫਸਲ ਦਾ ਝਾੜ ਦਿੱਤਾ।" ਗੁਰੂ ਜੀ ਸ਼ਹੀਦੀ ਤੋਂ ਪਹਿਲਾਂ, ਜਦੋਂ ਆਨੰਦਪੁਰ ਛੱਡਿਆ ਤਾਂ ਆਪਣੇ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਦੀ ਤਲਵਾਰ ਆਪਣੇ ਬੇਟੇ (ਗੁਰੂ) ਗੋਬਿੰਦ ਰਾਏ ਨੂੰ ਪਹਿਨਾਈ ਸੀ। ਕੁਝ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਇਹ ਵਿਸ਼ੇਸ਼ ਤਲਵਾਰ ਗੁਰੂ ਤੇਗ ਬਹਾਦਰ ਜੀ ਨੇ (ਗੁਰੂ) ਗੋਬਿੰਦ ਸਿੰਘ ਨੂੰ ਭੇਜੀ ਸੀ। ਗੁਰੂ ਹਰਿਗੋਬਿੰਦ ਸਾਹਿਬ ਦੀ ਤਲਵਾਰ ਨੌਵੇਂ ਗੁਰੂ ਵੱਲੋਂ ਗੁਰੂ ਗੋਬਿੰਦ ਸਿੰਘ ਨੂੰ ਪਹਿਨਾਉਣਾ ਜੁਝਾਰੂ ਵਿਰਸਾ ਅਗਲੀ ਪੀੜ੍ਹੀ ਨੂੰ ਸੌਂਪਣ ਦਾ ਪ੍ਰਤੀਕ ਹੈ। ਉਂਝ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਪੁੱਤਰ ਨੂੰ ਉਨ੍ਹਾਂ ਦੇ ਪੁਰਖਿਆਂ ਵੱਲੋਂ ਆਰੰਭੀ ਕ੍ਰਾਂਤੀ ਅੱਗੇ ਲਿਜਾਣ ਵਾਸਤੇ ਤਿਆਰ ਕਰਨ ਲਈ ਸ਼ਸਤਰ ਵਿੱਦਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਸੀ। ਘੋੜਸਵਾਰੀ, ਤੀਰਅੰਦਾਜ਼ੀ, ਨੇਜ਼ਾਬਾਜ਼ੀ, ਤੈਰਾਕੀ ਆਦਿ ਵੱਲ ਉਚੇਚਾ ਧਿਆਨ ਦਿੱਤਾ ਸੀ। ਇਸ ਪ੍ਰਕਾਰ ਸਿੱਖ ਧਰਮ ਦੇ ਝੰਡੇ ਹੇਠ ਅੱਗੇ ਵਧ ਰਿਹਾ ਦੱਬੇ ਕੁਚਲੇ ਕਿਰਤੀ ਵਰਗਾਂ ਦੀ ਕ੍ਰਾਂਤੀ ਦਾ ਸੰਘਰਸ਼ ਲਗਾਤਾਰ 206 ਸਾਲ ਅਣਥੱਕ ਤੇ ਅਡੋਲ ਸਫਰ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਪਹੁੰਚਾ ਜਿੱਥੋਂ ਉਨ੍ਹਾਂ ਨੇ ਇਸ ਨੂੰ ਅਸਲੋਂ ਹੀ ਨਵੀਆਂ ਪਰ ਜਜ਼ਬੇ ਭਰਪੂਰ ਬੁਲੰਦੀਆਂ 'ਤੇ ਪਹੁੰਚਾ ਦਿੱਤਾ।

***ਔਰੰਗਜ਼ੇਬ ਵੱਲੋਂ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਦਾ ਨਤੀਜਾ ਕੀ ਨਿਕਲਿਆ? ਇਸ ਦਾ ਸ਼ਾਨਦਾਰ ਨਿਚੋੜ ਜੋਹਨ ਜੇ.ਐਫ. ਗੋਰਡੋਨ ਇੰਝ ਪੇਸ਼ ਕਰਦਾ ਹੈ, "ਦਿੱਲੀ ਵਿਚ ਸ਼ਹੀਦ ਕੀਤੇ ਗਏ ਗੁਰੂ ਤੇਗ ਬਹਾਦਰ ਦੇ ਲਹੂ ਦੇ ਬੀਜੇ ਬੀਜਾਂ ਨੇ ਬੜੀ ਭਰਵੀਂ ਫਸਲ ਦਾ ਝਾੜ ਦਿੱਤਾ।" ਗੁਰੂ ਜੀ ਸ਼ਹੀਦੀ ਤੋਂ ਪਹਿਲਾਂ, ਜਦੋਂ ਆਨੰਦਪੁਰ ਛੱਡਿਆ ਤਾਂ ਆਪਣੇ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਦੀ ਤਲਵਾਰ ਆਪਣੇ ਬੇਟੇ (ਗੁਰੂ) ਗੋਬਿੰਦ ਰਾਏ ਨੂੰ ਪਹਿਨਾਈ ਸੀ। ਕੁਝ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਇਹ ਵਿਸ਼ੇਸ਼ ਤਲਵਾਰ ਗੁਰੂ ਤੇਗ ਬਹਾਦਰ ਜੀ ਨੇ (ਗੁਰੂ) ਗੋਬਿੰਦ ਸਿੰਘ ਨੂੰ ਭੇਜੀ ਸੀ। ਗੁਰੂ ਹਰਿਗੋਬਿੰਦ ਸਾਹਿਬ ਦੀ ਤਲਵਾਰ ਨੌਵੇਂ ਗੁਰੂ ਵੱਲੋਂ ਗੁਰੂ ਗੋਬਿੰਦ ਸਿੰਘ ਨੂੰ ਪਹਿਨਾਉਣਾ ਜੁਝਾਰੂ ਵਿਰਸਾ ਅਗਲੀ ਪੀੜ੍ਹੀ ਨੂੰ ਸੌਂਪਣ ਦਾ ਪ੍ਰਤੀਕ ਹੈ। ਉਂਝ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਪੁੱਤਰ ਨੂੰ ਉਨ੍ਹਾਂ ਦੇ ਪੁਰਖਿਆਂ ਵੱਲੋਂ ਆਰੰਭੀ ਕ੍ਰਾਂਤੀ ਅੱਗੇ ਲਿਜਾਣ ਵਾਸਤੇ ਤਿਆਰ ਕਰਨ ਲਈ ਸ਼ਸਤਰ ਵਿੱਦਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਸੀ। ਘੋੜਸਵਾਰੀ, ਤੀਰਅੰਦਾਜ਼ੀ, ਨੇਜ਼ਾਬਾਜ਼ੀ, ਤੈਰਾਕੀ ਆਦਿ ਵੱਲ ਉਚੇਚਾ ਧਿਆਨ ਦਿੱਤਾ ਸੀ।"***

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਮਾਂਵਾਂ ਕਿਧਰੇ ਨਹੀਂ ਜਾਂਦੀਆਂ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਇਸ ਲੇਖ ਲੜੀ ਦੇ ਪਿਛਲੇ ਲੇਖ ਵਿਚ ਡਾ. ਭੰਡਾਲ ਨੇ 'ਵਕਤ ਹੀ ਨਹੀਂ ਮਿਲਿਆ' ਜਿਹੇ ਬਹਾਨਿਆਂ ਨੂੰ ਦਰਕਿਨਾਰ ਕਰਨ ਅਤੇ ਵਕਤ ਦੀਆਂ ਕੰਨੀਆਂ ਵਕਤ-ਸਿਰ ਫੜ ਲੈਣ ਯਾਨਿ ਮੌਕਾ ਸਾਂਭ ਲੈਣ ਦੀ ਸਲਾਹ ਦਿੱਤੀ ਹੈ, ਕਿਉਂਕਿ ਵਕਤ ਕਦੋਂ ਚੁਆਤੀ ਲਾ ਜਾਵੇ? ਇਹਦਾ ਅਹਿਸਾਸ ਤਾਂ ਵਕਤ ਲੰਘ ਜਾਣ ਪਿਛੋਂ ਹੀ ਹੁੰਦਾ। ਦਰਅਸਲ ਮਨੁੱਖ ਜਦ ਵਕਤ ਵਿਚੋਂ ਸੁਪਨਿਆਂ ਦੀ ਸਰਜਮੀਂ ਸਿਰਜਣ ਦਾ ਸੁਹਜ ਅਤੇ ਸਲੀਕਾ ਸਮਝ ਲਵੇ ਤਾਂ ਵਕਤ ਉਸ ਦੇ ਪੈਰਾਂ ਵਿਚ ਜ਼ਿੰਦਗੀ ਦੀਆਂ ਸੱਭੇ ਖੈਰਾਂ ਧਰਦਾ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਮਾਂਵਾਂ ਦੇ ਪਿਆਰ ਅਤੇ ਉਨ੍ਹਾਂ ਦੀ ਅਹਿਮੀਅਤ ਦਾ ਗੁਣਗਾਨ ਕੀਤਾ ਹੈ। ਉਹ ਕਹਿੰਦੇ ਹਨ, "ਮਾਂਵਾਂ ਹੀ ਬੱਚਿਆਂ ਦੇ ਮੱਥਿਆਂ 'ਤੇ ਉਗਮਦੀਆਂ ਨੇ ਉਮੀਦ, ਉਤਸ਼ਾਹ, ਉਮਾਹ, ਉਦਮ ਤੇ ਉਦੇਸ਼ ਦਾ ਸਿਰਨਾਂਵਾਂ। ਇਨ੍ਹਾਂ ਦੀ ਰਹਿਨੁਮਾਈ ਵਿਚ ਉਦਾਸੀ ਤੇ ਉਪਰਾਮਤਾ ਨੂੰ ਹਾਰ ਦਾ ਸਾਹਮਣਾ ਕਰਨਾ ਪੈਂਦਾ।...ਮਾਂ ਹੀ ਮਕਾਨ ਨੂੰ ਘਰ, ਚੁੱਲ੍ਹੇ ਨੂੰ ਚੌਂਕਾ, ਵਿਹੜੇ ਨੂੰ ਭਾਗਾਂ-ਭਰਿਆ, ਘਰ ਨੂੰ ਸਵਰਗ ਅਤੇ ਸਬੰਧਾਂ ਵਿਚਲੀ ਸੁਗੰਧ ਅਤੇ ਸੰਵੇਦਨਾ ਹੁੰਦੀ। ਮਾਂਵਾਂ ਸਦਕਾ ਹੀ ਮਨੁੱਖ ਸੋਗ, ਸਰਾਪ, ਸੰਤਾਪ, ਸਿਸਕੀਆਂ ਨੂੰ ਸਹਿ ਕੇ ਜ਼ਿੰਦਗੀ ਨੂੰ ਜਿਉਣਯੋਗਾ ਕਰਦਾ।" ਡਾ. ਭੰਡਾਲ ਆਖਦੇ ਹਨ, "ਮਾਂ, ਮੁਸੀਬਤਾਂ ਨਾਲ ਮੱਥਾ ਲਾਉਂਦੀ, ਦੁੱਖਾਂ ਦੇ ਪਹਾੜ ਢਾਹੁੰਦੀ ਅਤੇ ਦਰਦ ਦੇ ਦਰਿਆਵਾਂ ਤੋਂ ਪਾਰ ਲੰਘਾਉਂਦੀ।" ਮਾਂ ਦੇ ਪਿਆਰ ਦਾ ਵਾਸਤਾ ਪਾਉਂਦਿਆਂ ਉਨ੍ਹਾਂ ਨਸੀਹਤ ਕੀਤੀ ਹੈ, ਮਾਂ ਤੁਰ ਗਈ ਤਾਂ ਉਸ ਦੀ ਅਸੀਸ ਤੇ ਗਲਵੱਕੜੀ ਕਦੇ ਨਹੀਂ ਮਿਲਣੀ। ਮਾਂ ਨੂੰ ਜਾ ਕੇ ਮਿਲੋ। ਉਸ ਦੀ ਝੋਲੀ ਨੂੰ ਸੁਖਨ ਅਤੇ ਸਕੂਨ ਨਾਲ ਲਬਰੇਜ਼ ਕਰੋ।***

ਮਾਂਵਾਂ ਕਿਧਰੇ ਨਹੀਂ ਜਾਂਦੀਆਂ। ਹਰ ਦਮ ਬੱਚਿਆਂ ਦੇ ਕੋਲ। ਹਰ ਪਲ, ਅੱਜ ਵੀ ਤੇ ਕੱਲ੍ਹ ਵੀ। ਹੁਣ ਵੀ ਤੇ ਭਲਕੇ ਵੀ। ਕੋਲ ਰਹਿੰਦਿਆਂ ਵੀ ਅਤੇ ਦੂਰ ਵੱਸਦਿਆਂ ਵੀ। ਜਿਉਂਦੀਆਂ ਵੀ ਅਤੇ ਮਰ ਕੇ ਵੀ।

ਮਾਂਵਾਂ ਤਾਂ ਸੋਚਾਂ ਅਤੇ ਸੁਪਨਿਆਂ ਵਿਚ ਸਾਡੀ ਉਂਗਲ ਪਕੜਦੀਆਂ, ਰਾਹ ਦਿਖਾਉਂਦੀਆਂ। ਔਕੜਾਂ ਦੀ ਸੂਹ ਦਿੰਦੀਆਂ ਅਤੇ ਇਨ੍ਹਾਂ 'ਤੇ ਕਾਬੂ ਪਾਉਣ ਦੀ ਤਰਕੀਬ ਸੁਝਾਉਂਦੀਆਂ। ਮੰਜ਼ਿਲਾਂ ਦੇ ਰਾਹੇ ਪਾਉਂਦੀਆਂ।

ਮਾਂਵਾਂ ਮਰਨ ਤੋਂ ਬਾਅਦ, ਮੌਕਾ-ਬ-ਮੌਕਾ ਸੁਪਨੇ 'ਚ ਆਉਂਦੀਆਂ। ਕਦੇ ਲੋਰੀਆਂ ਸੁਣਾਉਂਦੀਆਂ, ਕਦੇ ਵਾਲਾਂ ਵਿਚ ਹੱਥ ਫੇਰਦੀਆਂ, ਕਦੇ ਬੱਚੇ ਨੂੰ ਲੱਗੀ ਭੁੱਖ ਤੋਂ ਫਿਕਰਮੰਦ ਹੁੰਦੀਆਂ ਅਤੇ ਕਦੇ ਉਨ੍ਹਾਂ ਦੇ ਨੈਣਾਂ ਵਿਚ ਉਗੀ ਹੋਈ ਉਪਰਾਮਤਾ ਅਤੇ ਉਦਾਸੀ ਨੂੰ ਦੂਰ ਕਰਨ ਦਾ ਸਬੱਬ ਬਣਦੀਆਂ।

ਮਾਂ ਤੋਂ ਮੁਨਕਰੀ, ਖੁਦ ਤੋਂ ਮੁਨਕਰੀ। ਆਪਣੀ ਹੋਂਦ ਨੂੰ ਨਕਾਰਨ ਅਤੇ ਜੜ੍ਹਾਂ ਤੋਂ ਹੀ ਇਨਕਾਰ। ਭਲਾ ਮਾਂ ਤੋਂ ਬਗੈਰ ਬੰਦੇ ਦੀ ਕੀ ਹੋਣੀ? ਕਿਸ ਨੇ ਉਸ ਨੂੰ ਇਸ ਰੰਗੀਲੀ ਦੁਨੀਆਂ ਦਿਖਾਉਣੀ ਸੀ? ਕਿਸ ਨੇ ਸਾਹਾਂ ਦੀ ਅਨਾਇਤ ਉਸ ਦੀ ਝੋਲੀ 'ਚ ਪਾਉਣੀ ਸੀ?

ਮਾਂਵਾਂ ਦੇ ਨੈਣਾਂ ਵਿਚ ਮਰਨਹਾਰੀ ਉਡੀਕ ਧਰਨ ਵਾਲੇ, ਉਸ ਦੀਆਂ ਆਸਾਂ ਦਾ ਸਿਵਾ ਸੇਕਣ ਵਾਲੇ ਅਤੇ ਉਸ ਦੀਆਂ ਔਸੀਆਂ ਨੂੰ ਔਤਰੀਆਂ ਕਰਨ ਵਾਲੇ, ਮਾਂ-ਹੀਣ। ਇਸ ਤੋਂ ਤਾਂ ਮਾਂਵਾਂ ਨਿਪੁੱਤੀਆਂ ਹੀ ਚੰਗੀਆਂ।

ਮਾਂਵਾਂ ਹੋਣ ਦਾ ਮਾਣ ਅਤੇ ਜੀਵਨ ਦੀਆਂ ਸੁਗਾਤਾਂ ਵੰਡਣ ਦਾ ਫਖਰ ਅਤੇ ਹਾਸਲਤਾ ਸਿਰਫ ਮਾਂਵਾਂ ਨੂੰ ਹਾਸਲ। ਮਾਂਵਾਂ ਤੋਂ ਬਗੈਰ ਜੱਗ ਸੁੰਨਾ। ਘਰਾਂ ਵਿਚ ਬੋਲਦੇ ਉਲੂ। ਹਵੇਲੀਆਂ ਵਿਚ ਵਰਤਦੀ ਸੁੰਨ ਅਤੇ ਵਕਤ ਦੀ ਕੁੱਖ ਵਿਚ ਉਗਦੀਆਂ ਹਾਵਾਂ, ਬਦ-ਦੁਆਵਾਂ ਅਤੇ ਹਉਕੇ।

ਮਾਂ ਤਾਂ 11 ਸਾਲ ਪਹਿਲਾਂ ਸਦਾ ਲਈ ਅਲਵਿਦਾ ਕਹਿ ਗਈ ਸੀ, ਪਰ ਇਉਂ ਜਾਪਦਾ ਇਹ ਕੱਲ੍ਹ ਦੀ ਗੱਲ ਹੈ, ਅੱਜ ਦੀ ਗੱਲ ਹੈ, ਹੁਣ ਦੀ ਗੱਲ ਹੈ ਅਤੇ ਪਲ ਕੁ ਪਹਿਲਾਂ ਦੀ ਗੱਲ ਹੈ। ਇਹ ਕੇਹਾ ਝੱਲ ਕਿ ਸੱਲ ਹੁੰਦਿਆਂ ਵੀ ਇਸ ਦਾ ਕੋਈ ਹੱਲ ਨਹੀਂ। ਨਾ ਹੀ ਮਾਂ ਕਦੇ ਚੇਤਿਆਂ ਵਿਚੋਂ ਵਿਸਰ ਸਕਦੀ। ਇਹ ਤਾਂ ਹਰਦਮ ਤੁਹਾਡੇ ਅੰਦਰ ਵੱਸਦੀ, ਤੁਹਾਡੀਆਂ ਦੁਆਵਾਂ ਮੰਗਦੀ, ਅਸੀਸਾਂ ਨਾਲ ਮਾਲਾਮਾਲ ਕਰਦੀ।

ਮਾਂਵਾਂ ਹੀ ਬੱਚਿਆਂ ਦੇ ਮੱਥਿਆਂ 'ਤੇ ਉਗਮਦੀਆਂ ਨੇ ਉਮੀਦ, ਉਤਸ਼ਾਹ, ਉਮਾਹ, ਉਦਮ ਤੇ ਉਦੇਸ਼ ਦਾ ਸਿਰਨਾਂਵਾਂ। ਇਨ੍ਹਾਂ ਦੀ ਰਹਿਨੁਮਾਈ ਵਿਚ ਉਦਾਸੀ ਤੇ ਉਪਰਾਮਤਾ ਨੂੰ ਹਾਰ ਦਾ ਸਾਹਮਣਾ ਕਰਨਾ ਪੈਂਦਾ।

ਮਾਂਵਾਂ ਹੀ ਅਸੀਸ, ਆਸਥਾ, ਅਜ਼ੀਜ਼, ਆਦਰ, ਅਦਬ, ਅਦਾਬ, ਆਤਮਿਕਤਾ, ਅਰਮਾਨ ਤੇ ਆਸ ਦਾ ਨਾਮਕਰਨ। ਇਨ੍ਹਾਂ ਸਦਕਾ ਹੀ ਔਗੁਣ, ਅਵੱਗਿਆ, ਔਕੜਾਂ, ਅਸਫਲਤਾ ਅਤੇ ਅਰਾਜਕਤਾ ਨੂੰ ਨਮੋਸ਼ੀ ਸਹਿਣੀ ਪੈਂਦੀ।

ਮਾਂਵਾਂ ਹੀ ਸੋਚਾਂ, ਸੁਪਨੇ, ਸਦਭਾਵਨਾ, ਸਿਰੜ, ਸਿਦਕ, ਸੰਭਾਵਨਾ, ਸਫਲਤਾ, ਸਿਰਨਾਵਾਂ, ਸਹਿਜ, ਸੁਹਜ, ਸੁਖਨ, ਸਕੂਨ, ਸੰਵੇਦਨਾ, ਸੂਖਮਤਾ, ਸਾਦਗੀ, ਸੁਹੱਪਣ ਸੁੰਦਰਤਾ, ਸਾਂਝਾਂ, ਸਿਆਣਪਾਂ, ਸਮਝਦਾਰੀ, ਸਬੰਧਾਂ ਅਤੇ ਸਨਮਾਨ ਹੁੰਦੀਆਂ। ਮਾਂਵਾਂ ਸਦਕਾ ਹੀ ਮਨੁੱਖ ਸੋਗ, ਸਰਾਪ, ਸੰਤਾਪ, ਸਿਸਕੀਆਂ ਨੂੰ ਸਹਿ ਕੇ ਜ਼ਿੰਦਗੀ ਨੂੰ ਜਿਉਣਯੋਗਾ ਕਰਦਾ।

ਮਾਂਵਾਂ ਹੀ ਹਾਸੇ, ਹੌਂਸਲੇ, ਹਿੰਮਤ, ਹਰਦਿਲ, ਹੱਸਮੁੱਖਤਾ ਰੂਪੀ ਜੀਵਨ-ਜਾਚ ਬੱਚਿਆਂ ਨੂੰ ਦਿੰਦੀਆਂ। ਇਨ੍ਹਾਂ ਸਦਕਾ ਹੀ ਹਾਰਾਂ, ਹੋਕਿਆਂ, ਹਾਵਿਆਂ, ਹਿਚਕੀਆਂ ਦੀ ਹਿੱਕ 'ਤੇ ਮਟਕਦੀਆਂ ਤੋਰਾਂ ਦਾ ਜਸ਼ਨ ਉਕਰਿਆ ਜਾਂਦਾ।

ਮਾਂ ਹੀ ਕੀਰਤੀ, ਕਿਰਤ, ਕਰਮਯੋਗਤਾ, ਕ੍ਰਿਤਾਰਥਾ, ਕਾਮਾ, ਕਰਮਸ਼ੈਲੀ, ਕਹਾਣੀ, ਕਲਾ, ਕਲਮ, ਕਰਮ, ਕਿਤਾਬ, ਕਾਇਦਾ ਅਤੇ ਕਰਾਮਾਤਾਂ ਹੁੰਦੀਆਂ। ਇਹ ਹੀ ਕਾਲਖਾਂ, ਕੁਰੀਤੀਆਂ, ਕਮੀਨਗੀਆਂ, ਕੁਰਾਹਾਂ, ਕੰਗਾਲੀ, ਕੁਕਰਮ, ਕੁਤਾਹੀਆਂ, ਕੁਲਹਿਣੀਆਂ ਸੋਚਾਂ ਦੀ ਹਿੱਕ 'ਤੇ ਸੂਰਜ ਦੀ ਮਸ਼ਾਲ ਧਰਦੀਆਂ ਅਤੇ ਕਲਯੁੱਗ ਨੂੰ ਸਤਯੁੱਗ ਬਣਾਉਂਦੀਆਂ।

ਮਾਂ ਹੀ ਖਬਤ, ਖਿਆਲ, ਖੁਆਬ, ਖੁਸ਼ੀ ਦੀ ਧਰਾਤਲ ਹੁੰਦੀਆਂ, ਪਰ ਇਹ ਕਦੇ ਵੀ ਖਰਮਸਤੀ, ਖਰੂਦ, ਖਾਕ, ਖਤਰਨਾਇਕ, ਖਲਨਾਇਕ, ਖੂਨ ਜਾਂ ਖਲਜਗਨ ਨਹੀਂ ਹੁੰਦੀਆਂ।

ਮਾਂ ਦੀ ਰੂਹ ਵਿਚੋਂ ਗਜ਼ਬ, ਗੁਲਜ਼ਾਰ, ਗੁਣ, ਗੁਰਬਾਣੀ, ਗਜ਼ਾ, ਗੀਤ, ਗ੍ਰੰਥ, ਗੁਰੂ ਪੈਦਾ ਹੁੰਦੇ। ਪਰ ਕਦੇ ਵੀ ਗੁਨਾਹ, ਗੁੱਸਾ, ਗੁਮਾਨ, ਗਰੂਰ, ਗਲਤਫਹਿਮੀ, ਗੁੰਮਨਾਮੀ, ਗੱਦਾਰੀ, ਗਲਤੀ ਨਹੀਂ ਜਨਮਦੀ।

ਮਾਂ ਦੀ ਆਤਮਿਕਤਾ ਵਿਚ ਹੀ ਘਰ, ਘਾਲਣਾ, ਘਰ-ਗ੍ਰਹਿਸਥੀ ਹੁੰਦੀ। ਕਦੇ ਵੀ ਘ੍ਰਿਣਾ, ਘਬਰਾਹਟ ਨੂੰ ਆਪਣੇ ਨੇੜੇ ਨਹੀਂ ਫਰਕਣ ਦਿੰਦੀ।

ਮਾਂ ਦੀ ਸੋਚ ਧਰਾਤਲ ਵਿਚ ਹਮੇਸ਼ਾ ਉਗਦੇ ਨੇ ਚਾਅ, ਚਹਿਕਣੀ, ਚੰਨ-ਚਾਨਣੀ, ਚਾਹਤ, ਚੰਗਿਆਈ ਅਤੇ ਚਮਕ ਦਾ ਸਿਰਨਾਵਾਂ; ਪਰ ਕਦੇ ਵੀ ਚੋਰੀ, ਚੰਦਰਾਪਣ, ਚਲਾਕੀ ਜਾਂ ਚੰਦਰੀਆਂ ਆਦਤਾਂ ਮਾਂਵਾਂ ਨਹੀਂ ਵਣਜਦੀਆਂ।

ਮਾਂ ਹੀ ਹੁੰਦੀ ਜੋ ਛਾਂ, ਛਣਕਾਟਾ, ਛਮਛਮ ਬਰਸਦੀ ਠੰਢਕ ਵਰਤਾਉਂਦੀ, ਪਰ ਕਦੇ ਵੀ ਛਾਨਣੀ ਵਿਚ ਨਹੀਂ ਛੱਟਦੀ ਅਤੇ ਨਾ ਹੀ ਛਮਕਾਂ ਦੀ ਮਾਰ ਹੇਠ ਪਿੰਡੇ ਨੂੰ ਲਾਸਾਂ ਨਾਲ ਚਿੱਤਰਦੀ।

ਮਾਂ ਕਾਰਨ ਹੀ ਜ਼ਮੀਰ, ਜਜ਼ਬਾਤ, ਜਰੂਰਤ, ਜਾਗ੍ਰਿਤੀ, ਜੋਤ, ਜਗੀਰਾਂ, ਜ਼ੈਲਦਾਰੀਆਂ, ਜੁਗਨੂੰ ਜਗਦੇ। ਮਾਂਵਾਂ ਦੇ ਹੁੰਦਿਆਂ ਕਦੇ ਵੀ ਜ਼ੰਜ਼ੀਰਾਂ, ਜੇਲ੍ਹ, ਜਬਰਦਸਤੀ, ਜ਼ਬਰ, ਜ਼ੁਲਮ ਦਾ ਪ੍ਰਛਾਵਾਂ ਵੀ ਨੇੜੇ ਨਹੀਂ ਢੁਕਦਾ।

ਮਾਂ ਜਿਉਂਦੀ ਤਾਂ ਝਰਨੇ, ਝੂਲਾ, ਝੁਮਰ ਵਰਗੀਆਂ ਰਹਿਮਤਾਂ ਮਿਲਦੀਆਂ ਅਤੇ ਕਦੇ ਵੀ ਝੁਕਣਾ, ਝਗੜਨਾ ਜਾਂ ਝੰਮੇਲਿਆਂ ਵਿਚ ਪੈਣ ਦੀ ਨੌਬਤ ਹੀ ਨਹੀਂ ਆਉਂਦੀ।

ਮਾਂ ਦੇ ਸਦਕੇ ਹੀ ਟਮਕਦੇ ਨੇ ਮਨ ਅੰਬਰ ਵਿਚ ਤਾਰੇ, ਟਹਿਕਦੇ ਨੇ ਜੀਵਨ ਬਗੀਚੀ ਦੇ ਬੂਟੇ ਅਤੇ ਟੁਣਕਦੇ ਨੇ ਭਿੱਜੇ ਹੋਏ ਅਹਿਸਾਸ। ਮਾਂ ਨਾ ਹੋਵੇ ਤਾਂ ਰੁੱਸ ਜਾਂਦੀਆਂ ਨੇ ਟਾਹਣੀਆਂ, ਬੁੱਸ ਜਾਂਦੀ ਏ ਟਹਿਕ ਅਤੇ ਰੁੱਸ ਜਾਂਦਾ ਏ ਟਿਮਕਦੇ ਤਾਰਿਆਂ ਦਾ ਛੱਜ।



ਮਾਂ ਹੀ ਝੋਲੀ ਵਿਚ ਪਾਉਂਦੀ ਹੈ ਠਰੰਮਾ, ਠਹਿਰਾਅ, ਠੱਲ੍ਹਣਾ, ਠੰਢਕ, ਠੁਮਕਣੀ ਪਰ ਕਦੇ ਵੀ ਸਾਨੂੰ ਨਹੀਂ ਦਿੰਦੀ ਠੱਗੀ, ਠਰਕ ਜਾਂ ਠੁਮਕੇ ਲਾ ਕੇ ਜਿਸਮ ਵੇਚਣ ਦੀ ਲਚਾਰਗੀ ਜਾਂ ਨਿਲੱਜਤਾ।

ਮਾਂ ਦੀ ਕੁੱਖ ਵਿਚੋਂ ਹੀ ਮਿਲਦੀ ਹੈ ਸਿਖਿਆ ਕਿ ਕਦੇ ਨਹੀਂ ਡਰਨਾ ਤੇ ਡਗਮਗਾਉਣਾ ਸਗੋਂ ਡੰਗੋਰੀ ਬਣ ਕੇ ਕਿਸੇ ਲਈ ਮਾਰਗ-ਦਰਸ਼ਕ ਜਰੂਰ ਬਣਨਾ।

ਮਾਂ ਤਾਂ ਦਿੜੋਂ ਹੀ ਸਾਨੂੰ ਪੈਰਾਂ 'ਤੇ ਖੜ੍ਹਨ, ਕਿਸੇ ਦੇ ਰਾਹਾਂ ਵਿਚ ਚਾਨਣ ਦਾ ਛਿੜਕਾਅ ਕਰਨ ਅਤੇ ਮੰਜ਼ਿਲਾਂ ਨੂੰ ਸਰ ਕਰਨ ਦਾ ਕਰਨ ਦਾ ਗੁਰ ਸਿਖਾਉਂਦੀ।

ਮਾਂ ਦੇ ਨੈਣਾਂ ਵਿਚ ਉਗੀਆਂ ਤਮੰਨਾਵਾਂ, ਤਾਂਘਾਂ, ਤਰੰਗਾਂ, ਤੱਕਣੀ ਤੇ ਤੋਰ, ਬੱਚੇ ਵਿਚੋਂ ਝਲਕਦੀ। ਬੱਚੇ ਕਦੇ ਵੀ ਤੰਗੀਆਂ, ਤੁਰਸ਼ੀਆਂ, ਤੜਫਣਾ, ਤੰਗ-ਨਜ਼ਰੀਆ ਜਾਂ ਤਨਹਾਈ ਦੇ ਰਾਹੇ ਨਹੀਂ ਪੈਂਦੇ।

ਮਾਂ ਹੀ ਬੱਚੇ ਨੂੰ ਥਪਥਪਾਉਂਦੀ, ਥਪਕੀ ਦਿੰਦੀ, ਥਰਥਰਾਹਟ ਪੈਦਾ ਕਰਦੀ ਅਤੇ ਥਿਰਕਣ ਵਿਚੋਂ ਜ਼ਿੰਦਗੀ ਦੇ ਨਕਸ਼ਾਂ ਦੀ ਨਿਸ਼ਾਨਦੇਹੀ ਕਰਦੀ, ਪਰ ਕਦੇ ਵੀ ਥਿੜਕਣ ਨਹੀਂ ਦਿੰਦੀ ਅਤੇ ਨਾ ਹੀ ਥਕਾਵਟ ਹੋਣ ਦਿੰਦੀ।

ਮਾਂ ਹੀ ਦਾਮਨ, ਦੀਪ, ਦਿਲ, ਦਿਮਾਗ, ਦਿਲਜੋਈ, ਦਬੰਗਤਾ, ਦਵਾ, ਦੁਆ, ਦਲੇਰੀ ਅਤੇ ਦਿਲਗੀਰੀ ਨੂੰ ਜਨਮਦੀ; ਪਰ ਕਦੇ ਵੀ ਬੱਚੇ ਦੀ ਜੀਵਨ-ਸ਼ੈਲੀ ਵਿਚ ਦਗਾ, ਦਾਗ, ਦੁੱਖ, ਦਰਦ, ਦੋਖੀ, ਦਗੇਬਾਜ਼, ਦਰਦਵੰਤਾ ਨਹੀਂ ਧਰਦੀ। ਬੱਚੇ ਦੀ ਪੀੜ ਵਿਚ ਕਈ ਵਾਰ ਮਾਂ ਪੀੜ ਪੀੜ ਹੋ ਸਿਵਿਆਂ ਨੂੰ ਵੀ ਤੁਰ ਪੈਂਦੀ।

ਮਾਂ ਹੀ ਧਰਤੀ, ਧਰਮ, ਧੌਲ, ਧੀਰਜ, ਧਨ, ਧੰਨਭਾਗਤਾ ਅਤੇ ਧਮਾਲ ਦਾ ਨਾਮ ਹੁੰਦੀ, ਪਰ ਕਦੇ ਵੀ ਇਹ ਧੋਖੇ ਦਾ ਰੂਪ ਨਹੀਂ ਧਾਰਦੀ।

ਮਾਂ ਹੀ ਨਾਮ, ਨਰਮਾਈ, ਨਿੱਘ, ਨੇਕਨੀਤੀ, ਨਿਆਮਤ, ਨਿਰਪੱਖਤਾ, ਨਿਰਭਰਤਾ, ਨਿਆਰਾਪਣ, ਨਿਮਾਣਤਾ ਅਤੇ ਨਿਰਮਾਣਤਾ ਦਾ ਨਾਮ ਹੁੰਦੀ। ਉਹ ਕਦੇ ਵੀ ਬੱਚੇ ਨੂੰ ਨਾਲਾਇਕੀ, ਨਿਘਾਰ, ਨਿਲੱਜਤਾ, ਨਾਂਹ ਨਹੀਂ ਸਮਝਾਉਂਦੀ।

ਮਾਂ ਹੀ ਪਵਿੱਤਰ, ਪਾਕੀਜ਼, ਪਹਿਲ, ਪ੍ਰੇਰਨਤਾ, ਪੂਰਨਤਾ, ਪ੍ਰਾਥਨਾ, ਪਗਡੰਡੀ, ਪ੍ਰਗਤੀ, ਪਰੰਪਰਾ ਅਤੇ ਪਹਾੜ ਜੇਡੇ ਜੇਰੇ ਵਾਲੀ। ਉਹ ਕਦੇ ਵੀ ਪਾਪ, ਪਾਖੰਡ, ਪਲਿੱਤਣ, ਪਲੀਤਪੁਣਾ ਜਾਂ ਪੇਤਲੇ ਵਿਚਾਰਾਂ ਨੂੰ ਮਨ ਦੇ ਗਰਾਈਂ ਨਹੀਂ ਵੜਨ ਦਿੰਦੀ।

ਮਾਂ ਤਾਂ ਫੱਕਰ, ਫਕੀਰ, ਫਰਾਖਦਿਲ, ਫਰਮਾਬਰਦਾਰ, ਫਰਮਾਇਸ਼ ਅਤੇ ਫੱਕਰਾਂ ਦੀ ਲੋਈ ਜਿਹੀ, ਪਰ ਕਦੇ ਵੀ ਮਾਂ ਫੱਫੇਕੁੱਟਣੀ, ਫਰੇਬੀ, ਫੂਹੜ, ਜਾਂ ਫੰਦਾ ਨਹੀਂ ਬਣਦੀ। ਉਹ ਤਾਂ ਜ਼ਿੰਦਗੀ-ਦਾਤੀ ਅਤੇ ਜੀਵਨ-ਜੋਤ ਨੂੰ ਜਗਦੀ ਰੱਖਣ ਲਈ ਖੁਦ ਹੀ ਤੇਲ ਅਤੇ ਬੱਤੀ ਬਣਦੀ।

ਮਾਂ ਬੰਦਗੀ, ਬਾਦਸ਼ਾਹੀ, ਬਹਿਸ਼ਤ, ਬੰਦਿਆਈ, ਬ੍ਰਹਮਾ ਅਤੇ ਬੁੱਧ ਦਾ ਰੂਪ। ਮਾਂ ਨਹੀਂ ਹੋ ਸਕਦੀ ਬਦਰੂਹ, ਬੁਰਾਈ, ਬਦਮਗਜ਼, ਬਦਨੀਤ, ਬੇਗਾਨੀ, ਬੇਲੱਜ ਅਤੇ ਬੇਈਮਾਨ। ਉਸ ਦੀ ਰਗ ਰਗ ਵਿਚ ਸਮਾਈ ਹੁੰਦੀ ਹੈ ਸਮ-ਭਾਵਨਾ, ਸਮ-ਸੋਚ ਤੇ ਸਮਦਰਸ਼ੀ ਆਭਾ ਦਾ ਜਲੌਅ। ਉਹ ਤਾਂ ਸਮੁੱਚੀ ਦੁਨੀਆਂ ਦੀਆਂ ਦੁਆਵਾਂ ਮੰਗਦਿਆਂ, ਕਿਸੇ ਪਿੱਛੇ ਆਪਣੇ ਪਰਿਵਾਰ ਦੀ ਭਲਾਈ ਦੀ ਅਰਦਾਸ ਕਰਦੀ।

ਮਾਂ ਦੀਆਂ ਨਜ਼ਰਾਂ ਵਿਚ ਹਮੇਸ਼ਾ ਡਲਕਦੀ ਏ ਭਲਿਆਈ, ਭਗਤੀ, ਭ੍ਰਾਤਰੀਭਾਵ, ਭਗਾਉਤੀ, ਭੈਰਵੀ ਅਤੇ ਭਾਗਾਂ-ਭਰੀ ਅਨਾਇਤ। ਉਹ ਕਿਵੇਂ ਸੋਚ ਸਕਦੀ ਏ ਭਗਦੜ, ਭਰਮ, ਭੁਲੇਖਾ, ਭਾਂਜਵਾਦ, ਭਰਮਣਾ, ਭੁੱਖ ਜਾਂ ਭੁਰਨਾ। ਉਹ ਤਾਂ ਜੀਵਨ ਦੀ ਰੀਤ।

ਮਾਂ ਹੀ ਮਾਂ, ਮੰਨਤ, ਮਨਾਉਤ, ਮਿਹਰ, ਮਾਣ, ਮਿਹਨਤ, ਮਹੂਰਤ, ਮੰਡਲ, ਮਾਰਗ, ਮੰਜ਼ਿਲ, ਅਤੇ ਮੰਗਲਮਈ। ਮਾਂ ਕਦੇ ਵੀ ਆਪਣੀ ਔਲਾਦ ਨੂੰ ਮੰਗਣਾ, ਮਾਂਵਾਂਪਣ, ਮੁਖਾਲਫਤ, ਮੁਸ਼ਕਿਲ, ਮੌਤ ਨਹੀਂ ਵਰਜਦੀ। ਇਹ ਬਦ-ਦੁਆਵਾਂ ਨੂੰ ਪਿੰਡੇ ਜਰਦੀ ਅਤੇ ਬੱਚਿਆਂ ਦੇ ਜਿਉਣ ਲਈ ਪਲ ਪਲ ਖੁਰਦੀ।

ਮਾਂ ਯਮਲਾ ਹੁੰਦੀ, ਪਰ ਕਦੇ ਵੀ ਯਮਦੂਤ ਨਹੀਂ ਤੇ ਨਾ ਹੀ ਯਰਗਮਾਲ ਬਣਨ ਦਿੰਦੀ ਆਪਣੇ ਬੱਚਿਆਂ ਨੂੰ।

ਮਾਂ ਹੀ ਰਹਿਮਤ, ਰੱਬ, ਰਾਗ, ਰਾਗਣੀ, ਰੂਹ, ਰੁੱਤ, ਰੂਹ-ਰੰਗਤਾ, ਰਵਾਨਗੀ, ਰੂਹਾਨੀਅਤ, ਰਮਜ਼ਾਂ, ਰੰਗ, ਰਸ, ਰਮਤਾ ਯੋਗੀ, ਰੱਬ-ਰਜਾਈ ਅਤੇ ਰੱਬੋਂ ਹੀ ਵਰਸੋਈ ਹੁੰਦੀ। ਮਾਂ ਨੂੰ ਕਿਵੇਂ ਕਹੋਗੇ ਕਿ ਉਹ ਰੋਗ, ਰੁਸਵਾਈ, ਰੁਆਂਸੀ, ਰੋਣ ਅਤੇ ਰਕਤਜੀਵੀ ਹੋ ਸਕਦੀ?

ਮਾਂ ਤਾਂ ਹੁੰਦੀ ਏ ਲੋਅ, ਲੰਗਾਰ ਸਿਉਂਦੀ, ਪਿਆਸਿਆਂ ਲਈ ਲੋਟਾ, ਪਲ ਪਲ ਜਿਊਣ ਵਾਲਾ ਲਮਹਾ, ਲਿਆਕਤ ਦੀ ਇਮਾਨਤ ਹੁੰਦੀ; ਪਰ ਮਾਂ ਕਦੇ ਵੀ ਲਾਹਨਤ, ਲੇਰ, ਲਿਲਕੜੀ ਨਹੀਂ। ਸਗੋਂ ਮੁਸੀਬਤਾਂ ਨਾਲ ਮੱਥਾ ਲਾਉਂਦੀ, ਦੁੱਖਾਂ ਦੇ ਪਹਾੜ ਢਾਹੁੰਦੀ ਅਤੇ ਦਰਦ ਦੇ ਦਰਿਆਵਾਂ ਤੋਂ ਪਾਰ ਲੰਘਾਉਂਦੀ।

ਮਾਂ ਵਰਦਾਨ, ਵਸੀਹਤ, ਵਣਜ, ਵਰਤਾਰਾ, ਵਕਤ, ਵਿਰਸਾ ਅਤੇ ਵਿਰਾਸਤ ਦਾ ਸੁੱਚਾ ਹਰਫ। ਉਹ ਵੈਰਾਗ, ਵੈਣ, ਵਰਲਾਪ, ਵਖਤ ਜਾਂ ਵਹਿਮਾਂ ਭਰੇ ਸਮਿਆਂ ਦਾ ਕਾਲਖੀ ਮੁਹਾਂਦਰਾ ਪਰਿਵਾਰਕ ਦਿਸਹੱਦਿਆਂ ਤੋਂ ਬਹੁਤ ਦੂਰ ਰੱਖਦੀ। ਉਸ ਦੀ ਲੋਚਾ ਤਾਂ ਹਾਸੇ-ਖੁਸ਼ੀਆਂ ਦਾ ਵਣਜ ਕਰਦਿਆਂ, ਆਪਣੀ ਔਲਾਦ ਦੀ ਸੋਚ ਨੂੰ ਤਾਰਿਆਂ ਨਾਲ ਭਰ, ਇਸ ਦੇ ਚੌਗਿਰਦੇ ਵਿਚ ਸੂਰਜਾਂ ਦੀ ਖੇਤੀ ਕਰਨੀ ਹੁੰਦੀ।

ਮਾਂਵਾਂ ਤਾਂ ਉਮਰ ਤੋਂ ਵੀ ਮੁਨਕਰ ਹੋ ਜਾਂਦੀਆਂ। ਤਾਂ ਹੀ ਮਾਂਵਾਂ ਕਦੇ ਵੀ ਬੁੱਢੀਆਂ ਨਹੀਂ ਹੁੰਦੀਆਂ ਅਤੇ ਉਨ੍ਹਾਂ ਲਈ ਬੱਚੇ ਕਦੇ ਵੀ ਜਵਾਨ ਨਹੀਂ ਹੁੰਦੇ।

ਮਾਂ ਅੰਬਰ ਦਾ ਸਿਰਨਾਵਾਂ ਹੁੰਦੀ, ਚਣਨ ਭਰੀਆਂ ਰਾਹਵਾਂ ਹੁੰਦੀ, ਮਿਲਦੀਆਂ ਅਸੀਮ ਦੁਆਵਾਂ ਹੁੰਦੀ ਅਤੇ ਹਰ ਪਲ ਸੁਘੜ ਸਲਾਹਾਂ ਹੁੰਦੀ।

ਮਾਂ, ਧਰਤੀ ਦੀ ਕੁੱਖ ਵਰਗੀ, ਗੋਦ 'ਚੋਂ ਮਿਲਦੇ ਸੁੱਖ ਵਰਗੀ। ਮਾਂ, ਸਮੁੰਦਰ ਦਾ ਰੂਪ ਹੁੰਦੀ, ਨਿਆਮਤਾਂ ਦਾ ਸੁੰਦਰ ਸਰੂਪ ਹੁੰਦੀ।

ਮਾਂ, ਵਾਵਾਂ ਦੀ ਲੋਰ ਹੁੰਦੀ। ਜੀਵਨ-ਸਾਜ਼ ਦਾ ਸ਼ੋਰ ਹੁੰਦੀ। ਮਾਂ, ਵਗਦੇ ਦਰਿਆਵਾਂ ਜਿਹੀ ਪਾਕ, ਜਿਸ ਦੀਆਂ ਲਹਿਰਾਂ ਕਰਦੀਆਂ ਜਾਪ। ਮਾਂ, ਬਿਰਖਾਂ ਦੇ ਵਿਹੜੇ ਬਹਾਰ, ਕੁਦਰਤ ਦਾ ਸੁੰਦਰ ਵਿਸਥਾਰ। ਮਾਂ, ਤਵਾਰੀਖ ਦੀ ਸ਼ਾਹ-ਅਸਵਾਰ, ਜਿਸ ਦਾ ਕੋਈ ਨਹੀਂ ਪਾਰਾਵਾਰ।

ਮਾਂ, ਮਰਹਮ, ਸੇਕ, ਦਵਾ। ਅਰਦਾਸ, ਅਸੀਸ ਤੇ ਦੁਆ। ਮਾਂ, ਸੁਪਨਿਆਂ ਦੀ ਸਿਰਜਣਹਾਰੀ, ਜਿਸ ਤੋਂ ਜਾਵੇ ਕੁਦਰਤ ਬਲਿਹਾਰੀ। ਮਾਂ, ਮੰਨਤ, ਮਮਤਾ ਤੇ ਮਾਣ, ਕੁਲ ਦਾ ਹੁੰਦੀ ਨਾਮੋ-ਨਿਸ਼ਾਨ। ਮਾਂ, ਰੱਬ, ਰਹਿਮਤ ਤੇ ਰੂਹ-ਰੇਜ਼, ਸਦਾ ਅਤੁੱਲ, ਅਮਿੱਕ, ਅਭੇਜ।

ਮਾਂ, ਸੂਰਜ ਵੀ ਬੱਚਿਆਂ ਲਈ ਮੰਗੇ,
ਤੇ ਧੁੱਪਾਂ ਜਿਹੀਆਂ ਦੁਆਵਾਂ ਮੰਗੇ।
ਮਾਂ, ਮਰ ਕੇ ਵੀ ਬੱਚਿਆਂ ਵਿਚ ਜੀਵੇ,
ਨਕਸ਼-ਨੁਹਾਰ ਨੈਣੀਂ ਥੀਵੇ।
ਮਾਂ ਜਦ ਮਰਦੀ ਤਾਂ ਜੱਗ ਵਿਰਾਨ,
ਟੁੱਟਣ ਰਿਸ਼ਤੇ ਤੇ ਘਰ ਸੁੰਨਸਾਨ।

ਮਾਂ, ਜਦ ਤੋਂ ਤੁਰ ਗਈਓਂ ਦੂਰ।
ਕਿਸੇ ਨਾ ਝਿੜਕਿਆ ਨਾ ਹੀ ਘੂਰ।
ਮਾਂ, ਕਿਸੇ ਨਾ ਆਖਿਆ ਆ ਕੇ ਮਿਲ ਜਾ,
ਹਾਲ ਨਾ ਪੁੱਛਿਆ ਰੋਂਦੇ ਦਿਲ ਦਾ।
ਮਾਂ, ਬਿਨ ਤੇਰੇ ਕਿਸੇ ਮਾਰੀ ਨਾ ਹਾਕ,
ਨਾ ਬੁਲਾਇਆ ਆਖ ਜੁਆਕ।
ਮਾਂ, ਆਪੇ ਵਿਲਕਾਂ ਤੇ ਚੁੱਪ ਹੋ ਜਾਵਾਂ
ਤੇ ਰੋਂਦੇ ਖੁਦ ਨੂੰ ਖੁਦ ਵਰਾਵਾਂ।

ਮਾਂਵਾਂ ਦੇ ਹੱਥਾਂ ਨਾਲ ਤਿਆਰ ਕੀਤੇ ਹੋਏ ਖਾਣਾ ਖਾਣ ਲੱਗਿਆਂ ਢੇਰ ਸਾਰੀਆਂ ਹੁੱਜਤਾਂ ਕਰਦੇ ਸਾਂ ਬਚਪਨੇ 'ਚ, ਪਰ ਮਾਂ ਤੋਂ ਦੂਰ ਜਾ ਕੇ ਪਰਦੇਸਾਂ ਵਿਚ ਪਤਾ ਲਗਦਾ ਹੈ ਕਿ ਮਾਂ ਦੇ ਹੱਥਾਂ ਦੀ ਪਕਾਈ ਤੇ ਮੋਹ ਨਾਲ ਖਵਾਈ ਰੋਟੀ ਦੇ ਕੀ ਅਰਥ ਸਨ ਅਤੇ ਉਹ ਕਿਉਂ ਘਿਓ ਵਾਂਗ ਲੱਗਦੀ ਸੀ?

ਬੇਚੈਨੀ ਭਰੀਆਂ ਤੇ ਫਿਕਰਾਂ ਲੱਧੀਆਂ ਜਾਗਦੀਆਂ ਰਾਤਾਂ ਦਾ ਦਰਦ ਹੀ ਜਾਣਦਾ ਹੈ ਕਿ ਮਾਂ ਦੀ ਬੁੱਕਲ ਵਿਚ ਬਿਤਾਈਆਂ ਰਾਤਾਂ ਨੂੰ ਕਿਉਂ ਗੂੜ੍ਹੀ ਨੀਂਦ ਆਉਂਦੀ ਸੀ ਅਤੇ ਸਵੇਰੇ ਉਠਾਉਣ 'ਤੇ ਵੀ ਘੜੀ ਪਲ ਹੋਰ ਸੌਣ ਦਾ ਬਹਾਨਾ ਬਣਾਈਦਾ ਸੀ। ਹੁਣ ਤਾਂ ਅੱਖ ਖੁੱਲ੍ਹਦੇ ਸਾਰ, ਜ਼ਿੰਦਗੀ ਕੋਹਲੂ ਦਾ ਬਲਦ ਬਣ ਜਾਂਦੀ। ਮਾਂ ਦੀ ਸੰਗਤਾ ਵਿਚ ਮਾਣੀ ਜੰਨਤ ਕਦ ਮਿਲਦੀ ਏ ਮਾਂ ਦੇ ਤੁਰ ਜਾਣ ਤੋਂ ਬਾਅਦ। ਖਾਲੀਪਣ, ਜਿਸ ਨੇ ਕਦੇ ਨਹੀਂ ਭਰਨਾ। ਖਾਲੀ ਨੈਣਾਂ ਦਾ ਸੁਪਨਾ, ਜਿਸ ਨੇ ਕਦੇ ਪੂਰਾ ਨਹੀਂ ਹੋਣਾ।

ਮਾਂ ਸਦਾ ਦੁਆ ਦਿੰਦੀ। ਕਦੇ ਖਫਾ ਨਹੀਂ ਹੁੰਦੀ। ਸਿਰਫ ਘੂਰਦੀ। ਕਦੇ ਨਹੀਂ ਰੁੱਸਦੀ, ਸਿਰਫ ਗੁੱਸੇ ਹੋਣ ਦਾ ਬਹਾਨਾ ਕਰਦੀ। ਕਦੇ ਨਿਰਾਸ਼ ਨਹੀਂ ਹੋਣ ਦਿੰਦੀ, ਸਦਾ ਉਤਸ਼ਾਹਿਤ ਕਰਦੀ। ਉਤਰਿਆ ਮੂੰਹ, ਰੁਆਂਸਿਆ ਚਿਹਰਾ ਜਾਂ ਕਦਮਾਂ ਵਿਚ ਸਿੱਥਲਤਾ ਹੋਵੇ ਤਾਂ ਮਾਂ ਦਾ ਧਿਆਨ ਧਰਨਾ, ਕਦਮਾਂ ਵਿਚ ਸਫਰ, ਸੋਚਾਂ ਵਿਚ ਸੁਪਨੇ ਅਤੇ ਮੱਥੇ 'ਤੇ ਸਿਰਨਾਵਿਆਂ ਦੀ ਇਬਾਰਤ ਖੁਣੀ ਜਾਂਦੀ ਆ।

ਮਾਂ ਹੀ ਹੁੰਦੀ, ਜੋ ਬੱਚਿਆਂ ਨੂੰ ਹਸਾ ਕੇ ਖੁਦ ਰੋਂਦੀ। ਔਲਾਦ ਨੂੰ ਰਜਾ ਕੇ ਖੁਦ ਭੁੱਖੀ ਸੌਂਦੀ। ਬੱਚਿਆਂ ਨੂੰ ਸੁਆ ਕੇ ਜਾਗਦੀ ਰਹਿੰਦੀ। ਬੱਚਿਆਂ ਨੂੰ ਅਰਾਮ ਕਰਨ ਲਈ ਕਹਿ ਖੁਦ ਕੰਮ ਵਿਚ ਰੁੱਝ ਜਾਂਦੀ ਅਤੇ ਬੱਚਿਆਂ ਨੂੰ ਜੀਵਨੀ ਨਿਆਮਤ ਕਹਿੰਦੀ। ਪਾਟੀ ਚੁੰਨੀ ਲੈ ਕੇ ਧੀ ਦੇ ਸਿਰ 'ਤੇ ਫੁਲਕਾਰੀ ਸਜਾਉਂਦੀ। ਨੰਗੇ ਪੈਰੀਂ ਹੁੰਦੀ ਵੀ ਆਪਣੇ ਲਾਡਲੇ ਨੂੰ ਬੂਟ ਪਵਾਉਂਦੀ। ਖੁਦ ਅੱਖਰਾਂ ਤੋਂ ਕੋਰੀ ਹੁੰਦਿਆਂ ਵੀ ਬੱਚਿਆਂ ਦੇ ਮੱਥੇ 'ਚ ਗਿਆਨ ਦਾ ਦੀਵਾ ਜਗਾਉਂਦੀ।

ਮਾਂ ਹੀ ਮਕਾਨ ਨੂੰ ਘਰ, ਚੁੱਲ੍ਹੇ ਨੂੰ ਚੌਂਕਾ, ਵਿਹੜੇ ਨੂੰ ਭਾਗਾਂ-ਭਰਿਆ, ਘਰ ਨੂੰ ਸਵਰਗ ਅਤੇ ਸਬੰਧਾਂ ਵਿਚਲੀ ਸੁਗੰਧ ਅਤੇ ਸੰਵੇਦਨਾ ਹੁੰਦੀ।

ਮਾਂ, ਕੈਦਿਆਂ, ਕਿਤਾਬਾਂ ਤੇ ਕਲਮਾਂ ਦੀ ਕੁੱਖ। ਮਾਣ-ਸਨਮਾਨ, ਰੁਤਬਿਆਂ, ਕੁਰਸੀਆਂ ਅਤੇ ਚੌਧਰਾਂ ਦੀ ਚੰਗੇਰ। ਘਰਾਂ, ਕੋਠੀਆਂ, ਮਹਿਲਾਂ, ਜ਼ਮੀਨਾਂ, ਜਾਇਦਾਦਾਂ ਤੋਂ ਉਪਰ। ਪਿਆਰ, ਮੋਹ, ਅਪਣੱਤ ਅਤੇ ਆਪਣੇਪਣ ਦਾ ਸੁੱਚਾ ਨਾਮ। ਗੁਰਦੁਆਰਾ, ਮੰਦਿਰ, ਮਸਜਿਦ, ਗਿਰਜਾਘਰ ਤੋਂ ਉਚਾ ਅਸਥਾਨ।

ਮਾਂ ਹੀ ਹੁੰਦੀ, ਜੋ ਬੱਚਿਆਂ ਨੂੰ ਦੇਰ ਰਾਤ ਤੀਕ ਦਰਾਂ 'ਤੇ ਖੜ੍ਹੀ ਉਡੀਕਦੀ। ਪਰਦੇਸ ਗਿਆਂ ਦੇ ਪਰਤਣ ਦੀ ਆਸ ਵਿਚ ਬਾਹਰਲੇ ਦਰਵਾਜ਼ੇ 'ਤੇ ਆਸਣ ਲਾਉਂਦੀ। ਫੋਨ 'ਤੇ 'ਪੁੱਤ ਕਦੋਂ ਆਵੇਂਗਾ?' ਦਾ ਵਾਕ ਸਦਾ ਦੁਹਰਾਉਂਦੀ; ਪਰ ਕੇਹੀ ਵਿਡੰਬਣਾ ਹੈ ਕਿ ਉਸ ਦੀ ਔਲਾਦ ਹੀ ਉਸ ਦੀ ਰੂਹ ਵਿਚੋਂ ਨਿਕਲੀਆਂ ਹਾਕਾਂ ਨੂੰ ਸੁਣਨ ਤੋਂ ਮੁਨਕਰ ਹੋ ਜਾਂਦੀ। ਮਾਂ ਦੀ ਉਡੀਕ ਨੂੰ ਲੰਮੇਰਾ ਨਾ ਕਰਨਾ, ਕਿਉਂਕਿ ਮਾਂਵਾਂ ਜਦ ਤੁਰ ਜਾਂਦੀਆਂ ਤਾਂ ਤੁਹਾਨੂੰ ਕਿਸੇ ਨੇ ਨਹੀਂ ਉਡੀਕਣਾ। ਕਿਸੇ ਨੇ ਨਹੀਂ ਪਿੰਡ ਆਉਣ ਲਈ ਕਹਿਣਾ। ਕਿਸੇ ਨੇ ਨਹੀਂ ਪੁੱਛਣਾ ਕਿ ਬੇਟਾ ਰੋਟੀ ਖਾਧੀ ਵੀ ਆ ਕਿ ਨਹੀਂ? ਇਕ ਪਛਤਾਵਾ ਬਣਨ ਤੋਂ ਪਹਿਲਾਂ ਮਾਂ ਦੇ ਪਛਤਾਵੇ ਨੂੰ ਪੂੰਝੋ। ਮਾਂ ਨੂੰ ਜਾ ਕੇ ਮਿਲੋ। ਉਸ ਦੀ ਝੋਲੀ ਨੂੰ ਸੁਖਨ ਅਤੇ ਸਕੂਨ ਨਾਲ ਲਬਰੇਜ਼ ਕਰੋ।

ਮਾਂ ਤੁਰ ਗਈ ਤਾਂ ਉਸ ਦੀ ਅਸੀਸ ਤੇ ਗਲਵੱਕੜੀ ਕਦੇ ਨਹੀਂ ਮਿਲਣੀ।

# ਮਾਂਵਾਂ ਤੇ ਧੀਆਂ ਦੀ ਦੋਸਤੀ ਨੀ ਮਾਏ

ਗੁਰੂ ਤੋਂ ਬਾਅਦ ਮਾਂ ਦਾ ਰਿਸ਼ਤਾ ਸਰਵੋਤਮ ਮੰਨਿਆ ਜਾਂਦਾ ਹੈ। ਕਹਿੰਦੇ ਹਨ, ਗੁਰੂ ਦੀ ਕਿਰਪਾ ਤੇ ਮਾਂ ਦੀ ਅਸੀਸ ਮਨੁੱਖ ਦਾ ਜੀਵਨ ਸੰਵਾਰ ਦਿੰਦੀ ਹੈ। ਰੱਬ ਮਾਂ ਦੇ ਰੂਪ ਵਿਚ ਆਪਣੀ ਹੋਂਦ ਦਾ ਅਹਿਸਾਸ ਕਰਵਾ ਦਿੰਦਾ ਹੈ। ਬੱਚਿਆਂ ਲਈ ਮਾਂ ਦਾ ਰਿਸ਼ਤਾ ਪੂਜਣਯੋਗ ਹੁੰਦਾ ਹੈ। ਇਕ ਬੱਚੇ ਲਈ ਦੁਨੀਆਂ ਦੀ ਸਭ ਤੋਂ ਵੱਧ ਪਿਆਰੀ ਤੇ ਖ਼ੂਬਸੂਰਤ ਔਰਤ ਉਸ ਦੀ ਮਾਂ ਹੀ ਹੁੰਦੀ ਹੈ। ਮਾਂ ਤੇ ਪੁੱਤ ਅਤੇ ਮਾਂ ਤੇ ਧੀ ਦੇ ਪਿਆਰ ਦੇ ਸਮਤੁਲ ਹੋਰ ਕੋਈ ਪਿਆਰ ਨਹੀਂ ਹੁੰਦਾ। ਮਾਂ ਤੇ ਧੀ ਦੇ ਪਿਆਰ ਦੀ ਗਹਿਰਾਈ, ਸ਼ਿੱਦਤ ਤੇ ਘਣਤਾ ਨੂੰ ਨਾਪਣਾ-ਤੋਲਣਾ ਕਠਿਨ ਹੈ। ਧੀ ਦੇ ਬਾਲਪਨ ਦੀ ਗੁੱਡੀਆਂ-ਪਟੋਲਿਆਂ ਨਾਲ ਖੇਡਣ ਦੀ ਅਵਸਥਾ, ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਨ ਦੀ ਅਵਸਥਾ, ਵਿਆਹੇ ਜਾਣ ਤੇ ਵਿਆਹ ਹੋ ਜਾਣ ਪਿੱਛੋਂ ਦੀ ਅਵਸਥਾ ਦੇ ਵੱਖ-ਵੱਖ ਪੜਾਅ ਜ਼ਰੂਰ ਹਨ, ਪਰ ਹਰੇਕ ਸਮੇਂ ਮਾਂ ਅਤੇ ਧੀ ਦੇ ਪਿਆਰ ਦਾ ਰੰਗ ਗੂੜ੍ਹਾ ਹੁੰਦਾ ਜਾਂਦਾ ਵੇਖਿਆ ਜਾ ਸਕਦਾ ਹੈ।



ਡਾ. ਪ੍ਰਿਤਪਾਲ ਸਿੰਘ ਮਹਿਰੋਕ
ਫੋਨ: 91-98885-10185

ਮਾਂਵਾਂ ਤੇ ਠੰਢੀਆਂ ਛਾਂਵਾਂ
ਮੈਂ ਮਾਂ ਦੀ ਧੀ ਸਦਵਾਵਾਂ...।

ਕਹਿੰਦੇ ਹਨ, ਇਕ ਮਾਂ ਆਪਣਾ ਬਚਪਨ ਆਪਣੀ ਬੇਟੀ ਵਿਚੋਂ ਦੇਖਦੀ ਹੈ। ਵੇਖਦਿਆਂ-ਵੇਖਦਿਆਂ ਉਹ ਕੋਮਲ ਪਰੀ ਉਸ ਦੀ ਦੋਸਤ, ਉਸ ਦੀ ਸਹੇਲੀ, ਉਸ ਦੀ ਭੈਣ ਵੀ ਬਣ ਜਾਂਦੀ ਹੈ। ਮਾਂ ਤੇ ਧੀ ਨਾਲੋਂ ਵਧੀਆ ਦੋਸਤੀ ਹੋਰ ਕਿਧਰੇ ਘੱਟ ਹੀ ਵੇਖਣ ਨੂੰ ਮਿਲਦੀ ਹੋਵੇਗੀ। ਮਾਂ ਵਲੋਂ ਦਿੱਤੀ ਸਕਾਰਾਤਮਕ ਸੇਧ ਸਾਰੀ ਉਮਰ ਵਾਸਤੇ ਉਸ ਦੀ ਧੀ ਦੇ ਰਾਹ ਰੁਸ਼ਨਾਉਂਦੀ ਰਹਿੰਦੀ ਹੈ। ਸਮਾਜ ਵਿਗਿਆਨ, ਸਮਾਜ ਸ਼ਾਸਤਰ ਤੇ ਲੋਕਾਚਾਰ ਦੇ ਵੱਖ-ਵੱਖ ਪਹਿਲੂਆਂ ਬਾਰੇ ਸੂਝ ਪੂਰਵਕ ਗੱਲਾਂ ਮਾਂ ਹੀ ਆਪਣੀ ਧੀ ਨੂੰ ਸਮਝਾਉਂਦੀ ਹੈ। ਮਾਂ ਆਪਣੇ ਜੀਵਨ ਦੇ ਵਧੀਆ ਨਿਰਣੇ ਆਪਣੀ ਧੀ ਉੱਪਰ ਲਾਗੂ ਕਰਨ ਦੇ ਯਤਨ ਵਿਚ ਹੁੰਦੀ ਹੈ ਤਾਂ ਜੋ ਧੀ ਜੀਵਨ ਵਿਚ ਕਾਮਯਾਬ ਹੋਣ ਲਈ ਉਨ੍ਹਾਂ ਤੋਂ ਸੇਧ ਹਾਸਲ ਕਰ ਸਕੇ। ਪੰਜਾਬੀ ਲੋਕ ਗੀਤਾਂ ਵਿਚ ਮਾਂਵਾਂ-ਧੀਆਂ ਦਰਮਿਆਨ ਲੰਮੀਆਂ/ਗੂੜ੍ਹੀਆਂ ਗੱਲਾਂ ਚੱਲਦੀਆਂ ਹਨ:

ਮਾਂਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ
ਕੋਈ ਕਰਦੀਆਂ ਗੱਲੋੜੀਆਂ
ਕਣਕਾਂ ਲੰਮੀਆਂ,
ਧੀਆਂ ਕਿਉਂ ਜੰਮੀਆਂ ਨੀ ਮਾਏ...

ਮਾਂਵਾਂ ਤੇ ਧੀਆਂ ਦੀ ਦੋਸਤੀ ਨੀ ਮਾਏ
ਕੋਈ ਟੁੱਟਦੀ ਏ ਕਹਿਰਾਂ ਦੇ ਨਾਲ।
ਕਣਕਾਂ ਨਿਸਰੀਆਂ,
ਧੀਆਂ ਕਿਉਂ ਵਿਸਰੀਆਂ, ਮਾਏ...

ਮਾਂ ਤੇ ਧੀ ਦਾ ਰਿਸ਼ਤਾ ਬੇਤੋਲ, ਬੇਜੋੜ, ਅਣਮੋਲ, ਲਾਸਾਨੀ ਤੇ ਗੂੜ੍ਹਾ ਬਣ ਕੇ ਪ੍ਰਗਟ ਹੁੰਦਾ ਹੈ। ਇਸ ਰਿਸ਼ਤੇ ਨਾਲੋਂ ਵਧੇਰੇ ਆਪਣੇਪਨ ਦਾ ਅਹਿਸਾਸ, ਨੇੜਤਾ ਤੇ ਨਿੱਘ ਹੋਰ ਕਿਸੇ ਰਿਸ਼ਤੇ ਵਿਚ ਨਹੀਂ ਹੁੰਦਾ ਹੋਵੇਗਾ। 'ਮਾਂ ਵਰਗਾ ਘਣਛਾਂਵਾਂ ਬੂਟਾ' ਹੋਰ ਕਿਧਰੇ ਵੀ ਨਜ਼ਰ ਨਹੀਂ ਆਉਂਦਾ। ਮਾਂ ਆਪਣੀ ਧੀ ਲਈ ਰੱਖਿਆ ਪ੍ਰਦਾਤੀ ਹੁੰਦੀ ਹੈ। ਮਾਂ ਉਸ ਲਈ ਬਿਹਤਰੀਨ ਅਧਿਆਪਕ ਤੇ ਨਿਗਰਾਨ ਹੁੰਦੀ ਹੈ। ਧੀ ਨੂੰ ਉਹ ਨੈਤਿਕ ਤੇ ਸਮਾਜਿਕ ਸਿੱਖਿਆ ਪ੍ਰਦਾਨ ਕਰਦੀ ਹੈ। ਕਿਸੇ ਮੁਸੀਬਤ ਵੇਲੇ, ਦੁੱਖ ਦੇ ਵਕਤ ਜਾਂ ਸੰਕਟ ਦੀ ਘੜੀ ਵਿਚ ਧੀ-ਪੁੱਤਰ ਨੂੰ ਸਭ ਤੋਂ ਪਹਿਲਾਂ ਮਾਂ ਹੀ ਯਾਦ ਆਉਂਦੀ ਹੈ। ਅਜਿਹੇ ਸਮੇਂ 'ਹਾਇ ਰੱਬਾ' ਜਾਂ 'ਹਾਇ ਮਾਂ' ਹੀ ਮੂੰਹੋਂ ਨਿਕਲਣ ਵਾਲੇ ਸਭ ਤੋਂ ਪਿਆਰੇ ਸ਼ਬਦ ਹੁੰਦੇ ਹਨ। ਧੀ ਨੂੰ ਪਤਾ ਹੈ ਕਿ ਉਸ ਨੇ ਆਪਣੀ ਮਾਂ ਦੇ ਘਰ ਸਦਾ ਨਹੀਂ ਬੈਠੀ ਰਹਿਣਾ, ਫਿਰ ਵੀ ਧੀ ਨੂੰ ਦਿਲਾਸਾ ਹੈ ਕਿ ਮਾਂ ਦੇ ਨਾਲ ਹੀ ਉਸ ਦਾ ਜਹਾਨ ਵੱਸਦਾ ਹੈ। ਮਾਂ ਨੂੰ ਮੁਖ਼ਾਤਿਬ ਹੁੰਦਿਆਂ ਉਹ ਕਹਿੰਦੀ ਹੈ:

ਮਾਏ ਨੀ ਸੁਣ ਮੇਰੀਏ ਮਾਏ,
ਨਾ ਕਰ ਮੇਰੀ ਮੇਰੀ ਨੀ
ਇਹ ਧੀਆਂ ਦਿਨ ਚਾਰ ਦਿਹਾੜੇ
ਜੋਗੀ ਵਾਲੀ ਫੇਰੀ ਨੀ
ਮਾਏ ਨੀ ਸੁਣ ਮੇਰੀਏ ਮਾਏ,
ਪਏ ਵਿਛੋੜੇ ਭਾਰੀ ਨੀ
ਵਾਲ ਗੋਰੀ ਦੇ ਬਿਸੀਅਰ ਕਾਲੇ
ਜ਼ੁਲਫਾਂ ਲੈਣ ਹੁਲਾਰੇ ਨੀ...।

ਮਾਏ ਪੀਲੀ ਪੀਲੀ ਛੋਲਿਆਂ ਦੀ ਦਾਲ
ਕੋਈ ਨੀ ਪ੍ਰਾਹੁਣਾ ਆ ਨੀ ਗਿਆ...।

ਮਾਂ ਦਾ ਪਿਆਰ ਕਾਗਜ਼ ਦੇ ਕਿਸੇ ਪੁਰਜ਼ੇ ਉੱਪਰ ਲਿਖੇ ਸਵਾਲ ਜਾਂ ਉਸ ਦੇ ਜਵਾਬ ਦਾ ਮੁਥਾਜ ਨਹੀਂ ਹੁੰਦਾ। ਮਾਂ ਦਾ ਪਿਆਰ ਤਾਂ ਸਮੁੰਦਰ ਜਿੰਨੀ ਗਹਿਰਾਈ ਤੇ ਅਸਮਾਨ ਜਿੰਨੀ ਵਿਸ਼ਾਲਤਾ ਜਿਹਾ ਹੁੰਦਾ ਹੈ। ਮਾਂ ਸਿਰਫ 'ਮਾਂ' ਹੀ ਹੋ ਸਕਦੀ ਹੈ। ਵਿਗਿਆਨ ਨੇ ਅਜੇ ਤੱਕ ਮਾਂ ਦੇ ਪਿਆਰ ਦੀ ਗਹਿਰਾਈ ਤੇ ਵਿਸ਼ਾਲਤਾ ਨੂੰ ਨਾਪਣ ਵਾਲਾ ਕੋਈ ਯੰਤਰ ਤਿਆਰ ਨਹੀਂ ਕੀਤਾ। ਮਾਂ ਦੇ ਪਿਆਰ ਭਰੇ ਬੋਲਾਂ ਦੀ ਕੀਮਤ ਤੇ ਮਹੱਤਵ ਕੋਈ ਉਨ੍ਹਾਂ ਬੱਚਿਆਂ ਕੋਲੋਂ ਪੁੱਛੇ, ਜਿਨ੍ਹਾਂ ਦੀਆਂ ਮਾਂਵਾਂ ਨਹੀਂ ਹੁੰਦੀਆਂ। ਸੁਭਾਗਿਆਂ ਨੂੰ ਮਿਲਦਾ ਹੈ ਮਾਂ ਦਾ ਅਦੁੱਤੀ ਪਿਆਰ! ਕਿੰਨੀ ਮਧੁਰ ਤੇ ਕਾਲਜੇ ਨੂੰ ਧੂਹ ਪਾਉਣ ਵਾਲੀ ਹੁੰਦੀ ਹੈ ਮਾਂ ਦੀ ਮਧੁਰ ਆਵਾਜ਼! ਧੀ ਵਾਸਤੇ ਮਾਂ ਦੇ ਪਿਆਰ ਦਾ ਹੋਰ ਕੋਈ ਬਦਲ ਹੁੰਦਾ ਹੀ ਨਹੀਂ:

ਪੀਹ ਪੀਹ ਕੇ ਮੈਂ ਭਰਦੀ ਪਰਾਤਾਂ
ਆਪਣੀਆਂ ਮਾਂਵਾਂ ਬਾਝੋਂ ਵੇ
ਕੋਈ ਪੁੱਛਦਾ ਨਾ ਬਾਤਾਂ...।

ਅੱਖੀਆਂ ਜਲ ਭਰ ਆਈਆਂ ਨੀ ਮਾਏ
ਅੱਖੀਆਂ ਡੁੱਲ੍ਹ-ਡੁੱਲ੍ਹ ਪੈਂਦੀਆਂ ਨੀ ਮਾਏ...।

ਮਾਂ ਬਹੁਤ ਭਾਵੁਕ, ਸੰਵੇਦਨਸ਼ੀਲ ਤੇ ਨਾਜ਼ੁਕ ਤਬੀਅਤ ਦੀ ਮਾਲਕ ਹੁੰਦੀ ਹੈ। ਉਹ ਆਪਣੇ ਬੱਚਿਆਂ ਦਾ ਦੁੱਖ ਬਰਦਾਸ਼ਤ ਨਹੀਂ ਕਰ ਸਕਦੀ। ਬੱਚੇ ਦਾ ਦੁੱਖ ਸੁਣ/ਵੇਖ ਕੇ ਮਾਂ ਦਾ ਮੋਮ ਵਰਗਾ ਦਿਲ ਪਿਘਲ ਜਾਂਦਾ ਹੈ। ਮਾਂ-ਪੁੱਤ ਦੇ ਪਿਆਰ, ਮਾਂਵਾਂ-ਧੀਆਂ ਦੀ ਦੋਸਤੀ, ਅੰਮੜੀ ਦੀਆਂ ਝਿੜਕਾਂ ਆਦਿ ਦੀਆਂ ਗੱਲਾਂ ਜਗਤ ਪ੍ਰਸਿੱਧ ਹਨ। ਮਾਂ ਹਰੇਕ ਪਲ ਆਪਣੇ ਬੱਚੇ ਦੇ ਸਵਾਸਾਂ ਵਿਚ ਹਾਜ਼ਰ ਰਹਿੰਦੀ ਹੈ। ਮਾਂ ਨੂੰ ਰੱਬ ਦਾ ਰੂਪ ਕਹਿ ਕੇ ਵਡਿਆਇਆ ਜਾਂਦਾ ਹੈ ਤੇ ਉਸ ਨੂੰ ਸਨਮਾਨ ਦਿੱਤਾ ਜਾਂਦਾ ਹੈ। ਮਾਂ ਦੇ ਪਿਆਰ ਦੀ ਟੋਹ ਨੂੰ, ਮਮਤਾ ਦੇ ਨਿੱਘ ਨੂੰ ਸਿਰਫ ਉਸ ਦੇ ਧੀਆਂ-ਪੁੱਤਰ ਹੀ ਸਮਝ ਸਕਦੇ ਹਨ। ਬੱਚਿਆਂ ਦਾ ਰੋਮ-ਰੋਮ ਮਾਂ ਦੇ ਪਿਆਰ ਦਾ ਰਿਣੀ ਹੁੰਦਾ ਹੈ। ਪੰਜਾਬੀ ਲੋਕ-ਗੀਤਾਂ ਵਿਚ ਮਾਂਵਾਂ-ਧੀਆਂ ਆਪਣੇ ਦੁੱਖ-ਸੁੱਖ ਫਰੋਲਦੀਆਂ ਹਨ:

ਮਾਏ ਪੀੜ੍ਹੀ ਬੈਠੀਏ ਨੀ
ਧੀਆਂ ਕਿਉਂ ਦਿੱਤੀਆਂ ਦੂਰ,
ਸਾਵਣ ਆਇਆ...।
ਮਹਿਲ ਹੇਠ ਮੇਰੀ ਮਾਂ ਖੜ੍ਹੀ
ਸੁਣ ਸੁਣ ਨੈਣ ਭਰੇ
ਨਾ ਰੋ ਅੰਮੜੀ ਮੇਰੀਏ
ਧੀਆਂ ਦੇ ਦੁੱਖ ਬੁਰੇ...।

ਕਾਲੇ ਖੰਭ ਨੇ ਕਾਂਵਾਂ ਦੇ
ਧੀਆਂ ਪਰਦੇਸ ਗਈਆਂ
ਧੰਨ ਜਿਗਰੇ ਮਾਂਵਾਂ ਦੇ...।

ਬਹੁਤੇ ਪੰਜਾਬੀ ਲੋਕ ਗੀਤਾਂ ਨੇ ਸਮੇਂ ਦੇ ਭਾਵੁਕ ਵੇਗ ਵਿਚੋਂ ਜਨਮ ਲਿਆ ਹੁੰਦਾ ਹੈ। ਅਜਿਹਾ ਇਕ ਲੰਮਾ ਲੋਕ ਗੀਤ ਮਾਂ-ਧੀ ਦੇ ਪਿਆਰ ਦਾ ਪ੍ਰਗਟਾਵਾ ਵੀ ਕਰਦਾ ਹੈ ਤੇ ਉਨ੍ਹਾਂ ਦੇ ਦਿਲਾਂ ਦੀ ਹੂਕ ਬਣ ਕੇ ਵੀ ਪ੍ਰਗਟ ਹੁੰਦਾ ਹੈ:

ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ
ਰਵ੍ਹਾਂ ਬਾਬਲ ਦੀ ਬਣ ਕੇ ਗੋਲੀ ਨੀ ਮਾਂ
ਮੇਰੀ ਡੋਲੀ ਨੂੰ ਰੱਜ ਕੇ ਵੇਖ ਨੀ ਮਾਂ
ਮੈਂ ਚੱਲੀ ਬੇਗਾਨੇ ਦੇਸ ਨੀ ਮਾਂ
ਮੇਰੀ ਡੋਲੀ ਨੂੰ ਹੋਰ ਛੁਪਾ ਕੇ ਨੀ ਮਾਂ
ਧੀਆਂ ਕੱਢਣ ਘਰੋਂ ਹੱਥੀਂ ਮਾਪੇ ਨੀ ਮਾਂ...।

ਕਲੀਆਂ: ਮਾਂਵਾਂ ਧੀਆਂ ਮਿਲਣ ਲੱਗੀਆਂ
ਚਾਰੇ ਕੰਧਾਂ ਨੇ ਚੁਬਾਰੇ ਦੀਆਂ ਹੱਲੀਆਂ...।

ਸਮਾਜਿਕ ਦ੍ਰਿਸ਼ ਦੀਆਂ ਕੁਝ ਝਾਕੀਆਂ ਬਹੁਤ ਖ਼ੂਬਸੂਰਤ ਵੀ ਹਨ, ਮਨਮੋਹਕ ਵੀ ਹਨ; ਘਿਣਾਉਣੀਆਂ ਵੀ ਹਨ, ਡਰਾਉਣੀਆਂ ਵੀ ਹਨ, ਸਹਿਮ ਪੈਦਾ ਕਰਨ ਵਾਲੀਆਂ ਵੀ ਹਨ ਤੇ ਚਿੰਤਾ ਵਿਚ ਡੁਬੋ ਦੇਣ ਵਾਲੀਆਂ ਵੀ ਹਨ। ਪਿਛਲੇ ਕੁਝ ਸਮੇਂ ਤੋਂ ਅਜਿਹੀ ਚੰਦਰੀ ਹਵਾ ਚੱਲੀ ਹੈ ਕਿ ਕਈ ਹਾਲਤਾਂ ਵਿਚ ਰਿਸ਼ਤਿਆਂ ਦਾ ਬਹੁਤ ਬੁਰੀ ਤਰ੍ਹਾਂ ਘਾਣ ਹੋਇਆ ਹੈ। ਰਿਸ਼ਤੇ ਤਾਰ ਤਾਰ ਹੋ ਰਹੇ ਹਨ। ਕਲੰਕਿਤ ਹੋ ਰਹੇ ਰਿਸ਼ਤਿਆਂ ਨੂੰ ਵੇਖ ਕੇ ਰੂਹ ਕੰਬ ਜਾਂਦੀ ਹੈ। ਅਕਸਰ ਪੜ੍ਹਦੇ-ਸੁਣਦੇ ਹਾਂ ਕਿ ਕਿਸੇ ਕੁਲਹਿਣੀ ਮਾਂ ਨੇ ਆਪਣੀਆਂ ਦੋ ਧੀਆਂ ਨੂੰ ਜ਼ਹਿਰ ਦੇ ਕੇ ਮਾਰ ਮੁਕਾਇਆ, ਕਿਸੇ ਕਲਯੁਗੀ ਧੀ ਨੇ ਆਪਣੀ ਵਿਧਵਾ ਮਾਂ ਨੂੰ ਜਿਉਂਦੀ ਨੂੰ ਸਾੜ ਦਿੱਤਾ। ਅਜਿਹੀਆਂ ਮੰਦਭਾਗੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ 'ਚੁਬਾਰੇ ਦੀਆਂ ਚਾਰੇ ਕੰਧਾਂ ਹੀ ਨਹੀਂ ਹਿੱਲਦੀਆਂ' ਸਗੋਂ ਭੁਚਾਲ ਆ ਜਾਂਦਾ ਹੈ। ਸਮਾਜਿਕ ਤਾਣਾ-ਬਾਣਾ ਡੋਲਣ ਲੱਗਦਾ ਹੈ। ਇਨਸਾਨੀਅਤ ਸ਼ਰਮਿੰਦਗੀ ਵਿਚ ਡੁੱਬਣ ਲੱਗਦੀ ਹੈ। ਅਜਿਹੀਆਂ ਨਾਖ਼ੁਸ਼ਗਵਾਰ ਘਟਨਾਵਾਂ ਸਮਾਜ ਦਾ ਮੂੰਹ ਚਿੜ੍ਹਾਉਂਦੀਆਂ ਹਨ। ਫਿਰ ਵੀ ਮਾਂ ਤਾਂ ਮਾਂ ਹੀ ਹੁੰਦੀ ਹੈ। ਕਹਿੰਦੇ ਹਨ ਕਿ ਬੱਚੇ ਲਈ ਧਰਤੀ, ਅਸਮਾਨ ਤੇ ਦੁਨੀਆਂ ਦਾ ਦਾਇਰਾ ਬੇਸ਼ੱਕ ਛੋਟਾ ਪ੍ਰਤੀਤ ਹੋਣ ਲੱਗ ਪਵੇ, ਪਰ ਮਾਂ ਦਾ ਆਂਚਲ ਫਿਰ ਵੀ ਸਭ ਨਾਲੋਂ ਵੱਡਾ ਹੁੰਦਾ ਹੈ।

ਅਸਲ ਵਿਚ ਮਾਂ ਦੇ ਰਿਸ਼ਤੇ ਦਾ ਕੋਈ ਬਦਲ ਹੈ ਹੀ ਨਹੀਂ। ਇਸ ਰਿਸ਼ਤੇ ਦਾ ਆਪਣਾ ਨਿਵੇਕਲਾ ਅਧਿਆਤਮ ਹੁੰਦਾ ਹੈ। ਇਸ ਪਵਿੱਤਰ ਰਿਸ਼ਤੇ ਦਾ ਆਪਣਾ ਵਿਲੱਖਣ ਮਹਾਤਮ ਵੀ ਹੁੰਦਾ ਹੈ। ਮਾਂਵਾਂ-ਧੀਆਂ ਦੇ ਰਿਸ਼ਤੇ ਵਿਚਲੇ ਮਹਾਤਮ ਬਾਰੇ ਸ਼ਬਦਾਂ ਰਾਹੀਂ ਕਹਿ ਸਕਣਾ ਕਠਿਨ ਹੈ। ਮਾਂ ਆਪਣੇ ਬੱਚਿਆਂ ਦੀ ਖਾਤਰ ਹਰੇਕ ਮੌਸਮ/ਰੁੱਤ ਦੀ ਕਰੋਪੀ ਨੂੰ ਆਪਣੇ ਸਿਰ ਅਤੇ ਤਨ-ਮਨ 'ਤੇ ਝਲਦੀ ਹੈ। ਬੱਚੇ ਨੂੰ ਆਪਣੀ ਕੁੱਖ ਵਿਚ ਭਰੂਣ ਰੂਪ ਵਿਚ ਧਾਰਨ ਕਰਨ ਦੇ ਸਮੇਂ ਤੋਂ ਲੈ ਕੇ ਆਪਣੀ ਪੂਰੀ ਉਮਰ ਮਾਂ ਆਪਣੇ ਬੱਚੇ ਦੇ ਲੇਖੇ ਲਾ ਦਿੰਦੀ ਹੈ। ਤੰਗੀਆਂ-ਤੁਰਸ਼ੀਆਂ ਝੱਲਦੀ ਹੈ। ਆਪਣਾ ਦਰਦ ਆਪਣੇ ਅੰਦਰ ਹੀ ਪੀ ਲੈਂਦੀ ਹੈ, ਪਰ ਆਪਣੇ ਬੱਚਿਆਂ ਸਾਹਵੇਂ ਉਹ ਆਪਣਾ ਵੱਧ ਤੋਂ ਵੱਧ ਖ਼ੂਬਸੂਰਤ ਚਿਹਰਾ ਲੈ ਕੇ ਪ੍ਰਸਤੁਤ ਹੁੰਦੀ ਹੈ। ਵੱਖ-ਵੱਖ ਭਾਸ਼ਾਵਾਂ ਦੇ ਲੋਕ ਗੀਤਾਂ ਵਿਚ ਮਾਂ ਦੀ ਮਮਤਾ ਤੇ ਮਾਂ ਦੇ ਪਿਆਰ ਨੂੰ ਸਰਵੋਤਮ ਪਿਆਰ ਵਜੋਂ ਪੇਸ਼ ਕੀਤਾ ਗਿਆ ਹੈ। ਪੰਜਾਬੀ ਵਿਚ ਕਈ ਅਜਿਹੇ ਲੋਕ ਗੀਤ ਮਿਲਦੇ ਹਨ, ਜੋ ਮਾਂ-ਧੀ ਦੇ ਪਿਆਰ ਦੀ ਤਰਜਮਾਨੀ ਕਰਨ ਵਾਲੇ ਅਮਰ ਲੋਕ ਗੀਤ ਬਣ ਗਏ ਹਨ:

ਉੱਡ ਉੱਡ ਚਿੜੀਏ ਨੀ
ਉੱਡ ਬਹਿ ਜਾ ਖਿੜਕੀ,
ਮੇਰੀ ਅੰਮੜੀ ਬਾਝੋਂ ਨੀ
ਮੈਂ ਸਭ ਨੇ ਝਿੜਕੀ,
ਉੱਡ ਉੱਡ ਚਿੜੀਏ ਨੀ
ਉੱਡ ਬਹਿ ਜਾ ਉਖਲੀ,
ਮੇਰੀ ਅੰਮੜੀ ਬਾਝੋਂ ਨੀ
ਕੌਣ ਭੇਜੇ ਗੁਥਲੀ?
ਉੱਡ ਉੱਡ ਚਿੜੀਏ ਨੀ
ਉੱਡ ਬਹਿ ਜਾ ਖੂਹੇ,
ਮੇਰੀ ਅੰਮੜੀ ਬਾਝੋਂ ਨੀ
ਕੌਣ ਭੇਜੇ ਸੂਹੇ?...

ਪੰਜਾਬੀ ਲੋਕ ਗੀਤਾਂ ਵਿਚ ਮਾਂ-ਧੀ ਦੇ ਪਿਆਰ ਦੀ ਗੱਲ ਭਾਵਨਾਤਮਕ ਸੁਰ ਵਿਚ ਹੁੰਦੀ ਆਈ ਹੈ। ਸਮਾਜਚਾਰੇ ਵਿਚ ਮਾਂ-ਧੀ ਦਾ ਪਿਆਰ ਆਪਣੀ ਗੂੜ੍ਹੀ ਛਾਪ ਛੱਡਦਾ ਆਇਆ ਹੈ। ਮਾਂਵਾਂ-ਧੀਆਂ ਦੇ ਪਿਆਰ ਨੂੰ ਪੰਜਾਬੀ ਲੋਕ ਗੀਤਾਂ ਨੇ ਬੜੇ ਮੋਹ ਭਰੇ ਤੇ ਕਲਾਤਮਿਕ ਲਹਿਜੇ ਰਾਹੀਂ ਪ੍ਰਗਟ ਕੀਤਾ ਹੈ। ਪੰਜਾਬੀ ਲੋਕ ਗੀਤਾਂ ਤੇ ਸਮਾਜ ਵਿਚ ਪਾਏ ਜਾਂਦੇ ਮਾਂ ਤੇ ਧੀ ਦੇ ਅਨੂਠੇ ਪਿਆਰ ਦੀਆਂ ਗਾਥਾਵਾਂ ਨੂੰ ਜੱਗ ਗਾਉਂਦਾ ਆਇਆ ਹੈ। ਸ਼ਾਲਾ! ਕਾਲਜੇ ਨੂੰ ਧੂਹ ਪਾਉਣ ਵਾਲਾ ਮਾਂਵਾਂ ਤੇ ਧੀਆਂ ਦਾ ਰਿਸ਼ਤਾ ਸਦਾ ਸਲਾਮਤ ਰਹੇ! ਸਲਾਮਤ ਰਹਿਣ ਮਾਂਵਾਂ ਦੇ ਧੀਆਂ-ਪੁੱਤ ਤੇ ਯੁੱਗ ਵੱਸਦੀਆਂ ਰਹਿਣ ਬੱਚਿਆਂ ਦੀਆਂ ਮਾਂਵਾਂ!

###

# ਕੋਸ ਨਾ ਤੂੰ ਹਨੇਰ ਨੂੰ...

ਪੰਜਾਬ ਦੀ ਧਰਤੀ ਛੱਡ ਕੇ ਆਇਆਂ ਭਾਵੇਂ ਪੰਜ ਦਹਾਕੇ ਹੋਣ ਵਾਲੇ ਹਨ, ਪਰ ਅਜੇ ਤੱਕ ਦੇਸ਼ ਤੋਂ ਆਉਂਦੀਆਂ ਖ਼ਬਰਾਂ ਦੀ ਝਾਕ ਰਹਿੰਦੀ ਹੈ। ਕਾਰਨ ਇਹ ਹੈ ਕਿ ਸਾਡੀਆਂ ਜੜ੍ਹਾਂ ਨੂੰ ਉਸ ਧਰਤੀ ਨੇ ਹਾਲੇ ਵੀ ਕਿਸੇ ਨਾ ਕਿਸੇ ਰੂਪ ਵਿਚ ਪਕੜ ਕੇ ਰੱਖਿਆ ਹੈ। ਇਹ ਕੋਈ ਮਾੜੀ ਗੱਲ ਨਹੀਂ। ਆਪਣੀ ਮਾਂ ਭੂਮੀ ਦੇ ਵਫ਼ਾਦਾਰ ਰਹਿਣਾ ਤੇ ਆਪਣੀ ਕਰਮ ਭੂਮੀ ਦਾ ਵੀ ਤਨੋਂ-ਮਨੋਂ ਸਤਿਕਾਰ ਕਰਨਾ। ਦੋਹਾਂ ਦੀ ਸੁੱਖ ਮੰਗਣਾ ਸੁਭਾਵਿਕ ਹੈ। ਜਦੋਂ ਜਹਾਜ਼ ਦੇ ਪਹੀਏ ਦਿੱਲੀ ਏਅਰਪੋਰਟ ਦੀ ਜ਼ਮੀਨ ਨੂੰ ਛੂੰਹਦੇ ਹਨ ਤਾਂ ਮਨ ਵਿਚ ਅਜੀਬ ਜਿਹੀ ਕਿਸਮ ਦੀ ਝਰਨਾਹਟ ਛਿੜਦੀ ਹੈ। ਇਹ ਝਰਨਾਹਟ ਉਸ ਪਿਆਰ ਦਾ ਪ੍ਰਗਟਾਵਾ ਹੁੰਦੀ ਹੈ, ਜੋ ਸਾਡੇ ਮਨਾਂ ਵਿਚ ਆਪਣੇ ਦੇਸ਼ ਲਈ ਸਾਂਭਿਆ ਪਿਆ ਹੁੰਦਾ ਹੈ। ਇਸੇ ਤਰ੍ਹਾਂ ਭਾਰਤ ਤੋਂ ਵਾਪਿਸ ਪਰਤਦਿਆਂ ਕੈਨੇਡਾ ਪੁੱਜ ਕੇ ਘਰ ਪੁੱਜਣ ਦੀ ਕਾਹਲ ਹੁੰਦੀ ਹੈ। ਖ਼ੁਸ਼ੀ ਦੋਹਾਂ ਥਾਂਵਾਂ 'ਤੇ ਹੁੰਦੀ ਹੈ। ਨਾ ਉਹ ਮੁਲਕ ਬੇਗਾਨਾ ਤੇ ਨਾ ਇਹ ਮੁਲਕ ਓਪਰਾ। ਮੇਰੀ ਗ਼ਜ਼ਲ ਦਾ ਇਕ ਸ਼ਿਅਰ ਹੈ:



ਸੁਰਿੰਦਰ ਗੀਤ

ਮੇਰੀ ਜੋ ਕਰਮ ਭੂਮੀ ਹੈ
ਮੇਰੇ ਬੱਚਿਆਂ ਦੀ ਮਾਂ ਭੂਮੀ,
ਬੇਗਾਨਾ ਏਸ ਨੂੰ ਦੱਸੋ
ਮੇਰੇ ਤੋਂ ਕਹਿ ਕਿਵੇਂ ਹੋਵੇ!

ਖ਼ਬਰਾਂ ਤੋਂ ਸ਼ੁਰੂ ਕੀਤਾ ਹੈ ਤੇ ਇਸ ਲਈ ਪਹਿਲਾਂ ਖ਼ਬਰਾਂ ਵੱਲ ਹੀ ਜਾਂਦੀ ਹਾਂ। ਬਹੁਤ ਵਾਰ ਦੇਸ਼ ਤੋਂ ਮਾੜੀਆਂ ਖ਼ਬਰਾਂ ਹੀ ਆਉਂਦੀਆਂ ਹਨ। ਧਰਮ ਦੇ ਨਾਂ 'ਤੇ ਹੋ ਰਹੀਆਂ ਮਨਮਾਨੀਆਂ, ਹੱਕਾਂ ਦੀ ਸ਼ਰੇਆਮ ਹੁੰਦੀ ਲੁੱਟ, ਘੱਟ ਗਿਣਤੀ ਦੇ ਲੋਕਾਂ 'ਤੇ ਹੁੰਦੇ ਅਤਿਆਚਾਰ, ਨਸ਼ਿਆਂ ਦੇ ਮਾਰੂ ਪ੍ਰਭਾਵ, ਨਿੱਤ ਵਾਪਰਦੇ ਬਲਾਤਕਾਰ, ਅਦਾਲਤਾਂ ਵਿਚ ਕਿਸੇ ਕਿਸਮ ਦੀ ਸੁਣਵਾਈ ਦਾ ਨਾ ਹੋਣਾ, ਨਿਆਂ ਪ੍ਰਣਾਲੀ ਦਾ ਵਿਕ ਜਾਣਾ ਆਦਿ। ਉਪਰਲੀ ਕੁਰਸੀ ਤੋਂ ਲੈ ਕੇ ਐਨ ਹੇਠਲੀ ਕੁਰਸੀ ਤੱਕ ਵਿਛਿਆ ਭ੍ਰਿਸ਼ਟਾਚਾਰੀ ਦਾ ਜਾਲ, ਮਹਿੰਗਾਈ ਦੇ ਪੁੜਾਂ ਵਿਚ ਪੀਸੀ ਜਾ ਰਹੀ ਜਨਤਾ, ਚੁਣੇ ਹੋਏ ਨੇਤਾਵਾਂ ਦਾ ਭ੍ਰਿਸ਼ਟ ਹੋ ਜਾਣਾ ਤੇ ਆਪਣੇ ਤਖ਼ਤ ਦੇ ਪਾਵੇ ਮਜ਼ਬੂਤ ਕਰਨ ਲਈ ਸਾਹੂਕਾਰਾਂ ਦੇ ਹੱਥ ਦੇਸ਼ ਦਾ ਮਾਣ ਸਨਮਾਨ ਵੇਚਣ ਦੀਆਂ ਦਿਲ ਚੀਰਵੀਆਂ ਖ਼ਬਰਾਂ। ਭਾਵੇਂ ਇਹ ਵਰਤਾਰਾ ਨਵਾਂ ਨਹੀਂ, ਪਰ ਅੱਜ ਕਲ੍ਹ ਜਿਸ ਦਿਸ਼ਾ ਵੱਲ ਭਾਰਤ ਦਾ ਸਮੁੱਚਾ ਢਾਂਚਾ ਜਾ ਰਿਹਾ ਹੈ ਤੇ ਜੋ ਦਸ਼ਾ ਲੋਕਾਂ ਦੀ ਹੋ ਰਹੀ ਹੈ, ਉਹ ਬੇਹੱਦ ਦੁੱਖਦਾਈ, ਅਸਹਿ ਅਤੇ ਘਿਨੌਣੀ ਹੈ।

ਦੇਸ਼ ਨੂੰ ਆਜ਼ਾਦ ਹੋਇਆਂ ਭਾਵੇਂ ਕੋਈ 75 ਸਾਲ ਹੋ ਗਏ ਹਨ, ਪਰ ਇਹ ਆਜ਼ਾਦੀ ਸਿਰਫ ਤੇ ਸਿਰਫ ਸੱਤਾ ਬਦਲਣ ਦੀ ਆਜ਼ਾਦੀ ਹੈ। ਇਕ ਰੰਗ ਦੀ ਕੌਮ ਦੇ ਚਲੇ ਜਾਣ ਤੇ ਦੂਸਰੇ ਰੰਗ ਦੀ ਕੌਮ ਦੇ ਸੱਤਾ 'ਤੇ ਕਾਬਜ਼ ਹੋਣ ਦੀ ਕਹਾਣੀ ਹੈ। ਮੈਂ ਆਪਣੀ ਸੁਰਤ ਵਿਚ ਕਦੇ ਕੁਝ ਸੁਖਾਵਾਂ ਵਾਪਰਦਾ ਨਹੀਂ ਦੇਖਿਆ, ਪਰ ਅੱਜ ਕਲ੍ਹ ਜੋ ਸੋਹਣੇ ਦੇਸ਼ ਭਾਰਤ ਵਿਚ ਹੋ ਰਿਹਾ ਹੈ, ਉਹ ਸਭ ਹੱਦਾਂ ਬੰਨੇ ਟੱਪ ਕੇ ਉਸ ਦਿਸ਼ਾ ਵੱਲ ਤੁਰ ਪਿਆ ਹੈ ਕਿ ਮੇਰੇ ਵਰਗੇ ਅਨੇਕਾਂ ਪਰਵਾਸੀ ਰਾਤ ਨੂੰ ਉੱਠ ਉੱਠ ਕੇ ਖ਼ਬਰਾਂ ਦੇਖਦੇ ਹਨ ਕਿ ਕਿਤੇ ਕੁਝ ਅਣਸੁਖਾਵਾਂ ਤਾਂ ਨਹੀਂ ਵਾਪਰ ਗਿਆ!

ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਕਿਸਾਨ, ਕਦੇ ਠੰਡ ਵਿਚ ਠੁਰ ਠੁਰ ਕਰਦੇ, ਕਦੇ ਗਰਮੀ ਨਾਲ ਸੜਦੇ, ਮੀਂਹ-ਹਨੇਰੀ ਅਤੇ ਹੋਰ ਸਮੱਸਿਆਵਾਂ ਮੱਥਾ ਲਾਉਂਦੇ ਮਹੀਨਿਆਂ ਤੋਂ ਆਪਣੇ ਪਰਿਵਾਰਾਂ ਤੋਂ ਦੂਰ ਬੈਠੇ, ਆਪਣੇ ਹੱਕਾਂ ਲਈ ਨਾਹਰੇ ਲਾ ਰਹੇ ਹਨ। ਆਪਣੀ ਹੋਂਦ ਬਚਾਉਣ ਲਈ ਸੰਘਰਸ਼ ਕਰ ਰਹੇ ਹਨ। ਆਪਣੇ ਬੱਚਿਆਂ ਦਾ ਭਵਿੱਖ ਸਾਂਭਣ ਦਾ ਯਤਨ ਕਰਦੇ, ਆਪਣੇ ਪਿਉ-ਦਾਦੇ ਦੀ ਵਿਰਾਸਤ ਬਚਾਉਣ ਖਾਤਿਰ ਮੌਸਮਾਂ ਦੇ ਕਹਿਰ ਨੂੰ ਆਪਣੇ ਤਨਾਂ ਤੇ ਰੂਹਾਂ 'ਤੇ ਝੱਲਦੇ ਹਨ। ਭਾਰਤ ਸਰਕਾਰ ਵਲੋਂ ਜਿਸ ਢੰਗ ਤਰੀਕੇ ਨਾਲ ਖੇਤੀ ਸੰਬੰਧੀ ਤਿੰਨ ਕਾਲੇ ਕਾਨੂੰਨ ਲਿਆਂਦੇ ਗਏ ਹਨ, ਉਹ ਪੂਰਨ ਤੌਰ 'ਤੇ ਨਿੰਦਣਯੋਗ ਹੈ। ਇਕ ਪਾਸੇ ਮਹਾਂਮਾਰੀ ਕਰੋਨਾ ਦੀ ਆਮਦ ਤੇ ਦੂਸਰੇ ਪਾਸੇ ਖੇਤੀਬਾੜੀ ਸੰਬੰਧੀ ਨਵੇਂ ਆਰਡੀਨੈਂਸ ਲਿਆਉਣੇ ਤੇ ਨਾਟਕੀ ਢੰਗ ਨਾਲ ਪਾਸ ਕਰਕੇ ਭਾਰਤੀ ਸੰਵਿਧਾਨ ਦੀਆਂ ਧੱਜੀਆਂ ਉਡਾਉਣ ਤੋਂ ਬਿਨਾ ਹੋਰ ਕੀ ਹੈ? ਇਨ੍ਹਾਂ ਕਾਨੂੰਨਾਂ ਨੂੰ ਲਿਆਉਣ ਦੀ ਐਮਰਜੈਂਸੀ ਨਹੀਂ ਸੀ। ਮਹਾਂਮਾਰੀ ਕਰੋਨਾ ਐਮਰਜੈਂਸੀ ਸੀ। ਇਸ ਬੀਮਾਰੀ ਤੋਂ ਲੋਕਾਂ ਨੂੰ ਬਚਾਉਣਾ ਸਰਕਾਰਾਂ ਦਾ ਪ੍ਰਮੁੱਖ ਕੰਮ ਸੀ। ਬਿਨਾ ਪ੍ਰਬੰਧ ਕੀਤਿਆਂ ਲਾਕਡਾਉਨ ਲਾ ਕੇ ਹਜ਼ਾਰਾਂ ਪਰਵਾਸੀ ਮਜ਼ਦੂਰਾਂ ਨੂੰ ਸੈਂਕੜੇ ਮੀਲਾਂ ਦਾ ਸਫਰ ਕਰਨ ਲਈ ਮਜਬੂਰ ਹੋਣਾ ਪਿਆ। ਅਖ਼ਬਾਰਾਂ ਵਿਚ ਛਪੀਆਂ ਜ਼ਖ਼ਮੀ ਪੈਰਾਂ ਦੀਆਂ ਤਸਵੀਰਾਂ ਨੇ ਭਾਰਤ ਦੇ ਇਤਿਹਾਸ ਨੂੰ ਸ਼ਰਮਸਾਰ ਕੀਤਾ ਹੈ। ਸੜਕਾਂ ਤੇ ਮਰਨ ਵਾਲਿਆਂ ਦੇ ਨਾਲ ਨਾਲ ਸੜਕ ਕਿਨਾਰੇ ਜੰਮੇ ਬੱਚਿਆਂ ਦੀ ਤੇ ਮਾਂਵਾਂ ਦੀ ਦੁਰਦਸ਼ਾ ਇਤਿਹਾਸ ਨੇ ਆਪਣੇ ਪੰਨਿਆਂ ਵਿਚ ਸਾਂਭ ਲਈ ਹੈ। ਬੱਚੇ ਨੂੰ ਜਨਮ ਦੇ ਕੇ, ਵਿੱਤੋਂ ਭੁੱਖੀ ਬੇਵਸ ਮਾਂ, ਖ਼ੂਨ 'ਚ ਲਿਬੜੇ ਬੱਚੇ ਨੂੰ ਛਾਤੀ ਨਾਲ ਲਾ ਕੇ ਫਿਰ ਤੁਰ ਪੈਂਦੀ ਹੈ ਲੰਬੇ ਪੈਦਲ ਸਫਰ 'ਤੇ। ਅੱਗੇ ਜਾ ਕੇ ਦੋ-ਤਿੰਨ ਸੌ ਮਜ਼ਦੂਰਾਂ ਨੂੰ ਬਿਠਾ ਕੇ ਉਨ੍ਹਾਂ ਉਪਰ ਜ਼ਹਿਰੀਲੀ ਦਿਵਾਈ ਦਾ ਸਪਰੇਅ ਕਰ ਦੇਣਾ ਹੱਦ ਦਰਜੇ ਦਾ ਘਿਨੌਣਾ ਕਾਰਾ ਸੀ, ਜਿਸ ਦਾ ਕਿਸੇ ਸ਼ਾਸਨ-ਪ੍ਰਸ਼ਾਸਨ ਨੇ ਨੋਟਿਸ ਨਹੀਂ ਲਿਆ। ਇਹ ਅਣ-ਮਨੁੱਖੀ ਘਿਨੌਣਾ ਵਰਤਾਰਾ ਸੀ, ਜਿਸ ਨੇ ਅਨੇਕਾਂ ਸਵਾਲ ਖੜ੍ਹੇ ਕਰ ਦਿੱਤੇ ਸਨ। ਉਹ ਦੇਸ਼, ਜੋ ਪੁਲਾੜ ਨੂੰ ਸਰ ਕਰਨ ਦੇ ਸੁਪਨੇ ਲੈ ਰਿਹਾ ਹੈ, ਜੋ ਚੰਦ ਤਾਰਿਆਂ 'ਤੇ ਪੈੜਾਂ ਪਾਉਂਦਾ ਹੈ, ਉਸ ਦੇਸ਼ ਦੇ ਮਜ਼ਦੂਰਾਂ ਕਿਰਤੀਆਂ ਨਾਲ ਇਸ ਤਰ੍ਹਾਂ ਦਾ ਵਰਤਾਰਾ ਹੋਵੇ... ਕੋਈ ਕੀ ਆਖੇ! ਅਜਿਹੇ ਸਮੇਂ ਸ਼ਬਦ ਹਾਰ ਜਾਂਦੇ ਹਨ। ਅੱਖਾਂ ਰੋਂਦੀਆਂ ਹਨ, ਭੁੱਖ ਵਿਲਕਦੀ ਵਿਲਕਦੀ ਦਮ ਤੋੜ ਜਾਂਦੀ ਹੈ ਤੇ ਵਕਤ ਸ਼ਰਮ ਨਾਲ ਸਿਰ ਝੁਕਾ ਲੈਂਦਾ ਹੈ। ਇਸ ਸਭ ਕਾਸੇ ਨੂੰ ਦੇਖ ਕੇ ਲਿਖੀ ਮੇਰੀ ਇਕ ਗਜ਼ਲ ਦਾ ਸ਼ਿਅਰ ਹੈ:

ਬਿਮਾਰੀ ਭੁੱਖ ਏਥੇ ਵੀ
ਬਿਮਾਰੀ ਭੁੱਖ ਓਥੇ ਵੀ,
ਤੇ ਕੇਵਲ ਮਰਨ ਦੀ ਖ਼ਾਤਿਰ
ਉਹ ਤੁਰਿਆ ਦੇਸ਼ ਨੂੰ ਜਾਵੇ।

ਅੱਜ ਫਿਰ ਇਕ ਪਾਸੇ ਕਰੋਨਾ ਮਹਾਂਮਾਰੀ ਦੀ ਦੂਸਰੀ ਲਹਿਰ ਦੀ ਤਰਥੱਲੀ ਤੇ ਦੂਜੇ ਪਾਸੇ ਕਈ ਰਾਜਾਂ ਦੀਆਂ ਚੋਣਾਂ। ਕਿਹੜੇ ਮਾੜੇ ਰਾਹ ਪੈ ਗਈ ਭਾਰਤ ਦੀ ਰਾਜਨੀਤੀ? ਕਿਸ ਤਰ੍ਹਾਂ ਦੀ ਸੋਚ ਅਪਨਾ ਰਹੇ ਨੇ ਸਾਡੇ ਰਾਜਨੀਤਕ ਲੋਕ? ਹੱਕ ਮੰਗਦੇ ਲੋਕਾਂ ਦੀ ਭੀੜ ਕਰੋਨਾ ਫੈਲਾ ਸਕਦੀ ਹੈ, ਪਰ ਚੋਣਾਂ ਲਈ ਕੀਤੀਆਂ ਜਾ ਰਹੀਆਂ ਵੱਡੀਆਂ ਵੱਡੀਆਂ ਰੈਲੀਆਂ ਦੀ ਕੋਈ ਗੱਲ ਨਹੀਂ ਕਰਦਾ। ਇਕਸਾਰਤਾ ਕਿਤੇ ਵੀ ਨਜ਼ਰ ਨਹੀਂ ਆ ਰਹੀ।

ਹਸਪਤਾਲਾਂ ਵਿਚ ਬੈਡ ਨਹੀਂ ਮਿਲ ਰਹੇ। ਆਕਸੀਜ਼ਨ ਨਾ ਮਿਲਣ ਕਾਰਨ ਮਰੀਜ਼ ਦਮ ਤੋੜ ਰਹੇ ਹਨ। ਵੈਂਟੀਲੇਟਰਾਂ ਪਿੱਛੇ ਰੌਲਾ ਪੈ ਰਿਹਾ ਹੈ। ਖ਼ਬਰਾਂ ਦੱਸਦੀਆਂ ਹਨ ਕਿ ਇਕ ਬੈਡ 'ਤੇ ਤਿੰਨ ਤਿੰਨ ਮਰੀਜ਼ ਪਾਏ ਜਾ ਰਹੇ ਹਨ। ਕੁਝ ਫਰਸ਼ 'ਤੇ ਪਏ ਹਨ; ਕੁਝ ਏਧਰ, ਕੁਝ ਓਧਰ। ਲਾਸ਼ਾਂ ਸਾੜਨ ਜਾਂ ਦਫਨਾਉਣ ਲਈ ਥਾਂ ਨਹੀਂ ਮਿਲ ਰਹੀ। ਦੁਨੀਆਂ ਭਰ ਨੂੰ ਕਰੋਨਾ ਦੇ ਟੀਕੇ ਤੇ ਆਕਸੀਜ਼ਨ ਸਪਲਾਈ ਕਰਨ ਵਾਲੇ ਦੇਸ਼ ਦਾ ਆਪਣਾ ਏਨਾ ਬੁਰਾ ਹਾਲ ਹੈ! ਲੱਖਾਂ ਦੀ ਗਿਣਤੀ ਵਿਚ ਲੋਕ ਤ੍ਰਾਹ ਤ੍ਰਾਹ ਕਰ ਰਹੇ ਹਨ, ਕੋਈ ਕਿਸ ਤਰ੍ਹਾਂ ਕੋਈ ਕਿਸ ਤਰ੍ਹਾਂ। ਅਜਿਹਾ ਹਾਲ ਦੇਸ਼ ਦੇ ਕਿਸੇ ਇਕ ਸੂਬੇ ਜਾਂ ਸ਼ਹਿਰ ਦਾ ਨਹੀਂ, ਸਗੋਂ ਦੇਸ਼ ਦੇ ਹਰ ਕੋਨੇ 'ਚੋਂ ਅਜਿਹੀਆਂ ਖ਼ਬਰਾਂ ਆ ਰਹੀਆਂ ਹਨ।

ਇਸ ਸਭ ਕੁਝ ਦੇ ਜ਼ਿੰਮੇਵਾਰ ਅਸੀਂ ਖੁਦ ਆਪ ਹਾਂ। ਵੋਟਾਂ ਸਮੇਂ ਆਪਣੀਆਂ ਛੋਟੀਆਂ-ਮੋਟੀਆਂ ਗਰਜ਼ਾਂ ਦੀ ਪੂਰਤੀ ਲਈ ਪਿਛਲੱਗ ਬਣ ਜਾਂਦੇ ਹਾਂ। ਚਾਰ ਕੁ ਦਮੜਿਆਂ ਦੀ ਚਮਕ ਜਾਂ ਨਿਜੀ ਗਰਜ਼ ਦੀ ਲਾਲਸਾ ਹਨੇਰ ਵਿਚ ਧਕੇਲ ਦਿੰਦੇ ਹਾਂ ਤੇ ਭ੍ਰਿਸ਼ਟ ਨੇਤਾਵਾਂ ਦੀ ਝੋਲੀਆਂ ਵਿਚ ਆਪਣਾ ਭਵਿੱਖ ਉਲਟਾ ਦਿੰਦੇ ਹਾਂ। ਆਪਣੇ ਬੱਚਿਆਂ ਨੂੰ ਕਿਸੇ ਨਾ ਕਿਸੇ ਤਰੀਕੇ ਵਿਦੇਸ਼ਾਂ ਵੱਲ ਧਕੇਲ ਰਹੇ ਹਾਂ। ਜੇ ਵਰਤਾਰੇ ਨੂੰ ਠੱਲ੍ਹ ਨਾ ਪਈ ਤਾਂ ਪੰਜਾਬ ਦੇ ਪਿੰਡ ਸੁੰਨੇ ਹੋ ਜਾਣਗੇ। ਫਿਰ ਪੰਜਾਬ ਕਿਸ ਤਰ੍ਹਾਂ ਦਾ ਹੋਵੇਗਾ? ਜ਼ਰਾ ਸੋਚ ਕੇ ਵੇਖੋ!

ਸੰਖੇਪ ਵਿਚ ਇਉਂ ਕਹਿ ਲਵੋ ਕਿ ਅਸੀਂ ਪਰਜਾ ਤੋਂ ਵੋਟਾਂ ਬਣ ਕੇ ਵਿਕ ਰਹੇ ਹਾਂ ਅਤੇ ਵਿਕੇ ਹੋਏ ਲੋਕਾਂ ਦੀ ਆਪਣੀ ਆਵਾਜ਼ ਨਹੀਂ ਹੁੰਦੀ। ਆਓ, ਇਸ ਹਨੇਰੇ ਵਿਚ ਦੀਵਾ ਜਗਾਉਣ ਦਾ ਕੋਈ ਯਤਨ ਕਰੀਏ। ਰਾਜਨੀਤੀਵਾਨਾਂ ਨੂੰ ਪਰਖਣ ਦੇ ਨਾਲ ਨਾਲ ਆਪਣੀ ਵੀ ਪੜਚੋਲ ਕਰੀਏ।

ਕੋਸ ਨਾ ਤੂੰ ਹਨੇਰ ਨੂੰ
ਦੀਵਾ ਜਗਾ ਕੇ ਵੇਖ ਲੈ,
ਸੀਨੇ ਬਲਦੀ ਜੋਤ ਤੋਂ
ਪਰਦਾ ਉਠਾ ਕੇ ਵੇਖ ਲੈ।

# ਉਕਾਬ ਵਾਲਾ ਪਾਸਪੋਰਟ: ਸਰਲਤਾ, ਸੰਜਮਤਾ ਤੇ ਸੰਜੀਦਗੀ ਦੀ ਪੇਸ਼ਕਾਰੀ

ਸੰਤੋਖ ਮਿਨਹਾਸ ਦੀ ਹੁਣੇ ਜਿਹੇ ਛਪੀ ਪੁਸਤਕ 'ਉਕਾਬ ਵਾਲਾ ਪਾਸਪੋਰਟ' ਮੇਰੇ ਧਿਆਨ ਗੋਚਰੇ ਹੈ। ਇਹ ਪੁਸਤਕ ਦੋ ਗੱਲਾਂ ਕਰਕੇ ਨਿਰਾਲੀ ਹੈ-ਇਕ ਤਾਂ ਇਹ ਹੱਡੀਂ ਹੰਢਾਏ ਅਨੁਭਵ ਦਾ ਦਸਤਾਵੇਜ਼ ਹੈ ਅਤੇ ਦੂਜੇ, ਸਾਹਿਤ ਦੇ ਇਕ ਅਣਗੌਲੀ ਵਿਧਾ 'ਨਿਬੰਧ' ਵਿਚ ਲਿਖੀ ਹੋਈ ਹੈ। ਮੂਲ ਰੂਪ ਵਿਚ ਮਿਨਹਾਸ ਇਕ ਕਵੀ ਹੈ, ਭਾਵੇਂ ਉਸ ਦੀ ਕਲਮ-ਕਮਾਈ ਵਿਚ ਇਕ ਮੈਗਜ਼ੀਨ ਦੀ ਸੰਪਾਦਨਾ ਅਤੇ ਇੱਕ ਸੀਰੀਅਲ ਦੀ ਕਹਾਣੀ ਅਤੇ ਸੰਵਾਦ ਵੀ ਸ਼ਾਮਿਲ ਹਨ। ਉਸ ਦੀਆਂ ਤਿੰਨ ਕਾਵਿ-ਪੁਸਤਕਾਂ: ਇੱਕ ਸੰਪਾਦ ਕੀਤੀ ਹੋਈ,

**ਡਾ. ਗੁਰੂਮੇਲ ਸਿੱਧੂ**
ਕਲੋਵਿਸ, ਕੈਲੀਫੋਰਨੀਆ

'ਆਪਣੀ ਆਪਣੀ ਗਾਥਾ' ਅਤੇ ਦੋ ਮੌਲਿਕ ਕਾਵਿ-ਸੰਗ੍ਰਹਿ, 'ਅੱਖਾਂ 'ਚ ਬਲਦੇ ਸੂਰਜ' ਤੇ 'ਫੁੱਲ, ਤਿਤਲੀ ਤੇ ਉਹ' ਛਪ ਚੁਕੀਆਂ ਹਨ। ਇਨ੍ਹਾਂ ਪੁਸਤਕਾਂ ਦੀਆਂ ਨਜ਼ਮਾਂ ਨੂੰ ਪੜ੍ਹਨ-ਸੁਣਨ ਦਾ ਮੌਕਾ ਮਿਲਿਆ ਹੈ। ਬਹੁਤੀਆਂ ਨਜ਼ਮਾਂ ਵਿਚ ਭਾਵਾਂ ਦੀ ਚਿੱਤਰਕਾਰੀ ਮਿਲਦੀ ਹੈ, ਜੋ ਪੇਸ਼ਕਾਰੀ ਸਮੇਂ ਮੂਰਤੀਮਾਨ ਹੋ ਜਾਂਦੀ ਹੈ। ਕਵਿਤਾ ਤੇ ਕਵੀ ਇੱਕ ਦੂਜੇ ਵਿਚ ਅਭੇਦ ਹੋ ਕੇ ਸਰਵਣੀ ਤੇ ਦਰਸ਼ਣੀ (Audio-Visual) ਪ੍ਰਭਾਵ ਪੈਦਾ ਕਰਦੇ ਹਨ। ਇਸੇ ਲਈ ਸੰਤੋਖ ਨੂੰ ਆਡੀਓ-ਵਿਜ਼ੂਅਲ ਕਵੀ ਦਾ ਨਾਂ ਦਿੱਤਾ ਹੈ।

ਸੰਤੋਖ ਨੇ ਪਿਛਲੇ ਕੁਝ ਸਾਲਾਂ ਵਿਚ ਸਾਹਿਤ ਦੇ ਇੱਕ ਪਛੜੇ ਹੋਏ ਰੂਪ, ਨਿਬੰਧ 'ਤੇ ਕਲਮ ਅਜ਼ਮਾਈ ਹੈ। ਇਹ ਨਿਬੰਧ ਉਸ ਦੀ ਹਥਲੀ ਪੁਸਤਕ 'ਉਕਾਬ ਵਾਲਾ ਪਾਸਪੋਰਟ' ਵਿਚ ਦਰਜ ਹਨ। ਨਿਬੰਧ, ਸਾਹਿਤ ਦੀ ਅਜਿਹੀ ਵਿਧਾ ਹੈ, ਜਿਸ ਦੀ ਸਮੱਗਰੀ ਨੂੰ ਸਰਲਤਾ, ਸੰਜਮਤਾ ਅਤੇ ਸੰਜੀਦਗੀ ਲੋੜੀਦੀ ਹੈ। ਸਰਲਤਾ ਤੋਂ ਭਾਵ ਹੈ ਵਿਚਾਰ ਦੀ ਸਪੱਸ਼ਟਤਾ, ਸੰਜਮਤਾ ਤੋਂ ਮੁਰਾਦ ਹੈ ਵਿਸ਼ੇ-ਵਸਤੂ ਨੂੰ ਅਕਾਰਥ ਸ਼ਬਦ ਅਡੰਬਰ ਤੋਂ ਮੁਕਤ ਰੱਖਣਾ ਅਤੇ ਸੰਜੀਦਗੀ ਤੋਂ ਮਤਲਬ ਹੈ ਬੇਹੂਦਰੇ ਤੇ ਨਿਰਾਰਥਕ ਸ਼ਬਦਾਂ ਦੀ ਭਰਤੀ ਤੋਂ ਬਚਾਈ ਰੱਖਣਾ। ਹਥਲੀ ਪੁਸਤਕ 'ਚੋਂ ਇਨ੍ਹਾਂ ਤਿੰਨਾਂ ਖਾਸੀਅਤਾਂ ਦੀ ਪੇਸ਼ਕਾਰੀ ਉਪਲਭਦ ਹੁੰਦੀ ਹੈ।

'ਉਕਾਬ ਵਾਲਾ ਪਾਸਪੋਰਟ' ਦੇ ਨਿਬੰਧਾਂ ਦੇ ਵਿਸ਼ੇ, ਨਿਤਾਪ੍ਰਤੀ ਜ਼ਿੰਦਗੀ ਦੀਆਂ ਸਮੱਸਿਆਵਾਂ ਨਾਲ ਦਸਤਪੰਜਾ ਲੈਂਦੇ ਹਨ। ਇਨ੍ਹਾਂ ਵਿਚ ਕੁਝ ਹੱਡ-ਬੀਤੀਆਂ ਤੇ ਕੁਝ ਜੱਗ-ਬੀਤੀਆਂ ਘਟਨਾਵਾਂ ਨੂੰ ਪੇਸ਼ ਕੀਤਾ ਗਿਆ ਹੈ। ਨਿਬੰਧਾਂ ਵਿਚੋਂ ਜੀਵਨ ਦੇ ਤਲਖ, ਤੁਰਸ਼ ਤੇ ਸ਼ੀਰੀਂ ਤਜਰਬਿਆਂ ਦਾ ਖੱਟਾ-ਮਿੱਠਾ ਤੇ ਕੌੜਾ-ਕੁਸੈਲਾ ਸੁਆਦ ਆਉਂਦਾ ਹੈ। ਇਸ ਪੁਸਤਕ ਵਿਚ ਬੰਦੇ ਦੀ ਕਹਿਣੀ, ਕਥਨੀ ਤੇ ਕਰਨੀ ਬਾਰੇ ਰੌਚਕ ਅਤੇ ਦਿਲਚਸਪ ਸੰਵਾਦ ਤੇ ਵਿਚਾਰ ਸ਼ਾਮਿਲ ਹਨ। ਖਾਸ ਕਰਕੇ ਦੇਸ-ਪਰਦੇਸ ਦੇ ਅੰਤਰ-ਸੰਬੰਧਾਂ ਨਾਲ ਜੁੜੀਆਂ ਖੱਟੀਆਂ-ਮਿੱਠੀਆਂ ਯਾਦਾਂ, ਦਿਲ ਦੀਆਂ ਤਾਂਘਾਂ ਅਤੇ ਮਨ ਦੇ ਅਹਿਸਾਸਾਂ ਦੀਆਂ ਪਿੜੀਆਂ ਨੂੰ ਬੁਣਨ ਤੇ ਉਧੇੜਨ ਦਾ ਯਤਨ ਕੀਤਾ ਗਿਆ ਹੈ। ਪਰਵਾਸ ਸਿਧਾਂਰਨ ਦੀ ਚਾਹਤ ਬੰਦੇ ਦੀ ਲਾਲਸਾ ਵੱਸ ਪੈਦਾ ਹੋਈ ਮਜਬੂਰੀ ਨੂੰ ਜਨਮ ਦਿੰਦੀ ਹੈ, ਜੋ ਸਮੇਂ ਨਾਲ ਸੰਤਾਪ ਭੋਗਣ ਦਾ ਅਣ-ਚਾਹਿਆ ਕਾਰਨ ਬਣਦੀ ਹੈ। ਪ੍ਰੌੜ ਉਮਰੇ ਪਰਦੇਸੀ ਹੋਇਆ ਬੰਦਾ, ਪਿੱਤਰੀ ਸਭਿਆਚਾਰ ਦੇ ਸਮਾਜਿਕ ਰੁਤਬਿਆਂ ਅਤੇ ਨਿੱਜੀ ਰਿਸ਼ਤਿਆਂ ਦਾ ਭਰਮ ਪਾਲਦਾ ਹੋਇਆ ਪਰਾਏ ਸਭਿਆਚਾਰ ਨੂੰ ਨਿੰਦਣ ਤੇ ਨੀਵਾਂ ਦਰਸਾਉਣ ਦੇ ਯਤਨਾਂ ਵਿਚ ਉਲਝ ਜਾਂਦਾ ਹੈ। ਆਪੇ ਸਹੇੜੀਆਂ ਪੁੱਠੀਆਂ-ਸਿੱਧੀਆਂ ਤੜਾਵਾਂ ਦੀ ਖਿੱਚੋਤਾਣ, ਨਾ ਤਾਂ ਅਗਲੀ ਪੀੜ੍ਹੀ ਦੀਆਂ ਜੜ੍ਹਾਂ ਲੱਗਣ ਦਿੰਦੀ ਹੈ ਅਤੇ ਨਾ ਪਿੱਤਰੀ ਸਭਿਆਚਾਰ ਦੀਆਂ ਰੇਤੀਆਂ ਹੋਈਆਂ ਜੜ੍ਹਾਂ ਨੂੰ ਹਰਾ ਹੋਣ ਦਿੰਦੀ ਹੈ। ਪਰਦੇਸ ਧਾਉਣ ਵੇਲੇ ਬੰਦੇ ਦੀ ਮਜਬੂਰੀ ਵਿਚ ਔਲਾਦ ਦੀ ਬਿਹਤਰੀ ਦੀ ਲਾਲਸਾ ਛੁਪੀ ਹੋਈ ਹੁੰਦੀ ਹੈ। ਨਾਲ ਹੀ ਬੰਦੇ ਦੇ ਧੁਰ ਅੰਦਰ ਇਹ ਅਹਿਸਾਸ ਵੀ ਮਘਦਾ ਰਹਿੰਦਾ ਹੈ ਕਿ ਉਹ ਪਿਛਲੀ ਕਿਰਤ ਕਮਾਈ ਨੂੰ ਗੁਆ ਬੈਠੇਗਾ। ਇਹ ਦਵੰਧ ਪਰਦੇਸੀ ਹੋਏ ਬੰਦੇ ਲਈ ਸੰਤਾਪ ਭੋਗਣ ਦਾ ਕਾਰਨ ਬਣਦਾ ਹੈ, ਚਾਹੇ ਉਹ ਖਾਂਦੇ-ਪੀਂਦੇ ਪਰਿਵਾਰ 'ਚੋਂ ਉਠ ਕੇ ਆਇਆ ਹੋਵੇ ਤੇ ਚਾਹੇ ਮਸੀਂ ਗੁਜ਼ਰ ਬਸਰ ਕਰਦੇ ਘਰੋਂ ਹੋਵੇ।

ਪੁਸਤਕ ਦੇ ਕਈ ਨਿਬੰਧਾਂ ਵਿਚ ਬੰਦੇ ਦੇ ਵਰਤਾਰੇ, ਰਹੁਰੀਤ ਅਤੇ ਮਾਨਸਿਕਤਾ ਨੂੰ



ਸੰਤੋਖ ਮਿਨਹਾਸ

ਸਮਝਣ-ਸਮਝਾਉਣ ਦਾ ਯਤਨ ਕੀਤਾ ਗਿਆ ਹੈ। ਲੇਖਕ ਦਾ ਵਿਚਾਰ ਹੈ ਕਿ ਰਿਸ਼ਤਿਆਂ ਦੇ ਤਾਣੇ-ਬਾਣੇ ਵਿਚ ਕੁਝ ਬੰਦੇ ਦਾਲ ਦੇ ਕੋਕੜੂਆਂ ਵਾਂਗ ਹੁੰਦੇ ਹਨ। 'ਕੋਕੜੂ ਕਿਸਮ ਦੇ ਬੀਬਿਆਂ ਸੂਰਤਾਂ ਵਰਗੇ ਲੋਕ, ਤਹਾਡੇ ਦੁੱਖ-ਸੁੱਖ ਦੇ ਸਾਥੀ-ਸੰਗੀ ਬਣਨ ਦਾ ਢਕੌਂਚ ਰੱਚ ਕੇ ਨੇੜਤਾ ਬਣਾ ਲੈਂਦੇ ਹਨ ਤੇ ਤੁਹਾਨੂੰ ਸਾਰੇ ਦਾ ਸਾਰਾ ਪੜ੍ਹ ਜਾਂਦੇ ਹਨ। ਜਦ ਉਹ ਤੁਹਾਡੇ ਤੌਰ-ਤਰੀਕਿਆਂ ਦਾ ਥਹੁ-ਪਤਾ ਪਾ ਲੈਂਦੇ ਹਨ ਤਾਂ ਸਹਿਜੇ-ਸਹਿਜੇ ਦਾਲ ਦੇ ਕੋਕੜੂਆਂ ਵਾਲੀ ਪ੍ਰਵਿਰਤੀ ਦਾ ਰੰਗ ਧੂੜਨਾ ਸ਼ੁਰੂ ਕਰ ਦਿੰਦੇ ਹਨ। ਤੁਹਾਨੂੰ ਪਤਾ ਹੀ ਨਹੀਂ ਲਗਦਾ ਕਿ ਤੁਸੀਂ ਕਦ ਉਨ੍ਹਾਂ ਦੇ ਸੁੱਟੇ ਰੰਗ ਵਿਚ ਰੰਗੇ ਗਏ ਹੋ। ਪਤਾ ਉਦੋਂ ਲਗਦਾ ਹੈ, ਜਦ ਤੁਸੀਂ ਆਪਣਿਆਂ ਵਿਚ ਹੀ ਬਦਰੰਗ ਮਹਿਸੂਸ ਕਰਦੇ ਹੋ।'

ਮਾਨਸਿਕ ਤੌਰ 'ਤੇ ਬੰਦਾ ਸਮਾਜਿਕ ਜੀਵ ਹੈ। ਉਸ ਦਾ ਆਪਣੇ ਆਪ ਤੋਂ ਟੁੱਟ ਕੇ ਇੱਕਲਾ ਰਹਿ ਜਾਣਾ, ਸਮਕਾਲ ਦੀ ਭਾਵੀ ਵੀ ਹੈ ਤੇ ਤ੍ਰਾਸਦੀ ਵੀ। ਸੰਤੋਖ ਇਸ ਮਨੋਸਥਿਤੀ ਨੂੰ ਬੜੇ ਮਾਰਮਿਕ ਢੰਗ ਨਾਲ ਬਿਆਨ ਕਰਦਾ ਲਿਖਦਾ ਹੈ ਕਿ ਹਰ ਜੀਵ ਆਪਣਾ-ਆਪਣਾ ਕੁਨਬਾ ਪਾਲਦਾ ਹੈ ਅਤੇ ਇਕੱਠਿਆਂ ਰਹਿਣਾ-ਸਹਿਣਾ ਤੇ ਰਸਣਾ-ਵਸਣਾ ਉਸ ਦੀ ਸਮਾਜਿਕ ਪਛਾਣ ਹੈ। ਅਖਾਣਾਂ ਤੇ ਕਹਾਵਤਾਂ ਦਾ ਸਹਾਰਾ ਲੈਂਦਿਆਂ ਉਹ ਲਿਖਦਾ ਹੈ ਕਿ ਸਮੇਂ ਦੇ ਝੱਖੜਾਂ ਨੂੰ ਸਾਂਝ ਦੀ ਕੰਧ ਰੋਕ ਦਿੰਦੀ ਹੈ। ਇਕੱਲੇ ਰੁੱਖ ਦਾ ਓਨਾ ਮਾਣ ਨਹੀਂ ਹੁੰਦਾ, ਜਿੰਨਾ ਜੰਗਲ ਦਾ ਹਿੱਸਾ ਹੋਣ ਨਾਲ ਹੁੰਦਾ ਹੈ। ਇਕੱਲੀ ਕੂੰਜ ਨੂੰ ਤਾਂ ਕਾਂ ਘੇਰ ਲੈਂਦੇ ਹਨ, ਪਰ ਕੂੰਜਾਂ ਦੀ ਡਾਰ ਤੋਂ ਭੈਅ ਖਾਂਦੇ ਹਨ। ਇਨ੍ਹਾਂ ਵਿਚਾਰਾਂ ਵਿਚੋਂ ਗੁਜ਼ਰਦੇ ਸਮੇਂ ਦੀ ਉਖੜੀ ਤੇ ਉਧੜੀ ਹੋਈ ਤਸਵੀਰ ਉਭਰਦੀ ਹੈ। ਫਲਸਰੂਪ, ਮਨਾਂ ਵਿਚ ਵਸੇ ਮਾਰੂਥਲਾਂ ਦਾ ਅਹਿਸਾਸ ਹੁੰਦਾ ਹੈ ਅਤੇ ਆਦਮੀ ਤੁਰਦਾ ਹੋਇਆ ਵੀ ਖੜ੍ਹਾ ਲਗਦਾ ਹੈ।

ਸ਼ੈਲੀ ਅਤੇ ਸ਼ਬਦਾਬਲੀ ਦਾ ਅਨੂਠਾ ਸੁਮੇਲ ਇਸ ਪੁਸਤਕ ਦਾ ਹਾਸਲ ਹੈ। 'ਘਰ ਦੇ ਭਾਗ ਡਿਉੜੀ ਤੋਂ ਹੀ ਦਿਸ ਪੈਂਦੇ ਹਨ' ਦੀ ਕਹਾਵਤ ਵਾਂਗ ਇਸ ਪੁਸਤਕ ਦੀ ਸਮੱਗਰੀ ਦੀ ਅਨੁਕੂਲਤਾ ਅਤੇ ਕਲਾ-ਕੌਸ਼ਲਤਾ ਦਾ ਅੰਦਾਜ਼ਾ ਇਸ ਵਿਚਲੇ ਨਿਬੰਧਾਂ ਦੇ ਸਿਰਲੇਖਾਂ ਤੋਂ ਭਲੀਭਾਂਤ ਲੱਗ ਜਾਂਦਾ ਹੈ ਜਿਵੇਂ: ਉਕਾਬ ਵਾਲਾ ਪਾਸਪੋਰਟ, ਦਾਲ ਦੇ ਕੋਕੜੂ, ਧੁਖਦੇ ਘਰਾਂ ਦਾ ਧੂਆਂ, ਦੋ ਟਕਿਆਂ ਦੀ ਨੌਕਰੀ, ਮਨਾਂ ਵਿਚ ਵਸੇ ਮਾਰੂਥਲ, ਮੁਸਕਾਨ ਦੀ ਉਡੀਕ, ਫੁੱਲਾਂ ਜੋਗੀ ਧਰਤ, ਤਰੀ ਵਾਲੀ ਮੱਛੀ, ਤੁਰਦੇ ਪੈਰਾਂ 'ਤੇ ਖੜ੍ਹਾ ਆਦਮੀ, ਬੰਦੇ ਦੀ ਬੰਦੇ 'ਚੋਂ ਤਲਾਸ਼ ਅਤੇ ਸਿੰਬਲ ਦਾ ਰੁੱਖ ਤੇ ਭੂਰੀ ਚਿੜੀ ਆਦਿ। ਨਿਬੰਧਾਂ ਵਿਚਲੇ ਕਥਨ ਬੜੇ ਸਰਲ, ਰੌਚਕ ਤੇ ਰਸਕ ਹਨ ਅਤੇ ਇਨ੍ਹਾਂ ਨੂੰ ਸੁਹਜਵਾਦੀ ਸ਼ਬਦਾਂ, ਵਾਕਾਂ ਤੇ ਵਾਕੰਸ਼ਾਂ ਨਾਲ ਪੇਸ਼ ਕੀਤਾ ਗਿਆ ਹੈ। ਕਥਨਾਂ ਦੀਆਂ ਮਿਸਾਲਾਂ ਥਾਂ ਪੁਰ ਥਾਂ ਖਿਲਰੀਆਂ ਪਈਆਂ ਹਨ ਜਿਵੇਂ: ਸ਼ਬਦਾਂ ਦਾ ਉਤਾਰ ਪਹਿਨਣਾ-ਹੰਢਾਉਣਾ, ਰਿਸ਼ਤਿਆਂ ਦੇ ਮੋਹ ਦਾ ਨਿੱਘ, ਜ਼ਿੰਦਗੀ ਦੀ ਦਾਲ ਦੇ ਕੋਕੜੂ, ਨੇੜਤਾ ਦੀ ਭੀੜ ਨਾਲੋਂ ਆਪਣੇ ਮੋਹ ਦੀ ਤੰਦ ਕੱਟਣਾ, ਘਰ ਦਾ ਉਦਾਸ ਰੰਗ, ਆਂਢ-ਗੁਆਂਢ ਤੇ ਅਜਨਬੀ, ਫੁੱਲ ਤੇ ਕਿਤਾਬਾਂ, ਹੱਥਾਂ ਦੀ ਸਿਰਜੀ ਦੌਲਤ, ਸ਼ੌਕ ਮਨੁੱਖ ਦਾ ਆਪਣਾ ਸਿਰਜਿਆ ਸੰਸਾਰ, ਆਦਿ।

ਸਾਹਿਤਕ ਸ਼ੈਲੀ, ਵਿਸ਼ਾ ਵਸਤੂ ਨੂੰ ਰੌਚਕ ਬਣਾ ਸਕਦੀ ਹੈ। ਇਸ ਵਿਚ ਸ਼ਬਦਾਂ ਦੀ ਚੋਣ ਤੇ ਚਿਣਤ, ਸੁਰਤਾਲ, ਬਿਆਨ ਦੀ ਸ਼ਿੱਦਤ ਅਤੇ ਸਾਦਗੀ ਸ਼ਾਮਿਲ ਹਨ। ਖਾਸ ਕਰਕੇ ਸ਼ੈਲੀ ਦਾ ਵਿਸ਼ੇ ਦੇ ਮਿਜਾਜ਼ ਨਾਲ ਡੂੰਘਾ ਸੰਬੰਧ ਹੈ। ਮਿਜਾਜ਼ ਦੀ ਪ੍ਰਖਰਤਗੀ ਵਿਸ਼ੇ ਦੀ ਸੁਭਾਵਿਕ ਮੌਲਿਕਤਾ 'ਤੇ ਨਿਰਭਰ ਹੈ। ਨਿਰਸੰਦੇਹ, ਇਸ ਪੁਸਤਕ ਦੇ ਵਿਸ਼ੇ ਸਾਮੀਅਕ ਤੇ ਵਿਹਾਰਕ ਘਟਨਾਵਾਂ 'ਚੋਂ ਜਨਮੇ ਹਨ ਅਤੇ ਸ਼ੈਲੀ ਨੇ ਇਨ੍ਹਾਂ ਨੂੰ ਮਾਰਮਿਕ ਬਣਾਉਣ ਵਿਚ ਪੂਰਾ ਸਾਥ ਨਿਭਾਇਆ ਹੈ।

ਬਹੁਤ ਸਾਰੀਆਂ ਪੁਸਤਕਾਂ ਮਿਲਦੀਆਂ ਹਨ, ਜਿਨ੍ਹਾਂ ਵਿਚ ਭਾਰਤੀ ਲੇਖਕਾਂ ਨੇ ਪਰਦੇਸ ਵਿਚ ਰਹਿੰਦਿਆਂ ਭਾਰਤ ਦੇ ਲੋਕਾਂ ਅਤੇ ਸਭਿਆਚਾਰ ਬਾਰੇ ਲਿਖੀਆਂ ਹਨ ਜਿਵੇਂ: ਪੰਡਿਤ ਨਹਿਰੂ ਦੀ 'Discovery of India', ਨੀਲ ਮੁਕਰਜੀ ਦੀ 'The Lives of Others', ਸੁਜਾਤਾ ਗਿਲਡਾ ਦੀ 'Ants and Elephents', ਮਿਰਜ਼ਾ ਵਾਹੀਦ ਦੀ The Book of Gold Leaves ਆਦਿ। ਇਨ੍ਹਾਂ ਪੁਸਤਕਾਂ ਵਿਚ ਲੇਖਕ ਭਾਰਤ ਦੇ ਲੋਕਾਂ ਦੇ ਰਹਿਣ-ਸਹਿਣ ਅਤੇ ਉਨ੍ਹਾਂ ਦੇ ਸੁਭਾਵਾਂ ਨੂੰ ਆਪਣੀ-ਆਪਣੀ ਐਨਕ ਥਾਣੀਂ ਦੇਖਦੇ ਹਨ। ਸੰਤੋਖ ਮਿਨਹਾਸ ਦੀ ਪੁਸਤਕ ਵਿਚੋਂ ਵੀ ਕੁਝ ਇਸੇ ਤਰ੍ਹਾਂ ਦੇ ਹਵਾਲੇ ਮਿਲਦੇ ਹਨ। ਪੁਸਤਕ ਦੇ ਨਿਬੰਧਾਂ ਦਾ ਅਨੰਦ ਪੜ੍ਹ ਕੇ ਹੀ ਮਾਣਿਆ ਜਾ ਸਕਦਾ ਹੈ।

ਪੰਜਾਬੀ ਸਾਹਿਤ ਵਿਚ ਲੇਖਾਂ ਦੀਆਂ ਪੁਸਤਕਾਂ ਤਾਂ ਮਿਲਦੀਆਂ ਹਨ, ਪਰ ਨਿਬੰਧਾਂ ਦੀਆਂ ਕਿਤਾਬਾਂ ਦੀ ਘਾਟ ਹੈ। ਲੇਖ, ਆਮ ਕਰਕੇ ਸਰਸਰੀ ਜਿਹੀ ਜਾਣਕਾਰੀ ਪੇਸ਼ ਕਰਦੇ ਹਨ ਅਤੇ ਨਿਬੰਧ ਵਿਸ਼ੇ ਨੂੰ ਪੁਣ-ਛਾਣ ਕੇ ਟੀਕਾ-ਟਿੱਪਣੀ ਸਹਿਤ ਪ੍ਰਸਤੁਤ ਕਰਦੇ ਹਨ। ਇਸ ਪੁਸਤਕ ਦੇ ਨਿਬੰਧ ਇਨ੍ਹਾਂ ਖਾਸੀਅਤਾਂ ਦੇ ਧਾਰਨੀ ਹਨ।

## ਜੱਗ ਜਨਨੀ

ਜੱਗ ਦੀ ਜਨਨੀ ਜੱਗ ਮਾਤਾ ਤੂੰ, ਉਚੀ ਤੇਰੀ ਸ਼ਾਨ
ਤੂੰ ਮਹਾਨ, ਤੂੰ ਮਹਾਨ, ਤੂੰ ਮਹਾਨ, ਤੂੰ ਮਹਾਨ।

ਏਸ ਜਗ ਦੀ ਹੋਂਦ ਨਾ ਹੁੰਦੀ ਰੱਬ ਨਾ ਤੈਨੂੰ ਬਣਾਉਂਦਾ
ਕਿਹੋ ਜਿਹੀ ਦੁਨੀਆਂ ਹੁੰਦੀ ਕਿਸ ਦੀ ਸਮਝ 'ਚ ਆਉਂਦਾ।
ਤੇਰੇ ਨਾਲ ਈ ਆਬਾਦ ਨੇ ਇਹ ਜੰਗਲ ਬੀਆਬਾਨ
ਤੂੰ ਮਹਾਨ, ਤੂੰ ਮਹਾਨ, ਤੂੰ ਮਹਾਨ, ਤੂੰ ਮਹਾਨ।




ਤੇਰੇ ਕੋਲੋਂ ਪਿਆਰੀ ਮੂਰਤ ਰੱਬ ਬਣਾ ਨਹੀਂ ਸਕਿਆ
ਤੇਰੇ ਨਾਲੋਂ ਨਿੱਘਾ ਦਿਲ ਕਿਸੇ 'ਚ ਪਾ ਨਹੀਂ ਸਕਿਆ
ਦੇ ਕੇ ਤੈਨੂੰ ਮਾਂ ਦਾ ਰੁਤਬਾ ਹੋਇਆ ਬੈਠਾ ਹੈਰਾਨ
ਤੂੰ ਮਹਾਨ, ਤੂੰ ਮਹਾਨ, ਤੂੰ ਮਹਾਨ, ਤੂੰ ਮਹਾਨ।

ਗੁਰੂ-ਪੀਰ-ਪੈਗੰਬਰ, ਯੋਧੇ ਸਭ ਤੇਰੀ ਹੀ ਕੁੱਖੋਂ ਆਏ
ਜਿਨ੍ਹਾਂ ਜ਼ਾਬਰ ਜ਼ਾਲਮ ਲੱਖਾਂ ਈ ਮਿੱਟੀ ਵਿਚ ਮਿਲਾਏ
ਤੇਰੇ ਮਿੱਠੇ ਨੀਰ ਦੀਆਂ ਧਾਰਾਂ ਦੇਵਣ ਜੀਵਨ ਦਾਨ
ਤੂੰ ਮਹਾਨ, ਤੂੰ ਮਹਾਨ, ਤੂੰ ਮਹਾਨ, ਤੂੰ ਮਹਾਨ।

ਦੇਸ਼ ਲਈ ਪਤੀ, ਪੁੱਤ, ਭਰਾ ਦੀ ਜ਼ਿੰਦਗੀ ਲੇਖੇ ਲਾਵੇਂ
ਵਖਤ ਪੈਣ 'ਤੇ ਮੁਸੀਬਤ ਵੇਲੇ ਮੋਢੇ ਨਾਲ ਮੋਢਾ ਡਾਹਵੇਂ
ਸਾਰੀ ਦੁਨੀਆਂ ਵੇਖ ਰਹੀ ਏ ਪ੍ਰਤੱਖ ਨੂੰ ਕੀ ਪ੍ਰਮਾਣ
ਤੂੰ ਮਹਾਨ, ਤੂੰ ਮਹਾਨ, ਤੂੰ ਮਹਾਨ, ਤੂੰ ਮਹਾਨ।

ਅੱਜ ਮਿਹਨਤਕਸ਼ਾਂ ਦੇ ਮੂੰਹੋਂ ਬੁਰਕੀ ਜਾ ਰਹੀ ਏ ਖੋਹੀ
ਮੁਲਕ ਦੇ ਰਹਿਬਰਾਂ, ਪੂੰਜੀਦਾਰਾਂ ਮੂੰਹ ਤੋਂ ਲਾਹੀ ਲੋਈ
ਖੂਨ ਦਾ ਦੁੱਖ ਵੇਖ ਨਾ ਸਕੀ ਆ ਮੱਲਿਆ ਮੈਦਾਨ। ਤੂੰ ਮਹਾਨ...।

ਹੱਕਾਂ ਦੀ ਖਾਤਰ ਚੁੱਲ੍ਹਾ-ਚੌਕਾ ਤੂੰ ਘਰ-ਬਾਰ ਵਿਸਾਰੇ
ਹਕੂਮਤੀ ਜਬਰ, ਜ਼ੁਲਮ, ਜੇਲ੍ਹਾਂ ਤੂੰ ਖਿੜੇ ਮੱਥੇ ਸਹਾਰੇ
ਤੇਰਾ ਇਹ ਦੁਪੱਟਾ ਕੇਸਰੀ ਜਿੱਤ ਦਾ ਝੂਲੇ ਨਿਸ਼ਾਨ
ਤੂੰ ਮਹਾਨ, ਤੂੰ ,ਮਹਾਨ, ਤੂੰ ਮਹਾਨ, ਤੂੰ ਮਹਾਨ।

ਕੁੱਛੜ ਬਾਲ ਨੂੰ ਮੋਢੇ ਲਾ ਪਈ ਭਰਾਵਾਂ ਸੰਗ ਦਹਾੜੇਂ
ਗੂੰਗੀ, ਬੋਲੀ ਹਕੂਮਤ ਨੂੰ ਉਹਦੇ ਦਰ 'ਤੇ ਪਈ ਲਲਕਾਰੇਂ
ਨਾਲ ਭਰਾਵਾਂ ਆ ਖਲੋਤੀ ਏਂ ਆਪਣਾ ਸੀਨਾ ਤਾਣ। ਤੂੰ ਮਹਾਨ...।

ਸਬਰ, ਸਿਦਕ ਤੇਰੇ ਦਾ ਜੱਗ 'ਤੇ ਨਹੀਂ ਏ ਕੋਈ ਸਾਨੀ
ਸਦਾ ਰਾਹ ਵਖਾਉਂਦੀ ਰਹੀ ਏ ਹਿੰਮਤ ਤੇਰੀ ਕੁਰਬਾਨੀ
ਤੇਰੀ ਹਾਜ਼ਰੀ ਦਿੰਦੀ ਰਹੀ ਸੰਘਰਸ਼ ਨੂੰ ਜੀਵਨ ਦਾਨ
ਤੂੰ ਮਹਾਨ, ਤੂੰ ਮਹਾਨ, ਤੂੰ ਮਹਾਨ, ਤੂੰ ਮਹਾਨ।

*-ਚੰਨ, ਫੋਨ: 908-788-8427*

---

## ਕਿਸਾਨ ਏਕਤਾ ਜ਼ਿੰਦਾਬਾਦ

ਮੋਦੀ ਕੋਈ ਇਕਰਾਰ ਕਰੇ ਤਾਂ ਮੋਦੀ ਦਾ ਇਤਬਾਰ ਨਾ ਕਰਨਾ,
ਮੋਦੀ ਕੋਈ ਇਜ਼ਹਾਰ ਕਰੇ ਤਾਂ ਮੋਦੀ ਦਾ ਇਤਬਾਰ ਨਾ ਕਰਨਾ।

ਪਰ ਜੀਵੀ ਹਾਂ ਅਸੀਂ ਤਾਂ ਸਾਰੇ ਮੋਦੀ ਸਾਨੂੰ ਕਹਿੰਦਾ ਹੈ,
ਹੁਣ ਮੋਦੀ ਸਤਿਕਾਰ ਕਰੇ ਤਾਂ ਮੋਦੀ ਦਾ ਇਤਬਾਰ ਨਾ ਕਰਨਾ।

ਵਿਚ ਸੰਘਰਸ਼ ਸ਼ਹੀਦ ਜੋ ਹੋਏ ਉਨ੍ਹਾਂ ਅਮਰ ਸ਼ਹੀਦਾਂ ਲਈ,
ਨਮਨ ਮੋਦੀ ਲੱਖ ਵਾਰ ਕਰੇ ਤਾਂ ਮੋਦੀ ਦਾ ਇਤਬਾਰ ਨਾ ਕਰਨਾ।

ਬੇਈਮਾਨ, ਸ਼ੈਤਾਨ, ਹੈਵਾਨ ਹੈ, ਜਨਤਾ ਦਾ ਲਹੂ ਪੀਂਦਾ ਹੈ,
ਹੱਥ ਜੋੜ ਨਮਸਕਾਰ ਕਰੇ ਤਾਂ ਮੋਦੀ ਦਾ ਇਤਬਾਰ ਨਾ ਕਰਨਾ।

ਦੀਨ ਵੇਚਿਆ, ਦੁਨੀਆਂ ਵੇਚੀ, ਮੁਲਕ ਵੀ ਸਾਰਾ ਵੇਚ ਦਿੱਤਾ,
ਸਿਰ ਪੈਰਾਂ ਵਿਚਕਾਰ ਧਰੇ ਤਾਂ ਮੋਦੀ ਦਾ ਇਤਬਾਰ ਨਾ ਕਰਨਾ।

ਜਦੋਂ ਤੀਕ ਇਹ ਤਿੰਨੇ ਕਾਲੇ ਕਾਨੂੰਨ ਵਾਪਸ ਲੈਂਦਾ ਨਹੀਂ,
ਰਾਮ ਰਾਮ ਕਈ ਵਾਰ ਕਰੇ ਤਾਂ ਮੋਦੀ ਦਾ ਇਤਬਾਰ ਨਾ ਕਰਨਾ।

ਇਹ ਜ਼ਾਲਮ ਹੈ, ਜ਼ਾਲਮ ਬੰਦੇ ਥੋੜ੍ਹੀ ਕੀਤਿਆਂ ਮਰਦੇ ਨਹੀਂ,
ਇਹ ਜ਼ਾਲਮ ਸੌ ਵਾਰ ਮਰੇ ਤਾਂ ਮੋਦੀ ਦਾ ਇਤਬਾਰ ਨਾ ਕਰਨਾ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

## ਗਾਗਰਾਂ ਦੇ ਸਾਗਰ

ਸਾਡੇ ਬਜ਼ੁਰਗਾਂ
ਯੁੱਗਾਂ ਲੰਬਾ ਇਕ ਯੁੱਗ
ਚਰਸ ਵਾਂਗ ਗੇੜਿਆ,
ਸਾਡੇ ਬਜ਼ੁਰਗਾਂ
ਯੁੱਗਾਂ ਲੰਬਾ ਇਕ ਯੁੱਗ
ਫਲ੍ਹਿਆਂ ਥੱਲੇ ਗਾਹਿਆ,
ਸਾਡੇ ਬਜ਼ੁਰਗਾਂ
ਦੇ ਦੇ ਕੇ ਥੰਮ੍ਹੀਆਂ
ਅਸਮਾਨ ਵਰਗੀਆਂ ਛੱਤਾਂ ਨੂੰ
ਡਿਗਣੋਂ ਤੋਂ ਬਚਾਇਆ।

ਸਾਡੀਆਂ ਦਾਦੀਆਂ
ਯੁੱਗਾਂ ਲੰਬੇ ਯੁੱਗ ਨੂੰ
ਚੱਕੀ 'ਚੀਂ ਪੀਸ ਕੱਢਿਆ,
ਸਾਡੇ ਬਜ਼ੁਰਗਾਂ
ਯੁੱਗਾਂ ਲੰਬੇ ਯੁੱਗ ਦਾ
ਦਰਦ ਜੌਆਂ ਦੇ ਸੱਤੂ ਵਾਂਗ
ਛੰਨੇ ਭਰ ਭਰ ਕੇ ਡੱਕਿਆ,
ਤੇ ਯੁਗਾਂ ਲੰਬੇ ਯੁੱਗ ਦਾ ਤਜਰਬਾ ਸਾਨੂੰ
ਕੁਝ ਮੁਹਾਵਰਿਆਂ ਵਿਚ ਦੱਸਿਆ।

ਅਸੀਂ ਖੁਸ਼ੀ ਵਿਚ ਹੁੱਭ ਉਠੇ:
ਸਾਡੇ ਬਜ਼ੁਰਗਾਂ
ਗਾਗਰਾਂ ਵਿਚ ਸਾਗਰ ਭਰ ਦਿੱਤੇ,
ਸਾਡੇ ਬਜ਼ੁਰਗ ਬੜੇ ਮਹਾਨ ਨਿਕਲੇ।
ਪਰ ਅਸੀਂ ਅਦਨੇ ਅਨਜਾਣ ਨਿਕਲੇ,
ਇੰਨਾ ਵੀ ਨਾ ਜਾਣ ਸਕੇ
ਕਿ ਮਹਾਨਤਾ ਸਮਝਣ ਲਈ ਹੁੰਦੀ
ਹੁੱਭਣ ਲਈ ਨਹੀਂ,
ਸਾਗਰ ਚੀਰਨ ਲਈ ਹੁੰਦੇ
ਡੁੱਬਣ ਲਈ ਨਹੀਂ।

ਅਸੀਂ ਸਾਗਰਾਂ 'ਚ ਡੁੱਬੇ
ਅਸੀਂ ਗਾਗਰਾਂ 'ਚ ਡੁੱਬੇ
ਅਸੀਂ ਚੱਪਣੀਆਂ 'ਚ ਡੁੱਬੇ
ਡੁੱਬਦੇ ਹੀ ਰਹੇ।
ਅਸੀਂ ਡੁੱਬ ਜਾਣੇ
ਡੱਡੂਆਂ ਮੱਛੀਆਂ ਦੀ ਜੂਨੇ ਪੈ ਗਏ,
ਮਗਰਮੱਛਾਂ ਦੇ ਵੱਸ ਪੈ ਕੇ ਰਹਿ ਗਏ।

ਅਸੀਂ ਆਪਣੇ ਭਾਣੇ
ਜ਼ਿੰਦਗੀ ਦੇ ਜਸ਼ਨ ਮਨਾਏ
ਸਾਗਰਾਂ ਦੇ ਸੋਹਲੇ ਗਾਏ
ਸਾਗਰਾਂ ਦੀ ਸੁਣੀ, ਸਾਗਰਾਂ ਦੀ ਕਹੀ,
ਸਾਗਰਾਂ ਦੇ ਉਸ ਪਾਰ
ਜਿੱਧਰ ਸਾਡੇ ਬਜ਼ੁਰਗ ਇਸ਼ਾਰਾ ਕਰ ਗਏ
ਜ਼ਿੰਦਗੀ ਖੜ੍ਹੀ ਸਾਨੂੰ ਉਡੀਕਦੀ ਰਹੀ।

*-ਡਾ. ਸੁਖਪਾਲ ਸੰਘੇੜਾ*
*dr.sukhpal.sanghera@gmail.com*

---

## ਗਜ਼ਲ

ਰੁੱਖਾਂ ਦੀਆਂ ਛਾਂਵਾਂ ਨੂੰ ਕੋਈ ਖੋਹ ਨਹੀਂ ਸਕਦਾ
ਚਲਦੀਆਂ ਹਵਾਵਾਂ ਨੂੰ ਕੋਈ ਛੋਹ ਨਹੀਂ ਸਕਦਾ।

ਆਸ਼ਕਾਂ ਵਾਂਗੂ ਤਾਰੇ ਵੀ ਤਾਂ ਚੰਨ ਨੂੰ ਚਾਹੁੰਦੇ ਨੇ
ਪਰ ਚੰਨ ਵੀ ਹਰ ਇੱਕ ਤਾਰੇ ਦਾ ਹੋ ਨਹੀਂ ਸਕਦਾ।

ਬੱਦਲਾਂ ਨੇ ਵੀ ਥੱਕ-ਹਾਰ ਕੇ ਵਰ੍ਹ ਹੀ ਪੈਣਾ ਏ
ਬੁੱਕਲ ਦੇ ਵਿਚ ਪਾਣੀ ਕੋਈ ਲੁਕੋ ਨਹੀਂ ਸਕਦਾ।

ਚਾਨਣ ਦੇ ਮੋਹਤਾਜ ਸਦਾ ਲਿਸ਼ਕਦੇ ਰਹਿੰਦੇ ਨੇ
ਸੂਰਜ ਦੀਆਂ ਕਿਰਨਾਂ ਨੂੰ ਕੋਈ ਧੋ ਨਹੀਂ ਸਕਦਾ।

ਜਿਹੜਿਆਂ ਰਾਹਵਾਂ ਦੀ ਕੰਡੇ ਰਾਖੀ ਕਰਦੇ ਨੇ
ਫੁੱਲ ਕੋਈ ਉਨ੍ਹਾਂ ਰਾਹਵਾਂ ਨੂੰ ਮੋਹ ਨਹੀਂ ਸਕਦਾ।

*-ਹਰਜੀਤ ਸਿੰਘ ਗਹੁਣੀਆ*
*ਫੋਨ: 91-94175-68175*

## ਲਤੀਫਾ

ਇਕ ਵਾਰ ਇਕ ਪਤੀ ਪਤਨੀ ਨੂੰ ਨਾਲ ਲੈ ਕੇ ਇਕ ਇਤਿਹਾਸਕ ਮਿਊਜ਼ਿਅਮ ਦੇਖਣ ਗਿਆ। ਮਿਊਜ਼ੀਅਮ ਦੇਖ ਕੇ ਪਤਨੀ ਬੋਲੀ, ਇਥੇ ਤਾਂ ਸਭ ਹਥਿਆਰ-ਤਲਵਾਰਾਂ, ਢਾਲਾਂ, ਨੇਜੇ, ਬੰਦੂਕਾਂ ਅਤੇ ਪਿਸਤੌਲ ਹੀ ਰੱਖੇ ਹੋਏ ਨੇ, ਔਰਤਾਂ ਦਾ ਹਥਿਆਰ ਵੇਲਣਾ ਤਾਂ ਇਕ ਵੀ ਨਹੀਂ ਰੱਖਿਆ।

*-ਵਾਸਦੇਵ ਸਿੰਘ ਪਰਹਾਰ*
*ਫੋਨ: 206-434-1155*

# ਸ਼ਬਦਾਂ ਦਾ ਖਿਡਾਰੀ ਐੱਸ. ਅਸ਼ੋਕ ਭੌਰਾ

ਪੰਜਾਬੀ ਖੇਡ ਸਾਹਿਤ 40



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਧਿਆਨ ਚੰਦ ਹਾਕੀ ਦਾ ਐਸਾ ਖਿਡਾਰੀ ਸੀ, ਜਿਸ ਨੂੰ ਹਾਕੀ ਦਾ ਜਾਦੂਗਰ ਕਿਹਾ ਜਾਂਦਾ ਸੀ। ਐੱਸ. ਅਸ਼ੋਕ ਭੌਰਾ ਸ਼ਬਦਾਂ ਦਾ ਐਸਾ ਜਾਦੂਗਰ ਹੈ, ਜਿਸ ਨੂੰ ਸ਼ਬਦਾਂ ਦਾ ਖਿਡਾਰੀ ਕਿਹਾ ਜਾ ਸਕਦੈ। ਜੱਸੋਵਾਲ ਦੇ ਸ਼ਬਦਾਂ ਵਿਚ, "ਅਸ਼ੋਕ ਜਦੋਂ ਲਿਖਦਾ ਹੈ ਤਾਂ ਉਹਦੇ ਅੰਦਰ ਸ਼ਬਦ ਝਗੜਦੇ ਨੇ, ਮੈਨੂੰ ਬਾਹਰ ਕੱਢ, ਮੈਨੂੰ ਬਾਹਰ ਕੱਢ। ਉਹਦੀ ਹਰ ਲਿਖਤ ਮੁਕਲਾਵੇ ਦੀ ਰਾਤ ਵਰਗੀ ਹੁੰਦੀ ਹੈ।" ਉਹ ਸ਼ਬਦਾਂ ਦੀਆਂ ਕਿੱਕਾਂ ਮਾਰਦਾ ਹੈ, ਡਾਜਾਂ ਦਿੰਦਾ ਹੈ ਤੇ ਬੱਚੀਆਂ ਪੁਆਉਂਦਾ ਹੈ। ਆਪਣੇ ਕਾਲਮ 'ਕਰਾਰਾ ਪੂਦਨਾ' ਵਿਚ ਸ਼ਬਦਾਂ ਨੂੰ ਘੋਟਾ ਲਾਏ ਬਿਨਾ ਵੀ ਨਹੀਂ ਰਹਿੰਦਾ। ਉਸ ਨੇ ਦਰਜਨ ਤੋਂ ਵੱਧ ਅਖਬਾਰੀ ਕਾਲਮ ਲਿਖੇ ਹਨ ਤੇ ਖਿਡਾਰੀਆਂ ਨਾਲ ਸੰਬੰਧਿਤ ਸੌ ਤੋਂ ਵੱਧ ਖੇਡ ਫੀਚਰ। ਉਹਦੀਆਂ ਕਿਤਾਬਾਂ ਦੇ ਨਾਂ ਹਨ: ਗੱਲੀਂ ਬਾਤੀਂ, ਨੈਣ-ਨਕਸ਼, ਅਗਨਬਾਣ, ਮੇਰੇ ਸਮਿਆਂ ਦੀ ਪੰਜਾਬੀ ਗਾਇਕੀ, ਅਮਰੀਕਾ ਦੇ ਰਾਸ਼ਟਰਪਤੀ, ਪੰਜਾਬ ਦੇ ਲੋਕ ਸਾਜ਼, ਮੇਰੇ ਸਮਿਆਂ ਦੀ ਪੰਜਾਬੀ ਗੀਤਕਾਰੀ, ਭਾਰਤ ਦੇ ਮਹਾਨ ਸੰਗੀਤਕਾਰ, ਕਲਮਾਂ ਦੇ ਸਿਰਨਾਵੇਂ, ਭੌਰੇ ਦੀਆਂ ਗੁੱਝੀਆਂ ਰਮਜ਼ਾਂ ਤੇ ਡੂਢ ਕਿੱਲਾ ਆਦਿ। ਉਹਨੇ ਖੇਡਾਂ ਬਾਰੇ ਲਿਖਣ-ਬੋਲਣ ਦੀ ਵੀ ਕੋਈ ਕਸਰ ਨਹੀਂ ਛੱਡੀ।


ਕਸਰਾਂ ਕੱਢਣ ਵਾਸਤੇ ਉਹ ਜੁਗਤੀ ਵੀ ਹੈ, ਜੁਗਾੜੂ ਵੀ। ਮੂੰਹ 'ਚ ਬੱਤੀ ਦੰਦ ਹੁੰਦੇ ਹਨ, ਪਰ ਉਹ ਦੁਨੀਆਂ ਦੀਆਂ ਬੱਤੀ ਫੇਰੀਆਂ ਵਿਚ ਤੇਤੀ ਮੁਲਕਾਂ ਦੀਆਂ ਉਡਾਰੀਆਂ ਮਾਰ ਚੁੱਕੈ। ਮੈਂ ਹਾਲੇ ਤੱਕ ਉਹਦਾ ਭੇਤ ਨਹੀਂ ਪਾ ਸਕਿਆ। ਪਹਿਲਾਂ ਉਹਦਾ ਭੇਤ ਭਰਿਆ ਨਾਂ ਹੀ ਵੇਖੋ: ਐੱਸ. ਅਸ਼ੋਕ ਭੌਰਾ। ਪਤਾ ਨੀ ਲੱਗਦਾ ਇਸ ਵਿਚ ਕਿਹੜਾ ਜੁਗਾੜ ਹੈ? ਐੱਸ, ਅਸ਼ੋਕ ਦੇ ਮਗਰ ਲੱਗਾ ਹੁੰਦਾ ਤਾਂ ਸਮਝ ਲੈਂਦੇ ਕਿ ਨਾਂ ਅਸ਼ੋਕ ਸਿੰਘ ਹੋਵੇਗਾ; ਪਰ ਉਸ ਨੇ ਤਾਂ ਐੱਸ. ਦਾ ਫਾਨਾ ਅਸ਼ੋਕ ਦੇ ਮੂਹਰੇ ਠੋਕ ਕੇ ਆਪਣੇ ਨਾਂ ਨੂੰ ਹੀ ਬੁਝਾਰਤ ਬਣਾ ਦਿੱਤੈ! ਕਈ ਪਾਠਕ ਲੱਖਣ ਲਾਉਂਦੇ ਹੋਣਗੇ ਕਿ ਐੱਸ. ਕਿਸੇ ਕੁੜੀ ਦਾ ਸੰਕੇਤਕ ਨਾਂ ਹੋਵੇਗਾ। ਆਪਣੇ ਨਾਂ ਨਾਲ ਕੁੜੀ ਦਾ ਪੂਰਾ ਨਾਂ ਜੋੜਨ ਤੋਂ ਭੌਰਾ ਡਰਦਾ ਹੋਵੇਗਾ। ਐੱਸ. ਅਸ਼ੋਕ ਭੌਰਾ ਬਾਰੇ ਜੇ ਦਬੰਗ ਲੇਖਕਾ ਅਜੀਤ ਕੌਰ ਨੇ ਟਿੱਪਣੀ ਕਰਨੀ ਹੁੰਦੀ ਤਾਂ ਖ਼ੁਸ਼ਵੰਤ ਸਿਓਂ ਵਾਲੀ ਹੀ ਕਰਦੀ, "ਲਿਖਣ ਨੂੰ ਸ਼ੇਰ, ਡਰਨ ਨੂੰ ਗਿੱਦੜ!"

ਚਲੋ ਐੱਸ. ਨੂੰ ਛੱਡ ਕੇ ਉਹਦੇ ਭੌਰਾ ਹੋਣ ਦੀ ਗੱਲ ਵੀ ਕਰ ਲੈਂਦੇ ਹਾਂ। ਭੌਰਾ, ਭੰਵਰਾ ਵੀ ਹੋ ਸਕਦੈ ਤੇ ਬੰਗੇ ਲਾਗਲਾ ਪਿੰਡ 'ਭੌਰਾ' ਵੀ। ਪਹਿਲਾਂ ਪਹਿਲ 'ਭੌਰਾ' ਮੈਂ ਉਹਦਾ ਤਖ਼ੱਲਸ ਸਮਝਦਾ ਸਾਂ ਜਿਵੇਂ ਪਪੀਹਾ, ਪਰਵਾਨਾ, ਪਤੰਗਾ, ਪੰਛੀ, ਕੋਇਲ, ਹੰਸ, ਚਾਤ੍ਰਿਕ, ਦਰਦੀ, ਘਾਇਲ ਜਾਂ ਜ਼ਖ਼ਮੀ ਹੁੰਦਾ। ਟੇਢਾ ਜਿਹਾ ਤੁਰਦਾ ਉਹ ਲੱਗਦਾ ਵੀ ਜ਼ਖ਼ਮੀ ਹੈ। ਫਿਰ ਪਤਾ ਲੱਗਾ ਕਿ ਭੌਰਾ ਉਸ ਦਾ ਤਖ਼ੱਲਸ ਨਹੀਂ, ਉਹਦੇ ਪਿੰਡ ਦਾ ਨਾਂ ਹੈ। ਭੌਰਾ ਨਾਂ ਭਾਵੇਂ ਪਿੰਡ ਦਾ ਹੈ, ਪਰ ਉਡਾਰੀਆਂ ਮਾਰਦਾ ਅਸ਼ੋਕ ਹੈ ਸੱਚਮੁੱਚ ਹੀ ਭੌਰਾ। ਭਾਂਤ-ਸੁਭਾਂਤੇ ਬਾਗਾਂ ਬਗੀਚਿਆਂ 'ਤੇ ਮੰਡਰਾਉਣ ਵਾਲਾ। ਜੰਗਲ ਬੇਲਿਆਂ ਤੇ ਫੁੱਲਾਂ ਕਲੀਆਂ ਨੂੰ ਸੁੰਘਣ ਤੇ ਚੱਖਣ ਵਾਲਾ। ਰੰਗ ਮਾਣਨ, ਮਹਿਕ ਸੁੰਘਣ, ਰਸ ਲੈਣ ਤੇ ਲੇਖਕ ਬਣ ਕੇ ਪਾਠਕਾਂ ਨੂੰ ਰਸ ਪਾਨ ਕਰਾਉਣ ਵਾਲਾ। ਉਹਦੀਆਂ ਉਡਾਰੀਆਂ ਦਾ ਕੋਈ ਲੇਖਾ ਨਹੀਂ। ਨਾਲੇ ਉਹ ਭੌਰਾ ਹੀ ਕਾਹਦਾ ਹੋਇਆ, ਜਿਹੜਾ ਟਿਕ ਕੇ ਬੈਠਾ ਰਹੇ।

ਗੁਰਬਚਨ ਸਿੰਘ ਭੁੱਲਰ ਨੇ ਉਸ ਬਾਰੇ ਲਿਖਿਆ: ਪੰਜਾਬੀ ਸਭਿਆਚਾਰ ਦਾ ਇਕ ਮੁੱਖ ਕਾਲਮ-ਲੇਖਕ ਐੱਸ. ਅਸ਼ੋਕ ਭੌਰਾ ਨੂੰ ਮੰਨ ਲਿਆ ਗਿਆ ਹੈ। ਅਸ਼ੋਕ ਦੇ ਵਿਸ਼ਿਆਂ ਦੀ ਫੁਲਵਾੜੀ ਵਿਚ ਟਹਿਕਦੇ ਮਹਿਕਦੇ ਫੁੱਲਾਂ ਦੀਆਂ ਸੁਗੰਧੀਆਂ ਤੇ ਰੰਗਾਂ ਦੀ ਵੰਨਗੀ ਹੈਰਾਨ ਕਰਨ ਵਾਲੀ ਹੈ! ਵਰਿਆਮ ਸਿੰਘ ਸੰਧੂ ਨੇ ਲਿਖਿਆ, "ਭੌਰੇ ਦੇ ਰਚਨਾ ਸੰਸਾਰ ਵਿਚ ਪੇਸ਼ ਵਿਸ਼ਿਆਂ ਦੀ ਵਿਵਿਧਤਾ ਤੇ ਵੰਨਗੀ ਤੋਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਭੌਰਾ ਕਿਸੇ ਇਕ ਫੁੱਲ 'ਤੇ ਮੰਡਰਾਉਣ ਵਾਲਾ ਇਕ-ਰਸਾ ਤੇ ਇਕ-ਮੁਖਾ ਆਸ਼ਕ ਲੇਖਕ ਨਹੀਂ। ਪੂਰੀ ਸਾਹਿਤਕ-ਸਮਾਜਕ ਜ਼ਿੰਮੇਵਾਰੀ ਤੇ ਵਫ਼ਾਦਾਰੀ ਨਾਲ ਜੱਗ-ਜਹਾਨ ਦੇ ਫਲਾਂ-ਫੁੱਲਾਂ 'ਤੇ ਭੌਰਿਆਂ ਵਾਂਗ ਫਿਰ ਕੇ ਉਨ੍ਹਾਂ ਦੀ ਬਾਸ ਸੁੰਘਣਾ-ਸੁੰਘਾਉਣਾ ਉਹਦਾ ਦਸਤੂਰ ਹੈ। ਉਹ ਵਾਹ ਲੱਗਦੀ ਬਲਦੀ ਧਰਤੀ ਦੇ ਹਰੇਕ ਤਪਦੇ ਕਣ ਨੂੰ ਆਪਣੇ ਹੰਝੂਆਂ ਦੀ ਵਾਛੜ ਨਾਲ ਠਾਰਨ ਦੇ ਯਤਨ ਵਿਚ ਹੈ। ਉਹਦਾ ਦਿਲ ਵੰਨ-ਸੁਵੰਨੇ ਲੋਕਾਂ, ਧਿਰਾਂ, ਰਿਸ਼ਤਿਆਂ ਤੇ ਜੀਵਾਂ ਨਾਲ ਮਿਲ ਕੇ ਧੜਕਦਾ ਹੈ। ਉਹਦੇ ਸ਼ਬਦਾਂ ਵਿਚ ਹਰੇਕ ਜਣੇ ਦੀ ਪੀੜ ਨਾਲ ਇਕਸੁਰ ਹੋ ਕੇ ਹੂੰਗਣ ਦੀ ਤੜਪ ਵਿਲਕਦੀ ਹੈ। ਸਗਲ ਧਰਤ ਉਹਦੀ ਆਪਣੀ ਹੈ ਤੇ ਧੀਆਂ-ਪੁੱਤਾਂ ਦੀਆਂ ਬਿਪਤਾਵਾਂ ਤੇ ਵਿਲਕਣੀਆਂ ਵੀ ਉਹਦੀਆਂ ਆਪਣੀਆਂ ਹਨ।"

ਉਸ ਨੇ ਕਈ ਸ਼ੌਕ ਪਾਲੇ ਤੇ ਕਈ ਹੋਰ ਪਾਲਣੇ ਹਨ। ਹੁਣ ਨਵਾਂ ਸ਼ੌਕ 'ਇੱਕੀ' ਨਾਂ ਦਾ ਪਰਚਾ ਕੱਢਣ ਦਾ ਪਾਲ ਰਿਹੈ, ਜਿਸ ਵਿਚੋਂ ਪਤਾ ਨਹੀਂ ਕੀ ਕੱਢੇ ਪਾਵੇਗਾ? ਲੱਗਦੈ ਸ਼ੌਕੀ ਮੇਲੇ ਵਾਂਗ ਸ਼ੌਕ ਈ ਪੂਰਾ ਕਰੇਗਾ। ਉਂਜ ਜੀਹਦਾ ਸ਼ੌਕ ਪੂਰਾ ਹੋ'ਜੇ ਉਹਨੂੰ ਹੋਰ ਚਾਹੀਦੈ ਵੀ ਕੀ ਐ? ਸ਼ੌਕ-ਸ਼ੌਕ ਵਿਚ ਉਹ ਦੌੜਦਾ ਨਹੀਂ, ਉਡਿਆ ਫਿਰਦੈ। ਉਹਦੇ ਵਿਚ ਅਮੁੱਕ ਊਰਜਾ ਹੈ, ਜਿਹੜੀ ਉਸ ਨੂੰ ਉਡਾਈ ਫਿਰਦੀ ਹੈ।

ਜਦੋਂ ਉਹ ਕੋਈ ਫੀਚਰ ਲਿਖਣਾ ਸ਼ੁਰੂ ਕਰਦੈ ਤਾਂ ਉਹਦਾ ਭੌਰਵੀ ਅੰਦਾਜ਼ ਵੇਖੋ: "ਜੇ ਦੇਸ਼ ਦਾ ਪ੍ਰਧਾਨ ਮੰਤਰੀ ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਉਲਝ ਸਕਦੈ, ਜੇ ਭਰਾ ਭੈਣ ਨੂੰ ਗਰਭਵਤੀ ਕਰ ਸਕਦੈ, ਜੇ ਪੁੱਤ ਜਾਇਦਾਦ ਦੇ ਲਾਲਚ ਵਿਚ ਮਾਂ ਦੀ ਧੌਣ ਵੱਢ ਸਕਦੈ, ਹਰਿਆਣੇ ਦਾ ਡੀ. ਐੱਸ. ਪੀ. ਪੰਜਾਬ 'ਚ ਕੋਕੀਨ ਸਮੇਤ ਫੜਿਆ ਜਾ ਸਕਦੈ, ਭਗਵੇਂ ਕੱਪੜੇ ਪਾ ਕੇ ਸਾਧ ਚੇਲੀਆਂ ਨਾਲ ਰੰਗ ਰਲੀਆਂ ਮਨਾ ਸਕਦੈ, ਮਰਦ ਆਪਣੀ ਬੀਵੀ ਦੋਸਤਾਂ ਨੂੰ ਖ਼ੁਸ਼ ਕਰਨ ਲਈ ਪੇਸ਼ ਕਰ ਸਕਦੈ, ਮਰਦ ਬੱਚੇ ਜੰਮਣ ਦਾ ਚਾਅ ਪੂਰਾ ਕਰਨ ਲਈ ਵਿਅਕੁਲ ਹੋ ਸਕਦੈ, ਆਪਣੀ ਕੁੱਖ ਸੁਲੱਖਣੀ ਕਰਨ ਲਈ ਕਿਸੇ ਹੋਰ ਦੀ ਕੁੱਖ ਦਾ ਕਤਲ ਕੀਤਾ ਜਾ ਸਕਦੈ, ਔਰਤ ਔਰਤ ਨਾਲ ਤੇ ਮਰਦ ਮਰਦ ਨਾਲ ਵਿਆਹ ਕਰਵਾ ਸਕਦੈ, ਦਸ ਸਾਲ ਦੀ ਬੱਚੀ ਦੇ ਬੱਚਾ ਹੋ ਸਕਦੈ ਤੇ 80 ਸਾਲ ਦਾ ਬੁੱਢਾ 50ਵਾਂ ਵਿਆਹ ਕਰਵਾ ਸਕਦੈ ਤਾਂ ਸੱਚ ਮੰਨਿਓ, ਇਓਂ ਵੀ ਹੋ ਸਕਦੈ!"




ਪਾਠਕਾਂ 'ਚ ਉਤਸੁਕਤਾ ਜਗਾ ਕੇ ਉਹ 'ਇਓਂ ਵੀ ਹੋਣ' ਦੀ ਕਹਾਣੀ ਬਿਆਨ ਕਰਨ ਲੱਗਦੈ। ਫਿਰ ਕਿਹੜਾ ਪਾਠਕ ਹੈ, ਜਿਹੜਾ 'ਇਓਂ ਵੀ ਹੋ ਸਕਦੈ' ਕਾਲਮ ਨਾ ਪੜ੍ਹੇ? ਪਾਠਕਾਂ ਦੀ ਨਬਜ਼ 'ਤੇ ਹੱਥ ਰੱਖਣ ਵਾਲੇ ਲੇਖਕ ਪਾਠਕਾਂ ਨੂੰ ਇੰਜ ਹੀ ਪੱਟਦੇ ਹਨ।

ਸ਼ੌਕੀ ਅਸ਼ੋਕ ਭੌਰਾ ਜਦੋਂ ਤੇਤੀ ਸਾਲਾਂ ਦਾ ਨੌਜੁਆਨ ਸੀ, ਉਡਦਾ-ਉਡਦਾ ਮਸੀਂ ਬਚਿਆ ਨਹੀਂ ਤਾਂ ਉਹਦੇ ਸ਼ੌਕ ਉਦੋਂ ਹੀ ਪੂਰੇ ਹੋ ਜਾਂਦੇ। ਉਂਜ ਤਾਂ ਸ਼ੌਕ 'ਪੂਰੇ' ਹੋ ਜਾਣ ਦੇ ਮੌਕੇ 'ਐੱਸ' ਨੂੰ ਪੰਜਾਬ ਦੇ ਦਹਿਸ਼ਤੀ ਦਿਨਾਂ ਵਿਚ ਵੀ ਮਿਲੇ ਤੇ ਮਗਰੋਂ ਵੀ ਪਰ ਬੈਲਜੀਅਮ ਦੇ ਇਕ ਏਅਰ ਪੋਰਟ ਵਾਲਾ ਮੌਕਾ-ਮੇਲ ਰੱਬੀ ਰਹਿਮਤ ਸੀ। ਹੋਇਆ ਇੰਜ ਕਿ ਜਦੋਂ ਉਹ ਫਲਾਈਟ ਲੈਣ ਲਈ ਲੌਂਜ ਵਿਚ ਇੰਤਜ਼ਾਰ ਕਰ ਰਿਹਾ ਸੀ, ਤਦ ਇਕ ਪੰਜਾਬੀ ਪਿਆਕੜ ਦਾ ਨਸ਼ਾ ਉੱਤੋਂ ਦੀ ਹੋ ਗਿਆ। ਉਸ ਨੇ ਏਅਰ ਪੋਰਟ ਦਾ ਸ਼ੀਸ਼ਾ ਭੰਨ ਦਿੱਤਾ। ਉਸ ਦੀ ਪਤਨੀ, ਆਪਣੇ ਪਤੀ ਨੂੰ ਸੰਭਾਲਣ ਲੱਗੀ, ਪਰ ਉਹ ਉਸ ਤੋਂ ਸੰਭਲ ਨਹੀਂ ਸੀ ਰਿਹਾ। ਅਸ਼ੋਕ ਭੌਰਾ ਮਦਦ ਲਈ ਉੱਠ ਖੜ੍ਹਾ ਹੋਇਆ ਤੇ ਪਿਆਕੜ ਭਾਈਬੰਦ ਨੂੰ ਸੰਭਾਲਾ ਦੇਣ ਲੱਗਾ। ਗਾਉਣ ਵਜਾਉਣ ਵਾਲਿਆਂ ਨਾਲ ਪੀਣ ਖਾਣ ਹੋਣ ਕਰਕੇ ਉਸ ਪਾਸ ਸ਼ਰਾਬੀਆਂ ਕਬਾਬੀਆਂ ਨੂੰ ਸੰਭਾਲਣ ਦਾ ਚੰਗਾ ਤਜਰਬਾ ਸੀ; ਪਰ ਉਹ ਤਜਰਬਾ ਉਥੇ ਕਾਰਗਰ ਨਹੀਂ ਸੀ ਹੋ ਰਿਹਾ। ਸ਼ਰਾਬੀ ਦੀ ਮਸਤੀ ਲੱਥ ਨਹੀਂ ਸੀ ਰਹੀ। ਬੁਰਾ ਫਸਿਆ ਸੀ ਭੌਰਾ। ਨਾ ਉਹ ਸ਼ਰਾਬੀ ਨੂੰ ਉਸ ਹਾਲਤ ਵਿਚ ਛੱਡਣ ਜੋਗਾ ਸੀ, ਨਾ ਜਾਣ ਜੋਗਾ। ਉਧਰੋਂ ਫਲਾਈਟ ਜਾਣ ਦਾ ਟਾਈਮ ਹੋ ਗਿਆ। ਤਦੇ ਹਵਾਈ ਅੱਡੇ ਦਾ ਸਿਕਿਉਰਿਟੀ ਅਮਲਾ ਆ ਧਮਕਿਆ। ਅਮਲੇ ਨੇ ਤਿੰਨਾਂ ਨੂੰ ਹੀ ਇਕੋ ਪਰਿਵਾਰ ਸਮਝਿਆ ਤੇ ਜਹਾਜ਼ ਚੜ੍ਹਨੋਂ ਰੋਕ ਲਿਆ, ਮਤਾਂ ਜਹਾਜ਼ ਵਿਚ ਵੀ ਚੰਦ ਨਾ ਚਾੜ੍ਹ ਦੇਣ!

ਖੈਰ! ਸ਼ਰਾਬੀ ਨੂੰ ਰੋਕਣਾ ਤਾਂ ਬਣਦਾ ਸੀ, ਪਤਨੀ ਦਾ ਪਤੀ ਨਾਲ ਰਹਿਣਾ ਵੀ ਬਣਦਾ ਸੀ, ਪਰ ਭੌਰੇ ਨੂੰ ਇਸ ਲਈ ਰੋਕ ਲਿਆ ਕਿ ਉਹ ਵੀ ਉਨ੍ਹਾਂ ਦੇ ਨਾਲ ਸੀ। ਭੌਰੇ ਨੂੰ ਫਲਾਈਟ ਮਿੱਸ ਹੋ ਜਾਣ ਦਾ ਡਾਢਾ ਅਫਸੋਸ ਹੋਇਆ। ਪਿੱਛੋਂ ਪਤਾ ਲੱਗਾ ਕਿ ਜਿਸ ਜਹਾਜ਼ ਵਿਚ ਭੌਰੇ ਨੇ ਉੱਡਣਾ ਸੀ, ਉਹ ਹਾਦਸਾ-ਗ੍ਰਸਤ ਹੋ ਗਿਆ। ਉਸ ਜਹਾਜ਼ ਦੇ ਮੁਸਾਫਿਰਾਂ ਵਿਚੋਂ ਕੋਈ ਵੀ ਨਾ ਬਚਿਆ। ਭੌਰੇ ਨੇ ਰੱਬ ਦਾ ਸ਼ੁਕਰ ਮਨਾਇਆ। ਜੇ ਉਸ ਨੂੰ ਹਵਾਈ ਅੱਡੇ 'ਤੇ ਉਹ ਸ਼ਰਾਬੀ ਨਾ ਮਿਲਦਾ ਤੇ ਉਸ ਨੂੰ ਸੰਭਾਲਦਿਆਂ ਉਹਦੀ ਫਲਾਈਟ ਨਾ ਖੁੰਝਦੀ ਤਾਂ ਚੰਗੇ ਭਲੇ ਦੀ ਜਾਨ ਜਾਂਦੀ ਹੋ ਜਾਣੀ ਸੀ! ਹਾਦਸੇ ਤੋਂ ਬਚਿਆ ਭੌਰਾ ਕਹਿੰਦਾ ਹੈ ਕਿ ਰੱਬ ਦੇ ਰੰਗ ਨਿਆਰੇ ਹਨ। ਕੀ ਪਤਾ ਰੱਬ ਹੀ ਸ਼ਰਾਬੀ ਦੇ ਭੇਸ ਵਿਚ ਭੌਰੇ ਨੂੰ ਬਚਾਉਣ ਆਇਆ ਹੋਵੇ! ਅਜਿਹੇ ਬੰਦੇ ਦਾ ਭੇਤ ਵੀ ਰੱਬ ਹੀ ਪਾ ਸਕਦੈ।

ਭੌਰੇ ਦੀਆਂ ਲਿਖਤਾਂ ਦੇ ਰੰਗ ਨਿਆਰੇ ਹਨ। ਨਿੱਤ ਨਿਆਰੇ ਵਿਸ਼ੇ ਚੁਣਦਾ ਹੈ। ਉਹਦੀ ਸ਼ੈਲੀ ਨਖ਼ਰੀਲੀ ਤੇ ਰਸੀਲੀ ਹੈ। ਉਹਦੀ ਲਿਖਤ ਉਤੇ ਭੌਰੇ ਦਾ ਨਾਮ ਨਾ ਵੀ ਲਿਖਿਆ ਹੋਵੇ, ਤਦ ਵੀ ਪੰਜ-ਸੱਤ ਸਤਰਾਂ ਪੜ੍ਹ ਕੇ ਪਤਾ ਲੱਗ ਜਾਂਦੈ ਕਿ ਇਹ ਅਸ਼ੋਕ ਭੌਰੇ ਦੀ ਹੈ। ਇਹ ਉਸ ਦੀ ਵੱਖਰੀ 'ਪਛਾਣ' ਹੈ, ਜੋ ਉਸ ਨੇ ਲਗਾਤਾਰ 44 ਸਾਲ ਲਿਖਦਿਆਂ ਬਣਾਈ ਹੈ। ਉਸ ਨੇ ਦਰਜਨਾਂ ਕਾਲਮ, ਸੈਂਕੜੇ ਆਰਟੀਕਲ, ਹਜ਼ਾਰਾਂ ਪੰਨੇ ਤੇ ਲੱਖਾਂ ਲਫ਼ਜ਼ ਲਿਖੇ ਹਨ। ਦਰਜਨ ਤੋਂ ਵੱਧ ਕਿਤਾਬਾਂ ਛਪਵਾਈਆਂ ਹਨ ਤੇ ਉਹ ਵੀ ਵੰਨ-ਸੁਵੰਨੀਆਂ। ਸ਼ੌਕ-ਸ਼ੌਕ ਵਿਚ ਸ਼ੌਂਕੀ ਮੇਲੇ ਲਾਏ, ਮੀਡੀਆਕਾਰੀ ਕੀਤੀ, ਟੀ. ਵੀ. ਪ੍ਰੋਗਰਾਮ, ਰੇਡੀਓਕਾਰੀ ਤੇ ਪੱਤਰਕਾਰੀ ਹੁਣ ਵੀ ਕਰੀ ਜਾ ਰਿਹੈ।

ਰੋਟੀਆਂ ਉਸ ਨੇ ਸਾਇੰਸ ਮਾਸਟਰ ਬਣਨ ਦੀਆਂ ਖਾਧੀਆਂ, ਪਰ ਸ਼ੌਕ ਪਾਲਿਆ ਗਾਉਣ-ਵਜਾਉਣ ਵਾਲਿਆਂ ਤੇ ਹੋਰਨਾਂ ਬਾਰੇ ਲਿਖਣ ਦਾ। ਸਲਾਮ ਹੈ ਉਹਦੀ ਲਗਨ ਨੂੰ ਤੇ ਸ਼ਾਬਾਸ਼ੇ ਉਹਦੇ ਸਿਰੜ ਦੇ। ਕੋਈ ਲਿਖਣ ਦੀ ਸਾਧਨਾ ਕਰੇ ਤਾਂ ਭੌਰੇ ਵਰਗੀ ਕਰੇ। ਭੌਰਾ ਪੰਜਾਬੀ ਕਲਮਕਾਰੀ ਦਾ ਮਾਣ ਹੈ।

2012 'ਚ ਉਹ ਬਿਮਾਰ ਹੋ ਗਿਆ। ਏਨਾ ਬਿਮਾਰ ਕਿ ਮਰਨੋਂ ਮਸਾਂ ਬਚਿਆ। ਫੇਫੜਿਆਂ 'ਚ ਪਾਣੀ ਭਰ ਗਿਆ, ਜਿਸ ਨਾਲ ਸਾਹ ਰੁਕਣ ਲੱਗ ਪਿਆ। ਉਦੋਂ ਉਹਦਾ ਕਾਲਮ 'ਇਓਂ ਵੀ ਹੁੰਦੈ' ਰੁਕ ਗਿਆ। ਪਾਠਕ ਹਰਾਸੇ ਗਏ। ਏਨਾ ਸ਼ੁਕਰ ਕਿ ਅਮਰੀਕਾ ਵਿਚ ਸੀ। ਫਰਿਜ਼ਨੋ ਦੇ ਸੇਂਟ ਐਗਨਸ ਹਸਪਤਾਲ ਨੇ ਆਖਰੀ ਘੜੀਆਂ ਗਿਣਦੇ ਨੂੰ ਬਚਾ ਲਿਆ। ਅਮਰੀਕਾ ਦਾ ਇਲਾਜ ਮਾੜੇ ਧੀੜਿਆਂ ਦੀਆਂ ਜੁੱਲੀਆਂ ਵਿਕਾ ਦਿੰਦੈ, ਪਰ ਉਹਦੀ ਲਿਖਤ ਦਾ ਜਾਦੂ ਸੀ ਕਿ ਇਲਾਜ ਮੁਫਤ ਵਿਚ ਹੋ ਗਿਆ। ਇਲਾਜ ਕਰਨ ਵਾਲਾ ਸਿੱਖ ਡਾਕਟਰ ਆਪ ਉਹਦਾ ਪਾਠਕ ਨਹੀਂ ਸੀ, ਪਰ ਉਸ ਦਾ ਬਿਰਧ ਬਾਪ ਭੌਰੇ ਦਾ ਸੰਜੀਦਾ ਪਾਠਕ ਸੀ।

ਡਾਕਟਰ ਵੈਸੇ ਹੀ ਘਰ 'ਚ ਗੱਲ ਕਰ ਬੈਠਾ। ਜਦੋਂ ਪਿਉ ਨੂੰ ਪਤਾ ਲੱਗਾ ਕਿ ਉਹਦੇ ਪੁੱਤਰ ਦਾ ਮਰੀਜ਼ ਅਸ਼ੋਕ ਉਹੀ ਐੱਸ. ਅਸ਼ੋਕ ਭੌਰਾ ਹੈ, ਜੀਹਦਾ ਕਾਲਮ ਉਹ ਹਰ ਹਫਤੇ 'ਪੰਜਾਬ ਟਾਈਮਜ਼' ਵਿਚ ਪੜ੍ਹਦਾ ਹੈ ਤਾਂ ਇਲਾਜ ਦਾ ਡੇਢ ਲੱਖ ਡਾਲਰ ਦਾ ਬਿੱਲ ਤਾਰਨ ਲਈ ਰਾਹ ਕੱਢਿਆ ਗਿਆ, ਯਾਨਿ ਪੰਜਾਬੀ ਜੁਗਾੜ ਕੀਤਾ ਗਿਆ। ਭੌਰੇ ਨੂੰ ਫਾਰਮਾਂ ਉਤੇ ਦਸਤਖਤ ਹੀ ਕਰਨੇ ਪਏ। ਜਿਹੋ ਜਿਹੀਆਂ ਹੈਰਾਨਕੁਨ ਕਹਾਣੀਆਂ ਉਹ ਹੋਰਨਾਂ ਦੀਆਂ ਲਿਖਦਾ ਸੀ, ਉਹੋ ਜਿਹੀ ਕਹਾਣੀ ਬਣ ਉਹਦੀ ਗਈ। ਉਹਦੇ ਖ਼ਾਬ ਖ਼ਿਆਲ 'ਚ ਵੀ ਨਹੀਂ ਸੀ ਕਿ ਕੋਈ ਮਸੀਹਾ ਛੱਤ ਪਾੜ ਕੇ ਬਹੁੜੇਗਾ।

ਹਸਪਤਾਲੋਂ ਰੁਖ਼ਸਤ ਹੋ ਕੇ ਉਹ ਆਪਣੇ ਦਿਆਲੂ ਪਾਠਕ ਦਾ ਧੰਨਵਾਦ ਕਰਨ ਗਿਆ। ਬਜ਼ੁਰਗ ਨਿਰੰਜਣ ਸਿੰਘ ਨੇ ਉਹਨੂੰ ਸੀਨੇ ਨਾਲ ਲਾਇਆ ਤੇ ਆਪਣੀ ਰਹਿੰਦੀ ਉਮਰ ਉਹਨੂੰ ਲੱਗ ਜਾਣ ਦੀ ਅਸੀਸ ਦਿੰਦਿਆ ਕਿਹਾ, "ਜੀਂਦਾ ਰਹੋ ਪੁੱਤਰਾ, ਜੁਆਨੀਆਂ ਮਾਣੇ!"

ਫਿਰ ਨਾ ਸਿਰਫ ਉਹਦੀ ਲੇਖਕ ਵਜੋਂ ਪ੍ਰਸ਼ੰਸਾ ਕੀਤੀ, ਸਗੋਂ ਝੱਗੇ ਚੁੰਨੀ ਨਾਲ ਪੰਜ ਸੌ ਡਾਲਰ ਦਾ ਪਿਆਰ ਦੇ ਕੇ ਤੋਰਿਆ। ਕੌਣ ਕਹਿੰਦੈ ਪੰਜਾਬੀ ਵਿਚ ਲਿਖਣ ਵਾਲਿਆਂ ਦੀ ਕਦਰ ਨਹੀਂ ਪੈਂਦੀ?

2011 ਵਿਚ ਉਹਦੀ 520 ਪੰਨਿਆਂ ਦੀ ਵੱਡਆਕਾਰੀ ਕਿਤਾਬ ਛਪੀ: ਗੱਲੀਂ ਬਾਤੀਂ। ਕਿਤਾਬ ਕਾਹਦੀ ਗੱਲਾਂ ਬਾਤਾਂ ਦਾ ਗ੍ਰੰਥ ਸੀ। ਮੈਂ ਕਾਫੀ ਦੇਰ ਸਿਰਹਾਣੇ ਰੱਖੀ ਰੱਖਿਆ। ਜਦੋਂ ਜਾਗ ਆਉਂਦੀ ਉਹਦੇ 'ਚੋਂ ਵਾਕ ਲੈ ਲੈਂਦਾ। ਮੈਨੂੰ ਕੁਝ ਨਾ ਕੁਝ ਨਵਾਂ ਸੁੱਝ ਜਾਂਦਾ, ਜੋ ਲਿਖਣ ਦੇ ਕੰਮ ਆਉਂਦਾ। ਉਹਦੇ 'ਚ ਲੋਹੜੇ ਦਾ ਮਸਾਲਾ ਭਰਿਆ ਹੋਇਆ ਸੀ। ਵਿਚੇ ਨਿਬੰਧ, ਵਿਚੇ ਕਥਾ ਵਾਰਤਾ, ਰੇਖਾ ਚਿੱਤਰ, ਸਫਰਨਾਮਾ, ਜੀਵਨੀ ਤੇ ਸਵੈਜੀਵਨੀ ਦੇ ਅੰਸ਼, ਇਤਿਹਾਸ, ਮਿਥਿਹਾਸ, ਕਵਿਤਾ, ਗੀਤਕਾਰੀ ਤੇ ਵਿਚੇ ਜਸੂਸੀ ਕਾਰੇ। ਵਿਚੇ ਅਟੱਲ ਕਥਨ। ਸਮਝੋ ਕੁੱਜੇ ਵਿਚ ਸਮੁੰਦਰ। ਵਿਚੇ ਹਾਸ ਵਿਅੰਗ ਸੀ: ਅਵਾਰਾ ਕੁੱਤਿਆਂ ਦਾ ਸੁਭਾਅ ਭੇਡਾਂ ਵਰਗਾ ਹੀ ਹੁੰਦਾ ਹੈ। ਜਿਧਰ ਨੂੰ ਇੱਕ ਤੁਰਦਾ ਹੈ, ਸਾਰੇ ਉਸੇ ਮਗਰ ਹੋ ਤੁਰਦੇ ਹਨ। ਮਜ਼ਾਕੀਆ ਲਹਿਜੇ 'ਚ ਕਿਹਾ ਜਾਂਦੈ, ਇਕ ਕੁੱਤਾ ਤੁਰਿਆ ਜਾ ਰਿਹਾ ਸੀ, ਰਾਹ 'ਚ ਇਕ ਹੋਰ ਕੁੱਤਾ ਟੱਕਰ ਗਿਆ। ਕਹਿਣ ਲੱਗਾ, ਕਿਧਰ ਮਹਾਰਾਜ? ਪੁੱਛ ਨਾ, ਆ ਜਾ ਮਗਰੇ। ਰਸਤੇ ਵਿਚ ਦੋ ਹੋਰ, ਚਾਰ ਹੋਰ, ਕੁੱਤੇ ਰਲਦੇ ਗਏ ਤੇ ਲੰਮੀ ਲਾਈਨ ਲੱਗ ਗਈ। ਸਭ ਤੋਂ ਮਗਰ ਰਲਣ ਵਾਲਾ ਕੁੱਤਾ ਕੁਝ ਸਿਆਣਾ ਸੀ। ਉਹਨੇ ਆਪਣੇ ਤੋਂ ਮੂਹਰਲੇ ਨੂੰ ਪੁੱਛਿਆ, "ਭਰਾਵਾ ਚੱਲੇ ਕਿਥੇ ਓਂ?"

"ਪਤਾ ਮੈਨੂੰ ਵੀ ਨਹੀਂ, ਅਗਲੇ ਨੂੰ ਪੁੱਛਦਾਂ।" ਪੁੱਛਗਿੱਛ ਸਭ ਤੋਂ ਮੂਹਰਲੇ ਕੁੱਤੇ ਤਕ ਪੁੱਜ ਗਈ, "ਭਰਾਵਾ ਚੱਲਿਆ ਕਿਥੇ ਐਂ? ਪਿੱਛੇ ਤਾਂ ਵੇਖ ਤੇਰੇ ਮਗਰ ਕਿੱਡੀ ਲਾਈਨ ਲੱਗੀ ਜਾਂਦੀ ਐ!"

ਆਗੂ ਦਾ ਜਵਾਬ ਸੁਣੋ, "ਜਾਣਾ ਕਿਤੇ ਨਾਨਕਿਆਂ ਨੂੰ ਏਂ। ਔਹ ਬਿਜਲੀ ਵਾਲਾ ਖੰਭਾ ਖਿੱਚੀ ਜਾਂਦੇ ਨੇ, ਜਿਥੇ ਗੱਡਣਗੇ ਆਪਾਂ ਪਿਸ਼ਾਬ ਕਰ ਕੇ ਆਉਣਾ!"

ਕੁੱਤੇ ਤਾਂ ਕੁੱਤੇ ਸਨ। ਜੇ ਉਹ ਭੇਡ ਚਾਲ ਵਜੋਂ ਬੰਦਿਆਂ ਦੇ ਵਿਦੇਸ਼ ਤੁਰੇ ਜਾਣ ਦੀ ਗੱਲ ਕਰਦਾ ਤਾਂ ਬੰਦਿਆਂ ਨੇ ਕੁੱਤਿਆਂ ਵਾਂਗ ਉਹਦੇ ਮਗਰ ਪੈ ਜਾਣਾ ਸੀ!

**ਹੱਸਦਾ ਹਸਾਉਂਦਾ ਉਹ ਫਿਲਾਸਫੀ ਵੀ ਘੋਟਦਾ ਹੈ:** ਸਾਰੀ ਰਾਤ ਜਾਗ ਕੇ, ਚੌਕੀਦਾਰੀ ਕਰ ਕੇ ਦਿਨ ਚੜ੍ਹਦੇ ਨੂੰ ਜਦੋਂ ਕੁੱਤਾ ਘੂਕ ਸੌਂਦਾ ਹੈ ਤਾਂ ਉਹ ਬੇਫਿਕਰ ਹੁੰਦਾ ਹੈ ਕਿ ਉਸ ਨੇ ਆਪਣਾ ਕੰਮ ਵਫ਼ਾਦਾਰੀ ਨਾਲ ਮੁਕਾਇਆ ਹੈ। ਇਸ ਵਾਕ ਨੇ ਮੈਨੂੰ 'ਬਾਜ਼ੀ ਲੈ ਗਏ ਕੁੱਤੇ' ਵਾਲਾ ਲੇਖ ਪੂਰਾ ਪੜ੍ਹਨ ਲਈ ਬਹਾਲ ਲਿਆ ਸੀ। ਮੇਰੇ ਅੱਗੇ ਕੁੱਤਿਆਂ ਦੀ ਦੁਨੀਆਂ ਸਾਕਾਰ ਹੋ ਗਈ ਸੀ। ਨੋਬਲ ਪ੍ਰਾਈਜ਼ ਸ਼ੁਰੂ ਕਰਨ ਵਾਲੇ ਐਲਫਰੇਡ ਨੋਬੈਲ ਦੀ ਗੱਲ ਕਰ ਕੇ ਉਸ ਨੇ ਰਿੱਛਾਂ ਵਰਗੇ ਕੁੱਤਿਆਂ ਤੋਂ ਲੈ ਕੇ ਚੂਹੇ ਜਿੱਡੇ ਕੁੱਤਿਆਂ ਦੀ ਕਥਾ ਸ਼ੁਰੂ ਕਰ ਦਿੱਤੀ ਸੀ, ਜੋ ਹੱਥ ਦੀ ਤਲੀ 'ਤੇ ਟਿਕਾਏ ਜਾ ਸਕਦੇ ਸਨ। ਕੁੱਤਿਆਂ ਨਾਲ ਜੁੜੇ ਮੁਹਾਵਰੇ: ਸਾਲਾ ਕੁੱਤੇ ਵਾਂਗ ਭੌਂਕਦੈ, ਕੁੱਤੇ ਦਾ ਵੱਢਿਆ ਹੋਇਐ, ਬੰਦਾ ਬੜਾ ਕੁੱਤਾ, ਕੁੱਤੇ ਵਾਂਗ ਪੂਛ ਚੁੱਕੀ ਫਿਰਦਾ, ਕੁੱਤੇ ਦਾ ਪੁੱਤ ਤੇ ਕੁੱਤੇ ਵਾਂਗ ਲਮਕਦੀ ਜੀਭ ਗਿਣਾ ਕੇ ਬੂਟਾ ਸਿੰਘ ਸ਼ਾਦ ਦੇ ਨਾਵਲ 'ਕੁੱਤਿਆਂ ਵਾਲੇ ਸਰਦਾਰ' ਉਤੇ ਪਹੁੰਚ ਗਿਆ ਸੀ। ਕੁੱਤਿਆਂ ਦੀ ਵਫ਼ਾਦਾਰੀ, ਕੁੱਤਿਆਂ ਦੀਆਂ ਕਿਸਮਾਂ, ਭੌਂਕਣ ਦੀ ਕਲਾ, ਖਾਧ ਖੁਰਾਕ, ਪਾਲਣਾ ਪੋਸਣਾ, ਸਹਿਣਸ਼ੀਲਤਾ ਤੇ ਵੱਢ ਖਾਣ ਦੀਆਂ ਗੱਲਾਂ ਕਰਦਿਆਂ ਉਨ੍ਹਾਂ ਦੀ ਸੁੰਘਣ ਸ਼ਕਤੀ ਉਸ ਨੇ ਇੰਜ ਬਿਆਨ ਕੀਤੀ:

-ਕੁੱਤੇ ਨੂੰ ਅੱਖ ਨਾਲੋਂ ਨੱਕ ਉਤੇ ਵਧੇਰੇ ਵਿਸ਼ਵਾਸ ਹੈ, ਕਿਉਂਕਿ ਉਹਦੇ ਕੋਲ ਸੁੰਘਣ ਦੀ ਸ਼ਕਤੀ ਵਧੇਰੇ ਹੁੰਦੀ ਹੈ। ਤੁਸੀਂ ਕੁੱਤੇ ਦੇ ਸਾਹਮਣੇ ਸ਼ੀਸ਼ਾ ਰੱਖੋ ਤਾਂ ਉਹ ਆਪਣੀ ਸ਼ਕਲ ਵੇਖ ਕੇ ਭੌਂਕੇਗਾ ਨਹੀਂ। ਉਹਨੂੰ ਅੱਖਾਂ ਇਹ ਦੱਸਦੀਆਂ ਹਨ ਕਿ ਸਾਹਮਣੇ ਕੋਈ ਕੁੱਤਾ ਹੈ, ਪਰ ਨੱਕ ਦੱਸੇਗਾ ਕਿ ਇਹ ਕੋਈ ਧੋਖਾ ਹੈ। ਤੁਸੀਂ ਆਪਣਾ ਚਿਹਰਾ ਬਦਲ ਕੇ ਆਪਣੇ ਕੁੱਤੇ ਕੋਲ ਜਾਓ, ਉਹ ਆਪਣੀ ਸੁੰਘਣ ਸ਼ਕਤੀ ਨਾਲ ਝੱਟ ਪਛਾਣ ਲਵੇਗਾ। ਬਿੱਲੀ ਨੂੰ ਮਨੁੱਖ ਨਾਲ ਨਹੀਂ, ਉਸ ਥਾਂ ਨਾਲ ਪਿਆਰ ਹੁੰਦਾ ਹੈ ਜਿਥੇ ਉਹ ਰਹਿੰਦੀ ਹੈ ਤੇ ਉਸ ਦੀ ਚੋਰੀ ਦੀ ਆਦਤ ਕਦੇ ਨਹੀਂ ਜਾਂਦੀ। ਇਸ ਦੇ ਉਲਟ ਕੁੱਤੇ ਦਾ ਸਥਾਨ ਨਾਲ ਨਹੀਂ ਇਨਸਾਨ ਨਾਲ ਪਿਆਰ ਹੁੰਦਾ ਹੈ।

**ਗਾਇਕੀ ਬਾਰੇ ਲਿਖਿਆ ਉਹਦਾ ਇਕ ਪੈਰਾ ਹੀ ਗਾਗਰ ਵਿਚ ਸਾਗਰ ਹੈ:** ਪਹਿਲਾਂ ਚਾਬੀ ਭਰ ਕੇ ਤਵੇ ਚਲਾਉਣ ਵਾਲੀਆਂ ਮਸ਼ੀਨਾਂ ਆਈਆਂ, ਫਿਰ ਰੀਲਾਂ ਚਲਾਉਣ ਵਾਲੀਆਂ ਟੇਪਾਂ ਧੜਾਧੜ ਪੰਜਾਬ ਦੇ ਵਿਹੜੇ ਆ ਵੜੀਆਂ। ਫੇਰ ਸੀ. ਡੀ./ਡੀ. ਵੀ. ਡੀ. ਅਤੇ ਹੁਣ ਪੈੱਨ ਡਰਾਈਵ। ਜਾਪਨ ਇਹ ਕ੍ਰਿਸ਼ਮਾ ਵੀ ਕਰਨ ਵਾਲਾ ਹੈ ਕਿ ਦੁਨੀਆਂ ਦੇ ਹਰ ਬੰਦੇ ਜਾਂ ਔਰਤ ਨੂੰ ਬਿਨਾ ਸੁਰ ਤੇ ਤਾਲ ਦੇ ਗਿਆਨ ਤੋਂ, ਸੁਰੀਲਾ ਗਾਇਕ ਬਣਾ ਸਕਦਾ ਹੈ। ਫਿਰ ਕੌਣ ਚੇਤੇ ਰੱਖੇਗਾ ਕਿ ਕੋਈ ਲਤਾ ਮੰਗੇਸ਼ਵਰ ਵੀ ਹੁੰਦੀ ਸੀ, ਸੁਰਿੰਦਰ ਕੌਰ ਵੀ, ਯਮਲਾ, ਮਾਣਕ ਤੇ ਗੁਰਦਾਸ ਮਾਨ ਵੀ। ਇੰਟਰਨੈਟ ਦੀ ਘੁਸਪੈਠ ਨੇ ਦੱਸ ਦਿੱਤਾ ਹੈ ਕਿ ਚੋਰੀ ਕਰਨਾ ਨਾ ਪਾਪ ਹੁੰਦਾ, ਨਾ ਮਹਾਂਪਾਪ।

ਅਸ਼ੋਕ 25 ਅਪਰੈਲ 1963 ਨੂੰ ਰਾਮ ਦਿੱਤੇ ਦੇ ਘਰ ਮਾਤਾ ਪ੍ਰਕਾਸ਼ ਕੌਰ ਦੀ ਕੁੱਖੋਂ ਜੰਮਿਆ ਸੀ। ਉਹ ਸਾਧਾਰਨ ਪਰਿਵਾਰ ਦਾ ਸਾਧਾਰਨ

(ਬਾਕੀ ਅਗਲੇ ਸਫੇ 'ਤੇ)

# ਫੁੱਟਬਾਲ ਅਤੇ ਇਨਕਲਾਬੀ ਕਲਾ ਦਾ ਸੁਮੇਲ-ਪਰਮਜੀਤ ਕਾਹਮਾ

ਪਰਮਜੀਤ ਕਾਹਮਾ ਆਪਣੇ ਸਮੇਂ ਦਾ ਤਕੜਾ ਫੁੱਟਬਾਲ ਖਿਡਾਰੀ ਹੋਇਆ ਹੈ। ਇਲਾਕੇ ਦਾ ਨਾਮਵਰ ਖਿਡਾਰੀ ਹੋਣ ਕਰ ਕੇ 1978 ਵਿਚ ਜਿਲਾ ਚੈਂਪੀਅਨਸ਼ਿਪ ਜਿੱਤੀ ਤੇ ਸਟੇਟ ਕਲਰ ਪ੍ਰਾਪਤ ਕੀਤਾ। ਇਲਾਕੇ ਦੇ ਅੱਵਲ ਖਿਡਾਰੀਆਂ ਵਿਚ ਜਾਣਿਆ ਜਾਂਦਾ ਹੋਣ ਕਰ ਕੇ ਉਹਦੀ ਗੇਮ ਦੇਖਣ ਵਾਲੇ ਅੱਜ ਵੀ ਯਾਦ ਕਰਦੇ ਨੇ। ਉਹ ਵਧੀਆ ਖਿਡਾਰੀ ਦੇ ਨਾਲ ਨਾਲ ਵਧੀਆ ਇਨਸਾਨ ਵੀ ਹੈ।

ਉਹ ਖੇਡਾਂ ਅਤੇ ਇਨਕਲਾਬੀ ਸਰਗਰਮੀਆਂ ਕਰ ਕੇ ਹਮੇਸ਼ਾ ਦੋ ਪਹਿਲੂਆਂ ਕਰ ਕੇ ਜਾਣਿਆ ਜਾਂਦਾ ਰਿਹਾ ਹੈ। ਦੋਵਾਂ ਖੇਤਰਾਂ ਵਿਚ ਉਹ ਬੜੇ ਜੋਸ਼ੀਲੇ ਢੰਗ ਨਾਲ ਵਿਚਰਿਆ। ਫੁੱਟਬਾਲ ਦਾ ਭਾਰੂ ਖਿਡਾਰੀ ਰਿਹਾ ਹੈ ਤੇ ਪੰਜਾਬ ਸਟੂਡੈਂਟਸ ਯੂਨੀਅਨ (ਪੀ. ਐਸ. ਯੂ.) ਦਾ ਕਾਲਜਾਂ ਦੇ ਮੁੰਡੇ-



ਇਕਬਾਲ ਸਿੰਘ ਜੱਬੋਵਾਲੀਆ
ਫੋਨ: 917-375-6395

ਕੁੜੀਆਂ ਦਾ ਹਰਮਨ ਪਿਆਰਾ ਆਗੂ ਬਣਿਆ। ਬਦਲਦੇ ਸਮੇਂ ਦੇ ਨਾਲ-ਨਾਲ ਜ਼ਿੰਦਗੀ 'ਚ ਨਵੇਂ-ਨਵੇਂ ਮੋੜ ਆਉਂਦੇ ਗਏ। ਲਹਿਰ ਭਾਰੂ ਹੋ ਗਈ ਅਤੇ ਖੇਡ ਪਛੜਦੀ ਗਈ।


ਮੈਨੂੰ ਯਾਦ ਹੈ, ਜਦੋਂ ਉਸ ਦੇ ਸਿਰ 'ਤੇ ਜੂੜਾ ਹੁੰਦਾ ਸੀ। ਉਸ ਨੂੰ ਖੇਡਦੇ ਦੇਖਿਆ। ਉਹਦੀ ਚੰਗੀ ਖੇਡ ਕਰ ਕੇ 1973 ਵਿਚ ਹਰਬੰਸ ਗੋਹਲੜੋਂ ਉਹਨੂੰ ਸਿੱਖ ਨੈਸ਼ਨਲ ਦੋਆਬਾ ਹਾਈ ਸਕੂਲ, ਨਵਾਂ ਸ਼ਹਿਰ ਲੈ ਗਿਆ। ਦੋਆਬੇ ਸਕੂਲ ਦੀ ਵਧੀਆ ਟੀਮ ਬਣ ਗਈ। ਉਨ੍ਹਾਂ ਦਾ ਮੁਕਾਬਲਾ ਅਕਸਰ ਨਵਾਂ ਸ਼ਹਿਰ ਦੇ ਖਾਲਸਾ ਹਾਈ ਸਕੂਲ ਨਾਲ ਹੁੰਦਾ ਰਹਿੰਦਾ, ਜਿਥੇ ਜੱਬੋਵਾਲੀਏ ਪ੍ਰੇਮ ਸਿੰਘ ਅਤੇ ਕਾਹਮੇ ਵਾਲੇ ਛੰਨੇ ਵਰਗੇ ਖਾਲਸਾ ਸਕੂਲ ਦੇ ਮਾਣ ਖਿਡਾਰੀ ਖੇਡਦੇ ਸਨ।

1974-75 ਵਿਚ ਉਹ ਸਿੱਖ ਨੈਸ਼ਨਲ ਕਾਲਜ, ਬੰਗਾ ਵਿਚ ਦਾਖਲ ਹੋਇਆ। ਉਹਦੀ ਚੰਗੀ ਖੇਡ ਤੋਂ ਪ੍ਰਭਾਵਿਤ ਕਾਲਜ ਦੇ ਡੀ. ਪੀ. ਈ. ਸ. ਸਲਵਿੰਦਰਪਾਲ ਸਿੰਘ ਸ਼ਿੰਦਾ ਅਤੇ ਉਸ ਵੇਲੇ ਦੇ ਵਾਈਸ ਪ੍ਰਿੰਸੀਪਲ ਸ. ਰਾਜਬਿੰਦਰ ਸਿੰਘ ਬੈਂਸ ਨੇ ਉਸ ਨੂੰ ਫੁੱਟਬਾਲ ਦੀ ਕਿੱਟ ਦੇ ਕੇ ਥਾਪੜਾ ਦਿਤਾ। ਪੜ੍ਹਾਈ ਦੇ ਨਾਲ-ਨਾਲ ਉਹ ਚੰਗਾ ਖੇਡਿਆ। ਫਿਰ ਉਹ ਪੀ. ਐਸ. ਯੂ. ਦੇ ਪ੍ਰਭਾਵ ਹੇਠ ਆ ਕੇ ਲਹਿਰ ਨਾਲ ਜੁੜ ਗਿਆ ਤੇ ਪਾਰਟੀ ਦਾ ਸਰਗਰਮ ਲੀਡਰ ਬਣ ਗਿਆ।

1979 ਵਿਚ ਉਹ ਪੰਜਾਬ ਸਟੂਡੈਂਟਸ ਯੂਨੀਅਨ ਦਾ ਸੂਬਾ ਜਨਰਲ ਸਕੱਤਰ ਬਣਿਆ। ਉਸ ਸਮੇਂ ਉਹ ਕਾਲਜਾਂ ਦੇ ਮੁੰਡੇ-ਕੁੜੀਆਂ ਦੇ ਦਿਲਾਂ ਵਿਚ ਵਸਿਆ, ਕਿਉਂਕਿ ਉਹ ਹਮੇਸ਼ਾਂ ਉਨ੍ਹਾਂ ਦੇ ਹੱਕਾਂ ਦੀ ਗੱਲ ਕਰਦਾ, ਹੱਕਾਂ ਦੀ ਰਾਖੀ ਕਰਦਾ। ਸੱਚ ਦੀ ਆਵਾਜ਼ ਬੁਲੰਦ ਕਰਨ ਲਈ ਉਹਨੂੰ ਬੜੀਆਂ ਮੁਸ਼ਕਿਲਾਂ ਦਾ ਸਾਹਮਣਾ ਵੀ ਕਰਨਾ ਪਿਆ। ਕੇਸ ਕਟਾਉਣੇ ਪਏ। ਜੇਲ੍ਹ ਵੀ ਜਾਣਾ ਪਿਆ। ਕਈ ਵਾਰ ਰੂਪੋਸ਼ ਹੋਣਾ ਪਿਆ। ਯੂ. ਪੀ. ਜਾਣਾ ਪਿਆ। ਯੂ. ਪੀ. ਤੋਂ ਫਿਰ ਰਾਜਸਥਾਨ ਭਰਾਵਾਂ ਕੋਲ ਗਿਆ। ਜਸਵੰਤ ਖਟਕੜ ਵੀ ਨਾਲ ਸੀ। ਪਾਰਟੀ ਦੀਆਂ ਸਰਗਰਮੀਆਂ ਵੀ ਚਲਦੀਆਂ ਰਹੀਆਂ ਤੇ ਕਾਲਜ ਵਲੋਂ ਖੇਡਦਾ ਵੀ ਰਿਹਾ। ਇਕ ਵਾਰ ਤਾਂ ਕਾਲਜ ਦੇ ਪ੍ਰਿੰਸੀਪਲ ਸ. ਇੰਦਰ ਸਿੰਘ ਦੇ ਗੁੱਸੇ ਦਾ ਸ਼ਿਕਾਰ ਵੀ ਹੋਣਾ ਪਿਆ ਤੇ ਕਾਲਜ ਵਿਚੋਂ ਹਟਾ ਦਿਤਾ ਗਿਆ। ਫਿਰ ਕਾਲਜ ਦੇ ਪੀ. ਐਸ. ਯੂ. ਵਾਲੇ ਵਿਦਿਆਰਥੀਆਂ ਦਾ ਜੋਸ਼ ਉਹਦੇ ਹੱਕ ਵਿਚ ਦੇਖਦਿਆਂ ਉਹਨੂੰ ਮੁੜ ਕਾਲਜ ਵਿਚ ਰੱਖਣਾ ਪਿਆ।

ਬੰਗਾ ਕਾਲਜ ਵਲੋਂ ਦੋ ਸਾਲ ਖੇਡਦਿਆਂ ਉਹਨੇ ਮਾਹਿਲਪੁਰ ਨੂੰ ਹਰਾ ਕੇ ਜਿਲਾ ਚੈਂਪੀਅਨਸ਼ਿਪ ਜਿੱਤੀ। ਵਧੀਆ ਖੇਡ ਕਰ ਕੇ ਨਵਾਂ ਸ਼ਹਿਰ ਇਲਾਕੇ ਦੇ ਦੋ ਖਿਡਾਰੀਆਂ ਨੇ ਦੋ ਸਟੇਟ ਕਲਰ ਜਿੱਤੇ। ਇਕ ਉਹਨੂੰ ਮਿਲਿਆ ਤੇ ਦੂਜਾ ਚੱਕਫੁਲੂ ਦੇ ਯੋਗਰਾਜ ਨੂੰ।

ਪਹਿਲਾਂ ਪਹਿਲ ਉਹ ਗੋਲਕੀਪਰ ਖੇਡਦਾ ਹੁੰਦਾ ਸੀ, ਫਿਰ ਉਹ ਆਲ-ਰਾਊਂਡਰ ਖੇਡਣ ਲੱਗ ਪਿਆ। ਉਹ ਜ਼ਿਆਦਾਤਰ ਫਾਰਵਰਡ ਖੇਡਦਾ। ਬੰਗਾ ਕਾਲਜ ਦੀ ਟੀਮ ਵਿਚ ਉਸ ਵੇਲੇ ਪਰਮਜੀਤ,



ਪਰਮਜੀਤ ਕਾਹਮਾ

ਛੰਨਾ ਤੇ ਭੁਪਿੰਦਰ-ਤਿੰਨੇ ਕਾਹਮੇ ਦੇ ਜ਼ਬਰਦਸਤ ਖਿਡਾਰੀ ਸਨ। ਉਹ ਲੁਧਿਆਣੇ ਤੱਕ ਖੇਡਣ ਜਾਂਦੇ ਰਹੇ। ਕਾਹਮੇ ਦੇ ਫੁੱਟਬਾਲ ਖਿਡਾਰੀ ਨੀਰਾ ਤੇ ਪਿੰਕੀ ਭਰਾ ਲੁਧਿਆਣੇ ਨੌਕਰੀਆਂ ਕਰਦੇ ਹੋਣ ਕਰ ਕੇ ਕਾਹਮੇ ਵਲੋਂ ਉਹ ਟੀਮ ਐਂਟਰ ਕਰਵਾ ਕੇ ਉਨ੍ਹਾਂ ਨੂੰ ਸੱਦ ਲੈਂਦੇ ਸਨ। ਟੀਮ ਵਿਚ ਉਹ ਖੁਦ ਵੀ ਖੇਡ ਲੈਂਦੇ।

ਪਰਮਜੀਤ ਦੀ ਕਪਤਾਨੀ ਹੇਠ ਤਲਵਾੜੇ ਜ਼ੋਨਲ ਟੂਰਨਾਮੈਂਟ ਖੇਡੇ। ਇੰਟਰ-ਜ਼ੋਨਲ ਫਾਈਨਲ ਵਿਚ ਗੁਰਦਾਸਪੁਰ ਖੇਡੇ ਤੇ ਤਿੰਨ-ਇਕ ਦੇ ਸਕੋਰ ਨਾਲ ਜਿੱਤੇ। ਇਹ ਇਕ ਇਤਿਹਾਸਕ ਜਿੱਤ ਸੀ। ਇਨ੍ਹਾਂ ਦੀ ਟੀਮ ਵਿਚ ਜੈਲਾ ਡੀਜ਼ਲ, ਭੂਰਾ, ਮਰਹੂਮ ਕਰਨਜੀਤ ਬੱਬੂ, ਤੇ ਪਰਮਜੀਤ ਕਾਹਮਾ ਚਾਰੇ ਤਕੜੇ ਡਿਫੈਂਡਰ ਸਨ।

ਨਵਾਂ ਸ਼ਹਿਰ ਆਈ. ਟੀ. ਆਈ. ਵਲੋਂ ਉਹ ਦੋ ਸਾਲ ਖੇਡਿਆ। ਫਗਵਾੜੇ ਆਈ. ਟੀ. ਆਈ. ਮੁਕਾਬਲਿਆਂ ਵਿਚ ਹੁਸ਼ਿਆਰਪੁਰ ਨੂੰ ਜਿੱਤੇ। ਆਪਣੇ ਸਮੇਂ ਦੇ ਨਾਮਵਰ ਫੁੱਟਬਾਲ ਖਿਡਾਰੀ ਅਤੇ ਕੋਚ ਸਰਬਜੀਤ ਸਰਬਾ ਮੰਗੂਵਾਲ ਦੇ ਦੱਸਣ ਅਨੁਸਾਰ, ਉਹ ਪਰਮਜੀਤ ਦੀ ਖੇਡ ਨੂੰ ਬੜਾ ਪਸੰਦ ਕਰਦਾ ਸੀ। ਉਹ ਅਤੇ ਛੰਨਾ ਆਈ. ਟੀ. ਆਈ. ਫਗਵਾੜਾ ਉਹਦਾ ਮੁਕਾਬਲਾ ਦੇਖਣ ਗਏ ਤਾਂ ਜਾਂਦਿਆਂ ਨੂੰ ਤਿੰਨ-ਚਾਰ ਗੋਲ ਕਰ ਕੇ ਪਰਮਜੀਤ ਅਹੁ ਗਿਆ...ਅਹੁ ਗਿਆ।

ਕਾਹਮੇ ਦੀ ਟੀਮ ਹਮੇਸ਼ਾ ਤਕੜੀ ਰਹੀ। ਸਾਰੇ ਖਿਡਾਰੀ ਵਾਧੂ ਤੋਂ ਵਾਧੂ ਹੁੰਦੇ। ਕਦੇ ਸਮਾਂ ਸੀ, ਜਦੋਂ ਪਿੰਡ ਦੀਆਂ ਤਿੰਨ ਟੀਮਾਂ ਦੇ ਲਗਭਗ ਟਾਪ ਦੇ ਖਿਡਾਰੀ ਹੁੰਦੇ ਸਨ। ਆਲੇ-ਦੁਆਲੇ ਦੇ ਪਿੰਡਾਂ ਵਿਚ ਕਾਹਮੇ ਦੇ ਖਿਡਾਰੀਆਂ ਦਾ ਬੜਾ ਬੋਲਬਾਲਾ ਹੁੰਦਾ ਸੀ ਅਤੇ ਹੈ ਵੀ। ਪਿੰਡਾਂ ਵਿਚ ਮੈਚ ਚਲਦੇ ਰਹਿੰਦੇ ਸਨ। ਮੰਗੂਵਾਲ, ਕਾਹਮਾ, ਭੂਤਾਂ, ਉਚਾ ਲਧਾਣਾ, ਝਿੱਕਾ ਲਧਾਣਾ, ਨੌਰਾ, ਭੌਰਾ, ਭੀਣ, ਦੁਸਾਂਝ ਖੁਰਦ, ਜੀਦੋਵਾਲ ਅਤੇ ਹੋਰ ਪਿੰਡਾਂ ਵਿਚ ਫਸਵੇਂ ਮੈਚਾਂ ਤੋਂ ਬਾਅਦ ਅਖੀਰ ਵਿਚ ਕਾਹਮੇ ਦੀ ਮੰਗੂਵਾਲ ਜਾਂ ਝਿੱਕੇ ਨਾਲ ਟੱਕਰ ਹੁੰਦੀ। ਇਕ ਵਾਰ ਲਗਾਤਾਰ ਤੇਰਾਂ ਟੂਰਨਾਮੈਂਟ ਜਿੱਤੇ। ਇਲਾਕੇ ਦੇ ਮਰਹੂਮ ਨੇਤਾ ਸ. ਦਿਲਬਾਗ ਸਿੰਘ ਸੈਣੀ ਇਕ ਵਾਰ ਪਿੰਡ ਭੀਣ ਟੂਰਨਾਮੈਂਟਾਂ 'ਤੇ ਇਨਾਮ ਵੰਡਣ ਗਏ ਤਾਂ ਉਨ੍ਹਾਂ ਦੀ ਟੀਮ ਦੇਖਦਿਆਂ ਹੱਸ ਕੇ ਕਹਿਣ ਲੱਗੇ, "ਕਾਹਮੇ ਵਾਲਿਓ! ਕੋਈ ਪਿੰਡ ਤਾਂ ਛੱਡ ਦਿਉ।" ਪਰਮਜੀਤ ਹਰ ਪਾਸੇ ਮੋਹਰੀ ਹੁੰਦਾ ਸੀ।

ਸੱਜੇ ਖੱਬੇ ਕੂਹਣੀ ਮੋੜਾਂ 'ਤੇ
ਔਖੇ ਪੈਂਡਿਆਂ ਦਾ ਖਿਲਾੜੀ ਸੀ।
ਇਨਕਲਾਬੀ ਸੱਜਣ ਸੀ
ਪਰ ਸਿਆਸਤ ਤੋਂ ਕੋਰਾ ਅਨਾੜੀ ਸੀ।
ਲੋਕਪੱਖੀ ਸਰਗਰਮੀਆਂ 'ਚ ਰਹਿੰਦਾ ਸੀ ਸਦਾ
ਤੇ ਫੁੱਟਬਾਲ ਦਾ ਤਕੜਾ ਖਿਲਾੜੀ ਸੀ।

ਦੋ ਪਿੰਡਾਂ-ਕਾਹਮੇ ਅਤੇ ਮੰਗੂਵਾਲ ਵਿਚ ਉਹਦਾ ਵਸੇਬਾ ਰਿਹਾ ਹੈ। ਫੁੱਟਬਾਲ ਉਹ ਕਾਹਮੇ ਵਲੋਂ ਖੇਡਿਆ ਅਤੇ ਇਨਕਲਾਬੀ ਸਰਗਰਮੀਆਂ ਮੰਗੂਵਾਲ ਵਲੋਂ ਰਹੀਆਂ। ਲਾਗਲੇ ਪਿੰਡਾਂ ਵਾਲੇ ਤਾਂ ਉਹਨੂੰ ਕਾਹਮੇ ਤੋਂ ਜਾਣਦੇ ਸਨ, ਪਰ ਦੂਰ-ਦੁਰਾਡੇ ਜਾਣਨ ਵਾਲੇ ਉਹਨੂੰ ਮੰਗੂਵਾਲ ਦਾ ਸਮਝਦੇ। ਕਾਹਮੇ ਮੈਚ ਹੁੰਦੇ ਤਾਂ ਕਾਹਮੇ ਵਲੋਂ ਖੇਡਦਾ, ਜਦੋਂ ਦੂਰ ਖੇਡਣ ਜਾਣਾ ਤਾਂ ਮੰਗੂਵਾਲ ਵਲੋਂ ਖੇਡਦਾ। ਸਵੇਰ ਦੀ ਰੋਟੀ ਮੰਗੂਵਾਲ ਤੇ ਸ਼ਾਮ ਦੀ ਕਾਹਮੇ। ਚਾਹ ਦੋਵੇਂ ਪਾਸੇ ਪੀਵੀ ਜਾਂਦਾ। ਜਸਵੰਤ ਖਟਕੜ ਵਲੋਂ ਕਿਰਤੀਆਂ-ਕਿਸਾਨਾਂ ਦੀ ਆਵਾਜ਼ ਉਠਾਉਣ ਲਈ ਬਣਾਏ ਦੋਆਬਾ ਕਲਾ ਮੰਚ ਮੰਗੂਵਾਲ ਵਿਚ ਰੰਗਕਰਮੀ ਵਲੋਂ ਕਿਰਦਾਰ ਨਿਭਾਉਂਦਾ। ਭਾਰਤ ਨੌਜਵਾਨ ਸਭਾ ਕਾਹਮਾ ਵਲੋਂ ਸ. ਗੁਰਸ਼ਰਨ ਸਿੰਘ ਦੇ ਨਾਟਕ ਕਰਵਾਏ ਜਾਂਦੇ। ਨਾਟਕ ਦੇਖਣ ਲਈ ਸਾਰਾ ਇਲਾਕਾ ਢੁੱਕ ਜਾਂਦਾ।

ਹਰ ਪਿੰਡ ਦੀ ਪਛਾਣ ਕਿਸੇ ਨਾ ਕਿਸੇ ਖਾਸ ਸੱਜਣ ਕਰ ਕੇ ਬਣਦੀ ਹੈ। ਇਕ ਵਾਰ ਬੰਗਾ ਕਾਲਜ ਪੜ੍ਹਦੇ ਸਮੇਂ ਮੈਂ ਆਪਣੇ ਕਿਸੇ ਦੋਸਤ ਨਾਲ ਫਗਵਾੜੇ ਤੋਂ ਨਵਾਂ ਸ਼ਹਿਰ ਜਾ ਰਿਹਾ ਸਾਂ। ਕਾਹਮੇ ਅੱਡੇ ਬੱਸ ਰੁਕੀ ਤੇ ਦੋਸਤ ਕਹਿਣ ਲੱਗਾ, "ਔਹ ਆਹ ਪਿੰਡ ਐ ਪਰਮਜੀਤ ਕਾਹਮੇ ਦਾ...। ਬੜਾ ਹਿੰਮਤੀ ਬੰਦਾ!... ਹਮੇਸ਼ਾ ਸਰਗਰਮੀਆਂ 'ਚ ਰਹਿੰਦੈ...! ਦਿਨ ਰਾਤ ਭੱਜਾ ਫਿਰਦਾ।"

1998 ਵਿਚ ਸ. ਹਰਦੇਵ ਸਿੰਘ ਕਾਹਮਾ ਦੀ ਅਗਵਾਈ ਹੇਠ ਸਿੱਖ ਨੈਸ਼ਨਲ ਕਾਲਜ, ਬੰਗਾ ਵਿਚ ਸ਼ੁਰੂ ਕਰਵਾਏ ਸ਼ਹੀਦ ਭਗਤ ਸਿੰਘ ਮੈਮੋਰੀਅਲ ਟੂਰਨਾਮੈਂਟ ਵਿਚ ਉਹ ਪ੍ਰਬੰਧਕੀ ਸਕੱਤਰ ਦੀ ਸੇਵਾ ਨਿਭਾ ਰਿਹਾ ਹੈ ਅਤੇ ਟੂਰਨਾਮੈਂਟ ਦੀ ਰੂਪ-ਰੇਖਾ ਤਿਆਰ ਕਰਨ ਵਿਚ ਵੀ ਉਹਦਾ ਅਹਿਮ ਰੋਲ ਹੁੰਦਾ। ਟੂਰਨਾਮੈਂਟਾਂ ਦੀ ਵਿੱਤੀ ਇਕੱਤਰਤਾ ਦੀ ਕਮਾਂਡ ਵੀ ਉਹੀ ਸੰਭਾਲਦਾ।

ਫੁੱਟਬਾਲ ਦਾ ਨਾਮਵਰ ਖਿਡਾਰੀ, ਇਨਕਲਾਬੀ ਸੱਜਣ, ਪੀ. ਐਸ. ਯੂ. ਦਾ ਸਰਗਰਮ ਆਗੂ ਤੇ ਸਾਬਕਾ ਬਲਾਕ ਸਮਿਤੀ ਮੈਂਬਰ ਪਰਮਜੀਤ ਸਿੰਘ ਕਾਹਮਾ ਦੀ ਸਿਹਤ ਖਰਾਬ ਹੋ ਗਈ ਸੀ। ਉਹਦੇ ਜਿਗਰੀ ਯਾਰਾਂ, ਬੇਲੀਆਂ ਨੇ ਬਚਾ ਲਿਆ। ਸ. ਹਰਦੇਵ ਸਿੰਘ ਕਾਹਮਾ, ਸ. ਸਤਨਾਮ ਸਿੰਘ ਕਾਹਮਾ, ਮਾਸਟਰ ਦਵਿੰਦਰ ਸਿੰਘ, ਸ. ਅਮਰੀਕ ਸਿੰਘ ਲੇਹਲ, ਸ. ਸਵਰਨਜੀਤ ਸਿੰਘ ਨੰਬਰਦਾਰ, ਸ. ਸੁਰਿੰਦਰ ਸਿੰਘ ਮੰਗੂਵਾਲ, ਸ. ਕਮਲਜੀਤ ਸਿੰਘ ਵਿਰਕ ਅਤੇ ਰਵਿੰਦਰ ਸਹਿਰਾਅ ਵਰਗੇ ਹਮਖਿਆਲ ਸੱਜਣਾਂ ਦੀ ਮਾਇਕ ਮਦਦ ਸਦਕਾ ਉਹਨੂੰ ਨਵਾਂ ਜੀਵਨ ਮਿਲਿਆ।

ਜ਼ਿੰਦਗੀ ਦਾ ਹਰ ਰੰਗ ਦੇਖਿਆ, ਤਸ਼ੱਦਦ ਝੱਲਿਆ, ਕੇਸ ਕਟਾਏ, ਰੂਪੋਸ਼ ਹੋਇਆ, ਲੋਕਾਂ ਦੇ ਹੱਕਾਂ (ਹੱਕੀ ਮੰਗਾਂ) ਲਈ ਜੇਲ੍ਹ ਗਿਆ, ਪਰ ਹਮੇਸ਼ਾ ਜ਼ਮੀਨ ਨਾਲ ਜੁੜਿਆ ਰਿਹਾ। ਇਸ ਵਕਤ ਉਹ ਕਾਹਮਾ ਹਾਊਸ ਜੇਜੋਂ ਵਿਖੇ ਪਰਿਵਾਰ ਸਮੇਤ ਰਹਿ ਰਿਹੈ। ਉਹ ਰਹਿੰਦਾ ਭਾਵੇਂ ਜੇਜੋਂ ਹੈ, ਪਰ ਦਿਲ ਹਮੇਸ਼ਾ ਪਿੰਡ ਅਤੇ ਇਲਾਕੇ ਪ੍ਰਤੀ ਧੜਕਦਾ ਰਹਿੰਦੈ। ਇਲਾਕੇ ਦੀ ਹਰ ਖੁਸ਼ੀ-ਗਮੀ ਵਿਚ ਹਾਜ਼ਰ ਹੁੰਦੈ। ਹੁਣ ਕਿਸਾਨੀ ਘੋਲ ਵਿਚ ਵੀ ਵਧ ਚੜ੍ਹ ਕੇ ਹਿੱਸਾ ਪਾ ਰਿਹੈ। ਹੋਰਨਾਂ ਵਾਂਗ ਉਹ ਵੀ ਆਪਣੇ ਆਪ ਨੂੰ ਪੰਜਾਬ ਦਾ ਪੁੱਤ ਸਮਝਦਾ ਹੋਇਐ ਪੰਜਾਬ ਨੂੰ ਹੱਸਦਾ-ਵਸਦਾ, ਖੁਸ਼ਹਾਲ ਤੇ ਨਸ਼ਾ ਰਹਿਤ ਦੇਖਣਾ ਚਾਹੁੰਦੈ।

ਪਰਮਜੀਤ ਸਟੇਜਾਂ 'ਤੇ ਵੀ ਵਧੀਆ ਬੋਲ ਲੈਂਦਾ ਸੀ ਤੇ ਹਰ ਇਕ ਨੂੰ ਆਪਣੇ ਵੱਲ ਖਿੱਚਣ ਦੀ ਸਮਰੱਥਾ ਰੱਖਦਾ ਸੀ। ਕਲਮ ਦਾ ਧਨੀ ਵੀ ਸੀ। ਇਕ ਕਿਤਾਬ 'ਵਕਤ ਦੀ ਆਵਾਜ਼' ਵੀ ਲਿਖੀ। ਪਰਮਜੀਤ ਕਾਹਮਾ ਦਾ ਸੰਪਰਕ ਫੋਨ: +91-94170-88574 ਰਾਹੀਂ ਕੀਤਾ ਜਾ ਸਕਦਾ ਹੈ।

ਕਰਨੀ ਹੈ ਤਾਂ ਕਰੋ,
ਹਰੇ ਇਨਕਲਾਬ ਦੀ ਗੱਲ।
ਮੁਰਝਾਏ ਜਾਂਦੇ ਸੂਹੇ
ਫੁੱਲ ਗੁਲਾਬ ਦੀ ਗੱਲ।
ਬਾਂਕੇ ਮੱਲ 'ਇਕਬਾਲ ਸਿਹਾਂ' ਗਏ ਕਿਥੇ।
ਕਰਨੀ ਹੈ ਤਾਂ ਕਰੋ
ਨਸ਼ਿਆਂ ਨਾਲ ਮਰਦੇ,
ਗੁਰੂਆਂ ਪੀਰਾਂ ਦੇ ਪੰਜਾਬ ਦੀ ਗੱਲ।



ਹਰਦੇਵ ਸਿੰਘ ਕਾਹਮਾ ਅਤੇ ਦਰਸ਼ਣ ਸਿੰਘ ਮਾਹਲ ਤੋਂ ਸਨਮਾਨਿਤ ਹੁੰਦੇ ਹੋਏ ਪਰਮਜੀਤ ਕਾਹਮਾ (ਐਨ ਸੱਜੇ)



ਫੁੱਟਬਾਲ ਦੇ ਸਟਾਰ ਖਿਡਾਰੀਆਂ ਅਤੇ ਕੋਚਾਂ ਸਰਬਜੀਤ ਮੰਗੂਵਾਲ ਅਤੇ ਗੁਰਪਾਲ ਫੌਜੀ ਮੰਗੂਵਾਲ ਨਾਲ ਪਰਮਜੀਤ ਕਾਹਮਾ (ਐਨ ਸੱਜੇ)

# ਸ਼ਬਦਾਂ ਦਾ ਖਿਡਾਰੀ ਐੱਸ. ਅਸ਼ੋਕ ਭੌਰਾ

*(ਪਿਛਲੇ ਸਫੇ ਦੀ ਬਾਕੀ)*

ਬਾਲਕ ਸੀ, ਜੋ ਆਪਣੀ ਹਿੰਮਤ ਤੇ ਮਿਹਨਤ ਨਾਲ ਅੱਧੀ ਦੁਨੀਆ ਘੁੰਮਿਆ ਅਤੇ ਥਾਂ-ਥਾਂ ਭੌਰਾ-ਭੌਰਾ ਕਰਵਾਈ। ਉਹ ਖਿਡਾਰੀਆਂ, ਕਲਾਕਾਰਾਂ, ਗਾਇਕਾਂ, ਗੀਤਕਾਰਾਂ, ਸਿਆਸੀ ਨੇਤਾਵਾਂ, ਅਫਸਰਾਂ, ਅਖਬਾਰਾਂ ਰਸਾਲਿਆਂ ਦੇ ਐਡੀਟਰਾਂ ਅਤੇ ਰੇਡੀਓ-ਟੀ. ਵੀ. ਵਾਲਿਆਂ ਦੇ ਨਾ ਸਿਰਫ ਸੰਪਰਕ ਵਿਚ ਰਿਹਾ, ਸਗੋਂ ਯਾਰ ਜੁੱਟ ਵੀ ਰਿਹਾ। ਘੁੰਮਦਾ ਘੁੰਮਾਉਂਦਾ ਉਹ ਅਮਰੀਕਾ ਪੁੱਜ ਗਿਆ, ਜਿਥੇ ਪਰਿਵਾਰ ਵੀ ਸੱਦ ਲਿਆ।

ਉਸ ਨੇ ਚੌਦਾਂ ਸਾਲ ਦੀ ਉਮਰੇ ਪੇਂਡੂ ਟੂਰਨਾਮੈਂਟਾਂ 'ਤੇ ਜਾਣਾ, ਮਾਈਕ 'ਤੇ ਬੋਲਣਾ ਤੇ ਅਖਬਾਰਾਂ ਲਈ ਲਿਖਣਾ ਸ਼ੁਰੂ ਕੀਤਾ ਸੀ। ਉੱਨੀ ਸਾਲ ਦੀ ਉਮਰ ਵਿਚ ਦਿੱਲੀ ਦੀਆਂ ਏਸ਼ਿਆਈ ਦੀ ਰਿਪੋਰਟਿੰਗ ਕੀਤੀ। ਕਦੇ ਹਕੀਮਪੁਰ ਦਾ ਪੁਰੇਵਾਲ ਖੇਡ ਮੇਲਾ, ਕਦੇ ਕਿਲਾ ਰਾਇਪੁਰ ਦੀਆਂ ਖੇਡਾਂ, ਕਦੇ ਢੁੱਡੀਕੇ ਦਾ ਲਾਜਪਤ ਰਾਏ ਖੇਡ ਮੇਲਾ, ਗੱਲ ਕੀ ਪੰਜਾਬ ਦੇ ਛੋਟੇ ਵੱਡੇ ਪੇਂਡੂ ਖੇਡ ਮੇਲੇ ਕਵਰ ਕਰਦਾ ਰਿਹਾ, ਪਰ ਅਜੇ ਤੱਕ ਆਪਣੀਆਂ ਖੇਡ ਲਿਖਤਾਂ ਦਾ ਵੱਖਰਾ ਸੰਗ੍ਰਹਿ ਨਹੀਂ ਛਪਵਾਇਆ। ਉਸ ਨੇ ਦੇਸ਼ ਦੇ ਹੀ ਨਹੀਂ, ਸਗੋਂ ਵਿਦੇਸ਼ਾਂ ਦੇ ਪੰਜਾਬੀ ਖੇਡ ਮੇਲਿਆਂ ਬਾਰੇ ਵੀ ਖੁੱਲ੍ਹ ਕੇ ਲਿਖਿਆ। ਅੱਜ ਕੱਲ੍ਹ ਅਮਰੀਕਾ ਵਿਚ ਉਹ ਕੈਲੀਫਰਨੀਆ ਦੇ ਗਾਖਲ ਭਰਾਵਾਂ ਦੇ ਯੂਨਾਈਟਿਡ ਕਲੱਬ ਦਾ ਜਨਰਲ ਸਕੱਤਰ ਹੈ।

**ਉਹਦੀ ਖੇਡ ਸ਼ੈਲੀ ਦੀ ਝਲਕ:** ਹਰਬੰਸ ਸਿੰਘ ਪੁਰੇਵਾਲ ਖੇਡ ਮੇਲੇ ਹਕੀਮਪੁਰ ਦੇ ਨਜ਼ਾਰੇ ਤੇ ਰੰਗ ਨਿਆਰੇ ਨੇ। ਦੁਆਬੇ ਦੀ ਧੁੰਨੀ 'ਚ ਬਣੇ ਜਗਤਪੁਰ ਸਟੇਡੀਅਮ ਵਿਚ ਤਿੰਨੇ ਦਿਨ ਇਉਂ ਲੱਗਦਾ ਹੈ ਜਿਵੇਂ ਸੂਰਜ ਦੀ ਟਿੱਕੀ ਖੇਡਾਂ ਦਾ ਖੇੜਾ ਵਿਖਾਉਣ ਲਈ ਹੀ ਚੜ੍ਹੀ ਹੋਵੇ। ਉਸ ਸਟੇਡੀਅਮ ਵਿਚ ਖੇਡਾਂ ਦਾ ਸਮੁੰਦਰ ਰਿੜਕਿਆ ਜਾ ਰਿਹਾ ਹੁੰਦੈ। ਵਿਚੇ ਕਬੱਡੀ ਰਿੜਕੀ ਜਾਂਦੀ ਹੈ, ਵਿਚੇ ਕੁਸ਼ਤੀਆਂ ਘੁਲੀਆਂ ਜਾਂਦੀਆਂ, ਵਿਚੇ ਵਾਲੀਬਾਲ, ਵਿਚੇ ਦੌੜਾਂ ਤੇ ਛਾਲਾਂ, ਵਿਚੇ ਟਰੈਕਟਰ-ਟਰਾਲੀ ਬੈਕ ਮੁਕਾਬਲੇ, ਵਿਚੇ ਕੁੱਤਿਆਂ ਦੀ ਦੌੜ, ਬੈਲ ਗੱਡੀਆਂ ਦੀ ਦੌੜ, ਹਲਟ ਦੌੜ ਤੇ ਵਿਚੇ ਉਠ ਘੋੜਿਆਂ ਦੀ ਦੌੜ ਲੱਗੀ ਜਾਂਦੀ ਹੈ। ਵਿਚੇ ਨਿਹੰਗ ਸਿੰਘਾਂ ਦੀ ਨੇਜ਼ਾਬਾਜ਼ੀ, ਰੱਸਾਕਸ਼ੀ, ਮੁਗਦਰਾਂ ਤੇ ਬੋਰੀਆਂ ਦੇ ਬਾਲੇ ਅਤੇ ਵੱਟੇ ਵੇਲਣੇ ਚੁੱਕਣ ਦੇ ਮੁਕਾਬਲੇ ਹੋਈ ਜਾਂਦੇ ਨੇ। ਉਥੇ ਚਾਰ-ਚਾਰ ਮਾਈਕ 'ਕੱਠੇ ਗੂੰਜਦੇ ਨੇ ਤੇ ਆਵਾਜ਼ਾਂ ਦਾ ਅਜਬ ਨਾਦ ਵੱਜਦਾ ਹੈ। ਪ੍ਰਿੰਸੀਪਲ ਸਰਵਣ ਸਿੰਘ ਤੇ ਪ੍ਰੋਫੈਸਰ ਮੱਖਣ ਸਿੰਘ ਦੀ ਲੱਛੇਦਾਰ ਕੁਮੈਂਟਰੀ ਦਰਸ਼ਕਾਂ ਨੂੰ ਬੰਨ੍ਹੀ ਰੱਖਦੀ ਹੈ... ਆਹ ਲੈ... ਲਾ'ਤਾ ਰੋਪੜੀ ਜਿੰਦਾ... ਸਿੱਟ'ਤੀਆਂ ਕੁੰਜੀਆਂ ਖੂਹ 'ਚ... ਲਾ'ਤੀ ਕੈਂਚੀ... ਪਾ ਲਿਆ ਜੂੜ... ਧਾਵੀ ਕਹਿੰਦਾ ਮੈਂ ਜਾਊਂ... ਜਾਫੀ ਕਹਿੰਦਾ ਮੈਂ ਰੱਖੂੰ... ਜੀ ਓਏ ਸੋਹਣਿਆਂ! ਚੱਲਿਆ ਫਿਡਾ ਕੌਡੀ ਪਾਉਣ... ਵੱਜਦੀਆਂ ਧੌਲਾਂ... ਹੁੰਦਾ ਫਗਵਾੜੇ ਤੱਕ ਖੜਕਾ... ਨੱਚਾਂ ਮੈਂ ਲੁਧਿਆਣੇ ਮੇਰੀ ਧਮਕ ਜਲੰਧਰ ਪੈਂਦੀ... ਝਾਕਾ ਹੋਰ ਨੂੰ ਤੇ ਟੱਚ ਕਿਸੇ ਹੋਰ ਨੂੰ ਬੱਲੇ ਓਏ ਚਲਾਕ ਸੱਜਣਾਂ... ਔਹ ਵੇਖੋ ਕੁੱਤਿਆਂ ਦੀ ਦੌੜ...ਬੁੱਧ ਸਿੰਘ ਧਲੇਤੇ ਦਾ ਕੁੱਤਾ ਲਾਦੇਨ ਜਾਂਦਾ ਧੂੜਾਂ ਪੱਟੀ ... ਚਾਂਦਗੀ ਰਾਮ ਦੀ ਕੁੜੀ ਬਣ ਗਈ ਕੁਸ਼ਤੀ ਦੀ ਭਾਰਤ ਕੇਸਰੀ... ਰੁਸਤਮੇ ਹਿੰਦ ਕੇਸਰ ਸਿੰਘ ਦਾ ਪੋਤਾ ਪਲਵਿੰਦਰ ਚੀਮਾ ਜਿੱਤ ਗਿਆ ਘੋਲਾਂ ਦੀ ਝੰਡੀ... ਔਹ ਪੈਂਦੀ ਬਾਜ਼ੀ... ਵੇਖੋ ਨਚਦੀ ਘੋੜੀ... ਜਾਂਦਾ ਗੱਡੇ 'ਤੇ ਚੜ੍ਹਿਆ ਸ਼ੌਕੀਨ ਜੱਟ... ਔਹ ਚੜ੍ਹ ਗਏ ਪਤੰਗ... ਆਉਂਦੇ ਆ ਧੂੜਾਂ ਪੱਟਦੇ ਦੌੜਾਕ... ਕਰ ਦਿਓ ਟਰੈਕ ਖਾਲੀ... ਜੀ ਆਇਆਂ ਐੱਮ. ਐੱਲ. ਏ. ਸਾਹਿਬ... ਪਾਓ ਜੀ ਪਾਓ ਮੰਤਰੀ ਜੀ ਦੇ ਹਾਰ ... ਧੰਨਵਾਦ ਡੀ. ਸੀ. ਸਾਹਿਬ... ਸ਼ੁਕਰੀਆ ਸਾਰੇ ਮੀਡੀਏ ਦਾ... ਹੋ'ਜੋ ਪਰ੍ਹਾਂ-ਪਰ੍ਹਾਂ... ਕੋਈ ਨਿਹੰਗਾਂ ਦੇ ਘੋੜਿਆਂ ਥੱਲੇ ਨਾ ਆ'ਜੇ... ਹੋਰ ਨਾ ਕਿਸੇ ਦੀ ਜਾਹ ਜਾਂਦੀ ਹੋ'ਜੇ!

ਲਓ ਹੁਣ ਐੱਸ. ਅੱਖਰ ਦਾ ਭੇਤ ਵੀ ਖੋਲ੍ਹ ਦਿੰਨੇ ਆਂ। ਨਾਂ ਰੱਖਣ ਲਈ ਗੁਰਦੁਆਰੇ ਦੇ ਭਾਈ ਜੀ ਨੇ 'ਸੱਸਾ' ਅੱਖਰ ਕੱਢਿਆ ਸੀ, ਜਿਸ ਤੋਂ ਮਾਮੇ ਨੇ ਉਹਦਾ ਨਾਂ 'ਸਮਰਾਟ ਅਸ਼ੋਕ' ਰੱਖ ਦਿੱਤਾ। ਸਮਰਾਟ ਨੂੰ ਸਕੂਲ ਦਾਖਲ ਕਰਾਇਆ ਤਾਂ ਮਾਸਟਰ ਨੇ ਅਸ਼ੋਕ ਕੁਮਾਰ ਲਿਖ ਦਿੱਤਾ। ਸਮਰਾਟ ਦੀ ਮਾਂ 'ਐਸ ਅਸ਼ੋਕ ਨੂੰ', 'ਐਸ ਮੁੰਡੇ ਨੂੰ', 'ਐਸ ਟੁੱਟ ਪੈਣੇ ਨੂੰ' ਕਹਿੰਦੀ ਗੁਆਂਢਣਾਂ ਨਾਲ ਗੱਲਾਂ ਕਰਦੀ। ਖਿਝੀ ਹੋਈ 'ਐਸ ਬੇਹ ਹੋਣੇ ਨੂੰ' ਕਹਿੰਦੀ ਗਾਲ੍ਹਾਂ ਕੱਢਦੀ। ਸ਼ਬਦਾਂ ਦੇ ਖਿਡਾਰੀ ਨੇ ਸ਼ਬਦਾਂ ਦੀ ਖੇਡ ਖੇਡਦਿਆਂ ਆਖਰ ਮਹਾਰਾਜ ਦਾ ਬਖਸ਼ਿਆ 'ਸੱਸਾ' ਆਪਣੇ ਨਾਂ ਦੇ ਅੱਗੇ ਲਾ ਲਿਆ, ਮਾਪਿਆਂ ਦਾ 'ਅਸ਼ੋਕ' ਵਿਚਾਲੇ ਤੇ ਮਾਸਟਰ ਦੇ 'ਕੁਮਾਰ' ਦੀ ਥਾਂ ਪਿੰਡ ਦਾ ਨਾਂ 'ਭੌਰਾ' ਪਿੱਛੇ ਜੋੜ ਕੇ 'ਐੱਸ. ਅਸ਼ੋਕ ਭੌਰਾ' ਦੇ ਨਾਂ ਦਾ ਜੁਗਾੜ ਕਰ ਲਿਆ। ਇਹੋ ਜੁਗਾੜ ਉਹਦੀ ਪੌਂ ਬਾਰਾਂ ਕਰਾਈ ਜਾ ਰਿਹੈ!

# ਰਵਿੰਦਰ ਰਵੀ ਦੇ ਕਾਵਿ-ਨਾਟਕਾਂ 'ਚ ਅਜੋਕੇ ਦੁਨਿਆਵੀ ਵਰਤਾਰਿਆਂ ਦੀ ਪੇਸ਼ਕਾਰੀ

ਰਵਿੰਦਰ ਸਿੰਘ ਸੋਢੀ, ਕੈਨੇਡਾ
ਫੋਨ: 604-369-2371



ਸਿਆਲਕੋਟ (ਪਾਕਿਸਤਾਨ) ਦਾ ਜੰਮਪਲ ਰਵਿੰਦਰ ਰਵੀ, ਦੇਸ਼ ਦੀ ਵੰਡ ਵੇਲੇ ਆਪਣੇ ਪਰਿਵਾਰ ਨਾਲ ਭਾਰਤ ਪਹੁੰਚ ਗਿਆ। ਪੜ੍ਹਾਈ ਖਤਮ ਕਰਨ ਤੋਂ ਬਾਅਦ ਦਸ ਕੁ ਸਾਲ ਸਰਕਾਰੀ ਸਕੂਲਾਂ ਵਿਚ ਅਧਿਆਪਕ ਰਿਹਾ। 1967 ਵਿਚ ਬਤੌਰ ਅਧਿਆਪਕ ਹੀ ਕੀਨੀਆ ਚਲਾ ਗਿਆ। 1974 ਵਿਚ ਪੱਕੇ ਤੌਰ 'ਤੇ ਕੈਨੇਡਾ ਨੂੰ ਆਪਣੀ ਕਰਮ ਭੂਮੀ ਬਣਾ ਲਿਆ। ਸੈਰ-ਸਪਾਟੇ ਦੇ ਸ਼ੌਕੀਨ ਰਵੀ ਨੇ ਕਈ ਪੱਛਮੀ ਮੁਲਕਾਂ ਦਾ ਭ੍ਰਮਣ ਵੀ ਕੀਤਾ। ਕੈਨੇਡਾ ਵਿਚ ਕੁਝ ਦੇਰ ਬੇਰੁਜ਼ਗਾਰੀ ਦੀ ਮਾਰ ਵੀ ਝੱਲੀ ਅਤੇ ਲੱਕੜ ਮਿਲ ਵਿਚ ਮਜਦੂਰੀ ਵੀ ਕੀਤੀ, ਪਰ ਜਲਦੀ ਹੀ ਆਪਣੇ ਅਧਿਆਪਨ ਦੇ ਕਿੱਤੇ ਵਿਚ ਪਹੁੰਚ ਗਿਆ।

ਕੈਨੇਡਾ ਰਹਿੰਦੇ ਹੋਏ ਅਤੇ ਪੱਛਮੀ ਮੁਲਕਾਂ ਦੀ ਸੈਰ ਸਮੇਂ ਨੌਜਵਾਨ ਰਵੀ ਨੇ ਉਨ੍ਹਾਂ ਦੇਸ਼ਾਂ ਵਿਚ ਆ ਰਹੀਆਂ ਤਬਦੀਲੀਆਂ ਨੂੰ ਮਹਿਸੂਸ ਕੀਤਾ। ਕੀਨੀਆ ਜਾਣ ਤੋਂ ਪਹਿਲਾਂ ਹੀ ਰਵੀ, ਕਵਿਤਾ ਅਤੇ ਕਹਾਣੀਆਂ ਲਿਖਣ ਵੱਲ ਪ੍ਰੇਰਿਤ ਹੋ ਚੁਕਾ ਸੀ। ਵਿਦੇਸ਼ੀ ਦੌਰਿਆਂ ਦੌਰਾਨ ਨੌਜਵਾਨ ਸਾਹਿਤਕਾਰ ਨੇ ਜਦੋਂ ਇਕ ਨਵੇਂ ਮਾਹੌਲ ਦੀ ਸਿਰਜਣਾ ਵੱਲ ਵਧ ਰਹੇ ਰੁਝਾਨ ਨੂੰ ਦੇਖਿਆ, ਤਾਂ ਦਿਬ ਦ੍ਰਿਸ਼ਟੀ ਵਾਲੇ ਸਾਹਿਤਕਾਰ ਦੀ ਕਲਪਨਾ ਸ਼ਕਤੀ ਨੂੰ ਖੰਭ ਲੱਗੇ। ਦੂਜਾ, ਵਿਦਿਆਰਥੀਆਂ ਨੂੰ ਅੰਗਰੇਜ਼ੀ ਪੜ੍ਹਾਉਂਦਿਆਂ ਰਵੀ ਨੇ ਵਿਸ਼ਵ ਪੱਧਰ ਦੇ ਸਾਹਿਤ ਵਿਚ ਆ ਰਹੇ ਨਵੇਂ ਝੁਕਾਵਾਂ ਦੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਨਵੇਂ ਸਾਹਿਤਕ ਸਿਧਾਂਤਾਂ ਦਾ ਡੂੰਘਾ ਅਧਿਐਨ ਕੀਤਾ। ਰਵੀ ਨੂੰ ਮਹਿਸੂਸ ਹੋਇਆ ਕਿ ਉਹ ਜਿਹੜੇ ਨਵੇਂ ਵਰਤਾਰਿਆਂ ਸੰਬੰਧੀ ਲਿਖਣਾ ਚਾਹੁੰਦਾ ਹੈ, ਪਾਠਕਾਂ ਨੂੰ ਨਵੇਂ ਹਾਲਾਤ ਤੋਂ ਜਾਣੂ ਕਰਵਾਉਣਾ ਚਾਹੁੰਦਾ ਹੈ, ਅਸਿੱਧੇ ਢੰਗ ਨਾਲ ਗੈਰ-ਸਮਾਜਿਕ ਰੁਝਾਨਾਂ ਵਿਰੁੱਧ ਖਬਰਦਾਰ ਕਰਨਾ ਚਾਹੁੰਦਾ ਹੈ, ਉਨ੍ਹਾਂ ਲਈ ਪੰਜਾਬੀ ਸਾਹਿਤ ਦੇ ਪੁਰਾਣੇ ਰੂਪਕ ਪੱਖ ਨੂੰ ਤਿਆਗ ਕੇ ਨਵੇਂ ਸਾਹਿਤਕ ਸਿਧਾਂਤਾਂ ਦੀ ਮਦਦ ਨਾਲ, ਆਪਣੀਆਂ ਸਾਹਿਤਕ ਕਿਰਤਾਂ ਦੀ ਰਚਨਾ ਕਰਨੀ ਹੋਵੇਗੀ। ਰਵੀ ਦਾ ਮਕਸਦ ਸੀ ਕਿ ਪੰਜਾਬੀ ਪਾਠਕਾਂ ਨੂੰ ਵੀ ਨਵੇਂ ਸਾਹਿਤਕ ਧਰਾਤਲ ਨਾਲ ਜੋੜਿਆ ਜਾਵੇ, ਸਾਹਿਤ ਪ੍ਰਤੀ ਉਨ੍ਹਾਂ ਦਾ ਨਜ਼ਰੀਆ ਬਦਲਿਆ ਜਾਵੇ, ਸਾਹਿਤਕਾਰ ਦੀ ਸੰਕੇਤਕ ਭਾਸ਼ਾ ਨੂੰ ਸਮਝਣ ਦੀ ਰੁਚੀ ਪੈਦਾ ਹੋ ਸਕੇ ਅਤੇ ਪੰਜਾਬੀ ਸਾਹਿਤ, ਸਾਹਿਤਕਾਰ, ਪਾਠਕ ਸਾਰੇ ਹੀ ਸਮੇਂ ਦੇ ਹਾਣ ਦਾ ਬਣਨ।

ਰਵੀ ਨੇ ਪੱਛਮੀ ਮੁਲਕਾਂ ਦੇ ਅਤਿਆਧੁਨਿਕ ਰੰਗਮੰਚ ਨੂੰ ਦੇਖਿਆ ਅਤੇ ਮਹਿਸੂਸ ਕੀਤਾ ਕਿ ਸਾਹਿਤਕਾਰ ਨਾਟਕੀ ਵਿਧਾ ਰਾਹੀਂ ਪਾਠਕਾਂ/ਦਰਸ਼ਕਾਂ ਤੱਕ ਆਪਣਾ ਸੁਨੇਹਾ ਵਧੀਆ ਢੰਗ ਨਾਲ ਪਹੁੰਚਾ ਸਕਦਾ ਹੈ। ਉਹ ਮੂਲ ਰੂਪ ਵਿਚ ਕਵੀ ਸੀ, ਇਸ ਲਈ ਉਸ ਨੇ ਵਾਰਤਕ ਨਾਟਕਾਂ ਦੀ ਥਾਂ ਕਾਵਿ-ਨਾਟਕਾਂ ਦੀ ਰਚਨਾ ਨੂੰ ਤਰਜੀਹ ਦਿੱਤੀ। ਅਸਲ ਵਿਚ ਕਾਵਿ-ਨਾਟਕ ਲਿਖਣਾ, ਵਾਰਤਕ ਨਾਟਕ ਲਿਖਣ ਨਾਲੋਂ ਵਧੇਰੇ ਕੁਸ਼ਲਤਾ ਦੀ ਮੰਗ ਕਰਦਾ ਹੈ। ਰਵੀ ਦਾ ਪਹਿਲਾ ਕਾਵਿ-ਨਾਟਕ 1974 ਵਿਚ ਪ੍ਰਕਾਸ਼ਿਤ ਹੋਇਆ ਅਤੇ ਹੁਣ ਤੱਕ ਉਹ ਸੋਲਾਂ ਕਾਵਿ-ਨਾਟਕ ਲਿਖ ਚੁਕਾ ਹੈ ਅਤੇ ਇਹ ਸਾਰੇ ਮੰਚ ਦਾ ਸ਼ਿੰਗਾਰ ਵੀ ਬਣ ਚੁਕੇ ਹਨ।

ਉਸ ਦੇ ਨਾਟਕਾਂ ਨੂੰ ਪਰਖਣ ਤੋਂ ਪਹਿਲਾਂ ਇਸ ਤੱਥ ਦਾ ਪਤਾ ਹੋਣਾ ਚਾਹੀਦਾ ਹੈ ਕਿ ਉਸ ਨੇ ਤਕਨੀਕੀ ਪੱਖ ਤੋਂ ਸੰਪਨ ਪੱਛਮੀ ਰੰਗਮੰਚ ਦੇਖਿਆ ਅਤੇ ਉਸ ਤੋਂ ਪ੍ਰਭਾਵਿਤ ਹੋਇਆ। ਉਨ੍ਹਾਂ ਮੁਲਕਾਂ ਦੇ ਖੁੱਲ੍ਹੇ ਮਾਹੌਲ ਅਨੁਸਾਰ ਮੰਚ 'ਤੇ ਦਿਖਾਈਆਂ ਜਾਂਦੀਆਂ ਪੇਸ਼ਕਾਰੀਆਂ ਦਾ ਵੀ ਪ੍ਰਭਾਵ ਗ੍ਰਹਿਣ ਕੀਤਾ। ਇਸੇ ਲਈ ਰਵੀ ਨੇ ਵੀ ਕਈ ਨਾਟਕਾਂ ਵਿਚ ਪਾਤਰਾਂ ਦੇ ਆਪਸੀ ਵਾਰਤਾਲਾਪ ਵਿਚ ਇਹ ਖੁੱਲ੍ਹਾਂ ਲਈਆਂ। ਇਥੇ ਇਹ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਕਿ ਉਸ ਨੇ ਆਪਣੇ ਨਾਟਕਾਂ ਦੇ ਵਿਸ਼ੇ ਅਨੁਸਾਰ ਹੀ ਅਜਿਹਾ ਕੁਝ ਪੇਸ਼ ਕੀਤਾ ਹੈ। ਅਜਿਹੀ ਪੇਸ਼ਕਾਰੀ ਸਮੇਂ ਉਸ ਨੇ ਰੰਗਮੰਚ ਦੀਆਂ ਨਵੀਆਂ ਤਕਨੀਕਾਂ ਵਰਤਣ ਦੇ ਵੀ ਨਿਰਦੇਸ਼ ਦਿੱਤੇ ਹਨ ਤਾਂ ਜੋ ਸੰਗੀਤਕ ਪ੍ਰਭਾਵਾਂ, ਮੱਧਮ ਅਤੇ ਜਗਦੀਆਂ-ਬੁਝਦੀਆਂ ਰੌਸ਼ਨੀਆਂ ਦੀ ਓਟ ਵਿਚ ਕਲਾਕਾਰ ਵੀ ਬਹੁਤੇ ਅਸਹਿਜ ਨਾ ਹੋਣ, ਦਰਸ਼ਕ ਵੀ ਅਜਿਹੀਆਂ ਤਕਨੀਕੀ ਬਾਰੀਕੀਆਂ ਨੂੰ ਮਾਣਦੇ ਹੋਏ ਪਾਤਰਾਂ ਦੇ ਕਾਰਜ ਅਤੇ ਵਾਰਤਾਲਾਪ ਤੋਂ ਕੁਝ ਦੇਰ ਲਈ ਟੁੱਟ ਜਾਣ।

ਆਪਣੇ ਕਾਵਿ-ਨਾਟਕਾਂ ਵਿਚ ਪੇਸ਼ ਕੀਤੀਆਂ ਸਮੱਸਿਆਵਾਂ ਸੰਬੰਧੀ ਰਵਿੰਦਰ ਰਵੀ ਨੇ ਆਪਣੇ ਨਾਟਕ 'ਦਰ ਦੀਵਾਰਾਂ' ਦੇ ਮੁੱਢ ਵਿਚ ਵਿਸਥਾਰ ਨਾਲ ਚਰਚਾ ਕੀਤੀ ਹੈ, ਜਿਸ ਦਾ ਸਾਰ ਕੁਝ ਇਸ ਤਰ੍ਹਾਂ ਬਣਦਾ ਹੈ: ਪੱਛਮੀ ਮੁਲਕਾਂ ਵਿਚ ਔਰਤ-ਮਰਦ ਕਾਨੂੰਨੀ ਤੌਰ 'ਤੇ ਵਿਆਹ ਕਰਵਾਏ ਬਿਨਾ ਹੀ ਇਕੱਠੇ ਰਹਿ ਸਕਦੇ ਹਨ; ਅਜੋਕੀ ਪੀੜ੍ਹੀ ਵਿਆਹ ਦੇ ਸੰਕਲਪ ਤੋਂ ਕਿਨਾਰਾ ਕਰ ਰਹੀ ਹੈ; ਕੁਝ ਔਰਤਾਂ ਵਿਆਹ ਤਾਂ ਕਰਵਾਉਂਦੀਆਂ ਹਨ, ਪਰ ਆਪਣੀ ਸਰੀਰਕ ਦਿੱਖ ਨੂੰ ਕਾਇਮ ਰੱਖਣ ਲਈ ਬੱਚੇ ਪੈਦਾ ਨਹੀਂ ਕਰਦੀਆਂ; ਮਾਤਾ-ਪਿਤਾ ਆਪਣੀ ਮਰਜੀ ਅਨੁਸਾਰ ਇਕੱਠੇ ਰਹਿੰਦੇ ਹਨ ਅਤੇ ਜਦੋਂ ਮਰਜੀ ਅਲੱਗ ਹੋ ਕੇ ਕਿਸੇ ਹੋਰ ਨਾਲ ਨਵਾਂ ਘਰ ਵਸਾ ਲੈਂਦੇ ਹਨ; ਲੰਬਾ ਅਰਸਾ ਇਕੱਠੇ ਰਹੇ ਪਤੀ-ਪਤਨੀ ਵਿਚੋਂ ਜੇ ਕੋਈ ਇਕ ਕਿਸੇ ਜਾਨ ਲੇਵਾ ਬਿਮਾਰੀ ਦਾ ਸ਼ਿਕਾਰ ਹੋ ਜਾਵੇ ਤਾਂ ਦੂਜਾ ਉਸ ਨੂੰ ਛੱਡ ਜਾਂਦਾ ਹੈ; ਬਹੁਤੇ ਬੱਚਿਆਂ ਨੂੰ ਮਾਂ-ਪਿਉ ਵਿਚੋਂ ਕਿਸੇ ਇਕ ਦਾ ਹੀ ਪਿਆਰ ਮਿਲਦਾ ਹੈ; ਅਣਵਿਆਹੀਆਂ ਮਾਂਵਾਂ ਦੀ ਗਿਣਤੀ ਵਧ ਰਹੀ ਹੈ; ਬੱਚੇ ਬੇਬੀ ਸਿਟਰਾਂ ਕੋਲ ਪਲ ਰਹੇ ਹਨ; ਨਸ਼ਿਆਂ ਵਿਚ ਗਲਤਾਨ ਨਵੀਂ ਪੀੜ੍ਹੀ ਨਰਕ ਦੀ ਜ਼ਿੰਦਗੀ ਭੋਗ ਰਹੀ ਹੈ; ਸਰਕਾਰੀ ਦੇਖ-ਭਾਲ ਵਿਚ ਚੱਲ ਰਹੇ ਵੱਖ ਵੱਖ ਬਾਲ-ਘਰਾਂ ਵਿਚ ਪਲ ਰਹੇ ਭੈਣ-ਭਰਾ ਕਈ ਵਾਰ ਅਣਜਾਣੇ ਵਿਚ ਹੀ ਵਿਆਹ ਕਰਵਾ ਲੈਂਦੇ ਹਨ ਆਦਿ।

ਨਿਰਸੰਦੇਹ ਅਜਿਹਾ ਮਾਹੌਲ ਪੰਜਾਬ ਦੇ ਮਾਹੌਲ ਨਾਲੋਂ ਵੱਖ ਸੀ, ਪਰ ਅਸੀਂ ਦੇਖ ਰਹੇ ਹਾਂ ਕਿ ਅਜੋਕੇ ਪੰਜਾਬ ਵਿਚ ਉਪਰੋਕਤ ਘਟਨਾਕ੍ਰਮ ਵਾਪਰਨੇ ਸ਼ੁਰੂ ਹੋ ਗਏ ਹਨ। ਜਦੋਂ ਅਜਿਹੇ ਨਾਟਕਾਂ ਦੀ ਪੇਸ਼ਕਾਰੀ ਦਰਸ਼ਕਾਂ ਵਿਚ ਪ੍ਰਵਾਨ ਚੜ੍ਹ ਰਹੀ ਹੈ ਤਾਂ ਇਸ ਦਾ ਭਾਵ ਹੈ ਕਿ ਪੰਜਾਬੀ ਰੰਗ-ਮੰਚ ਅਤੇ ਦਰਸ਼ਕ ਸਮੇਂ ਦੇ ਹਾਣ ਦਾ ਹੋ ਰਹੇ ਹਨ।

ਰਵੀ ਨੇ ਐਬਸਰਡ ਥੀਏਟਰ, ਅਸਤਿਤਵਵਾਦ, ਚੇਤਨ ਪ੍ਰਵਾਹ, ਪੜਯਥਾਰਵਾਦ, ਹੁਣਵਾਦ ਵਰਗੇ ਨਵੀਨ ਸਾਹਿਤਕ ਵਰਤਾਰਿਆਂ ਨੂੰ ਆਪਣੇ ਨਾਟਕਾਂ ਰਾਹੀਂ ਪੇਸ਼ ਕਰਕੇ ਪੰਜਾਬੀ ਭਾਸ਼ਾ ਦਾ ਸਾਹਿਤਕ ਪਿੜ ਮੋਕਲਾ ਕੀਤਾ।

ਰਵੀ ਦੇ ਨਾਟਕਾਂ ਦੀ ਇਕ ਹੋਰ ਖ਼ੂਬੀ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਉਹ ਆਪਣੇ ਇਕ ਹੀ ਨਾਟਕ ਨੂੰ ਕਿਸੇ ਇਕਹਿਰੇ ਵਿਸ਼ੇ ਦੇ ਆਲੇ-ਦੁਆਲੇ ਨਹੀਂ ਉਸਾਰਦਾ, ਸਗੋਂ ਨਾਟਕਾਂ ਦੇ ਵੱਖ ਵੱਖ ਦ੍ਰਿਸ਼ਾਂ ਵਿਚ ਨਵੀਂ ਸਮੱਸਿਆ ਉਭਾਰਦਾ ਹੈ। ਨਾਟਕਕਾਰ ਦਾ ਮਕਸਦ ਇਨ੍ਹਾਂ ਸਮੱਸਿਆਵਾਂ ਦਾ ਸਮਾਧਾਨ ਦੇਣਾ ਨਹੀਂ, ਸਗੋਂ ਉਹ ਤਾਂ ਪਾਠਕਾਂ/ਦਰਸ਼ਕਾਂ ਦੇ ਸਨਮੁਖ ਅਜਿਹੀਆਂ ਵਿਕਰਾਲ ਅਵਸਥਾਵਾਂ ਦੀ ਪੇਸ਼ਕਾਰੀ ਕਰਕੇ ਉਨ੍ਹਾਂ ਨੂੰ ਜਾਗਰੂਕ ਕਰਨਾ ਚਾਹੁੰਦਾ ਹੈ। ਅਸਲ ਵਿਚ ਉਹ ਘਟਨਾਵਾਂ ਨਹੀਂ ਪੇਸ਼ ਕਰਦਾ, ਉਹ ਤਾਂ ਮਨੁੱਖੀ ਮਨ ਦੀਆਂ ਗੁੰਝਲਾਂ ਨੂੰ ਦਰਸਾਉਂਦਾ ਹੈ। ਆਪਣੇ ਸਮੇਂ ਦੇ ਸੱਚ ਨੂੰ ਪ੍ਰਗਟਾਉਣ ਸਮੇਂ ਰਵੀ ਨੇ ਸੰਬੰਧਿਤ ਹਾਲਾਤ ਦਾ ਵਿਸ਼ਲੇਸ਼ਣ ਆਪਣੀ ਮੌਲਿਕ ਸ਼ੈਲੀ ਵਿਚ ਕੀਤਾ ਹੈ। ਕੁਝ ਹਾਲਾਤ ਨੂੰ ਪੰਜਾਬੀ ਰੰਗਣ ਦੇਣ ਲਈ ਉਸ ਨੇ ਪੰਜਾਬੀ ਲੋਕ ਕਾਵਿ ਸਾਹਿਤਕ ਰੂਪਾਂ ਦੀ ਤਰਜ ਵਿਚ ਬਿਆਨਿਆ ਹੈ। ਨਿਰਸੰਦੇਹ ਇਹ ਨਾਟਕਕਾਰ ਦਾ ਵਿਲੱਖਣ ਉਪਰਾਲਾ ਸੀ, ਜਿਸ ਨੂੰ ਸਲਾਹਿਆ ਵੀ ਗਿਆ। ਇਸ ਤਰ੍ਹਾਂ ਹੀ ਉਸ ਨੇ ਪਾਤਰਾਂ ਦੇ ਨਾਮਕਰਨ ਸਮੇਂ ਵੀ ਦੂਰਦਰਸ਼ਤਾ ਦਿਖਾਉਂਦਿਆਂ ਪਾਤਰਾਂ ਨੂੰ ਕਿਸੇ ਵਿਸ਼ੇਸ਼ ਸਥਾਨ ਨਾਲ ਨਹੀਂ ਜੋੜਿਆ, ਸਗੋਂ ਪ੍ਰਤੀਕਾਤਮਕ ਨਾਂ ਦੇ ਕੇ ਸਰਵ ਵਿਆਪਕ ਬਣਾ ਦਿੱਤਾ। ਇਹ ਵੀ ਰਵੀ ਦੀ ਮੌਲਿਕ ਸ਼ੈਲੀ ਹੈ। ਰਵੀ ਦੀ ਮੌਲਿਕਤਾ ਕਰਕੇ ਹੀ ਉਸ ਦੇ ਕਾਵਿ-ਨਾਟਕ ਪਾਠਕਾਂ, ਦਰਸ਼ਕਾਂ, ਰੰਗਕਰਮੀਆਂ ਅਤੇ ਆਲੋਚਕਾਂ 'ਚ ਪ੍ਰਵਾਣ ਚੜ੍ਹੇ।



ਰਵਿੰਦਰ ਰਵੀ

ਜੇ ਰਵੀ ਦੇ ਕੁਝ ਕਾਵਿ-ਨਾਟਕਾਂ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਪਤਾ ਲੱਗਦਾ ਹੈ ਕਿ ਉਸ ਨੇ ਕਿਵੇਂ ਕਲਾਮਈ ਢੰਗ ਨਾਲ ਵਿਸ਼ਵ ਵਿਆਪੀ ਸਮੱਸਿਆਵਾਂ ਨੂੰ ਰੂਪਮਾਨ ਕੀਤਾ ਹੈ।

ਸਭ ਤੋਂ ਪਹਿਲਾਂ ਅਸੀਂ ਉਸ ਦੇ ਨਾਟਕ 'ਭਰਮ-ਜਾਲ' ਦੀ ਗੱਲ ਕਰਦੇ ਹਾਂ। ਇਸ ਨਾਟਕ ਵਿਚ ਇਕ ਅਜਿਹੀ ਔਰਤ (ਤ੍ਰਿਸ਼ਨਿੰਦਰ) ਦੀ ਕਹਾਣੀ ਹੈ, ਜਿਸ ਦੀ ਜ਼ਿੰਦਗੀ ਵਿਚ ਚਾਰ-ਪੰਜ ਮਰਦ ਆਉਂਦੇ ਹਨ। ਇਹ ਸਾਰੇ ਹੀ ਕਾਮ ਦੇ ਅੰਨ੍ਹੇ ਹਨ। ਨਾਇਕਾ ਦੇ ਕਾਲਜ ਦਾ ਇਕ ਪ੍ਰੋਫੈਸਰ ਉਸ ਨੂੰ ਆਪਣੀ ਜਕੜ ਵਿਚ ਫਸਾਉਂਦਾ ਹੈ। ਦੂਜਾ ਪਾਤਰ ਤਨਜੀਤ 'ਤਨ' ਦੀ ਖੇਡ ਤੱਕ ਹੀ ਮਹਿਦੂਦ ਹੈ। ਤ੍ਰਿਸ਼ਨਿੰਦਰ ਵੀ 'ਤ੍ਰਿਸ਼ਨਾ' ਦੀ ਹੀ ਭੁੱਖੀ ਹੈ। ਤ੍ਰਿਸ਼ਨਿੰਦਰ, ਤਨਜੀਤ ਨੂੰ ਭਰਾ ਮੰਨਦੀ ਹੈ, ਪਰ ਉਹ ਬੜੀ ਬੇਸ਼ਰਮੀ ਨਾਲ ਉਸ ਨੂੰ ਕਹਿੰਦਾ ਹੈ, "ਮੇਰੀਆਂ ਸੰਭਾਵਨਾਵਾਂ ਨੂੰ, ਅਸੰਭਵ ਨਾ ਬਣਾ; ਦਿਲ ਦਾ ਚੈਨਲ ਬਦਲ, ਮੈਨੂੰ ਮਹਿਰਮ ਬਣਾ।" ਦੂਸਰਾ ਮਰਦ (ਸੂਰਬੀਰ) ਵੀ ਨੀਚਤਾ ਦੀ ਹੱਦ ਪਾਰ ਕਰਦਾ ਕਹਿੰਦਾ ਹੈ, "ਸ਼ਾਪਿੰਗ ਕਰਦਿਆਂ ਕੋਈ ਚੀਜ਼ ਲੈਣ ਤੋਂ ਪਹਿਲਾਂ, ਉਸ ਨੂੰ ਕਈ ਵਾਰ ਪਹਿਨ ਕੇ ਵੇਖੀਦਾ ਹੈ।" ਤੀਸਰਾ ਮਰਦ (ਰੁਸ਼ਨਿੰਦਰ) ਵੀ ਉਸ ਨਾਲ ਵਕਤੀ ਰਿਸ਼ਤੇ ਰੱਖਣਾ ਚਾਹੁੰਦਾ ਹੈ। ਇਸੇ ਲਈ ਕਹਿੰਦਾ ਹੈ, "ਮੌਸਮ ਬਣ ਕੇ ਆਇਆ ਕਰ ਕਦੇ ਕਦੇ, ਮੈਨੂੰ ਇਸ ਜੱਗ ਦੀਆਂ ਹੋਰ ਰੁੱਤਾਂ ਵੀ ਮਾਣਨ ਦੇ।" 'ਆਪੋ ਆਪਣੇ ਦਰਿਆ' ਦੇ ਅੱਠਵੇਂ ਦ੍ਰਿਸ਼ ਵਿਚ ਕੁੜੀ-1 ਬੜੀ ਬੇਬਾਕੀ ਨਾਲ ਇਹ ਸ਼ਬਦ ਬੋਲਦੀ ਹੈ, "ਛਿਣ ਦੇ ਰਿਸ਼ਤੇ ਤੂੰ ਕੀ ਜਾਣੇਂ, ਬੇ-ਬੰਧਨ ਤੇ ਖੁੱਲ੍ਹੀਆਂ ਚੋਗਾਂ, ਅੱਜ ਦਾ ਪੰਛੀ ਰੱਜ, ਰੱਜ ਮਾਣੇਂ।"

'ਅੱਧੀ ਰਾਤ ਦੁਪਹਿਰ' ਵਿਚ ਨੌਜਵਾਨ ਕੁੜੀ ਆਪਣੀ ਮਾਂ ਦਾ ਕਥਨ ਦੁਹਰਾਉਂਦੀ ਹੈ, "ਲਿਵ-ਇਨ-ਲਵ ਦੀ ਸ਼ੋਭਾ ਕਰਦੀ, ਕਾਮ ਸਹੂਲਤ ਵਾਂਗ ਭੋਗਦੀ।" 'ਦਰ ਦੀਵਾਰ' ਨਾਟਕ ਵਿਚ ਇਕ ਆਵਾਜ਼ ਸਪਸ਼ਟ ਸ਼ਬਦਾਂ ਵਿਚ ਕਹਿੰਦੀ ਹੈ, "ਭੁੱਖ ਲੱਗੀ ਤਾਂ ਰੋਟੀ ਖਾਧੀ; ਕਾਮ ਜਾਗਿਆ, ਭੋਗ ਕਮਾਇਆ।" ਪਰ ਇਹ ਵੀ ਸੱਚਾਈ ਹੈ ਕਿ ਅਜਿਹੀ ਕੁਚਾਲ ਜ਼ਿੰਦਗੀ ਨਾਲ ਮਨ ਨੂੰ ਚੈਨ ਨਹੀਂ ਮਿਲਦਾ। 'ਅੱਧੀ ਰਾਤ ਦੁਪਹਿਰ' ਵਿਚ ਰਵੀ ਲਿਖਦਾ ਹੈ, 'ਤਨ ਨੇ ਜਿੰਨੇ ਜਿਸਮ ਹੰਡਾਏ, ਮਨ ਨੇ ਓਨੇ ਬੋਝ ਉਠਾਏ।' ਅਸਲ ਵਿਚ ਤਾਂ ਇਨ੍ਹਾਂ ਕਾਵਿ-ਨਾਟਕਾਂ ਦਾ ਸਿਰਜਕ ਅੱਜ ਦੀ ਕੁਰਾਹੇ ਪਈ ਪੀੜ੍ਹੀ ਨੂੰ ਸਿੱਧੇ ਰਾਹ ਪਾਉਣਾ ਚਾਹੁੰਦਾ ਹੈ। ਪਰ ਉਹ ਕਿਸੇ ਪ੍ਰਚਾਰਕ ਵਾਂਗ ਭਾਸ਼ਣ ਨਹੀਂ ਦਿੰਦਾ, ਸਗੋਂ ਨਾਟਕ ਦੇ ਕਿਸੇ ਪਾਤਰ ਰਾਹੀਂ ਹੀ ਮੌਕਾ ਦੇਖ ਕੇ ਗੱਲ ਕਹਿਲਵਾ ਦਿੰਦਾ ਹੈ।

'ਅੱਧੀ ਰਾਤ ਦੁਪਹਿਰ ' ਰਵੀ ਦੀ ਇਕ ਅਜਿਹੀ ਰਚਨਾ ਹੈ ਜਿਸ ਵਿਚ ਉਸ ਨੇ ਭ੍ਰਿਸ਼ਟ ਰਾਜਸੀ ਆਗੂਆਂ, ਦੁਨੀਆਂ ਦੀਆਂ ਦੋ ਵੱਡੀਆਂ ਤਾਕਤਾਂ, ਵਰਤਮਾਨ ਸਮੇਂ ਦੀ ਨੌਜਵਾਨ ਪੀੜ੍ਹੀ ਦੇ ਗਲਤ ਰਾਹਾਂ ਵੱਲ ਜਾਂਦੇ ਰੁਝਾਨਾਂ, ਭਟਕੇ ਹੋਏ ਮਨੁੱਖੀ ਮਨ, ਮਾਤਾ-ਪਿਤਾ ਦਾ ਬੱਚਿਆਂ ਵੱਲੋਂ ਅਵੇਸਲੇ ਹੋਣਾ, ਮਸ਼ੀਨੀ ਯੁੱਗ ਦਾ ਦੁਖਾਂਤ, ਨਸ਼ਿਆਂ ਦੀ ਮਾਰ ਆਦਿ ਦਾ ਪ੍ਰਗਟਾਵਾ ਬੜੇ ਭਾਵਪੂਰਤ ਢੰਗ ਨਾਲ ਕੀਤਾ ਹੈ ਅਤੇ ਨਾਲ ਹੀ ਕਈ ਥਾਂ ਇਸ਼ਾਰੇ ਨਾਲ ਅਜਿਹੇ ਜੀਵਨ ਤੋਂ ਦੂਰ ਰਹਿਣ ਲਈ ਸੁਚੇਤ ਵੀ ਕੀਤਾ ਹੈ।

ਰਵੀ ਦਾ ਇਹ ਵਿਚਾਰ ਹੈ ਕਿ ਅਜੋਕਾ ਗਲੋਬਲੀ ਵਰਤਾਰਾ ਪੂੰਜੀਵਾਦੀ ਤਾਕਤਾਂ (ਅਮਰੀਕਾ) ਅਤੇ ਸਮਾਜਵਾਦੀ (ਰੂਸ) 'ਤੇ ਨਿਰਭਰ ਕਰ ਰਿਹਾ ਹੈ। ਹਰ ਦੇਸ਼ ਦੀਆਂ ਰਾਜਨੀਤਕ ਅਤੇ ਸਮਾਜਿਕ ਕਦਰਾਂ-ਕੀਮਤਾਂ ਨੇ ਮਨੁੱਖ ਨੂੰ ਅੰਦਰੂਨੀ ਤੌਰ 'ਤੇ ਤੋੜ ਦਿੱਤਾ ਹੈ ਅਤੇ ਇਨਸਾਨ ਖੰਡਿਤ ਜੀਵਨ ਭੋਗ ਰਿਹਾ ਹੈ।

ਮਨੁੱਖੀ ਦੁਖਾਂਤ ਲਈ ਲੇਖਕ ਨੇ ਕਈ ਥਾਂ ਇਸ਼ਾਰੇ ਕੀਤੇ ਹਨ: ਆਪਣੇ ਅੰਦਰ ਵੰਡਿਆ ਮਾਨਵ, ਪਾਟਿਆ, ਟੁੱਟਾ ਹੀਣਾ ਹੋਇਆ; ਦਿਲ ਵਿਚ ਸੂਲਾਂ, ਜਹਿਨ 'ਚ ਫੋੜੇ, ਅੱਖਾਂ ਵਿਚ ਪਾਣੀ; ਤਨ ਨੂੰ ਟੁੱਕਰ ਮਿਲ ਜਾਂਦਾ ਹੈ, ਮਨ ਦੀ ਬਾਤ ਨਹੀਂ ਬਣਦੀ; ਖੁਦਪ੍ਰਸਤੀ ਬਣ ਗਈ ਹੈ ਖੁਦਨਮਾ, ਹੋ ਰਿਹਾ ਜੀਵਨ ਤੋਂ ਕਿੰਜ ਬੰਦਾ ਜੁਦਾ।

ਇਸੇ ਨਾਟਕ ਵਿਚ ਨਾਟਕਕਾਰ ਨੇ ਬੇ-ਜ਼ਮੀਰੇ ਰਾਜਸੀ ਆਗੂਆਂ ਨੂੰ 'ਅਸਤਰ' ਦੇ ਰੂਪ ਵਿਚ ਚਿਤਰਿਆ ਹੈ, ਮੈਂ ਅਸਤਰ ਹਾਂ, ਮੇਰਾ ਇਸ਼ਾਰਾ, ਸਾਰਾ ਜੱਗ ਹੀ ਨੱਚ ਰਿਹਾ; ਮੈਂ ਹੀ ਅਸਤਰ, ਮੈਂ ਹੀ ਹਾਂ, ਉਹ ਮਾਰੂ ਅਸਤਰ ਜੋ ਕੇਵਲ ਆਪਣੀ ਹੀ ਖਾਤਰ, ਜੇ ਚਾਹੇ ਤਾਂ ਸਾਰੀ ਦੁਨੀਆਂ ਕਰੇਗਾ। ਅਜਿਹੀਆਂ ਸਵੈ-ਕੇਂਦਰਿਤ ਰਾਜਸੀ ਤਾਕਤਾਂ ਦੇ ਆਪਹੁਦਰੇ ਵਰਤਾਇਆ ਦਾ ਨਤੀਜਾ ਦੋ ਵਿਸ਼ਵ ਯੁੱਧਾਂ ਦੇ ਰੂਪ ਵਿਚ ਸਾਡੇ ਸਨਮੁੱਖ ਹੈ।

ਪਰ ਰਵੀ ਦੀ ਖ਼ੂਬੀ ਇਹ ਹੈ ਕਿ ਉਹ ਨਕਾਰਾਤਮਕ ਪਸਾਰਿਆਂ ਦੇ ਬਾਵਜੂਦ ਆਸ਼ਾਵਾਦੀ ਸੋਚ ਦਾ ਪੱਲਾ ਨਹੀਂ ਛੱਡਦਾ। ਉਹ ਮੰਨਦਾ ਹੈ ਕਿ ਅਜਿਹੀ ਉਲਝੀ ਤਾਣੀ ਵਿਚੋਂ ਵੀ ਬਾਹਰ ਆਇਆ ਜਾ ਸਕਦਾ ਹੈ। ਸੁਪਨਾ ਸੁਪਨਾ ਜੋੜੋ, ਸੱਚ ਉੱਸਰ ਸਕਦਾ ਹੈ; ਦੀਵਾ ਦੀਵਾ ਬਾਲੋ, ਸੂਰਜ ਚੜ੍ਹ ਸਕਦਾ ਹੈ। ਪਰ ਇਹੋ ਜਿਹੇ ਹਾਲਾਤ ਤਾਂ ਹੀ ਪੈਦਾ ਹੋਣਗੇ ਜੇ ਸਾਡੇ ਅੰਦਰੋਂ ਇਸ ਦੀ ਆਵਾਜ਼ ਉੱਠੇਗੀ, ਜਦ ਚੜ੍ਹਨਾ ਹੈ ਚਾਨਣ, ਕੇਵਲ ਅੰਦਰੋਂ ਚੜ੍ਹਨਾ। ਰਵੀ ਨੇ ਇਹ ਵੀ ਲਿਖਿਆ ਹੈ ਕਿ ਅੱਜ ਦੇ ਸਮੇਂ ਨੇ 'ਮਾਨਵ ਵਿਚੋਂ ਮਾਨਵ' ਗਾਇਬ ਕਰ ਦਿੱਤਾ ਹੈ ਅਤੇ ਨਸ਼ਿਆਂ ਕਾਰਨ ਨੌਜਵਾਨ ਪੀੜ੍ਹੀ ਦਾ ਸਫਰ 'ਅੰਨਾ ਰਸਤਾ ਹੈ।'


ਨਾਟਕਕਾਰ ਨੇ ਆਪਣੇ ਨਾਟਕਾਂ ਵਿਚ ਪਾਠਕਾਂ/ਦਰਸ਼ਕਾਂ ਨੂੰ ਬਰਾਬਰ ਦਾ ਹਿੱਸੇਦਾਰ ਬਣਾਇਆ ਹੈ। ਉਸ ਨੇ ਸਪਸ਼ਟ ਸ਼ਬਦਾਂ ਵਿਚ ਲਿਖਿਆ ਹੈ ਕਿ ਉਹ ਆਪਣੇ ਵੱਲੋਂ ਕੁਝ ਨਵਾਂ ਨਹੀਂ ਪੇਸ਼ ਕਰਦਾ, ਸਗੋਂ ਜੋ ਆਲੇ-ਦੁਆਲੇ ਵਾਪਰ ਰਿਹਾ ਹੈ, ਉਸ ਨੂੰ ਹੀ ਪੇਸ਼ ਕਰਦਾ ਹੈ। 'ਚੌਕ ਨਾਟਕ' ਦੇ 'ਆਦਿ ਦ੍ਰਿਸ਼' ਵਿਚ ਉਹ ਲਿਖਦਾ ਹੈ:

ਅੱਖ ਤੁਹਾਡੀ ਹੈ, ਨਜ਼ਾਰਾ ਵੀ ਤੁਸੀਂ ਹੀ ਬਣਨਾ ਹੈ।

ਸੋਚ ਤੁਹਾਡੀ ਹੈ, ਇਸ਼ਾਰਾ ਵੀ ਤੁਸੀਂ ਹੀ ਕਰਨਾ ਹੈ।

ਅੱਗ ਤੁਹਾਡੀ ਹੈ, ਲੰਬ ਵੀ, ਸ਼ਰਾਰਾ ਵੀ ਤੁਸੀਂ ਹੀ ਬਣਨਾ ਹੈ।







ਨਾਟਕਕਾਰ ਨੇ ਵਰਤਮਾਨ ਯੁੱਗ ਦੇ ਮਨੁੱਖ ਨਾਲ ਸੰਬੰਧਿਤ ਕੁਝ ਮਿੱਥਾਂ, ਸੱਚਾਈਆਂ, ਦੁਖਾਂਤ, ਦੁਨਿਆਵੀ ਘਟਨਾਵਾਂ ਅਤੇ ਹੋਰ ਕਈ ਮਨੋਵਿਗਿਆਨਕ ਪੱਖਾਂ ਨੂੰ ਪੇਸ਼ ਕੀਤਾ ਹੈ। ਜਿਵੇਂ:

1. ਮਨੁੱਖ ਦੀ ਨਕਾਰਾਤਮਕ ਸੋਚ (ਹਰ ਦੂਜੇ ਦਾ ਅੰਤ ਲੋੜਦਾ, ਆਪਣਾ ਅੰਤ ਨਾ ਮੂਲ ਪਛਾਣੇ)

2. ਮਨੁੱਖੀ ਤ੍ਰਾਸਦੀ (ਆਪੋ ਆਪਣੀਆਂ ਚੁੱਕ ਸਲੀਬਾਂ, ਜਨਮ ਕਾਲ ਤੋਂ ਅੰਤ ਕਾਲ ਤੱਕ; ਜੀਵਨ ਜਿਊਂਦੇ, ਲੜਦੇ ਭਿੜਦੇ, ਲਾਹ ਨਾ ਸਕਣ ਗਲ 'ਚੋਂ ਫਾਹਾ); ਤੁਰਦਾ ਫਿਰਦਾ ਬੰਦੀਖਾਨਾ, ਅੱਜ ਦਾ ਜੀਵਨ।

3. ਰਾਜਸੀ ਆਗੂਆਂ ਦੀ ਅਸਲੀਅਤ (ਸੱਤਾ ਖੁੱਸਣ ਦੇ ਭੈ ਅੰਦਰ, ਸੱਤਾਧਾਰੀ ਜਕੜੇ ਖੁਦ ਜੰਜੀਰਾਂ)

4. ਖਤਮ ਹੋ ਰਹੀ ਇਨਸਾਨੀਅਤ (ਹਰ ਕੋਈ ਰਾਖਸ਼ ਬਣਦਾ, ਹਰ ਕੋਈ ਰਾਖਸ਼ ਜਣਦਾ; ਬੰਦਾ ਲੱਭਿਆ ਨਾ ਲੱਭਦਾ, ਬੇੜਾ ਗਰਕ ਹੈ ਸਭ ਦਾ)

5. ਪਰਿਵਾਰਕ ਜੀਵਨ ਦਾ ਟੁੱਟਣਾ (ਇਕ ਇਕ ਹਸਤੀ ਟੱਬਰ ਬਣ ਕੇ, ਇਕ ਦੂਜੇ ਤੋਂ ਟੁੱਟ ਗਈ, ਟੱਬਰ ਵਿਚ ਵੀ ਫਟੇ ਪਟਾਕੇ, ਇਕ ਚੌਖਟ ਵਿਚ ਤਿੜਕਿਆ ਸ਼ੀਸ਼ਾ ਟੁਕੜੀ, ਟੁਕੜੀ)

ਸੁਚੇਤ ਨਾਟਕਕਾਰ ਨੂੰ ਇਹ ਵੀ ਪਤਾ ਹੈ ਕਿ ਹਥਿਆਰਾਂ ਦੀ ਖੇਡੀ ਜਾ ਰਹੀ ਖੇਡ, ਇਕ ਵਿਨਾਸ਼ਕਾਰੀ ਖੇਡ ਹੈ। ਇਸ ਵਿਚ ਹਾਰਨ ਵਾਲੇ ਅਤੇ ਜਿੱਤਣ ਵਾਲੇ-ਦੋਹਾਂ ਨੇ ਹੀ ਬਰਬਾਦ ਹੋਣਾ ਹੈ: ਤਬਾਹ ਕਰਨ ਵਾਲੇ ਦੀ ਮੱਤ ਵੀ, ਤਬਾਹ ਹੋਣ ਵਾਲੇ ਦੇ ਨਾਲ ਹੀ, ਚੌਰਾਹੇ ਬਣ ਜਾਵੇਗੀ, ਗੋਲੀਆਂ ਨਾਲ ਹਰ ਛਾਤੀ ਛਾਣਨੀ ਵਾਂਗ ਗਲੋਬ ਬਣ ਜਾਵੇਗੀ।

ਨਾਟਕਕਾਰ ਰਵਿੰਦਰ ਰਵੀ ਆਪਣੇ ਨਾਟਕਾਂ ਦੇ ਮੁੱਢ ਵਿਚ ਹੀ ਬਹੁਤ ਸਾਰਥਕ ਗੱਲਾਂ ਕਰ ਜਾਂਦਾ ਹੈ। ਉਸ ਨੂੰ ਇਹ ਇਲਮ ਹੈ ਕਿ ਹਰ ਇਨਸਾਨ ਦੀ ਕਿਸੇ ਵੀ ਘਟਨਾ, ਵਿਹਾਰ, ਸਿਧਾਂਤ ਨੂੰ ਦੇਖਣ ਅਤੇ ਸਮਝਣ ਦੀ ਆਪਣੀ ਹੀ ਸਮਰਥਾ ਹੁੰਦੀ ਹੈ। 'ਸਿਫਰ ਨਾਟਕ' ਦੇ ਮੁੱਢ ਵਿਚ ਉਹ ਲਿਖਦਾ ਹੈ, "ਜ਼ਿੰਦਗੀ ਤੁਹਾਡੀ ਹੈ, ਸਮਰਥਾ ਵੀ

(ਬਾਕੀ ਸਫਾ 30 ਉਤੇ)

# ਬੈਚ ਫੁੱਲ ਗੋਰਸ: ਘੋਰ ਨਾਉਮੀਦੀ

ਕੁਦਰਤ ਨੇ ਮਨੁੱਖੀ ਤਬੀਅਤ ਦੇ ਇੰਨੇ ਰੰਗ ਬਣਾਏ ਹਨ ਕਿ ਉਹ ਸ਼ਬਦਾਂ ਰਾਹੀਂ ਬਿਆਨ ਕਰਨੇ ਔਖੇ ਹਨ। ਅਸੀਂ ਹਰ ਇਕ ਲਈ ਉਹੀ ਜਾਂ ਫੇਰਬਦਲ ਕਰ ਕੇ ਇਕੋ ਜਿਹੇ ਸ਼ਬਦ ਵਰਤਦੇ ਰਹਿੰਦੇ ਹਾਂ। ਨਾਉਮੀਦੀ (Despair) ਹੀ ਲੈ ਲਵੋ, ਇਹ ਐਲਮ, ਜੈਂਸ਼ੀਅਨ, ਗੋਰਸ, ਵਿਲੋ ਆਦਿ ਕਈ ਫੁੱਲ ਦਵਾਈਆਂ ਵਿਚ ਪਾਈ ਜਾਂਦੀ ਹੈ, ਪਰ ਹੈ ਸਭ ਵਿਚ ਵੱਖੋ ਵੱਖਰੀ। ਇਸ ਦੇ ਫਰਕਾਂ ਨੂੰ ਅਸੀਂ ਬੋਲਾਂ ਰਾਹੀਂ ਨਹੀਂ ਨਿਖੇੜ ਸਕਦੇ, ਇਸ ਲਈ ਸਭ ਦੇ ਅਰਥ ਨਾਉਮੀਦੀ ਜਾਂ ਬੇਆਸ ਸ਼ਬਦ ਵਰਤ ਕੇ ਹੀ ਕਰੀ ਜਾਂਦੇ ਹਾਂ; ਪਰ ਵਿਸ਼ਲੇਸ਼ਣ ਕਰਨ ਤੋਂ ਪਤਾ ਚਲਦਾ ਹੈ ਕਿ ਇਨ੍ਹਾਂ ਦੀਆਂ ਬਹੁ-ਗਿਣਤੀ ਪਰਤਾਂ ਹਨ। ਦਵਾਈ ਨਿਰਧਾਰਤ ਕਰਨ ਵੇਲੇ ਇਕ ਹੋਮਿਓਪੈਥ ਦਾ ਸਰੋਕਾਰ ਨਾਉਮੀਦੀ ਦੀ ਹਾਜ਼ਰ ਝਲਕ ਨਾਲ ਹੁੰਦਾ ਹੈ। ਇਸ ਝਲਕ ਦੇ ਅਰਥ ਸਮਝਣ ਲਈ ਉਸ ਨੂੰ ਵੱਖ ਵੱਖ ਤਰ੍ਹਾਂ ਦੇ ਸ਼ਬਦ, ਅਲੰਕਾਰ ਤੇ ਮਿਸਾਲਾਂ ਵਰਤਣੇ ਪੈਂਦੇ ਹਨ।

ਗੋਰਸ (Gorse) ਦੀ ਨਾਉਮੀਦੀ ਇਸ ਸ਼ਬਦ ਦਾ ਉਹ ਰੂਪ ਹੈ, ਜਿਸ ਵਿਚ ਆਸ ਬਿਲਕੁਲ ਖਤਮ ਹੋ ਗਈ ਹੁੰਦੀ ਹੈ। ਗੋਰਸ ਦੀ ਨਾਉਮੀਦੀ ਵਿਚ ਉਮੀਦ ਨਾਂ ਦੀ ਕੋਈ ਚੀਜ਼ ਬਚੀ ਨਹੀਂ ਹੁੰਦੀ। ਗੋਰਸ ਦਾ ਮਰੀਜ਼ ਆਸ ਪੱਖੋਂ ਠੰਡਾ ਹੋ ਗਿਆ ਹੁੰਦਾ ਹੈ। ਉਸ ਦੀ ਸਥਿਤੀ ਘਰ ਤੋਂ ਹਸਪਤਾਲ ਜਾ ਰਹੇ ਉਸ ਗੰਭੀਰ ਰੋਗੀ ਜਿਹੀ ਹੁੰਦੀ ਹੈ, ਜਿਸ ਦੇ ਦਮ ਹਸਪਤਾਲ ਵਿਚ ਪਹੁੰਚਣ ਤੱਕ ਖਤਮ ਹੋ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਜਾਂਦੇ ਹਨ-ਭਾਵ ਉਸ ਦੇ ਉਠ ਖੜ੍ਹਾ ਹੋਣ ਦੀ ਉਮੀਦ ਮੁੱਕ ਚੁਕੀ ਹੁੰਦੀ ਹੈ।

ਫੁੱਲ ਦਵਾਈ ਗੋਰਸ ਬਾਰੇ ਡਾ. ਬੈਚ ਲਿਖਦੇ ਹਨ, "ਬੇ-ਹੱਦ ਬੇਉਮੀਦੀ; ਉਨ੍ਹਾਂ ਨੇ ਉਮੀਦ ਹੀ ਛੱਡ ਦਿੱਤੀ ਹੁੰਦੀ ਹੈ ਕਿ ਉਨ੍ਹਾਂ ਲਈ ਕੁਝ ਹੋਰ ਵਧੇਰੇ ਕੀਤਾ ਜਾ ਸਕਦਾ ਹੈ। ਗੋਰਸ ਦੇ ਲੋਕ ਇੰਦਾਂ ਲਗਦੇ ਹਨ, ਜਿਵੇਂ ਉਨ੍ਹਾਂ ਨੂੰ ਆਪਣੇ ਜੀਵਨ ਦੇ ਬੱਦਲ ਖਦੇੜਨ ਲਈ ਬਹੁਤ ਹੀ ਚਮਕਦਾਰ ਧੁੱਪ ਦੀ ਲੋੜ ਹੋਵੇ।" ਗੋਰਸ ਦੇ ਮਰੀਜ਼ ਇੰਨੇ ਮਾਯੂਸ ਹੋਏ ਹੁੰਦੇ ਹਨ ਕਿ ਉਨ੍ਹਾਂ ਦੀ ਜ਼ਿੰਦਗੀ ਵਿਚ ਖੁਸ਼ੀ ਭਰਨ ਲਈ ਅਤਿਅੰਤ ਤਬਦੀਲੀ ਦੀ ਲੋੜ ਹੁੰਦੀ ਹੈ। ਜੋ ਲੋਕ ਕਸ਼ਟਾਂ ਦੇ ਬੋਝ ਨਾਲ ਲਿਫ ਗਏ ਹੁੰਦੇ ਹਨ ਤੇ ਕਸ਼ਟਾਂ ਨੂੰ ਹੀ ਆਪਣਾ ਭਵਿੱਖ ਸਮਝ ਬੈਠਦੇ ਹਨ, ਉਹ ਗੋਰਸ ਦੀ ਰਿਣਾਤਮਕ ਸੋਚ ਦਾ ਸ਼ਿਕਾਰ ਹੋ ਗਏ ਹੁੰਦੇ ਹਨ।

ਇਹ ਬੇਉਮੀਦੀ ਕਈ ਕਾਰਨਾਂ ਕਰ ਕੇ ਹੋ ਸਕਦੀ ਤੇ ਕਈ ਹਾਲਤਾਂ ਵਿਚ ਪਾਈ ਜਾ ਸਕਦੀ ਹੈ। ਕਈ ਵਾਰ ਮਰੀਜ਼ ਅਚਨਚੇਤ ਸਖਤ ਬੀਮਾਰ ਹੋ ਜਾਂਦਾ ਹੈ। ਉਸ ਨੂੰ ਤੇਜ਼ ਗਰਮੀ ਜਾਂ ਤੇਜ ਵਗਦੀ ਠੰਡੀ ਹਵਾ ਲੱਗ ਜਾਂਦੀ ਹੈ। ਉਸ ਨੂੰ ਤੇਜ਼ ਤਾਪ ਚੜ੍ਹ ਜਾਂਦਾ ਹੈ, ਉਸ ਦਾ ਪਸੀਨਾ ਰੁਕ ਜਾਂਦਾ ਹੈ ਤੇ ਉਸ ਦੀਆਂ ਗੱਲ੍ਹਾਂ ਤੇ ਕੰਨ ਲਾਲ ਹੋ ਜਾਂਦੇ ਹਨ। ਅੱਖਾਂ ਵਿਚ ਲਾਲੀ ਚੜ੍ਹ ਆਉਂਦੀ ਹੈ ਤੇ ਖੂਨ ਦਾ ਦੌਰਾ ਤੇਜ ਹੋ ਜਾਂਦਾ ਹੈ। ਉਸ ਦੀ ਨਬਜ਼ ਤੇਜ਼ ਤੇ ਭਾਰੀ ਹੋ ਜਾਂਦੀ ਹੈ, ਪੁੜਪੁੜੀਆਂ ਵਿਚ ਧਮਕ ਪੈਂਦੀ ਹੈ ਤੇ ਬਲੱਡ ਪ੍ਰੈਸ਼ਰ ਸੂਕਦਾ ਉਤੇ ਚੜ੍ਹ ਜਾਂਦਾ ਹੈ। ਉਸ ਨੂੰ ਸਾਹ ਲੈਣ ਵਿਚ ਤਕਲੀਫ ਆਉਣ ਲਗਦੀ ਹੈ ਤੇ ਉਹ ਬੇਚੈਨੀ ਨਾਲ ਉਠ ਕੇ ਇੱਧਰ ਉੱਧਰ ਗਰਦਨ ਮਾਰਦਾ ਹੈ। ਉਸ ਨੂੰ ਤੀਬਰ ਪਿਆਸ ਲਗਦੀ ਹੈ ਤੇ ਉਹ ਭਰ ਗਿਲਾਸ ਪਾਣੀ ਪੀਂਦਾ ਹੈ। ਸਿਰ ਦਰਦ ਤੇ ਮਾਸ-ਪੇਸ਼ੀਆਂ ਦੇ ਦਰਦ ਉਸ ਦੀਆਂ ਚੀਕਾਂ ਕਢਾ ਦਿੰਦੇ ਹਨ। ਉਸ ਦੀ ਘਬਰਾਹਟ ਇੰਨੀ ਵਧ ਜਾਂਦੀ ਹੈ ਕਿ ਉਸ ਨੂੰ ਮ੍ਰਿਤੂ ਦਾ ਡਰ ਸਤਾਉਣ ਲੱਗ ਜਾਂਦਾ ਹੈ। ਜਿਉਂ ਜਿਉਂ ਉਸ ਦੀ ਬਿਮਾਰੀ ਤੇ ਘਬਰਾਹਟ ਵਧਦੇ ਹਨ, ਉਹ ਆਪਣੇ ਆਪ ਨੂੰ ਇਕ ਹੜ੍ਹ ਜਾਂ ਸੁਨਾਮੀ ਵਿਚ ਡੁੱਬਦਾ ਮਹਿਸੂਸ ਕਰਦਾ ਹੈ। ਉਸ ਨੇ ਆਪਣੇ ਭਲੇ ਵੇਲਿਆਂ ਵਿਚ ਕਈ ਅਜਿਹੇ ਕਿੱਸੇ ਸੁਣੇ ਹੁੰਦੇ ਹਨ, ਜਿਨ੍ਹਾਂ ਅਨੁਸਾਰ ਮਨੁੱਖ ਬਿਮਾਰ ਹੋਣੇ ਤੇ ਪਲਾਂ ਵਿਚ ਚਲ ਵਸੇ। ਉਸ ਨੂੰ ਵਿਸ਼ਵਾਸ ਹੋਣ ਲਗਦਾ ਹੈ ਕਿ ਉਸ ਦਾ ਵੀ ਉਸੇ ਤਰ੍ਹਾਂ ਦਾ ਅੰਤ ਹੋਣ ਲੱਗਾ ਹੈ। ਉਹ ਸਮਝਦਾ ਹੈ ਕਿ ਹੁਣ ਇਸ ਕਹਿਰ ਤੋਂ ਉਸ ਨੂੰ ਕੋਈ ਨਹੀਂ ਬਚਾ ਸਕਦਾ। ਇਹ ਸੋਚ ਕੇ ਉਹ ਬੇਆਸ ਤੇ ਅਣਢਾਲ ਹੋ ਜਾਂਦਾ ਹੈ। ਡਾਕਟਰ ਜਵਾਬ ਦੇ ਦਿੰਦੇ ਹਨ ਤੇ ਰਿਸ਼ਤੇਦਾਰ ਹੱਥ ਜੋੜ ਅਰਜੋਈਆਂ ਕਰਨ ਲੱਗ ਜਾਂਦੇ ਹਨ। ਇਸ ਬੇਆਸ ਤੇ ਤਰਸਯੋਗ ਹਾਲਤ ਵਿਚ ਉਸ ਦਾ ਇਕੋ ਇਕ ਸੱਚਾ ਮਿੱਤਰ ਹੈ, ਜੋ ਨਾ ਸਿਰਫ ਉਸ ਨੂੰ ਬਚਣ ਦੀ ਉਮੀਦ ਬੰਨ੍ਹਾ ਸਕਦਾ ਹੈ, ਸਗੋਂ ਬਚਾ ਵੀ ਸਕਦਾ ਹੈ। ਉਹ ਹੈ ਗੋਰਸ। ਜੇ ਉਹ ਵਧੇਰੇ ਬਿਮਾਰ ਨਾ ਹੋਵੇ, ਉਸ ਨੂੰ ਮੌਤ ਦਾ ਡਰ ਨਾ ਹੋਵੇ ਤੇ ਜੇ ਉਹ ਸਮਝਦਾ ਹੋਵੇ ਕਿ ਉਸ ਦੀ ਬੀਮਾਰੀ ਦਵਾ-ਦਾਰੂ ਆਦਿ ਨਾਲ ਠੀਕ ਹੋ ਜਾਵੇਗੀ ਤਾਂ ਇਹ ਦਵਾਈ ਉਸ ਦੇ ਨੇੜੇ ਨੂੰ ਨਹੀਂ ਜਾਵੇਗੀ। ਯਾਦ ਰਹੇ, ਇਹ ਦਵਾਈ ਮਰੀਜ਼ ਦੇ ਬੀਮਾਰ ਹੋਣ ਪਿਛੋਂ ਦੀ ਹੈ। ਜੇ ਮਰੀਜ਼ ਬਿਮਾਰ ਹੋਣ ਤੋਂ ਪਹਿਲਾਂ ਹੀ ਕਿਸੇ ਬਿਮਾਰੀ ਦੀ ਕਲਪਨਾ ਕਰ ਕੇ ਡਰੇ ਘਬਰਾਵੇ ਤਾਂ ਉਸ ਦੀ ਦਵਾਈ ਹੋਰ ਹੈ।

ਗੋਰਸ ਦੇ ਲੱਛਣ ਕਈ ਹੋਰ ਤਰ੍ਹਾਂ ਵੀ ਉਤਪੰਨ ਹੁੰਦੇ ਹਨ। ਕਈ ਮਰੀਜ਼ ਅਚਨਚੇਤ ਬੀਮਾਰ ਹੋਣ ਦੀ ਥਾਂ ਕਿਸੇ ਬਿਮਾਰੀ ਨਾਲ ਲੰਮੇ ਸਮੇਂ ਤੀਕ ਬੀਮਾਰ ਰਹਿੰਦੇ ਹਨ। ਬੀਮਾਰੀ ਉਨ੍ਹਾਂ ਨੂੰ ਅੰਦਰੋਂ ਖੋਰਾ ਲਾਉਂਦੀ ਰਹਿੰਦੀ ਹੈ ਤੇ ਕਮਜ਼ੋਰ ਕਰ ਦਿੰਦੀ ਹੈ। ਅੰਤ ਨੂੰ ਉਹ ਉੱਠ ਕੇ ਚਲ ਫਿਰ ਵੀ ਨਹੀਂ ਸਕਦੇ। ਹੌਲੀ ਹੌਲੀ ਉਨ੍ਹਾਂ ਦੀ ਆਸ ਟੁੱਟ ਜਾਂਦੀ ਹੈ ਕਿ ਉਹ ਕਦੇ ਠੀਕ ਹੋ ਸਕਣਗੇ! ਉਨ੍ਹਾਂ ਨੂੰ ਆਪਣੀ ਜ਼ਿੰਦਗੀ ਦਾ ਅੰਤ ਸਾਹਮਣੇ ਖੜ੍ਹਾ ਦਿਖਾਈ ਦੇਣ ਲਗਦਾ ਹੈ। ਉਹ ਸੋਚਦੇ ਹਨ ਕਿ ਹੁਣ ਉਹ ਮੌਤ ਦੇ ਮੂੰਹ ਵਿਚ ਆ ਗਏ ਹਨ ਤੇ ਇੱਥੋਂ ਉਨ੍ਹਾਂ ਨੂੰ ਕੋਈ ਨਹੀਂ ਕੱਢ ਸਕਦਾ। ਹਰ ਤਰ੍ਹਾਂ ਦੀਆਂ ਦਵਾਈਆਂ ਤੋਂ ਉਨ੍ਹਾਂ ਦਾ ਵਿਸ਼ਵਾਸ ਉੱਠ ਖੜ੍ਹਦਾ ਹੈ। ਉਹ ਆਪਣੇ ਅੰਤ ਦੀਆਂ ਘੜੀਆਂ ਗਿਣਨ ਲਗਦੇ ਹਨ। ਠੀਕ ਹਾਲਤ ਵਿਚ ਭਾਵੇਂ ਉਹ ਕਿੰਨਾ ਹੀ ਦਲੇਰ ਕਿਉਂ ਨਾ ਰਹੇ ਹੋਣ, ਪਰ ਅਜਿਹੀ ਹਾਲਤ ਵਿਚ ਬੀਮਾਰੀ ਦਾ ਦਰਦ ਤੇ ਮੌਤ ਦਾ ਭੈਅ ਉਨ੍ਹਾਂ ਦਾ ਰੰਗ ਉਡਾ ਦਿੰਦਾ ਹੈ। ਉਨ੍ਹਾਂ ਦੇ ਚਿਹਰੇ 'ਤੇ ਹਵਾਈਆਂ ਉੱਡਣ ਲਗਦੀਆਂ ਹਨ। ਚੁਫੇਰੇ ਮਿੱਤਰ ਪਿਆਰਿਆਂ ਦਾ ਝੁਰਮਟ, ਤਰ੍ਹਾਂ ਤਰ੍ਹਾਂ ਦੀਆਂ ਦਿਲ ਢਾਹੂ ਆਵਾਜ਼ਾਂ ਅਤੇ ਰਿਸ਼ਤੇਦਾਰਾਂ ਦੀਆਂ ਸਿਸਕੀਆਂ ਉਨ੍ਹਾਂ ਦੇ ਯਕੀਨ 'ਤੇ ਮੁਹਰ ਲਾ ਦਿੰਦੀਆਂ ਹਨ ਕਿ ਹੁਣ ਉਨ੍ਹਾਂ ਦੀ ਜੀਵਨ ਲੀਲਾ ਸਮਾਪਤ ਹੋਣ ਲੱਗੀ ਹੈ। ਉਹ ਸਮਝਦੇ ਹਨ ਕਿ ਹੁਣ ਇਹ ਸੰਸਾਰ, ਇਸ ਦੀ ਸਮਸਤ ਮਾਇਆ ਤੇ ਦਵਾ-ਦਾਰੂਆਂ ਸਮੇਤ ਇਸ ਦੇ ਸਭ ਛੋਟੇ-ਵੱਡੇ ਕਰਮ-ਜੰਜਾਲ ਹੁਣ ਕਿਸੇ ਕੰਮ ਆਉਣ ਵਾਲੇ ਨਹੀਂ।

ਜੇ ਉਹ ਧਾਰਮਿਕ ਸੰਸਕਾਰਾਂ ਵਾਲੇ ਵਿਅਕਤੀ ਹੋਣ ਤਾਂ ਉਨ੍ਹਾਂ ਨੂੰ ਆਪਣੇ ਜੀਵਨ ਦਾ ਲੇਖਾ-ਜੋਖਾ ਦੇਣ ਦਾ ਫਿਕਰ ਵੀ ਸਤਾਉਂਦਾ ਹੈ। ਕਈਆਂ ਨੂੰ ਤਾਂ ਜਮਦੂਤ ਵੀ ਇੱਧਰ ਉੱਧਰ ਖੜ੍ਹੇ ਦਿਖਾਈ ਦਿੰਦੇ ਹਨ। ਕਈਆਂ ਨੂੰ ਆਪਣੇ ਕੀਤੇ ਕਾਲੇ ਕਾਰਨਾਮੇ ਯਾਦ ਆਉਂਦੇ ਹਨ ਤੇ ਨਰਕ ਦੇ ਭਉਲੇ ਪੈਂਦੇ ਹਨ। ਉਨ੍ਹਾਂ ਨੂੰ ਠੰਡਾ ਪਸੀਨਾ ਛੁਟ ਜਾਂਦਾ ਹੈ ਤੇ ਨਬਜ਼ ਬੈਠ ਜਾਂਦੀ ਹੈ। ਚਿਹਰਾ ਪੀਲਾ ਪੈ ਜਾਂਦਾ ਹੈ ਤੇ ਅੱਖਾਂ ਦੁਆਲੇ ਨੀਲੇ ਚੱਕਰ ਬਣ ਜਾਂਦੇ ਹਨ। ਇਹ ਲੱਛਣ ਉਨ੍ਹਾਂ ਦੀ ਨਾਉਮੀਦੀ ਦਾ ਪ੍ਰਤੀਕ ਹੁੰਦੇ ਹਨ। ਅਜਿਹੀ ਹਾਲਤ ਵਿਚ ਗੋਰਸ ਦੀਆਂ ਕੁਝ ਬੂੰਦਾਂ ਜਾਂ ਕੁਝ ਗੋਲੀਆਂ ਉਨ੍ਹਾਂ ਲਈ ਅੰਮ੍ਰਿਤ ਬਣ ਕੇ ਬਹੁੜਦੀਆਂ ਹਨ। ਇਸ ਨਾਲ ਉਨ੍ਹਾਂ ਨੂੰ ਜੀਵਨ ਆਸ ਬੱਝਦੀ ਹੈ। ਉਨ੍ਹਾਂ ਦੇ ਚਿਹਰੇ 'ਤੇ ਰੌਣਕ ਪਰਤ ਆਉਂਦੀ ਹੈ ਤੇ ਬੁੱਲ੍ਹਾਂ 'ਤੇ ਲਾਲੀ ਦੀ ਲਹਿਰ ਫਿਰਨ ਲਗਦੀ ਹੈ। ਠੰਡਾ ਪਸੀਨਾ ਖੁਸ਼ਕ ਹੋ ਜਾਂਦਾ ਹੈ ਤੇ ਉਹ ਖੁਸ਼ਕ ਗਲੇ ਨੂੰ ਤਰ ਕਰਨ ਲਈ ਪਾਣੀ ਮੰਗਦੇ ਹਨ। ਅਰਦਾਸ ਕਰ ਰਹੇ ਰਿਸ਼ਤੇਦਾਰ ਸ਼ੁਕਰਾਨੇ ਵਜੋਂ ਹੱਥ ਜੋੜ ਕੇ ਸੁਖ ਦਾ ਸਾਹ ਭਰਦੇ ਹਨ। ਗੋਰਸ ਦੇ ਲਗਾਤਾਰ ਸੇਵਨ ਨਾਲ ਅਜਿਹੇ ਬੀਮਾਰਾਂ ਦਾ ਇਸ ਰੰਗਲੀ ਦੁਨੀਆਂ ਨਾਲ ਫਿਰ ਤੋਂ ਮੋਹ ਸਥਾਪਤ ਹੋ ਜਾਂਦਾ ਹੈ ਤੇ ਉਨ੍ਹਾਂ ਦੀ ਬਿਮਾਰੀ ਦਾ ਤਸ਼ੱਦਦ ਘਟਣ ਲਗਦਾ ਹੈ। ਕਈ ਦਾਨੀ ਬਣ ਕੇ ਪੁੰਨ ਕਮਾਉਣ ਲੱਗ ਜਾਂਦੇ ਹਨ।

ਕਈ ਵਾਰ ਅਜਿਹੇ ਮਰੀਜ਼ ਵੀ ਸਾਹਮਣੇ ਆਉਂਦੇ ਹਨ, ਜੋ ਚਿਰੋਕਣੇ ਬੀਮਾਰ ਹੁੰਦੇ ਹਨ। ਉਹ ਲੰਮੇ ਸਮੇਂ ਤੋਂ ਡਾਕਟਰਾਂ ਦੇ ਚੱਕਰ ਲਾ ਰਹੇ ਹੁੰਦੇ ਹਨ ਤੇ ਥਾਂ ਥਾਂ ਤੋਂ ਇਲਾਜ ਕਰਵਾ ਕੇ ਥੱਕ ਗਏ ਹੁੰਦੇ ਹਨ। ਉਹ ਹਾਰ ਕੇ ਇਕ ਦਿਨ ਇਹ ਯਕੀਨ ਧਾਰ ਲੈਂਦੇ ਹਨ ਕਿ ਉਨ੍ਹਾਂ ਦਾ ਰੋਗ ਲਾਇਲਾਜ ਹੈ। ਉਹ ਇਸ ਸੰਸਾਰ ਨੂੰ ਫਾਨੀ ਕਹਿ ਕਹਿ ਕੋਸਦੇ ਹਨ। ਉਹ ਡਾਕਟਰਾਂ ਕੋਲ ਜਾਣਾ ਬੰਦ ਕਰ ਦਿੰਦੇ ਹਨ ਤੇ ਘਰੇ ਹੀ ਚੁੱਪ ਕਰ ਕੇ ਮਰਨ ਦੀ ਉਡੀਕ ਕਰਦੇ ਰਹਿੰਦੇ ਹਨ। ਦਰਅਸਲ ਅਜਿਹੇ ਮਰੀਜ਼ਾਂ ਨੂੰ ਕਿਸੇ ਡਾਕਟਰ ਕੋਲ ਜਾਣ ਦੀ ਲੋੜ ਹੀ ਨਹੀਂ ਹੁੰਦੀ। ਉਨ੍ਹਾਂ ਦਾ ਇਕੋ ਇਕ ਡਾਕਟਰ ਗੋਰਸ ਹੈ, ਜਿਸ ਦੀਆਂ ਕੁਝ ਬੂੰਦਾਂ ਹੀ ਉਨ੍ਹਾਂ ਨੂੰ ਨੌਂ-ਬਰ ਨੌਂ ਕਰ ਦੇਣਗੀਆਂ।

ਪਰ ਜਿਹੜੇ ਗੋਰਸ ਤੋਂ ਵਾਂਝੇ ਰਹਿ ਜਾਂਦੇ ਹਨ, ਉਨ੍ਹਾਂ ਦੇ ਰਿਸ਼ਤੇਦਾਰ ਤੇ ਸਕੇ ਸੰਬੰਧੀ ਉਨ੍ਹਾਂ ਦੀ ਚਿੰਤਾ ਕਰਦੇ ਹੋਏ ਉਨ੍ਹਾਂ ਨੂੰ ਇਲਾਜ ਜਾਰੀ ਰੱਖਣ ਲਈ ਸਮਝਾਉਂਦੇ ਹਨ। ਕਈ ਵਾਰ ਉਨ੍ਹਾਂ ਨੂੰ ਉਹ ਆਪ ਕਿਸੇ ਡਾਕਟਰ ਕੋਲ ਲੈ ਜਾਂਦੇ ਹਨ ਤੇ ਮਜ਼ਬੂਰੀ ਵਸ ਉਹ ਉਨ੍ਹਾਂ ਨਾਲ ਚਲੇ ਵੀ ਜਾਂਦੇ ਹਨ, ਪਰ ਡਾਕਟਰ ਕੋਲ ਜਾ ਕੇ ਵੀ ਉਹ ਸਭ ਤੋਂ ਪਹਿਲਾਂ ਇਹੀ ਦੱਸਦੇ ਹਨ ਕਿ ਉਨ੍ਹਾਂ ਨੇ ਬਹੁਤ ਇਲਾਜ ਕਰਵਾ ਕੇ ਦੇਖ ਲਏ ਹਨ ਤੇ ਹੁਣ ਉਹ ਠੀਕ ਨਹੀਂ ਹੋ ਸਕਦੇ। ਉਹ ਇਹ ਦੱਸਣ ਤੋਂ ਵੀ ਨਹੀਂ ਝਿਜਕਦੇ ਕਿ ਉਨ੍ਹਾਂ ਦੇ ਧੀ-ਪੁੱਤਰ ਜ਼ਿਦ ਕਰ ਕੇ ਉਨ੍ਹਾਂ ਨੂੰ ਉੱਥੇ ਲਿਆਏ ਹਨ। ਉਨ੍ਹਾਂ ਦੀ ਗੱਲ ਮੰਨ ਕੇ ਉਂਜ ਉਹ ਆ ਤਾਂ ਗਏ ਹਨ, ਪਰ ਉਨ੍ਹਾਂ ਨੂੰ ਪਤਾ ਹੈ ਕਿ ਹੁਣ ਉਨ੍ਹਾਂ ਦਾ ਕੁਝ ਨਹੀਂ ਬਣ ਸਕਦਾ। ਜਿਊਣ ਲਈ ਦਵਾਈ ਦਾਰੂ ਦੇ ਨਾਲ ਨਾਲ ਮਨੁੱਖ ਵਿਚ ਜਿਊਣ ਦੀ ਇੱਛਾ ਸ਼ਕਤੀ ਦਾ ਅਹਿਸਾਸ ਪੈਦਾ ਹੋ ਜਾਂਦਾ ਹੈ।

ਹੋਮਿਓਪੈਥੀ ਤੇ ਬੈਚ ਫੁੱਲ ਚਿਕਿਤਸਾ ਵਿਚ ਇਲਾਜ ਅਲਾਮਤਾਂ ਦੇ ਆਧਾਰ 'ਤੇ ਕੀਤਾ ਜਾਂਦਾ ਹੈ। ਇਸ ਲਈ ਇਨ੍ਹਾਂ ਪੱਧਤੀਆਂ ਦੀ ਖੂਬਸੂਰਤੀ ਇਹ ਹੈ ਕਿ ਇਕੋ ਤਰ੍ਹਾਂ ਦੀਆਂ ਅਲਾਮਤਾਂ ਮਿਲਦੇ ਹੋਣ ਤੇ ਕਿਸੇ ਵੀ ਬੀਮਾਰੀ ਦਾ ਇਲਾਜ ਕਰ ਸਕਦੀਆਂ ਹਨ। ਇਹ ਬੜੀ ਅਹਿਮ ਤੇ ਸ਼ਕਤੀਸ਼ਾਲੀ ਗੱਲ ਹੈ, ਜੋ ਦੂਜੀਆਂ ਪੱਧਤੀਆਂ ਵਿਚ ਨਹੀਂ। ਮਿਸਾਲ ਵਜੋਂ ਗੋਰਸ ਕੈਂਸਰ ਠੀਕ ਨਹੀਂ ਕਰਦਾ, ਸਗੋਂ ਕੈਂਸਰ ਦੀ ਬੀਮਾਰੀ ਦੇ ਨਾਂ ਤੋਂ ਹੋਈ ਬੇਉਮੀਦੀ




ਦੂਰ ਕਰਦਾ ਹੈ। ਜਦੋਂ ਮਰੀਜ਼ ਦੀ ਬੇਉਮੀਦੀ ਦੂਰ ਹੋ ਜਾਂਦੀ ਹੈ ਤਾਂ ਉਸ ਦੀ ਜੈਵਿਕ ਸ਼ਕਤੀ ਕੈਂਸਰ 'ਤੇ ਆਪਣੇ ਆਪ ਭਾਰੂ ਹੋ ਜਾਂਦੀ ਹੈ। ਇਹੀ ਬੇਉਮੀਦੀ ਕਿਸੇ ਹੋਰ ਬਿਮਾਰੀ ਵਿਚ ਵੀ ਪਾਈ ਜਾ ਸਕਦੀ ਹੈ। ਅੱਜ ਕੱਲ੍ਹ ਕਰੋਨਾ ਦੀ ਮਹਾਮਾਰੀ ਫੈਲੀ ਹੋਈ ਹੈ। ਜਿਨ੍ਹਾਂ ਨੂੰ ਕਰੋਨਾ ਹੋਇਆ ਹੋਵੇ ਜਾਂ ਟੈਸਟ ਵਿਚ ਹੀ ਪਾਜ਼ੇਟਿਵ ਆਇਆ ਹੋਵੇ, ਉਨ੍ਹਾਂ ਵਿਚ ਡਰ ਤੇ ਬੇਉਮੀਦੀ ਆਉਣੀ ਸੁਭਾਵਿਕ ਹੈ। ਜੇ ਕਰੋਨਾ ਨਾਲ ਪੀੜਤ ਕੋਈ ਮਰੀਜ਼ ਆਪਣੇ ਬਚਣ ਦੀ ਆਸ ਛੱਡ ਬੈਠਾ ਹੋਵੇ ਅਰਥਾਤ ਜੇ ਉਹ ਸਮਝਦਾ ਹੋਵੇ ਕਿ ਉਸ ਨੇ ਮਰ ਤਾਂ ਜਾਣਾ ਹੀ ਹੈ, ਇਸ ਲਈ ਖਰਚਾ ਕਰਨ ਦੀ ਕੀ ਲੋੜ, ਲਿਹਾਜ਼ਾ ਕਹਿੰਦਾ ਹੋਵੇ ਕਿ ਉਸ ਨੂੰ ਹਸਪਤਾਲ ਵਿਚੋਂ ਕੱਢ ਕੇ ਘਰ ਲੈ ਜਾਇਆ ਜਾਵੇ, ਤਾਂ ਉਸ ਨੂੰ ਗੋਰਸ ਦੇਣ ਦਾ ਵਕਤ ਆ ਗਿਆ ਹੈ। ਬਿਮਾਰੀ ਭਾਵੇਂ ਕੈਂਸਰ ਹੋਵੇ ਜਾਂ ਕਰੋਨਾ, ਜੇ ਮਰੀਜ਼ ਇਲਾਜ ਤੋਂ ਜਾਂ ਜਿਊਣ ਤੋਂ ਬੇਉਮੀਦ ਹੋ ਗਿਆ ਹੋਵੇ ਤਾਂ ਗੋਰਸ ਦੋਹਾਂ ਦਾ ਇਲਾਜ ਕਰ ਦੇਵੇਗੀ!

ਕਈ ਲੋਕ ਜੋ ਵਧੇਰੇ ਘੋਖੀ ਹੁੰਦੇ ਹਨ, ਉਹ ਮੈਡੀਕਲ ਵਿਗਿਆਨ ਦੀਆਂ ਕਈ ਖੋਜਾਂ ਤੋਂ ਪ੍ਰਭਾਵਿਤ ਹੋ ਕੇ ਬੀਮਾਰ ਹੋ ਗਏ ਹੁੰਦੇ ਹਨ। ਕਈ ਕਹਿੰਦੇ ਹਨ, ਉਨ੍ਹਾਂ ਨੂੰ ਬਲੱਡ ਪ੍ਰੈਸ਼ਰ ਹੋ ਗਿਆ ਹੈ, ਜਿਸ ਦਾ ਕੋਈ ਇਲਾਜ ਨਹੀਂ ਹੈ। ਕਈ ਸ਼ੂਗਰ, ਕੋਲੈਸਟਰੋਲ ਤੇ ਥਾਇਰਾਇਡ ਤੋਂ ਭੈਭੀਤ ਹੋ ਕੇ ਆਪਣੇ ਆਪ ਨੂੰ ਲਾ-ਇਲਾਜ ਸਮਝਦੇ ਫਿਰਦੇ ਹਨ। ਕਈਆਂ ਨੂੰ ਹੇਰੀਡਿਟੀ ਦਾ ਕੀੜਾ ਵੱਢ ਗਿਆ ਹੁੰਦਾ ਹੈ। ਉਹ ਸਮਝਦੇ ਹਨ ਕਿ ਫਲਾਂ ਤਕਲੀਫ ਉਨ੍ਹਾਂ ਦੇ ਪਿਉ-ਦਾਦੇ ਨੂੰ ਸੀ ਤੇ ਉਹ ਇਸ ਤੋਂ ਕਿਸੇ ਹਾਲਤ ਵਿਚ ਨਹੀਂ ਬਚ ਸਕਦੇ। ਕਈ ਤਾਂ ਇਸ ਦੇ ਪੁਰਵਜਿਆਂ ਵਿਚ ਹੋਣ ਵੇਲੇ ਦੀ ਉਮਰ ਦੇਖ ਕੇ ਆਪਣੀ ਬਿਮਾਰੀ ਜਾਂ ਮੌਤ ਦਾ ਸਮਾਂ ਵੀ ਨਿਸ਼ਚਿਤ ਕਰ ਲੈਂਦੇ ਹਨ। ਇਸ ਵਿਚਾਰ ਨਾਲ ਉਨ੍ਹਾਂ ਦੀ ਉਮੀਦ ਇਸ ਕਦਰ ਜੁੜ ਜਾਂਦੀ ਹੈ ਕਿ ਉਹ ਆਪਣੀ ਬਿਮਾਰੀ ਅੱਗੇ ਹਥਿਆਰ ਸੁੱਟ ਦਿੰਦੇ ਹਨ। ਅਜਿਹੀ ਹਾਲਤ ਵਿਚ ਗੋਰਸ ਹੀ ਉਨ੍ਹਾਂ ਦਾ ਦਿਮਾਗੀ ਕੀੜਾ ਕੱਢ ਕੇ ਉਨ੍ਹਾਂ ਨੂੰ ਸਹੀ ਰਾਹ 'ਤੇ ਲਿਆ ਸਕਦੀ ਹੈ, ਪਰ ਜੇ ਉਹ ਸਿਰਫ ਡਰੇ ਹੋਏ ਹੋਣ, ਬੇਉਮੀਦੇ ਨਾ ਹੋਏ ਹੋਣ ਤਾਂ ਦਵਾਈ ਹੋਰ ਹੈ।

ਜਿਵੇਂ ਉਪਰ ਬਿਆਨ ਕੀਤਾ ਗਿਆ ਹੈ ਕਿ ਬੈਚ ਫੁੱਲ ਦਵਾਈਆਂ ਬਿਮਾਰੀ ਠੀਕ ਨਹੀਂ ਕਰਦੀਆਂ, ਸਗੋਂ ਅਲਾਮਤਾਂ ਦੂਰ ਕਰਦੀਆਂ ਹਨ। ਅਲਾਮਤਾਂ ਤੋਂ ਮੁਕਤ ਹੋ ਕੇ ਬਿਮਾਰ ਆਪਣੇ ਆਪ ਬਿਮਾਰੀ ਤੋਂ ਛੁਟਕਾਰਾ ਪਾ ਜਾਂਦਾ ਹੈ। ਜੇ ਨਾ-ਉਮੀਦੀ ਹੈ ਤਾਂ ਕਰੋਨਾ ਹੈ, ਜੋ ਘਾਤਕ ਹੈ ਤੇ ਮਾਰ ਦਿੰਦਾ ਹੈ। ਜੇ ਨਾਉਮੀਦੀ ਦੀ ਅਲਾਮਤ ਨਾ ਹੋਵੇ ਤਾਂ ਉਹੀ ਕਰੋਨਾ ਮਹਿਜ਼ ਇਕ ਜ਼ੁਕਾਮ ਹੈ, ਜੋ ਕੁਝ ਦਿਨਾਂ ਬਾਅਦ ਆਪਣੇ ਆਪ ਠੀਕ ਹੋ ਜਾਂਦਾ ਹੈ। ਇਸ ਲਈ ਇਲਾਜ ਕਰੋਨੇ ਦਾ ਨਹੀਂ, ਬੇਉਮੀਦੀ ਦਾ ਕਰਨਾ ਹੁੰਦਾ ਹੈ। ਇਸ ਅਲਾਮਤ ਨੂੰ ਖਾਰਜ ਕਰਨ ਦੀ ਇਹ ਖਾਸੀਅਤ ਗੋਰਸ ਨੂੰ ਕਰੋਨਾ ਦੀ ਸਿਰਕੱਢ ਦਵਾਈ ਬਣਾਉਂਦੀ ਹੈ।

ਬੇਉਮੀਦੀ ਦੀ ਇਹ ਅਵਸਥਾ ਸਿਰਫ ਸਿਹਤ ਸਮੱਸਿਆਵਾਂ ਵਿਚ ਹੀ ਨਹੀਂ, ਸਗੋਂ ਹੋਰ ਬਹੁਤ ਸਾਰੀਆਂ ਸਥਿਤੀਆਂ ਵਿਚ ਵੀ ਪਾਈ ਜਾਂਦੀ ਹੈ। ਇਸ ਲਈ ਗੋਰਸ ਮੈਡੀਕਲ ਖੇਤਰ ਦੀ ਹੀ ਨਹੀਂ, ਸਗੋਂ ਸਮਾਜਕ ਤੇ ਆਰਥਿਕ ਖੇਤਰ ਦੀ ਦਵਾਈ (Community Medicine) ਵੀ ਹੈ। ਮਿਸਾਲ ਵਜੋਂ ਕਈ ਲੋਕ ਲਗਾਤਾਰ ਗਰੀਬੀ ਦੀ ਹਾਲਤ ਵਿਚ ਰਹਿੰਦੇ ਹੋਏ ਇਸ ਗੱਲੋਂ ਨਾਉਮੀਦ ਹੋ ਜਾਂਦੇ ਹਨ ਕਿ ਕਦੇ ਉਨ੍ਹਾਂ ਦੇ ਵੀ ਚੰਗੇ ਦਿਨ ਆਉਣਗੇ। ਉਹ ਲਿੱਸੇ ਹੋ ਕੇ ਪੈਰ ਘੜੀਸਣ ਲੱਗ ਜਾਂਦੇ ਹਨ। ਜਦੋਂ ਸੁਧਾਰ ਦੀ ਉਮੀਦ ਹੀ ਨਹੀਂ ਤਾਂ ਉੱਦਮ ਕੀ ਕਰਨਾ? ਨਾ ਉਹ ਆਪਣੇ ਸੋਸ਼ਕ ਪਛਾਣ ਕੇ ਸੰਘਰਸ਼ ਕਰਦੇ ਹਨ ਤੇ ਨਾ ਆਪ ਕੋਈ ਤਰਕੀਬ ਸੋਚ ਕੇ ਉੱਤੇ ਉੱਠਣ ਦੀ ਕੋਸ਼ਿਸ਼ ਕਰਦੇ ਹਨ। ਕਈ ਤਾਂ ਇੰਨੇ ਬੇਉਮੀਦੇ ਹੋ ਗਏ ਹੁੰਦੇ ਹਨ ਕਿ ਆਪਣੇ ਬੱਚਿਆਂ ਨੂੰ ਵੀ ਸਿੱਖਿਆ ਲਈ ਨਹੀਂ ਪ੍ਰੇਰਦੇ। ਫੁੱਲ ਦਵਾਈ ਗੋਰਸ ਉਨ੍ਹਾਂ ਲਈ ਬਹੁਮੁੱਖੀ ਰਾਹ ਖੋਲ੍ਹੇਗੀ। ਉਨ੍ਹਾਂ ਅੰਦਰ ਉੱਚਾ ਉੱਠਣ ਦੀ ਚਾਹ ਪੈਦਾ ਕਰੇਗੀ ਤੇ ਉਨ੍ਹਾਂ ਨੂੰ ਆਪਣੇ ਵਿਕਾਸ ਦੇ ਕਈ ਰਸਤੇ ਨਜ਼ਰ ਆਉਣੇ ਅਰੰਭ ਹੋ ਜਾਣਗੇ। ਪਰ ਯਾਦ ਰਹੇ, ਗੋਰਸ ਨੇ ਉਨ੍ਹਾਂ ਲਈ ਰੁਜ਼ਗਾਰ ਜਾਂ ਨੌਕਰੀਆਂ ਪੈਦਾ ਨਹੀਂ ਕਰਨੀਆਂ। ਇਸ ਨੇ ਤਾਂ ਇਨ੍ਹਾਂ ਮਾਯੂਸੀ ਭਰੇ ਵਿਅਕਤੀ ਨੂੰ ਨੌਕਰੀਆਂ ਦੀ ਭਾਲ ਤੇ ਪ੍ਰਾਪਤੀ ਲਈ ਤਿਆਰ ਕਰ ਕੇ ਦੂਜੇ ਪ੍ਰਤੀਯਾਸ਼ੀਆਂ ਵਾਂਗ ਸੰਘਰਸ਼ ਕਰਨ ਲਈ ਤਤਪਰ ਕਰਨਾ ਹੈ।

ਅੱਜ ਦਿੱਲੀ ਦੀਆਂ ਬਰੂਹਾਂ ਤੇ ਕਿਸਾਨ ਧਰਨੇ ਲਾਈ ਬੈਠੇ ਹਨ। ਉਨ੍ਹਾਂ ਦੇ ਹੌਸਲੇ ਬੁਲੰਦ ਹਨ। ਉਨ੍ਹਾਂ ਨੂੰ ਗੋਰਸ ਦੀ ਕੋਈ ਲੋੜ ਨਹੀਂ ਹੈ, ਪਰ ਕਦੇ ਕਦੇ ਕੋਈ ਖਬਰ ਆਉਂਦੀ ਹੈ ਕਿ ਫਲਾਂ ਸੰਤ ਧਰਨੇ ਦੇ ਲੰਮਾ ਖਿੱਚਣ ਤੋਂ ਮਾਯੂਸ ਹੋ ਕੇ ਆਤਮ ਹੱਤਿਆ ਕਰ ਗਿਆ ਤੇ ਫਲਾਂ ਨੌਜਵਾਨ ਆਗੂ ਤਿੰਨ ਬਿਲ ਵਾਪਸ ਨਾ ਲਏ ਜਾਣ ਕਰਕੇ ਦਿਲਗੀਰ ਹੋ ਗਿਆ ਤੇ ਜ਼ਹਿਰ ਪੀ ਗਿਆ। ਕਈ ਨਿਰਾਸ਼ਾਵਾਦੀ ਅੰਦਰੋਂ ਅੰਦਰੀ ਅਜੇ ਵੀ ਖੁਦਕਸ਼ੀ ਕਰਨ ਦੇ ਕਿਨਾਰੇ ਹੋਣਗੇ। ਕਈ ਇੱਕਾ ਦੁੱਕਾ ਅਜਿਹੇ ਵੀ ਹੋਣਗੇ, ਜੋ ਸ਼ਰਮੋ-ਸ਼ਰਮੀ ਤਾਂ ਉੱਥੇ ਬੈਠੇ ਹਨ, ਪਰ ਅੰਦਰੋਂ ਬੇਆਸ ਹੋ ਚੁਕੇ ਹੋਣਗੇ। ਕਿਸਾਨ ਨੇਤਾਵਾਂ ਦੇ ਰੋਹਦਾਰ ਭਾਸ਼ਣ ਵੀ ਉਨ੍ਹਾਂ ਦੀ ਧੀਰ ਨਹੀਂ ਬੰਨ੍ਹਾ ਰਹੇ ਹੋਣਗੇ। ਅਜਿਹੇ ਸਾਰੇ ਕਿਸਾਨ ਧਰਨਾਕਾਰੀਆਂ ਨੂੰ ਲਗਾਤਾਰ ਦਸ ਦਿਨ ਗੋਰਸ ਦੀਆਂ ਖੁਰਾਕਾਂ ਦੀ ਲੋੜ ਹੈ। ਇਸ ਉਪਰੰਤ ਉਨ੍ਹਾਂ ਵਿਚ ਨਿਰਾਰਥਿਕਤਾ ਤੇ ਮਾਯੂਸੀ ਦਾ ਆਲਮ ਖਤਮ ਹੋ ਜਾਵੇਗਾ ਤੇ ਉਹ ਆਪਣਾ ਟੀਚਾ ਹਾਸਲ ਕਰਨ ਲਈ ਮੁੜ ਜੋਸ਼ੀਲੇ ਹੋ ਜਾਣਗੇ।

ਇਹ ਕਹਿਣ ਦੀ ਤਾਂ ਲੋੜ ਹੀ ਨਹੀਂ ਕਿ ਉਹ ਕਿਸਾਨ ਜੋ ਕਰਜ ਮੋੜਨ ਬਾਰੇ ਬੇਆਸ ਤੇ ਮਜ਼ਬੂਰ ਹੋ ਕੇ ਖੁਦਕਸ਼ੀਆਂ ਕਰੀ ਜਾਂਦੇ ਹਨ, ਉਨ੍ਹਾਂ ਵਿਚੋਂ ਵੀ ਬਹੁਤੇ ਗੋਰਸ ਦੇ ਮਰੀਜ਼ ਹੀ ਹਨ। ਉਹ ਤਾਂ ਇਸ ਨੂੰ ਅੱਜ ਹੀ ਲੈਣਾ ਸ਼ੁਰੂ ਕਰਨ ਤਾਂ ਜੋ ਉਨ੍ਹਾਂ ਦੀਆਂ ਕੀਮਤੀ ਜਾਨਾਂ ਬਚ ਸਕਣ। ਬੈਚ ਫੁੱਲ ਦਵਾਈਆਂ ਦੀ ਗਿਣਤੀ ਅਠੱਤੀ ਹੈ। ਜੇ ਗੋਰਸ ਨਹੀਂ ਤਾਂ ਕੋਈ ਹੋਰ ਦਵਾਈ ਉਨ੍ਹਾਂ ਦੇ ਕੰਮ ਆ ਜਾਵੇਗੀ। ਇਨ੍ਹਾਂ ਦੀ ਸਹੀ ਚੋਣ ਕਰ ਕੇ ਦੇਣ ਨਾਲ ਭਾਰਤ, ਖਾਸ ਕਰ ਕੇ ਪੰਜਾਬ ਵਿਚ ਦਹਾਕਿਆਂ ਤੋਂ ਚਲੀ ਆ ਰਹੀ ਖੁਦਕੁਸ਼ੀਆਂ ਦੀ ਸਮੱਸਿਆ ਫੌਰਨ ਸੁਲਝ ਜਾਵੇਗੀ। ਆਸ ਕੀਤੀ ਜਾਂਦੀ ਹੈ ਕਿ ਇਹ ਲੇਖ-ਲੜੀ ਪੜ੍ਹ ਕੇ ਕੋਈ ਸਮਾਜ-ਸੇਵੀ ਸੰਸਥਾ ਜਾਂ ਕੋਈ ਉਤਸ਼ਾਹੀ ਤੇ ਪਰਉਪਕਾਰੀ ਕਿਸਾਨ-ਪੁੱਤਰ ਦੇਸ ਦੇ ਗੁਮਰਾਹ ਅੰਨਦਾਤਿਆਂ ਨੂੰ ਬੇਵਕਤੀ ਮੌਤ ਤੋਂ ਜਰੂਰ ਬਚਾਵੇਗਾ।

ਗੋਰਸ ਦਾ ਖੇਤਰ ਬਹੁਤ ਵਿਸ਼ਾਲ ਹੈ। ਨਾਉਮੀਦੀ ਦੇ ਆਧਾਰ 'ਤੇ ਇਸ ਨੂੰ ਕਿਤੇ ਵੀ ਵਰਤਿਆ ਜਾ ਸਕਦਾ ਹੈ। ਜੋ ਲੋਕ ਇਮਤਿਹਾਨ ਵਿਚ ਫੇਲ੍ਹ ਹੋ ਕੇ ਨਾਉਮੀਦ ਹੋ ਜਾਂਦੇ ਹਨ ਤੇ ਪੜ੍ਹਾਈ ਛੱਡ ਜਾਂਦੇ ਹਨ, ਉਹ ਇਸ ਨੂੰ ਵਰਤ ਕੇ ਫਿਰ ਕਾਮਯਾਬੀ ਦੀ ਰਾਹ 'ਤੇ ਉਤਰ ਸਕਦੇ ਹਨ। ਬਿਜ਼ਨਸ ਵਿਚ ਫੇਲ੍ਹ ਹੋ ਕੇ ਜਾਂ ਦਿਵਾਲੀਏ ਹੋ ਕੇ ਨਿਰਾਸ਼ ਹੋਣ ਵਾਲੇ ਜਾਂ ਸ਼ੇਅਰ ਮਾਰਕਿਟ ਵਿਚ ਲੁਟੇ ਵਿਅਕਤੀ ਇਸ ਦਾ ਸੇਵਨ ਕਰਕੇ ਮੁੜ ਖੜ੍ਹੇ ਹੋ ਸਕਦੇ ਹਨ। ਹਿਮਾਲਾ ਦੀ ਚੋਟੀ 'ਤੇ ਚੜ੍ਹਨ ਵਿਚ ਨਾਕਾਮਯਾਬ ਹੋਏ ਵਿਅਕਤੀ, ਜੋ ਆਸ ਦੀ ਢੇਰੀ ਢਾਹ ਕੇ ਬੈਠ ਗਏ ਹੋਣ, ਉਹ ਇਸ ਨੂੰ ਲੈ ਕੇ ਅਗਲੇ ਜਥੇ ਦਾ ਹਿੱਸਾ ਬਣ ਸਕਦੇ ਹਨ। ਖੇਡਾਂ ਵਿਚ ਹਾਰ ਕੇ ਬੇਆਸ ਹੋਏ ਖਿਡਾਰੀ ਵੀ ਇਸ ਤੋਂ ਪੂਰਾ ਲਾਭ ਉਠਾ ਸਕਦੇ ਹਨ। ਇੱਥੋਂ ਤੀਕ ਕਿ ਸੰਤਾਨ ਪ੍ਰਾਪਤੀ ਪੱਖੋਂ ਬੇਆਸ ਹੋਈਆਂ ਔਰਤਾਂ ਵੀ ਇਸ ਦੇ ਸੇਵਨ ਨਾਲ ਮਾਂਵਾਂ ਬਣ ਸਕਦੀਆਂ ਹਨ। ਇਸ ਦਵਾਈ ਦੇ ਪਰਉਪਕਾਰਾਂ ਦੀ ਕੋਈ ਸੰਖਿਆ ਜਾਂ ਸੀਮਾ ਨਹੀਂ ਹੈ।

*(ਬਾਕੀ ਅਗਲੇ ਸਫੇ 'ਤੇ)*

# ਮਈ ਦਿਵਸ ਦਾ ਵਿਰਸਾ

ਮਈ ਦਾ ਮਹੀਨਾ ਦੁਨੀਆਂ ਭਰ ਵਿਚ ਮਿਹਨਤੀ ਲੋਕਾਂ ਦੇ ਹੱਕੀ ਸੰਘਰਸ਼ਾਂ ਦੇ ਪ੍ਰਤੀਕ ਵਜੋਂ ਜਾਣਿਆ ਜਾਂਦਾ ਹੈ। ਮਈ ਮਹੀਨੇ ਦੀ ਪਹਿਲੀ ਤਾਰੀਖ ਨੂੰ ਦੁਨੀਆਂ ਭਰ ਵਿਚ ਮਜ਼ਦੂਰ ਜਮਾਤ ਅਤੇ ਹੋਰ ਮਿਹਨਤੀ ਲੋਕ ਸ਼ਿਕਾਗੋ ਦੇ ਅਮਰ ਸ਼ਹੀਦਾਂ ਨੂੰ ਯਾਦ ਕਰਦੇ ਹਨ ਅਤੇ ਕੀਤੇ ਸੰਘਰਸ਼ਾਂ ਦੀ ਪੜਚੋਲ ਕਰਦਿਆਂ ਲੁੱਟ ਰਹਿਤ ਸਮਾਜ ਦੀ ਸਿਰਜਣਾ ਦੇ ਪ੍ਰਣ ਨੂੰ ਦ੍ਰਿੜਾਉਂਦੇ ਹਨ। ਇਹ ਕੌਮਾਂਤਰੀ ਦਿਵਸ ਸਮੁੱਚੇ ਸੰਸਾਰ ਅਤੇ ਕਿਰਤੀਆਂ ਵਿਚਕਾਰ ਸਮਾਜੀ ਸਾਂਝ ਦੀ ਭਾਵਨਾ ਦਾ ਸੰਚਾਰ ਕਰਦਾ ਹੈ, ਏਕੇ ਦੀ ਮਹੱਤਤਾ ਦੱਸਦਾ ਹੈ।

ਮਈ ਦਿਵਸ ਦਾ ਇਤਿਹਾਸ 19ਵੀਂ ਸਦੀ ਦੇ ਇੰਡਸਟ੍ਰੀਅਲ ਰੈਵੋਲਿਊਸ਼ਨ (Industrial Revolution) ਪਿਛੋਂ ਯੂਰਪ ਵਿਚ ਸ਼ੁਰੂ ਹੋਇਆ, ਜਦੋਂ ਕਾਰਖਾਨੇਦਾਰ ਆਪਣੇ ਕਾਮਿਆਂ ਕੋਲੋਂ ਚਾਨਣ ਸ਼ੁਰੂ ਹੋਣ ਤੋਂ ਚਾਨਣ ਖਤਮ (Dawn to Dusk) ਹੋਣ ਤੱਕ ਕੰਮ ਕਰਵਾਉਂਦੇ ਸਨ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਯੂਰਪ ਵਿਚ ਚਾਨਣ ਸਵੇਰੇ ਪੰਜ ਵਜੇ ਤੋਂ ਸ਼ਾਮ ਨੌਂ ਵਜੇ ਤੱਕ ਰਹਿੰਦਾ ਹੈ, ਭਾਵ ਮਜ਼ਦੂਰ ਨੂੰ 17-18 ਘੰਟੇ ਕੰਮ ਕਰਨਾ ਪੈਂਦਾ ਸੀ।

ਇਹ ਸਰਾਸਰ ਧੱਕਾ ਹੁੰਦਾ ਵੇਖ 1816 ਵਿਚ ਅਗਾਂਹਵਧੂ ਸ਼ਖਸੀਅਤਾਂ ਨੇ ਇਸ ਦੇ ਵਿਰੋਧ ਵਿਚ ਆਵਾਜ਼ ਵੀ ਉਠਾਈ, ਜਿਨ੍ਹਾਂ ਵਿਚ ਦੁਨੀਆਂ ਦੇ ਮਸ਼ਹੂਰ ਕਵੀ ਲਾਰਡ ਵਾਇਰਨ ਦਾ ਨਾਮ ਜ਼ਿਕਰਯੋਗ ਹੈ। ਲਾਰਡ ਵਾਇਰਨ ਇੰਗਲੈਂਡ ਦੇ ਲਾਰਡ ਘਰਾਣੇ ਦਾ ਪੁੱਤਰ ਸੀ। ਉਸ ਦਾ ਕੱਪੜਾ ਮਿੱਲਾਂ ਦੇ ਲੁਡੀਜ਼ ਕਾਮਿਆਂ ਨਾਲ ਖੜ੍ਹਨਾ ਰਈਸ ਘਰਾਣੇ ਨੂੰ ਚੰਗਾ ਨਾ ਲੱਗਾ, ਜਿਸ ਦੀ ਸਜ਼ਾ ਵਜੋਂ ਲਾਰਡ ਵਾਇਰਨ ਨੂੰ ਇੰਗਲੈਂਡ ਛੱਡ ਕੇ ਇਟਲੀ ਜਾਣਾ ਪਿਆ, ਪਰ ਕਿਰਤੀਆਂ ਦੇ ਹੱਕ 'ਚ ਖਲੋਣ ਨਾਲ ਕੰਮ ਦੇ ਸਮੇਂ ਦੀ ਲੜਾਈ ਸ਼ੁਰੂ ਹੋ ਗਈ, ਜੋ 19ਵੀਂ ਸਦੀ ਦੇ ਅੱਠਵੇਂ ਦਹਾਕੇ ਵਿਚ ਜਾ ਕੇ ਗਰਮ ਹੋਈ, ਜਿੱਥੋਂ 'ਇੱਕ ਦਿਨ ਕੰਮ ਕਰਨ ਦਾ ਸਮਾਂ 8 ਘੰਟੇ ਹੋਵੇ' ਦਾ ਸੰਘਰਸ਼ ਸ਼ੁਰੂ ਹੋਇਆ।

ਪਹਿਲੀ ਮਈ 1886 ਵਿਚ ਯੂਰਪ ਦੇ ਕਿਰਤੀਆਂ ਦੇ ਸੰਘਰਸ਼ ਨੂੰ ਸਹੀ ਪਾਉਣ ਦਾ ਪ੍ਰਗਟਾਵਾ ਸਾਰੇ ਸੰਸਾਰ ਦੇ ਫੈਕਟਰੀ ਮਜ਼ਦੂਰਾਂ ਨੇ ਇੱਕ ਦਿਨ ਦੀ ਹੜਤਾਲ ਕਰਕੇ ਕੀਤਾ। ਅਮਰੀਕਾ ਦੇ ਵੱਡੇ ਸਨਅਤੀ ਸ਼ਹਿਰਾਂ ਵਿਚ ਜਿਵੇਂ ਸਿਆਟਲ, ਨਿਊ ਯਾਰਕ, ਲਾਸ ਏਂਜਲਸ ਤੇ ਸ਼ਿਕਾਗੋ ਵਿਚ ਮਜ਼ਦੂਰਾਂ ਨੇ ਵੱਡੇ-ਵੱਡੇ ਇਕੱਠ ਕੀਤੇ। ਸਭ ਤੋਂ ਵੱਡਾ ਇਕੱਠ ਸ਼ਿਕਾਗੋ ਵਿਚ ਹੋਇਆ। ਇਸ ਵੱਡੇ ਇਕੱਠ ਨੂੰ ਵੇਖ ਕੇ ਸ਼ਿਕਾਗੋ ਦੀ ਅਫਸਰਸ਼ਾਹੀ ਬੁਖਲਾ ਗਈ ਤੇ ਆਪਣੇ ਖਾਸੇ ਅਨੁਸਾਰ ਤਿੰਨ ਮਈ ਨੂੰ ਮਜ਼ਦੂਰਾਂ ਦੀ ਹੋ ਰਹੀ ਮੀਟਿੰਗ ਉਪਰ ਵਹਿਸ਼ੀ ਜ਼ੁਲਮ ਕੀਤਾ, ਜਿਸ ਵਿਚ 6 ਮਜ਼ਦੂਰ ਸ਼ਹੀਦ ਹੋ ਗਏ।




ਦਿਹਾੜੀ ਨੂੰ 8 ਘੰਟੇ ਸਮਾਂ ਬੱਧ ਕਰਨ ਲਈ ਪੁਰਅਮਨ ਮੁਜਾਹਰਾਕਾਰੀ 4 ਮਈ ਨੂੰ ਪੁਲਿਸ ਵਲੋਂ ਕੀਤੇ ਬਰਬਰਤਾ ਭਰਪੂਰ ਤਸ਼ੱਦਦ ਵਿਰੁੱਧ ਘਾਹ ਮੰਡੀ (Hay Market) ਸ਼ਿਕਾਗੋ ਵਿਚ ਇਕੱਤਰ ਹੋਏ। ਇਸ ਵਿਸ਼ਾਲ ਇਕੱਠ ਨੂੰ ਤੋੜਨ ਜਾਂ ਖਿੰਡਾਉਣ ਲਈ ਹਾਕਮਾਂ ਨੇ ਸਾਜ਼ਿਸ਼ੀ ਢੰਗ ਨਾਲ ਇੱਕ ਬੰਬ ਸੁੱਟਿਆ, ਜਿਸ ਨਾਲ ਇੱਕ ਪੁਲਿਸ ਸਾਰਜੈਂਟ ਮਾਰਿਆ ਗਿਆ। ਇਹ ਘਟਨਾ ਨੂੰ ਬਹਾਨਾ ਬਣਾ ਕੇ ਲਾਗੇ ਬੈਠੀ ਫੌਜ ਦੀ ਟੁਕੜੀ ਨੇ ਗੋਲੀਆਂ ਦੀ ਬੌਛਾੜ ਕਰ ਦਿੱਤੀ ਅਤੇ 4 ਹੋਰ ਮਜ਼ਦੂਰ ਸ਼ਹੀਦ ਹੋ ਗਏ, ਜਿਸ ਦਾ ਕਾਮਿਆਂ ਵਲੋਂ ਸੰਸਾਰ ਪੱਧਰ ਉਤੇ ਵਿਰੋਧ ਕਰਦਿਆਂ ਫੈਕਟਰੀ ਮਾਲਕਾਂ ਦੀ ਰਖੇਲ ਪੁਲਿਸ ਦਾ ਅਸਲੀ ਚਿਹਰਾ ਦਿਖਾਇਆ।

ਸ਼ਿਕਾਗੋ ਦੇ ਸਰਕਾਰੀ ਤੰਤਰ ਨੇ ਜਵਾਬੀ ਕਾਰਵਾਈ ਵਿਚ 8 ਮੁਜਾਹਰਾਕਾਰੀ ਮਜ਼ਦੂਰਾਂ ਦੇ ਆਗੂਆਂ ਵਿਰੁੱਧ ਕੋਰਟ ਵਿਚ ਮੁਕੱਦਮਾ ਕਰ ਦਿੱਤਾ। ਮਜ਼ਦੂਰ ਵਿਰੋਧੀ ਸਰਕਾਰਾਂ ਭਾਵੇਂ ਕਸੂਰਵਾਰ ਹੁੰਦੀਆਂ ਹਨ, ਪਰ ਆਪਣਾ ਪੱਖ ਵਿਕਾਊ ਮੀਡੀਏ ਨਾਲ ਅਤੇ ਕਾਨੂੰਨ ਦੇ ਰਾਖਿਆਂ ਨੂੰ ਖਰੀਦ ਕੇ ਆਪਣੇ ਆਪ ਨੂੰ ਬੇਕਸੂਰ ਦਰਸਾਉਂਦੀਆਂ ਹਨ ਤੇ ਹੱਕ ਮੰਗਦੀ ਕਾਮਾ ਜਮਾਤ ਨਾਲ ਧੱਕਾ ਕਰਦੀਆਂ ਹਨ। ਬੇਸ਼ੱਕ ਬੰਬ ਧਮਾਕੇ ਨਾਲ ਸਬੰਧਤ ਕਿਸੇ ਵੀ ਆਗੂ ਦਾ ਕਸੂਰ ਸਿੱਧ ਨਹੀਂ ਹੋ ਸਕਿਆ ਸੀ, ਫਿਰ ਵੀ 7 ਮਜ਼ਦੂਰ ਆਗੂਆਂ-ਅਲਬਰਟ ਪਾਰਸਨਜ਼, ਆਗਸਤ ਸਪਾਈਜ਼, ਮਾਈਕਲ ਸਾਅਬ, ਲੂਈਸ ਲਿੰਗ, ਅਡੌਲਫ ਫਿਸ਼ਰ, ਸੈਮੁਅਲ ਫੀਲਡਨ ਤੇ ਜਾਰਜ ਐਨਗਲ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਅਤੇ ਅੱਠਵੇਂ ਆਗੂ ਆਸਕਰ ਨੀਵ ਨੂੰ 15 ਸਾਲ ਦੀ ਕੈਦ ਸੁਣਾਈ ਗਈ। (ਹੈਰਾਨ ਕਰਨ ਵਾਲੀ ਗੱਲ ਹੈ ਕਿ ਮੁਕੱਦਮੇ ਦੌਰਾਨ ਇਹ ਸਾਬਤ ਵੀ ਹੋ ਗਿਆ ਸੀ ਕਿ ਫਾਂਸੀ ਦੀ ਸਜ਼ਾ ਵਾਲਿਆਂ ਵਿਚੋਂ ਦੋ ਆਗੂ ਹੀ ਮੁਜਾਹਰੇ ਵਿਚ ਸ਼ਾਮਿਲ ਸਨ।)

ਧਨਕੁਬੇਰਾਂ ਵਲੋਂ ਮਜ਼ਦੂਰ ਵਿਰੋਧੀ ਵਰਤੇ ਢੰਗ ਤਰੀਕੇ ਦਾ ਵਿਰੋਧ ਹੋਇਆ। ਅਗਾਂਹਵਧੂ ਅਮਰੀਕਨਾਂ ਅਤੇ ਯੂਰਪੀਅਨਾਂ ਨੇ ਕੋਰਟ ਵਲੋਂ ਦਿੱਤੇ ਫੈਸਲਿਆਂ ਵਿਰੁੱਧ ਚੈਲੰਜ ਕੀਤੇ। ਬਹੁਤੀਆਂ ਦਲੀਲਾਂ ਅਣਸੁਣੀਆਂ ਕਰ ਦਿੱਤੀਆਂ ਗਈਆਂ। ਸਿਰਫ ਫੀਲਡਜ਼ ਅਤੇ ਸ਼ਾਅਬ ਦੀਆਂ ਸਜ਼ਾਵਾਂ ਨੂੰ ਉਮਰ ਕੈਦ ਵਿਚ ਬਦਲਿਆ। ਲੂਈ ਲਿੰਗ ਦਾ ਜੇਲ੍ਹ ਵਿਚ ਦਿਹਾਂਤ ਹੋ ਗਿਆ ਅਤੇ ਬਾਕੀ ਚਾਰ ਨੂੰ 11 ਨਵੰਬਰ 1887 ਨੂੰ ਫਾਂਸੀ ਦੇ ਤਖਤੇ 'ਤੇ ਚੜ੍ਹਾ ਕੇ ਸ਼ਹੀਦ ਕਰ ਦਿੱਤਾ। ਫਾਸੀ ਦੇ ਤਖਤੇ ਵੱਲ ਵਧਦਿਆਂ 'ਸਪਾਈਜ਼' ਦੇ ਆਖਰੀ ਸ਼ਬਦ ਸਨ, "ਇੱਕ ਸਮਾਂ ਆਵੇਗਾ, ਜਦੋਂ ਸਾਡੀ ਚੁੱਪ ਸਾਡੇ ਸ਼ਬਦਾਂ ਨਾਲੋਂ ਵੱਧ ਬੋਲੇਗੀ। ਇਹ ਮਜ਼ਦੂਰਾਂ ਦੇ ਸਾਂਝੇ ਕਾਰਜ ਲਈ ਬਲੀਦਾਨ ਦੇਣ ਦੀ ਰਵਾਇਤ ਦੀ ਸ਼ੁਰੂਆਤ ਸੀ।

ਜਿਨ੍ਹਾਂ ਤਿੰਨ ਆਗੂਆਂ ਨੂੰ ਉਮਰ ਕੈਦ ਹੋਈ ਸੀ, 1893 ਵਿਚ ਰਿਹਾ ਕਰ ਦਿੱਤਾ ਗਿਆ। ਇਲੀਨਾਇ ਸਟੇਟ ਦੇ ਗਵਰਨਰ ਜੌਹਨ ਪੀਟਰ ਅਲਟਗੈਲਡ ਨੂੰ ਇਹ ਮੰਨਣਾ ਪਿਆ ਸੀ ਕਿ ਮਜ਼ਦੂਰ ਆਗੂਆਂ ਦੇ ਜੁਰਮ ਸਾਬਤ ਨਹੀਂ ਹੋਏ, ਕੋਰਟ ਵਲੋਂ ਕੀਤੇ ਫੈਸਲੇ ਤੇ ਸਜ਼ਾਵਾਂ ਪੱਖਪਾਤੀ ਸਨ।

ਆਲਮੀ ਕਿਰਤੀ ਲਹਿਰ ਵਲੋਂ ਸ਼ਿਕਾਗੋ ਕੇਸ ਨੂੰ 'ਹੇਅ ਮਾਰਕਿਟ ਕੇਸ' ਦਾ ਨਾਮ ਦਿੱਤਾ। 1889 ਵਿਚ ਪੈਰਿਸ ਵਿਖੇ 'ਅੰਤਰਰਾਸ਼ਟਰੀ ਵਰਕਿੰਗ ਮੈਨ'ਜ਼ ਐਸੋਸੀਏਸ਼ਨ (International Working Men's Associations) ਦੀ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ 1890 ਤੋਂ ਹਰ ਸਾਲ ਪਹਿਲੀ ਮਈ ਦਾ ਦਿਨ ਮਜ਼ਦੂਰ ਜਮਾਤ ਦੇ 'ਅੰਤਰਰਾਸ਼ਟਰੀ ਇਕਮੁੱਠਤਾ ਦਿਵਸ' ਵਜੋਂ ਮਨਾਇਆ ਜਾਵੇਗਾ ਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਪੇਸ਼ ਕੀਤੀ ਜਾਵੇਗੀ, ਜਿਨ੍ਹਾਂ ਨੇ ਸਾਰੇ ਸੰਸਾਰ ਦੀ ਕਿਰਤੀ ਜਮਾਤ ਨੂੰ 8 ਘੰਟੇ ਦੀ ਦਿਹਾੜੀ ਦਾ ਸਮਾਂ ਹੋਣ ਦੀ ਜਿੱਤ ਪ੍ਰਾਪਤ ਕਰਕੇ ਦਿੱਤੀ।

ਮਈ ਦਿਵਸ ਦੀਆਂ ਸਾਰੇ ਸੰਸਾਰ ਦੇ ਕਿਰਤੀ ਵਰਗ ਨੂੰ ਵਧਾਈਆਂ ਦਿੰਦਿਆਂ ਇਹ ਦੱਸਣਾ ਚਾਹੁੰਦੇ ਹਾਂ ਕਿ ਹੁਣ ਫਿਰ ਦੁਨੀਆਂ ਭਰ ਦੀ ਸਰਮਾਏਦਾਰੀ ਆਪਣਾ 'ਫਨੀਅਰ ਨਾਗ' ਵਾਲਾ ਚਿਹਰਾ ਦਿਖਾਉਂਦੀ ਹੋਈ ਇਸ ਹੱਕੀ ਜਿੱਤ ਨੂੰ ਅੱਖੋਂ ਪਰੋਖੇ ਕਰ ਰਹੀ ਹੈ; ਮਜ਼ਦੂਰ ਜਮਾਤ ਨਾਲ ਬੇਇਨਸਾਫੀਆਂ ਕਰਦੀ ਹੋਈ ਮੌਕੇ ਦੀਆਂ ਸਰਕਾਰਾਂ ਨੂੰ ਕੰਮ ਕਰਨ ਦਾ ਸਮਾਂ 12 ਘੰਟੇ ਕਰਨ ਲਈ ਮਜਬੂਰ ਕਰ ਰਹੀ ਹੈ ਅਤੇ ਕਿਰਤ ਕਾਨੂੰਨਾਂ 'ਚ ਸੋਧਾਂ ਕਰਵਾ ਕੇ ਮਜ਼ਦੂਰ ਜਮਾਤ ਦਾ ਸੰਘ ਘੁੱਟ ਰਹੀ ਹੈ।

ਅੱਜ ਸਮਾਂ ਮੰਗ ਕਰਦਾ ਹੈ ਕਿ ਮਜ਼ਦੂਰ, ਮੁਲਾਜ਼ਮ, ਕਿਸਾਨ ਅਤੇ ਜਨਤਾ 'ਏਕੇ' ਦਾ ਸਬੂਤ ਦਿੰਦਿਆਂ ਵਿਸ਼ਾਲ ਪਲੇਟਫਾਰਮ ਬਣਾ ਕੇ ਆਪਣੇ ਬਣਦੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰੇ ਅਤੇ ਮਿਲੇ ਹੋਏ ਹੱਕਾਂ ਦੀ ਰਾਖੀ ਕਰਨ ਲਈ ਇੱਕ-ਜੁੱਟ ਹੋਵੇ।

*ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ।*
*-ਮਨਮੋਹਨ ਪੂਨੀ, ਫੋਨ: 1-347-753-5940*

## ਵਿਸ਼ੇਸ਼

### ਮਜ਼ਦੂਰ ਦਿਵਸ

ਅਠਾਰ੍ਹਾਂ ਸੌ ਛਿਆਸੀ ਦੀ ਹੈ ਗੱਲਬਾਤ ਜੀ,
ਨਿਚੋੜਦੇ ਸੀ ਕਾਮਿਆਂ ਨੂੰ ਦਿਨ ਰਾਤ ਜੀ।

ਹੋਇਆ ਉਦਯੋਗਾਂ ਦਾ ਨਵਾਂ ਆਗਾਜ਼ ਸੀ,
ਦੱਬੀ ਸਰਮਾਏਦਾਰਾਂ ਕਾਮੇ ਦੀ ਆਵਾਜ਼ ਸੀ।

ਉਦੋਂ ਪੰਦਰਾਂ ਘੰਟੇ ਰੋਜ਼ ਸੱਤੇ ਦਿਨ ਕੰਮ ਸੀ,
ਸਿਹਤ ਸਹੂਲਤਾਂ ਦੀ ਘਾਟ ਇੱਕ ਦਮ ਸੀ।

ਮਿਹਨਤਕਸ਼ ਹੱਕਾਂ ਦੀ ਚਲਦੀ ਲੁੱਟ ਸੀ,
ਮਾਲਕਾਂ ਸਰਕਾਰਾਂ ਦਿੱਤਾ ਸਾਹ ਘੁੱਟ ਸੀ।

ਜਾਗ ਪਏ ਕਿਰਤੀ ਸੀ ਫਿਰ ਹੱਕ ਮੰਗਦੇ,
ਅੱਖਾਂ 'ਚ ਅੱਖਾਂ ਪਾਉਣੋਂ ਨਹੀਂ ਸੀ ਸੰਗਦੇ।

ਵਿੱਢ ਕੇ ਸੰਘਰਸ਼ ਉਨ੍ਹਾਂ ਪਾਏ ਨਵੇਂ ਪੂਰਨੇ,
ਬਣਾ ਕੇ ਜਥੇਬੰਦੀਆਂ ਮਾਲਕ ਪਏ ਘੂਰਨੇ।

ਹੋਇਆ ਸਮਝੌਤਾ ਸ਼ਿਫਟ ਅੱਠ ਘੰਟੇ ਦੀ,
ਐਤਵਾਰ ਛੁੱਟੀ ਬ੍ਰੇਕ ਹੋਈ ਅੱਧੇ ਘੰਟੇ ਦੀ।

ਯੂਨੀਅਨ ਬਣਾਉਣ ਦਾ ਸੀ ਹੱਕ ਮਿਲਿਆ,
'ਮਿਹਨਤਕਸ਼ੋ ਇੱਕ ਹੋ ਜਾਓ' ਸੀ ਗੱਜਿਆ।

ਰੂਸ ਵਿਚ ਇਨਕਲਾਬ ਫਿਰ ਸੀ ਉਠਿਆ,
ਪੂੰਜੀਵਾਦੀਆਂ ਦੀ ਮੰਜਾ ਸੀ ਇੰਜ ਠੁੱਕਿਆ।

ਸ਼ਿਕਾਗੋ ਦੀਆਂ ਗਲੀਆਂ ਨੂੰ ਕੌਣ ਭੁੱਲਿਆ,
ਕਾਮੇ ਦਾ ਜਿੱਥੇ ਸੀ ਲਹੂ ਪਸੀਨਾ ਡੁੱਲ੍ਹਿਆ।

ਪ੍ਰਣਾਮ ਹੈ ਜਿਨ੍ਹਾਂ ਨੇ ਘਾਲਣਾਂ ਸੀ ਘਾਲੀਆਂ,
ਕਿਰਤੀ ਕਿਸਾਨਾਂ ਸੀ ਵਜਾਈਆਂ ਤਾਲੀਆਂ।

*-ਸੇਵਾ ਸਿੰਘ ਨੂਰਪੁਰੀ*

# ਰਵਿੰਦਰ ਰਵੀ ਦੇ ਕਾਵਿ-ਨਾਟਕਾਂ 'ਚ...

*(ਸਫਾ 28 ਦੀ ਬਾਕੀ)*

ਤੁਹਾਡੀ ਹੀ ਹੈ। ਅਰਥ ਵੀ ਤੁਸੀਂ ਹੀ ਚੁੱਕਣਾ ਹੈ। 'ਓ' (ਨਾਟਕ ਦਾ ਇਕ ਪਾਤਰ) ਦੇ ਕਾਰਨ ਆਪਣੇ ਹਨ। ਤੁਹਾਡੇ ਆਪਣੇ ਹੋ ਸਕਦੇ ਹਨ।"

'ਸਿਫਰ ਨਾਟਕ' ਵਿਚ ਰਵੀ ਨੇ ਬਾਹਰੀ ਘਟਨਾਵਾਂ ਨੂੰ ਪੇਸ਼ ਨਹੀਂ ਕੀਤਾ, ਸਗੋਂ 'ਓ' ਪਾਤਰ ਦੀ ਮਾਨਸਿਕਤਾ ਨੂੰ ਉਭਾਰਿਆ ਹੈ। ਪਾਠਕ ਇਸ ਪਾਤਰ ਵਿਚੋਂ ਆਪਣੀ ਆਪਣੀ ਮਨੋਬਿਰਤੀ ਅਨੁਸਾਰ ਆਪਣਾ ਆਪਾ ਲੱਭ ਸਕਦੇ ਹਨ। ਇਸ ਤਰ੍ਹਾਂ ਨਾਟਕਕਾਰ ਨੇ 'ਓ' ਪਾਤਰ ਪੂਰੀ ਮਨੁੱਖਤਾ ਦਾ ਹੀ ਪ੍ਰਤੀਕ ਬਣਾ ਦਿੱਤਾ ਹੈ। ਇਹ ਰਵੀ ਦੀ ਨਾਟਕੀ ਸੂਝ ਦਾ ਪ੍ਰਮਾਣ ਹੈ। 'ਓ' ਪਾਤਰ ਦਾ ਇਹ ਕਹਿਣਾ, "ਹਨੇਰ ਅਵਸਥਾ ਹੈ ਮਨ ਦੀ, ਫਿਰ ਵੀ ਬੱਤੀ ਜਗੇ ਪਈ" ਅਤੇ ਉਸ ਤੋਂ ਬਾਅਦ 'ਸਿਫਰ 1 ਤੋਂ 4' ਤੱਕ ਇਹੋ ਤੁਕ ਦੁਹਰਾਉਂਦੇ ਹਨ। ਅਸਲ ਵਿਚ ਨਾਟਕਕਾਰ ਇਸ ਤੁਕ ਰਾਹੀਂ ਮਨੁੱਖੀ ਮਨ ਦੇ ਅੰਦਰ ਮਹਿਕ ਰਹੀ ਇਨਸਾਨੀਅਤ ਨੂੰ ਉਜਾਗਰ ਕਰਨਾ ਚਾਹੁੰਦਾ ਹੈ।

ਰਵੀ ਦੇ ਹੋਰ ਕਾਵਿ-ਨਾਟਕਾਂ, ਜਿਵੇਂ: ਬਿਮਾਰ ਸਦੀ, ਆਪੋ ਆਪਣੇ ਦਰਿਆ, ਹੋਦ ਨਿਹੋਂਦ, ਪ੍ਰਤੱਖ ਤੋਂ ਅਗਾਂਹ, ਭਰਮ-ਜਾਲ, ਸਿਆਸੀ ਦੰਦ ਕਥਾ ਆਦਿ ਵਿਚ ਉਪਰੋਕਤ ਅਵਸਥਾਵਾਂ ਦੀ ਹੀ ਪੇਸ਼ਕਾਰੀ ਹੈ, ਪਰ ਇਹ ਦੁਹਰਾਈ ਨਹੀਂ ਸਗੋਂ ਹਰ ਨਾਟਕ ਦੇ ਪਾਤਰਾਂ, ਉਨ੍ਹਾਂ ਦੇ ਕਾਰਜ, ਸਥਾਨ ਕਰਕੇ ਨਵੀਨਤਾ ਭਰੀ ਹੋਈ ਹੈ। ਹਰ ਨਾਟਕ ਦੀ ਆਪਣੀ ਵਿਸ਼ੇਸ਼ਤਾ ਹੈ।

ਰਵੀ ਨੇ ਆਪਣੇ ਤਿੰਨ ਨਾਟਕਾਂ-ਬਿਮਾਰ ਸਦੀ, ਦਰ ਦੀਵਾਰਾਂ ਅਤੇ ਅੰਧੀ ਰਾਤ ਦੁਪਹਿਰ ਨੂੰ ਤ੍ਰੈ-ਲੜੀ ਕਿਹਾ ਹੈ; ਪਰ ਮੇਰੀ ਇਹ ਧਾਰਨਾ ਹੈ ਕਿ ਰਵਿੰਦਰ ਰਵੀ ਦੇ ਬਹੁਤੇ ਨਾਟਕ ਇਕੋ ਲੜੀ ਦਾ ਵਿਸਥਾਰ ਹਨ। ਸਾਰੇ ਨਾਟਕ ਪਾਤਰਾਂ, ਕਾਰਜ, ਸਥਾਨ, ਵਿਸ਼ੇ ਦੇ ਨਿਭਾ ਪੱਖੋਂ ਵੱਖੋ ਵੱਖਰੇ ਹਨ, ਪਰ ਜਿਹਤੀਆਂ ਮੂਲ ਸਮੱਸਿਆਵਾਂ ਦੇ ਇਰਦ-ਗਿਰਦ ਨਾਟਕਾਂ ਨੂੰ ਉਭਾਰਿਆ ਗਿਆ ਹੈ, ਉਨ੍ਹਾਂ ਕਰਕੇ ਜੇ ਸਾਰੇ ਨਹੀਂ ਤਾਂ ਬਹੁਤੇ ਨਾਟਕਾਂ ਵਿਚੋਂ ਆਪਸੀ ਸਾਂਝ ਦੀਆਂ ਕੜੀਆਂ ਇਕੱਠੀਆਂ ਕੀਤੀਆਂ ਜਾ ਸਕਦੀਆਂ ਹਨ। ਪਰ ਇਹ ਕਾਰਜ ਏਨਾ ਅਸਾਨ ਨਹੀਂ। ਜੇ ਨਾਟਕਕਾਰ ਆਪ ਇਹ ਬੀੜਾ ਉਠਾਏ ਤਾਂ ਜ਼ਿਆਦਾ ਵਧੀਆ ਹੈ। ਨਹੀਂ ਤਾਂ ਕੋਈ ਨਾਟਕੀ ਸੂਝ ਵਾਲਾ ਸੰਪਾਦਕ, ਨਿਰਦੇਸ਼ਕ ਜਾਂ ਰੰਗ ਕਰਮੀ ਵੀ ਯਤਨ ਕਰਕੇ ਰਵੀ ਦੇ ਨਾਟਕਾਂ ਵਿਚੋਂ ਇਕ 'ਮਹਾਂ ਨਾਟਕ' ਦਾ ਖਾਕਾ ਤਿਆਰ ਕਰ ਸਕਦਾ ਹੈ ਅਤੇ ਕੋਈ ਯੋਗ ਨਿਰਦੇਸ਼ਕ ਇਸ ਸੁਪਨੇ ਨੂੰ ਮੰਚ 'ਤੇ ਸਾਕਾਰ ਕਰ ਸਕਦਾ ਹੈ। ਨਾਟਕ ਕਲਾ ਅਤੇ ਰੰਗਮੰਚ ਦੇ ਖੇਤਰ ਵਿਚ ਅਜਿਹਾ ਵਰਤਾਰਾ ਨਾ ਤਾਂ ਪਹਿਲਾਂ ਕਦੇ ਹੋਇਆ ਹੈ ਅਤੇ ਨਾ ਹੀ ਭਵਿੱਖ ਵਿਚ ਇਹ ਹੋ ਸਕੇਗਾ।

# ਬੈਚ ਫੁੱਲ ਗੋਰਸ: ਘੋਰ ਨਾਉਮੀਦੀ

*(ਪਿਛਲੇ ਸਫੇ ਦੀ ਬਾਕੀ)*

ਕਈ ਧਾਰਮਿਕ ਰੁਚੀਆਂ ਵਾਲੇ ਸੱਜਣ ਧਾਰਮਿਕ ਵਿਚਾਰਾਂ ਦੇ ਗਲਤ ਅਰਥ ਕੱਢ ਕੇ ਬੇਆਸ ਹੋ ਜਾਂਦੇ ਹਨ। ਉਹ ਸਮਝਣ ਲਗਦੇ ਹਨ ਕਿ ਉਹ ਕੁਝ ਨਹੀਂ ਕਰ ਸਕਦੇ। ਉਨ੍ਹਾਂ ਅਨੁਸਾਰ ਜੋ ਹੋਣਾ ਹੈ, ਸੋ ਹੋਣਾ ਹੀ ਹੈ, ਇਸ ਲਈ ਭਾਣਾ ਮੰਨਣ ਤੋਂ ਬਿਨਾ ਕੁਝ ਨਹੀਂ ਕੀਤਾ ਜਾ ਸਕਦਾ। ਕਈ ਕਹਿੰਦੇ ਹਨ, ਕਰਤੇ ਦੀ ਮਰਜ਼ੀ ਅੱਗੇ ਸਭ ਉੱਦਮ ਫੇਲ੍ਹ ਹਨ। ਇਸ ਲਈ ਕੋਸ਼ਿਸ਼ ਦੀ ਥਾਂ, ਭਗਤੀ ਕਰਨ ਦੀ ਲੋੜ ਹੈ। ਕਈ ਕਹਿੰਦੇ ਹਨ, ਦੁੱਖ-ਸੁੱਖ ਸਭ ਪਰਮਾਤਮਾ ਵਲੋਂ ਆਉਂਦੇ ਹਨ, ਇਸ ਲਈ ਇਨ੍ਹਾਂ ਬਾਰੇ ਸੋਚਣਾ ਬੇਕਾਰ ਹੈ। ਕਈ ਕਹਿੰਦੇ ਹਨ ਕਿ ਗੁਰੂ ਸਾਹਿਬ ਤਾਂ ਅਦੁੱਤੀ ਪੁਰਸ਼ ਸਨ, ਇਸ ਲਈ ਜੋ ਉਹ ਕਰ ਗਏ, ਉਹ ਅਸੀਂ ਨਹੀਂ ਕਰ ਸਕਦੇ। ਕਈ ਕਹਿੰਦੇ ਹਨ, ਸਾਨੂੰ ਉਨ੍ਹਾਂ ਵਾਂਗ ਕਰਨਾ ਹੀ ਨਹੀਂ ਚਾਹੀਦਾ, ਕਿਉਂਕਿ ਉਨ੍ਹਾਂ ਜਿਹੇ ਕਾਰਜ ਤਾਂ ਸਿਰਫ ਉਹੀ ਕਰ ਸਕਦੇ ਹਨ। ਅਜਿਹੇ ਸ਼ਰਧਾਲੂ ਤੇ ਵਿਦਵਾਨ ਆਪਣੇ ਦੁਆਲੇ ਆਤਮ-ਸੁਝਾਓ ਦਾ ਇਕ ਗਿਲਾਫ ਜਿਹਾ ਤਾਣ ਲੈਂਦੇ ਹਨ ਅਤੇ ਉਮੀਦ ਤੇ ਉੱਦਮ ਦੋਵੇਂ ਛੱਡ ਦਿੰਦੇ ਹਨ। ਗੋਰਸ ਉਨ੍ਹਾਂ ਦੀ ਸੋਚ ਨੂੰ ਗੁਰੂ ਸੋਝੀ ਅਨੁਸਾਰ ਸਹੀ ਰਾਹ ਦਿਖਾਵੇਗੀ। ਇਹ ਉਨ੍ਹਾਂ ਨੂੰ ਸੁਝਾਵੇਗੀ ਕਿ ਜੋ ਉਹ ਨਹੀਂ ਕਰ ਸਕਦੇ, ਉਹ ਤਾਂ ਹੋਣਾ ਹੀ ਨਹੀਂ, ਪਰ ਜੋ ਕਰ ਸਕਦੇ ਹਨ ਉਸ ਨੂੰ ਕਰਨ ਤੋਂ ਬੇਮੁਖ ਨਾ ਹੋਣ।

ਇਹ ਕੋਈ ਬੇਉਮੀਦੀ ਤੇ ਲਿਖਿਆ ਸਾਹਿਤਕ ਨਿਬੰਧ ਨਹੀਂ, ਸਗੋਂ ਬਿਮਾਰ ਮਾਨਸਿਕਤਾ ਨਾਲ ਜੁੜੀ ਦਿਲਗੀਰੀ ਦਾ ਵਿਸ਼ਲੇਸ਼ਣਾਤਮਿਕ ਬਿਰਤਾਂਤ ਹੈ, ਜਿਸ ਨੂੰ ਠੀਕ ਕਰਨ ਵਿਚ ਫੁੱਲ ਦਵਾਈ ਗੋਰਸ ਦੀ ਅਹਿਮ ਭੂਮਿਕਾ ਹੈ। ਗੋਰਸ ਸਮੇਤ ਸਭ ਫੁੱਲ ਦਵਾਈਆਂ ਦੀ ਅਸਲ ਕੀਮਤ (Practical Value) ਇਨ੍ਹਾਂ ਨੂੰ ਬੀਮਾਰੀ ਦੀ ਅਵਸਥਾ ਵਿਚ ਪ੍ਰਯੋਗ ਕਰ ਕੇ ਹੀ ਜਾਣੀ ਜਾ ਸਕਦੀ ਹੈ। ਜੋ ਇਸ ਨੂੰ ਜਾਣਨ ਦੀ ਕੋਸ਼ਿਸ਼ ਕਰਦੇ ਹਨ, ਉਨ੍ਹਾਂ ਨੂੰ ਸਿਹਤਯਾਬੀ ਦੇ ਨਾਲ ਨਾਲ "ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ" ਦੇ ਮਹਾਵਾਕ ਦੇ ਅਰਥ ਵੀ ਕੁਝ ਕੁਝ ਜ਼ਰੂਰ ਸਮਝ ਆ ਜਾਣਗੇ।

# ਜਿਸ ਕੈ ਮਸਤਕਿ ਹਾਥੁ ਗੁਰੁ ਧਰੈ

## ਗੁਰਬਾਣੀ ਵਿਆਖਿਆ

ੴ ਸਤਿਗੁਰ ਪਰਸਾਦਿ॥
ਰਾਮਕਲੀ ਮਹਲਾ ੫॥
ਰਾਜਾ ਰਾਮ ਕੀ ਸਰਣਾਇ॥
ਨਿਰਭਉ ਭਏ ਗੋਬਿੰਦ ਗੁਨ ਗਾਵਤ
ਸਾਧ ਸੰਗਿ ਦੁਖੁ ਜਾਇ॥ ਰਹਾਉ॥
ਜਾ ਕੈ ਰਾਮੁ ਬਸੈ ਮਨ ਮਾਹੀ॥
ਸੋ ਜਨੁ ਦੁਤਰੁ ਪੇਖਤ ਨਾਹੀ॥
ਸਗਲੇ ਕਾਜ ਸਵਾਰੇ ਅਪਨੇ॥
ਹਰਿ ਹਰਿ ਨਾਮੁ ਰਸਨ ਨਿਤ ਜਪਨੇ॥
ਜਿਸ ਕੈ ਮਸਤਕਿ ਹਾਥੁ ਗੁਰੁ ਧਰੈ॥
ਸੋ ਦਾਸੁ ਅਦੇਸਾ ਕਾਹੇ ਕਰੈ॥
ਜਨਮ ਮਰਨ ਕੀ ਚੂਕੀ ਕਾਣਿ॥
ਪੂਰੇ ਗੁਰ ਊਪਰਿ ਕੁਰਬਾਣ॥
ਗੁਰ ਪਰਮੇਸੁਰ ਭੇਟਿ ਨਿਹਾਲ॥
ਸੋ ਦਰਸਨੁ ਪਾਏ ਜਿਸੁ ਹੋਇ ਦਇਆਲੁ॥
ਪਾਰਬ੍ਰਹਮੁ ਜਿਸੁ ਕਿਰਪਾ ਕਰੈ॥
ਸਾਧ ਸੰਗਿ ਸੋ ਭਵਜਲ ਤਰੈ॥
ਅੰਮ੍ਰਿਤੁ ਪੀਵਹੁ ਸਾਧ ਪਿਆਰੇ॥
ਮੁਖ ਊਜਲ ਸਾਚੈ ਦਰਬਾਰੇ॥
ਅਨਦ ਕਰਹੁ ਤਜਿ ਸਗਲ ਬਿਕਾਰ॥
ਨਾਨਕ ਹਰਿ ਜਪਿ ਉਤਰਹੁ ਪਾਰਿ॥

ਗੁਰੂ ਅਰਜਨ ਦੇਵ ਜੀ ਇਸ ਪਾਵਨ ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਆਖਦੇ ਹਨ, ਹੇ ਭਾਈ ਜਿਹੜੇ ਵਡਭਾਗੇ ਮਨੁੱਖ ਉਸ ਪ੍ਰਕਾਸ਼ ਸਰੂਪ ਅਕਾਲ ਪੁਰਖ ਪਰਮਾਤਮਾ ਦਾ ਓਟ ਆਸਰਾ ਲੈ ਲੈਂਦੇ ਹਨ, ਪਰਮਾਤਮਾ ਦੇ ਗੁਣ ਗਾਉਂਦਿਆਂ ਗਾਉਂਦਿਆਂ ਉਹ ਦੁਨੀਆਂ ਦੇ ਡਰਾਂ ਤੋਂ ਮੁਕਤ ਹੋ ਜਾਂਦੇ ਹਨ ਅਤੇ ਗੁਰੂ ਦੀ ਸੰਗਤ ਵਿਚ ਰਹਿ ਕੇ ਉਨ੍ਹਾਂ ਦਾ ਹਰ ਇਕ ਦੁੱਖ ਦੂਰ ਹੋ ਜਾਂਦਾ ਹੈ।

ਜਾ ਕੈ ਰਾਮੁ ਬਸੈ ਮਨ ਮਾਹੀ॥
ਸੋ ਜਨੁ ਦੁਤਰੁ ਪੇਖਤ ਨਾਹੀ॥
ਸਗਲੇ ਕਾਜ ਸਵਾਰੇ ਅਪਨੇ॥
ਹਰਿ ਹਰਿ ਨਾਮੁ ਰਸਨ ਨਿਤ ਜਪਨੇ॥

ਗੁਰਦੇਵ ਜੀ ਆਖਦੇ ਹਨ, ਹੇ ਭਾਈ ਜਿਸ ਮਨੁੱਖ ਦੇ ਹਿਰਦੇ ਵਿਚ ਮਿਹਰਬਾਨ ਪ੍ਰਭੂ ਜੀ ਦਾ ਨਾਮ ਆ ਵੱਸਦਾ ਹੈ, ਉਹ ਮਨੁੱਖ ਔਖਿਆਈ ਨਾਲ ਤਰੇ ਜਾਣ ਵਾਲੇ ਸੰਸਾਰ ਸਮੁੰਦਰ ਵੱਲ ਵੇਖਦਾ ਭੀ ਨਹੀਂ, ਉਸ ਦੇ ਰਸਤੇ ਵਿਚ ਸੰਸਾਰ ਕੋਈ ਰੁਕਾਵਟ ਨਹੀਂ ਪਾ ਸਕਦਾ; ਉਹ ਮਨੁੱਖ ਆਪਣੀ ਜੀਭਾ ਨਾਲ ਹਰ ਵੇਲੇ ਪਰਮਾਤਮਾ ਦਾ ਨਾਮ ਜਪ ਕੇ ਆਪਣੇ ਸਾਰੇ ਹੀ ਕਾਰਜ ਸਵਾਰ ਲੈਂਦਾ ਹੈ ਜੀ।

ਜਿਸ ਕੈ ਮਸਤਕਿ ਹਾਥੁ ਗੁਰੁ ਧਰੈ॥
ਸੋ ਦਾਸੁ ਅਦੇਸਾ ਕਾਹੇ ਕਰੈ॥
ਜਨਮ ਮਰਨ ਕੀ ਚੂਕੀ ਕਾਣਿ॥
ਪੂਰੇ ਗੁਰ ਊਪਰਿ ਕੁਰਬਾਣ॥

ਇਨ੍ਹਾਂ ਪੰਕਤੀਆਂ ਵਿਚ ਗੁਰੂ ਦੀ ਮਿਹਰ ਦਾ ਜ਼ਿਕਰ ਹੈ। ਗੁਰੂ ਜੀ ਫੁਰਮਾਉਂਦੇ ਹਨ, ਹੇ ਭਾਈ ਜਿਸ ਮਨੁੱਖ ਦੇ ਮੱਥੇ ਉਤੇ ਗੁਰੂ ਆਪਣਾ ਮਿਹਰ ਦਾ ਹੱਥ ਰੱਖ ਦਿੰਦਾ ਹੈ, ਤਾਂ ਉਹ ਸੇਵਕ ਕਿਸੇ ਤਰ੍ਹਾਂ ਦੀ ਕੋਈ ਭੀ ਚਿੰਤਾ ਜਾਂ ਫਿਕਰ ਨਹੀਂ ਕਰਦਾ; ਉਹ ਮਨੁੱਖ ਗੁਰੂ ਤੋਂ ਸਦਾ ਹੀ ਕੁਰਬਾਨ ਸਦਕੇ ਜਾਂਦਾ ਹੈ, ਆਪਾ ਵਾਰਦਾ ਹੈ। ਇਸ ਤਰ੍ਹਾਂ ਉਸ ਦਾ ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ।

ਗੁਰ ਪਰਮੇਸੁਰ ਭੇਟਿ ਨਿਹਾਲ॥
ਸੋ ਦਰਸਨੁ ਪਾਏ ਜਿਸੁ ਹੋਇ ਦਇਆਲੁ॥
ਪਾਰਬ੍ਰਹਮੁ ਜਿਸੁ ਕਿਰਪਾ ਕਰੈ॥
ਸਾਧ ਸੰਗਿ ਸੋ ਭਵਜਲ ਤਰੈ॥

ਸਤਿਗੁਰੂ ਪਿਤਾ ਜੀ ਆਖਦੇ ਹਨ, ਹੇ ਭਾਈ ਜਿਸ ਵਡਭਾਗੇ ਮਨੁੱਖ ਨੂੰ ਪੂਰਾ ਗੁਰੂ ਮਿਲ ਪੈਂਦਾ ਹੈ, ਪਰਮੇਸ਼ਰ ਮਿਲ ਪੈਂਦਾ ਹੈ, ਉਹ ਸਦਾ ਹੀ ਨਿਹਾਲ ਰਹਿੰਦਾ ਹੈ ਭਾਵ ਖਿੜਿਆ ਰਹਿੰਦਾ ਹੈ; ਪਰ ਗੁਰੂ ਪਰਮੇਸ਼ਰ ਦਾ ਦਰਸ਼ਨ ਉਹੀ ਮਨੁੱਖ ਪ੍ਰਾਪਤ ਕਰ ਸਕਦਾ ਹੈ, ਜਿਸ ਉਤੇ ਉਹ ਮਿਹਰਬਾਨ ਪ੍ਰਭੂ ਆਪ ਦਇਆਲ ਹੁੰਦਾ ਹੈ। ਜਿਸ ਮਨੁੱਖ 'ਤੇ ਮਾਲਕ ਮਿਹਰ ਕਰਦਾ ਹੈ, ਉਹ ਗੁਰੂ ਦੀ ਸੰਗਤ ਵਿਚ ਰਹਿ ਕੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ।

ਅੰਮ੍ਰਿਤੁ ਪੀਵਹੁ ਸਾਧ ਪਿਆਰੇ॥
ਮੁਖ ਊਜਲ ਸਾਚੈ ਦਰਬਾਰੇ॥
ਅਨਦ ਕਰਹੁ ਤਜਿ ਸਗਲ ਬਿਕਾਰ॥
ਨਾਨਕ ਹਰਿ ਜਪਿ ਉਤਰਹੁ ਪਾਰਿ॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਜੀ ਕਹਿੰਦੇ ਨੇ, ਹੇ ਪਿਆਰੇ ਸੰਤ ਜਨੋ! ਤੁਸੀਂ ਭੀ ਆਤਮਕ ਜੀਵਨ ਦੇਣ ਵਾਲਾ ਨਾਮ ਰੂਪੀ ਅੰਮ੍ਰਿਤ ਪੀਂਦੇ ਰਹੋ, ਸਦਾ ਹੀ ਰਹਿਣ ਵਾਲੇ ਪ੍ਰਭੂ ਦੇ ਦਰਬਾਰ ਵਿਚ ਤੁਹਾਡੇ ਮੁੱਖ ਉਜਲੇ ਹੋਣਗੇ, ਤੁਹਾਨੂੰ ਉਥੇ ਸਤਿਕਾਰ ਮਿਲੇਗਾ; ਹੇ ਭਾਈ ਨਾਨਕ ਆਖਦਾ ਹੈ, ਸਾਰੇ ਵਿਕਾਰ ਮੰਦੇ ਕਰਮ ਛੱਡ ਕੇ ਆਤਮਕ ਅਨੰਦ ਮਾਣਦੇ ਰਹੋ, ਪਰਮਾਤਮਾ ਦਾ ਨਾਮ ਜਪ ਕੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਓਗੇ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਬਲਰਾਜ ਸਾਹਨੀ: ਆਦਰਸ਼ ਤੇ ਜੀਵਨ-ਜਾਚ ਦੀ ਦਵੰਦ ਕਥਾ

***ਅਦਾਕਾਰ ਬਲਰਾਜ ਸਾਹਨੀ (1 ਮਈ 1913-13 ਅਪਰੈਲ 1973) ਨੇ ਫਿਲਮੀ ਦੁਨੀਆ ਵਿਚ ਹੀ ਨਹੀਂ, ਸਾਹਿਤ ਦੇ ਖੇਤਰ ਵਿਚ ਵੀ ਖੂਬ ਨਾਮਣਾ ਖੱਟਿਆ। ਉਹ ਅਜਿਹਾ ਪੰਜਾਬੀ ਜਿਊੜਾ ਸੀ ਜਿਸ ਨੇ ਫਿਲਮਾਂ ਵਿਚ ਅਤਿਅੰਤ ਸਫਲਤਾ ਮਿਲਣ ਦੇ ਬਾਵਜੂਦ ਨਾਟਕਾਂ ਵਿਚ ਕੰਮ ਕਰਨਾ ਨਹੀਂ ਸੀ ਛੱਡਿਆ। ਪੰਜਾਬੀ ਵਿਚ ਉਸ ਨੇ ਰਬਿੰਦਰ ਨਾਥ ਟੈਗੋਰ ਤੋਂ ਪ੍ਰਭਾਵਿਤ ਹੋ ਕੇ ਲਿਖਣਾ ਸ਼ੁਰੂ ਕੀਤਾ। ਉਹ ਅਸਲ ਵਿਚ ਆਦਰਸ਼ਾਂ ਨੂੰ ਪ੍ਰਨਾਇਆ ਸ਼ਖਸ ਸੀ। ਹਰਵਿੰਦਰ ਭੰਡਾਲ ਨੇ ਉਸ ਦੀ ਇਸ ਸ਼ਖਸੀਅਤ ਅਤੇ ਜੀਵਨ ਜਾਚ ਨੂੰ ਇਕ ਵੱਖਰੇ ਨਜ਼ਰੀਏ ਤੋਂ ਵਾਚਿਆ ਹੈ। ਇਸ ਲੇਖ ਵਿਚ ਉਸ ਦੀ ਜ਼ਿੰਦਗੀ ਨਾਲ ਜੁੜੇ ਵਿਰੋਧਾਭਾਸਾਂ ਦੀਆਂ ਗੱਲਾਂ ਕੀਤੀਆਂ ਗਈਆਂ ਹਨ।***

ਆਜ਼ਾਦੀ ਤੋਂ ਬਾਅਦ ਵਾਹਗੇ ਦੇ ਇਸ ਪਾਸੇ ਰਹਿੰਦੇ ਪੰਜਾਬੀਆਂ ਲਈ ਬਲਰਾਜ ਸਾਹਨੀ ਪੰਜਾਬੀਅਤ ਦਾ ਚਿੰਨ੍ਹ ਸੀ। ਗਿਣਤੀ ਦੇ ਵੱਡੇ ਲੇਖਕਾਂ ਦੇ ਉਸ ਜ਼ਮਾਨੇ ਵਿਚ ਉਹ ਆਪਣੇ ਫਿਲਮੀ ਕਰੀਅਰ ਕਾਰਨ ਹੋਰ ਵੀ ਵੱਡਾ ਹੋ ਜਾਂਦਾ ਸੀ। ਨਮੂਨੇ ਦੀ ਵਾਰਤਕ ਲਿਖਣ ਵਾਲੇ ਬਲਰਾਜ ਸਾਹਨੀ ਨੂੰ ਪੰਜਾਬੀਆਂ ਨੇ ਆਪਣੇ ਨਾਇਕ ਵਜੋਂ ਵੱਡੀ ਇੱਜ਼ਤ ਦਿੱਤੀ ਹੈ। ਇਸ ਦੇ ਕਾਰਨ ਉਸ ਦੀ ਸ਼ਖਸੀਅਤ ਵਿਚ ਵੀ ਪਏ ਹਨ ਅਤੇ ਪੰਜਾਬ ਦੇ ਸਮਾਜਕ ਇਤਿਹਾਸ ਵਿਚ ਵੀ।

ਬਲਰਾਜ ਸਾਹਨੀ ਉਦੋਂ ਜੰਮਿਆ, ਜਵਾਨ ਹੋਇਆ, ਜਦੋਂ ਮੁਲਕ ਫੈਸਲਾਕੁਨ ਤਬਦੀਲੀਆਂ ਦੇ ਦੌਰ ਵਿਚੋਂ ਗੁਜ਼ਰ ਰਿਹਾ ਸੀ। ਰਾਵਲਪਿੰਡੀ ਦਾ ਅਮੀਰ ਵਪਾਰੀ ਉਸ ਦਾ ਪਿਤਾ ਉਸ ਮੱਧਲੀ ਜਮਾਤ ਨਾਲ ਸਬੰਧ ਰੱਖਦਾ ਸੀ ਜੋ ਬਸਤੀਵਾਦੀ ਅਰਥਚਾਰੇ ਵਿਚ ਖੁਸ਼ਹਾਲ ਹੋਈ ਸੀ ਪਰ ਸਿਆਸੀ ਚੇਤਨਾ ਵੀ ਇਸੇ ਜਮਾਤ ਵਿਚ ਪਹਿਲਾਂ ਆਈ ਸੀ। ਉਹ ਗੌਰਮਿੰਟ ਕਾਲਜ ਲਾਹੌਰ

**ਹਰਵਿੰਦਰ ਭੰਡਾਲ**
**ਫੋਨ: +91-98550-36890**

ਪੜ੍ਹਿਆ, ਜਿੱਥੇ ਖੁਸ਼ਵੰਤ ਸਿੰਘ, ਬੀ. ਆਰ. ਚੋਪੜਾ, ਚੇਤਨ ਅਨੰਦ, ਦੇਵ ਅਨੰਦ, ਪ੍ਰੇਮ ਕਿਰਪਾਲ ਜਿਹੇ ਬਾਅਦ ਵਿਚ ਮਸ਼ਹੂਰ ਹੋਣ ਵਾਲੇ ਬੰਦੇ ਉਹਦੇ ਜਮਾਤੀ ਸਨ। ਆਪਣੇ ਆਪ ਨੂੰ ਆਪਣੀ ਮਰਜ਼ੀ ਦਾ ਮਾਲਕ ਸਮਝਣ ਵਾਲਾ ਬਲਰਾਜ ਆਪਣੀ ਰਿਸ਼ਤੇਦਾਰੀ ਵਿਚੋਂ ਭੈਣ ਲੱਗਦੀ ਸੰਤੋਸ਼ ਨੂੰ ਪਿਆਰ ਕਰਦਾ ਸੀ। ਆਰੀਆ ਸਮਾਜੀ ਕਦਰਾਂ-ਕੀਮਤਾਂ ਨਾਲ ਬੱਝਾ ਪਿਓ ਇਹ ਕਿਵੇਂ ਬਰਦਾਸ਼ਤ ਕਰ ਸਕਦਾ ਸੀ? ਫਲਸਰੂਪ ਬਲਰਾਜ ਦਾ ਵਿਆਹ ਉਹਦੀ ਮਰਜ਼ੀ ਦੇ ਉਲਟ ਰਾਵਲਪਿੰਡੀ ਦੇ ਇਕ ਕਾਲਜ ਦੇ ਪ੍ਰਿੰਸੀਪਲ ਦੀ ਸੋਹਣੀ-ਸੁਨੱਖੀ ਧੀ ਦਮਯੰਤੀ ਨਾਲ ਕਰ ਦਿੱਤਾ ਗਿਆ। ਦਮਯੰਤੀ ਦੇ ਹੁਸਨ ਨੇ ਆਖਰ ਬਲਰਾਜ ਨੂੰ ਵਿਆਹ ਲਈ ਸਹਿਮਤ ਕਰ ਲਿਆ। ਦਮਯੰਤੀ ਦੀ ਜਵਾਨ ਉਮਰੇ ਮੌਤ ਪਿੱਛੋਂ ਉਸ ਨੇ ਦੂਸਰਾ ਵਿਆਹ ਸੰਤੋਸ਼ ਨਾਲ ਹੀ ਕਰਵਾਇਆ।

ਪਿਓ ਇਹ ਵੀ ਚਾਹੁੰਦਾ ਸੀ ਕਿ ਉਹ ਰਾਵਲਪਿੰਡੀ ਵਾਪਸ ਆ ਕੇ ਉਸ ਦੇ ਵਪਾਰ ਨੂੰ ਸੰਭਾਲੇ ਪਰ ਕਿੱਤੇ ਦੇ ਮਾਮਲੇ ਵਿਚ ਉਸ ਨੇ ਪਿਤਾ ਨਾਲ ਕੋਈ ਸਮਝੌਤਾ ਨਾ ਕੀਤਾ। ਅੰਗਰੇਜ਼ੀ ਅਦਬ ਦੀ ਐਮ. ਏ. ਕਰ ਕੇ ਉਹ ਹੱਟੀਦਾਰ ਨਹੀਂ ਸੀ ਬਣਨਾ ਚਾਹੁੰਦਾ। ਉਹ ਦਮਯੰਤੀ ਨੂੰ ਲੈ ਕੇ ਕਲਕੱਤਾ ਚਲਾ ਗਿਆ। ਸ਼ਾਂਤੀ ਨਿਕੇਤਨ ਵਿਚ ਉਸ ਨੇ ਰਬਿੰਦਰ ਨਾਥ ਟੈਗੋਰ ਨਾਲ ਕੰਮ ਕੀਤਾ। ਟੈਗੋਰ ਕੋਲੋਂ ਹੀ ਉਸ ਨੇ ਮਾਤਰੀ ਜ਼ੁਬਾਨ ਵਜੋਂ ਪੰਜਾਬੀ ਦੇ ਮਹੱਤਵ ਬਾਰੇ ਸਬਕ ਸਿੱਖੇ। ਫਿਰ ਉਹ ਮਹਾਤਮਾ ਗਾਂਧੀ ਦੇ ਸੇਵਾਗਰਾਮ ਜਾ ਪੁੱਜਾ। ਦੂਜੀ ਸੰਸਾਰ ਜੰਗ ਦੌਰਾਨ ਉਹਨੂੰ ਬੀ.ਬੀ.ਸੀ. ਵੱਲੋਂ ਹਿੰਦੋਸਤਾਨੀ ਫੌਜੀਆਂ ਲਈ ਹਿੰਦੀ ਵਿਚ ਪ੍ਰੋਗਰਾਮ ਕਰਨ ਦਾ ਸੱਦਾ ਮਿਲਿਆ। ਬਲਰਾਜ ਦੇ ਮਨ ਵਿਚ ਕੁਝ ਨਵਾਂ ਕੰਮ ਕਰਨ ਦੀ ਲਿਲਕ ਐਸੀ ਸੀ ਕਿ ਟੱਬਰ ਦੇ ਵਡੇਰਿਆਂ ਦੀ ਮਰਜ਼ੀ ਦੇ ਉਲਟ ਉਹ ਦਮਯੰਤੀ ਨੂੰ ਲੈ ਕੇ ਲੰਡਨ ਪਹੁੰਚ ਗਿਆ। ਬਿਨਾਂ ਇਸ ਗੱਲ ਦੀ ਪਰਵਾਹ ਕੀਤਿਆਂ ਕਿ ਦੁਸ਼ਮਣ ਦੀਆਂ ਫੌਜਾਂ ਵੱਲੋਂ ਉਨ੍ਹਾਂ ਦੇ ਜਹਾਜ਼ ਨੂੰ ਰਾਹ ਵਿਚ ਹੀ ਡੋਬਿਆ ਜਾ ਸਕਦਾ ਸੀ।

ਲੰਡਨ ਤੋਂ ਪਰਤਣ ਸਮੇਂ ਉਹ ਸਾਹਸੀ ਕਿਸਮ ਦਾ ਬੰਦਾ ਹੋਣ ਤੋਂ ਅੱਗੇ ਦਾ ਸਫਰ ਕਰ ਚੁੱਕਾ ਸੀ। ਉਹ ਲੰਡਨੋਂ ਕਮਿਊਨਿਸਟ/ਮਾਰਕਸਵਾਦੀ ਬਣ ਕੇ ਪਰਤਿਆ ਸੀ। ਉਹ ਦੌਰ ਇਹ ਸਭ ਬਣਨ ਦਾ ਸਹਿਜ ਦੌਰ ਸੀ। ਆਪਣੇ ਦੌਰ ਦੇ ਵਧੇਰੇ ਕਮਿਊਨਿਸਟਾਂ ਵਾਂਗ ਉਹ ਵੀ 'ਕਮਿਊਨਿਸਟ ਮੈਨੀਫੈਸਟੋ' ਜਾਂ 'ਕੈਪੀਟਲ' ਪੜ੍ਹ ਕੇ ਮਾਰਕਸਵਾਦੀ ਨਹੀਂ ਸੀ ਬਣਿਆ। ਉਸ ਦੇ ਵਿਚਾਰਾਂ ਵਿਚ ਵੀ ਇਨਕਲਾਬੀ ਤਬਦੀਲੀ ਰੂਸ ਦੇ ਇਨਕਲਾਬ ਕਾਰਨ ਆਈ ਸੀ। ਲੰਡਨ ਕਿਆਮ ਦੌਰਾਨ ਸੋਵੀਅਤ ਫਿਲਮਾਂ ਨੇ ਉਹਨੂੰ ਸੋਵੀਅਤ ਯੂਨੀਅਨ ਵੱਲ ਖਿੱਚਿਆ। ਉਸ ਨੇ ਆਪ ਲਿਖਿਆ ਕਿ ਕਿਵੇਂ 'ਸਰਕਸ' ਨਾਂ ਦੀ ਇਕ ਸੋਵੀਅਤ ਫਿਲਮ ਦੇਖ ਕੇ ਉਹ ਪ੍ਰਭਾਵਿਤ ਹੋਇਆ ਸੀ। ਇਸ ਫਿਲਮ ਵਿਚ ਦਿਖਾਇਆ ਗਿਆ ਸੀ ਕਿ ਰੂਸੀ ਇਨਕਲਾਬ ਤੋਂ ਬਾਅਦ ਉਸ ਮੁਲਕ ਵਿਚ ਹਰ ਤਰ੍ਹਾਂ ਦੀ ਨਾ-ਬਰਾਬਰੀ ਅਤੇ ਵਿਤਕਰੇ ਖਤਮ ਹੋ ਗਏ ਹਨ ਜੋ ਅਜੇ ਵੀ ਅਮਰੀਕਾ ਦੀ ਤਰਜ਼ੇ ਜ਼ਿੰਦਗੀ ਲਈ ਆਮ ਗੱਲ ਹਨ। ਇਹ ਉਨ੍ਹੀਂ ਦਿਨੀਂ ਸੋਵੀਅਤ ਯੂਨੀਅਨ ਵਿਚ ਬਣਨ ਵਾਲੀਆਂ ਬਹੁਤ ਸਾਰੀਆਂ ਪ੍ਰਾਪੇਗੰਡਾ ਫਿਲਮਾਂ ਵਿਚੋਂ ਇਕ ਸੀ। ਆਪਣੇ ਸਾਦ-ਮੁਰਾਦੇ ਮਨ ਕਾਰਨ ਉਸ ਨੇ ਇਸ ਤੋਂ ਪ੍ਰਭਾਵਿਤ ਹੋ ਕੇ ਸੋਵੀਅਤ ਯੂਨੀਅਨ ਨੂੰ ਆਪਣਾ ਆਦਰਸ਼ ਮੰਨ ਲਿਆ। ਇਸੇ ਲਈ ਉਸ ਦਾ ਮਾਰਕਸਵਾਦ ਦਰਅਸਲ ਧੁੰਦਲਾ ਜਿਹਾ ਮਾਨਵਵਾਦ ਜਾਂ ਪ੍ਰਗਤੀਵਾਦ ਹੀ ਸੀ।

ਵਧੀਆ ਅਦਾਕਾਰ ਹੋਣ ਦੇ ਨਾਲ ਹੀ ਬਲਰਾਜ ਨੇ ਆਪਣੇ ਆਦਰਸ਼ਾਂ ਨੂੰ ਅਮਲ ਵਿਚ ਢਾਲਣ ਕਰ ਕੇ ਵੀ ਨਾਮਣਾ ਖੱਟਿਆ। ਉਸ ਦਾ ਦੋਸਤੀਆਂ ਦਾ ਘੇਰਾ ਬਹੁਤ ਵਸੀਹ ਸੀ। ਚੇਤਨ ਅਨੰਦ ਜਿਹੇ ਵੱਡੇ ਨਾਂ ਤੋਂ ਲੈ ਕੇ ਸਾਧਾਰਨ ਮਛੇਰੇ ਤਕ ਉਸ ਦੇ ਦੋਸਤ ਸਨ ਜਿਨ੍ਹਾਂ ਨਾਲ ਉਹ ਛੁੱਟੀ ਵਾਲੇ ਦਿਨ ਮੱਛੀਆਂ ਫੜਨ ਸਮੁੰਦਰ ਵਿਚ ਵੀ ਜਾਂਦਾ। ਉਨ੍ਹਾਂ ਨਾਲ ਜਾਲ ਸੁਟਵਾਉਂਦਾ, ਖਿੱਚਦਾ, ਮੱਛੀ ਭੁੰਨਦਾ, ਦਾਰੂ ਪੀਂਦਾ। ਸਮਾਜਵਾਦੀ ਸੋਚ ਨੇ ਉਸ ਨੂੰ ਕਿਰਤੀਆਂ ਪ੍ਰਤੀ ਰੁਮਾਂਸ ਬਖਸ਼ਿਆ ਸੀ। ਉਹ ਮਜ਼ਦੂਰਾਂ, ਕਿਸਾਨਾਂ ਵੱਲ ਆਪ-ਮੁਹਾਰੇ ਖਿੱਚਿਆ ਜਾਂਦਾ। ਉਨ੍ਹਾਂ ਨਾਲ ਗੱਪ-ਸ਼ੱਪ ਮਾਰਦਾ, ਉਨ੍ਹਾਂ ਦੇ ਦਰਦ ਨੂੰ ਮਹਿਸੂਸ ਕਰਨ ਦਾ ਯਤਨ ਕਰਦਾ। ਕਿਰਤੀਆਂ ਪ੍ਰਤੀ ਰੁਮਾਂਸ ਵਿਚੋਂ ਹੀ ਉਸ ਨੂੰ ਕਿਸਾਨਾਂ ਵਰਗੇ ਕੱਪੜੇ ਪਾਉਣ ਦਾ ਜਨੂਨ ਸੀ। ਉੱਚੀ ਹੈਸੀਅਤ ਵਾਲੇ ਲੋਕਾਂ ਦੀਆਂ ਪਾਰਟੀਆਂ ਵਿਚ ਉਹ ਕਿਸਾਨ ਵਾਂਗ ਧੋਤੀ ਕੁੜਤਾ ਤੇ ਚੱਪਲਾਂ ਪਾ ਕੇ ਚਲਾ ਜਾਂਦਾ ਅਤੇ ਸਾਰਿਆਂ ਲਈ ਖਿੱਚ ਦਾ ਕਾਰਨ ਬਣ ਜਾਂਦਾ। ਦਾਰੂ ਪੀ ਕੇ ਥੱਲੇ ਫਰਸ਼ ਉੱਤੇ ਹੀ ਚੌਕੜੀ ਮਾਰ ਬੈਠ ਜਾਂਦਾ ਤੇ ਪਾਰਟੀ ਵਿਚ ਆਏ ਵੀ.ਆਈ.ਪੀ. ਪ੍ਰਾਹੁਣਿਆਂ ਨੂੰ ਨਜ਼ਰ-ਅੰਦਾਜ਼ ਕਰ ਕੇ ਬੈਰ੍ਹੇ ਕੋਲੋਂ ਉਸ ਦੀਆਂ ਰਾਮ ਕਹਾਣੀਆਂ ਸੁਣਦਾ। ਉਸ ਨੂੰ ਲੱਗਦਾ ਕਿ ਇਸ ਤਰ੍ਹਾਂ ਕਰ ਕੇ ਉਹ ਅਮਲ ਵਿਚ ਸਮਾਜਵਾਦੀ ਬਣ ਰਿਹਾ ਹੈ।



ਫਿਲਮਾਂ ਵਿਚ ਵੱਡਾ ਨਾਂ ਬਣਨ ਪਿੱਛੋਂ ਵੀ ਉਸ ਨੇ 'ਇਪਟਾ' ਨਾਲ ਨਾਟਕ ਕਰਨੇ ਨਹੀਂ ਸੀ ਛੱਡੇ। ਉਹ ਆਖਦਾ ਸੀ ਕਿ ਸਟੇਜ ਉੱਤੇ ਅਦਾਕਾਰੀ ਬੰਦੇ ਦੀਆਂ ਅਦਾਕਾਰੀ ਵਾਲੀਆਂ ਮਾਸਪੇਸ਼ੀਆਂ ਲਈ ਸਭ ਤੋਂ ਵਧੀਆ ਖੁਰਾਕ ਹੈ। ਨਾਟਕ ਕਰਨ ਉਸ ਨੂੰ ਬੰਬਈ ਤੋਂ ਬਾਹਰ ਵੀ ਜਾਣਾ ਪੈਂਦਾ। ਇਕ ਵਾਰ ਬੜੌਦਾ ਨਾਟਕ ਦਾ ਸ਼ੋਅ ਸੀ। ਪੂਰੀ ਟੀਮ ਨੇ ਰੇਲ ਦੀ 'ਥਰਡ ਕਲਾਸ' ਵਿਚ ਸਫਰ ਕਰਨਾ ਸੀ ਪਰ ਬਲਰਾਜ ਸਾਹਨੀ ਲਈ 'ਫਸਟ ਕਲਾਸ' ਦੀ ਸੀਟ ਬੁੱਕ ਕੀਤੀ ਗਈ। ਆਖਰ ਉਹ ਫਿਲਮਾਂ ਦਾ ਵੱਡਾ ਨਾਂ ਸੀ। ਬਲਰਾਜ ਨੇ 'ਫਸਟ ਕਲਾਸ' ਵਾਲੇ ਡੱਬੇ ਵਿਚ ਚੜ੍ਹਨੋਂ ਨਾਂਹ ਕਰ ਦਿੱਤੀ। ਉਸ ਦੀ ਜ਼ਿੱਦ ਸੀ ਕਿ ਉਹ ਵੀ ਬਾਕੀ ਟੀਮ ਦੇ ਨਾਲ ਹੀ ਉਸੇ ਡੱਬੇ ਵਿਚ ਸਫਰ ਕਰੇਗਾ। ਡੱਬੇ ਵਿਚ ਉਸ ਦੇ ਸੌਣ ਲਈ ਵੀ ਥਾਂ ਨਹੀਂ ਸੀ। ਉਹ ਸਾਰੀ ਰਾਤ ਮਿੱਟੀ-ਘੱਟੇ ਨਾਲ ਭਰੇ ਫਰਸ਼ ਉੱਤੇ ਹੀ ਸੁੱਤਾ।

ਇਸ ਤਰ੍ਹਾਂ ਦੀਆਂ ਦੰਤ-ਕਥਾਵਾਂ ਨੇ ਹੀ ਉਸ ਨੂੰ ਪੰਜਾਬੀਆਂ ਵਿਚ ਮਕਬੂਲ ਕੀਤਾ। ਗੰਨੇ ਚੂਪਣ ਦੀਆਂ ਛਪਦੀਆਂ ਮੂਰਤਾਂ ਅਤੇ ਕਦੇ ਵੀ ਪ੍ਰੀਤਨਗਰ ਜਾਂ ਢੁੱਡੀਕੇ ਜਸਵੰਤ ਸਿੰਘ ਕੰਵਲ ਨੂੰ ਮਿਲਣ ਪਹੁੰਚ ਜਾਣ ਦੀਆਂ ਕਥਾਵਾਂ ਕਾਰਨ ਉਹ ਹਮੇਸ਼ਾਂ ਪੰਜਾਬੀਆਂ ਦੀ ਭਾਵੁਕ ਗਲਵਕੜੀ ਵਿਚ ਰਿਹਾ। ਗੁਰਸ਼ਰਨ ਸਿੰਘ ਨਾਟਕਕਾਰ ਨੂੰ ਪੰਜਾਬੀ ਪ੍ਰਕਾਸ਼ਨ ਸ਼ੁਰੂ ਕਰਨ ਲਈ ਦਿੱਤੀ ਮਾਇਕ ਮਦਦ ਵੀ ਉਹਦੇ ਪੰਜਾਬੀ ਮੋਹ ਦਾ ਹੀ ਫਲ ਸੀ। ਉਹ ਉਨ੍ਹਾਂ ਵੇਲਿਆਂ ਵਿਚ ਪੰਜਾਬੀ ਜ਼ਬਾਨ ਦਾ ਝੰਡਾ-ਬਰਦਾਰ ਬਣ ਰਿਹਾ ਸੀ ਜਦੋਂ ਪੰਜਾਬ ਦੀ ਸ਼ਹਿਰੀ ਮੱਧਲੀ ਜਮਾਤ ਪੰਜਾਬੀ ਦੇ ਮਾਮਲੇ ਵਿਚ ਸਿਰੇ ਦੀ ਹੀਣ-ਭਾਵਨਾ ਦੀ ਸ਼ਿਕਾਰ ਸੀ। 'ਮੇਰਾ ਰੂਸੀ ਸਫਰਨਾਮਾ', 'ਮੇਰਾ ਪਾਕਿਸਤਾਨੀ ਸਫਰਨਾਮਾ', 'ਮੇਰੀ ਫਿਲਮੀ ਆਤਮ ਕਥਾ', 'ਗੈਰ ਜਜ਼ਬਾਤੀ ਡਾਇਰੀ' ਆਦਿ ਅਜਿਹੀਆਂ ਕਿਤਾਬਾਂ ਹਨ ਜਿਨ੍ਹਾਂ ਨੂੰ ਉਨ੍ਹਾਂ ਦਿਨਾਂ ਦੇ ਹਰ ਪਾਠਕ ਨੇ ਲੱਭ ਕੇ ਪੜ੍ਹਿਆ।

ਆਪਣੇ ਤਰੱਕੀਪਸੰਦ ਵਿਚਾਰਾਂ ਕਾਰਨ ਉਹ ਬੁਰਜੁਆ ਜੀਵਨ ਜਾਚ ਨੂੰ ਨਾਪਸੰਦ ਕਰਦਾ ਰਿਹਾ। ਆਜ਼ਾਦੀ ਪਿੱਛੋਂ ਹਿੰਦੋਸਤਾਨ ਦੇ ਨਵੇਂ ਪਤਵੰਤੇ ਵਰਗ ਤੇ ਉਨ੍ਹਾਂ ਦੇ ਦੰਭ ਉਸ ਲਈ ਘੋਰ ਨਫਰਤ ਦੇ ਪਾਤਰ ਸਨ। ਆਪਣੇ ਰੁਤਬੇ ਅਤੇ ਕਿੱਤੇ ਕਾਰਨ ਉਹ ਉਨ੍ਹਾਂ ਨਾਲ ਵਿਚਰਦਾ ਸੀ ਪਰ ਗ੍ਰਹਿਣ ਕੀਤੇ ਵਿਸ਼ਵਾਸਾਂ ਕਾਰਨ ਉਨ੍ਹਾਂ ਵਿਚ ਘੁਲਦਾ ਮਿਲਦਾ ਨਹੀਂ ਸੀ। ਪਤਵੰਤਿਆਂ ਦੀਆਂ ਪਾਰਟੀਆਂ ਅੰਦਰ ਕਿਸਾਨ ਦੇ ਵੇਸ ਵਿਚ ਜਾਣ ਦਾ ਮੰਤਵ, ਕਿਤੇ ਨਾ ਕਿਤੇ ਆਪਣੇ ਆਪ ਨੂੰ ਉਨ੍ਹਾਂ ਨਾਲੋਂ ਵੱਖਰੇ ਦਿਖਾਉਣ ਦੀ ਇੱਛਾ ਵੀ ਸੀ। ਪਤਵੰਤਿਆਂ ਤੇ ਖਾਸ ਕਰ ਉਨ੍ਹਾਂ ਦੀਆਂ ਘੁਮੰਡੀ ਪਰ ਖੋਖਲੇ ਸ਼ਿਸ਼ਟਾਚਾਰ ਵਾਲੀਆਂ ਔਰਤਾਂ ਨੂੰ ਆਪਣੇ ਉੱਤੇ ਖਿਝਦਾ ਦੇਖ ਉਹ ਸਗੋਂ ਖਿੜ ਜਾਂਦਾ।



*ਬਲਰਾਜ ਸਾਹਨੀ ਆਪਣੀ ਪਹਿਲੀ ਪਤਨੀ ਦਮਯੰਤੀ ਨਾਲ।*

ਇਸੇ ਲਈ ਉਹ ਫਿਲਮੀ ਸੰਸਾਰ ਅੰਦਰ ਵੀ ਬੇਗਾਨੇ ਬੰਦੇ ਵਾਂਗ ਵਿਚਰਦਾ ਰਿਹਾ। ਫਿਲਮਾਂ 'ਚ ਕੰਮ ਕਰਦਿਆਂ ਵੀ ਉਹ ਇਸ ਦੀਆਂ ਕਦਰਾਂ-ਕੀਮਤਾਂ ਪ੍ਰਤੀ ਨਿਰਲੇਪ ਰਿਹਾ। ਕਿੱਤਾ ਹੋਣ ਕਾਰਨ ਫਿਲਮ ਨਿਰਮਾਣ ਦਾ ਕੰਮ ਉਸ ਲਈ ਮੁਕੱਦਸ ਸੀ। ਉਸ ਨੇ ਇਸ ਵਿਚ ਆਪਣੇ ਫਨ ਦਾ ਲੋਹਾ ਵੀ ਮੰਨਵਾਇਆ ਪਰ ਦਰਅਸਲ ਉਹ ਇਸ ਲਈ ਅਣਫਿੱਟ ਸੀ। ਸੁਪਰ ਸਟਾਰ ਅਮਿਤਾਬ ਬੱਚਨ ਦੇ ਲਿਖਾਰੀ ਬਾਪ ਹਰਿਵੰਸ਼ ਰਾਏ ਬੱਚਨ ਨੇ ਆਪਣੇ ਪੁੱਤਰ ਨੂੰ ਨਸੀਹਤ ਦਿੰਦਿਆਂ ਕਿਹਾ ਸੀ, 'ਬਲਰਾਜ ਸਾਹਨੀ ਵਾਂਗ ਬਣੋ। ਉਹ ਫਿਲਮ ਉਦਯੋਗ ਵਿਚ ਹੈ, ਫਿਰ ਵੀ ਇਸ ਤੋਂ ਬਾਹਰ ਹੈ।' ਅਣਫਿੱਟ ਹੁੰਦਿਆਂ ਵੀ ਫਿਲਮ ਉਦਯੋਗ ਵਿਚ ਫਿੱਟ ਹੋਣ ਦਾ ਉਸ ਨੂੰ ਬਹੁਤ ਨੁਕਸਾਨ ਝੱਲਣਾ ਪਿਆ। ਮਹਾਨ ਹੋਣ ਦਾ ਰੁਤਬਾ ਕੀਮਤ ਤਾਰਨ ਪਿੱਛੋਂ ਹੀ ਮਿਲਦਾ ਹੈ।

ਬਲਰਾਜ ਸਾਹਨੀ ਦੀ ਸ਼ਖਸੀਅਤ ਦਾ ਸਭ ਤੋਂ ਵੱਡਾ ਵਿਰੋਧਾਭਾਸ ਇਹ ਫਿਲਮੀ ਜੀਵਨ ਹੀ ਸੀ। ਫਿਲਮ ਜਗਤ ਵਿਚ ਮਿਲੀ ਅਪਾਰ ਸਫਲਤਾ ਨੇ ਉਸ ਨੂੰ ਅਪਾਰ ਪੂੰਜੀ ਵੀ ਬਖਸ਼ੀ। ਹੌਲੀ-ਹੌਲੀ ਪੂੰਜੀ ਦਾ ਉਹੀ ਸਭਿਆਚਾਰ ਅਛੋਪਲੇ ਜਿਹੇ ਉਹਦੇ ਜੀਵਨ ਵਿਹਾਰ ਵਿਚ ਵੀ ਆ ਬੈਠਾ। ਇਹਦੀ ਉਦਾਹਰਨ ਉਸ ਵੱਲੋਂ ਬੱਚਿਆਂ ਦੇ ਕੀਤੇ ਆਲੀਸ਼ਾਨ ਵਿਆਹ ਹਨ।

ਇਹ ਵਿਆਹ ਕਿਸੇ ਸਾਧਾਰਨ ਪੰਜਾਬੀ ਦੇ ਨਹੀਂ, ਫਿਲਮੀ ਸਿਤਾਰੇ ਬਲਰਾਜ ਸਾਹਨੀ ਦੇ ਪੁੱਤਾਂ-ਧੀਆਂ ਦੇ ਹੀ ਸਨ। ਪੁਰਾਣੇ 'ਸਟੈਲਾ ਵਿਲਾ' ਤੋਂ ਉਲਟ ਉਸ ਦਾ ਨਵਾਂ ਘਰ 'ਇਕਰਾਮ' ਵੱਡੇ ਫਿਲਮੀ ਸਟਾਰ ਬਲਰਾਜ ਸਾਹਨੀ ਦਾ ਬੰਗਲਾ ਸੀ ਜੋ ਫਿਲਮ ਸੰਸਾਰ ਦੀਆਂ ਪੂੰਜੀਵਾਦੀ ਰਵਾਇਤਾਂ ਅਨੁਸਾਰ ਉਸਰਿਆ। ਇਸ ਮਹੱਲਨੁਮਾ ਬੰਗਲੇ ਦੀਆਂ ਵੱਖ-ਵੱਖ ਮੰਜ਼ਿਲਾਂ ਉੱਤੇ ਟੱਬਰ ਦੇ ਹਰ ਮੈਂਬਰ ਦੇ ਸੌਣ ਤੇ ਸ਼ੌਕ ਪੂਰਤੀ ਲਈ ਵੱਖ-ਵੱਖ ਕਮਰੇ ਉਸਾਰੇ ਗਏ ਸਨ। ਕਿਤੇ ਪੇਂਟਿੰਗ ਰੂਮ ਸੀ ਤੇ ਕਿਤੇ ਮਿਊਜ਼ਿਕ ਰੂਮ। ਮਹਿਮਾਨਖਾਨਾ ਇਸ ਤੋਂ ਵੱਖਰਾ ਸੀ। ਹਰ ਕਮਰੇ ਨੂੰ ਮਹੱਲ ਵਾਂਗ ਸਜਾਇਆ ਗਿਆ ਸੀ। ਵਿਆਹਾਂ ਵਾਂਗ ਬੰਗਲੇ ਉੱਤੇ ਵੀ ਪੈਸਾ ਪਾਣੀ ਵਾਂਗ ਵਹਾਇਆ ਗਿਆ। ਇਹ ਬੰਗਲਾ ਵੀ ਕਈ ਪੱਖਾਂ ਤੋਂ ਉਸ ਦੇ ਸਮਾਜਵਾਦੀ ਆਦਰਸ਼ਾਂ ਦੀ ਕਸਵੱਟੀ ਉੱਤੇ ਪੂਰਾ ਨਹੀਂ ਸੀ ਉਤਰਦਾ। ਬੰਗਲੇ ਦੀ ਅੰਦਰੂਨੀ ਸ਼ਾਨ ਦੀ ਗੱਲ ਨਾ ਵੀ ਕਰੀਏ ਤਾਂ ਵੀ ਇਹ ਐਨ ਗੁਆਂਢ ਦੀ ਝੌਂਪੜ-ਪੱਟੀ ਦਰਮਿਆਨ ਬਣਿਆ ਉਸੇ ਆਰਥਿਕ ਪਾੜੇ ਦਾ ਚਿੰਨ੍ਹ ਸੀ ਜਿਸ ਦੇ ਖਾਤਮੇ ਦੀ ਬਾਤ ਕਦੇ ਬਲਰਾਜ ਸਾਹਨੀ ਨੇ ਪਾਈ ਸੀ। ਇਸ ਤੋਂ ਬਿਨਾਂ ਪਹਿਲੀ ਵਾਰ ਉਸ ਦੇ ਘਰ ਵਿਚ ਨੌਕਰਾਂ ਅਤੇ ਮਾਲਕਾਂ ਲਈ ਵੱਖਰੇ ਹਿੱਸੇ ਉਸਰੇ ਸਨ। ਸਰਮਾਏਦਾਰੀ ਦਾ ਸੱਚ ਉਸ ਦੇ ਘਰ ਦਾ ਸੱਚ ਵੀ ਬਣ ਗਿਆ ਸੀ।

'ਸਟੈਲਾ ਵਿਲਾ' ਵਿਚਲੇ ਨਿੱਘ ਤੋਂ ਉਲਟ ਸਰਮਾਏਦਾਰੀ ਨਿਜ਼ਾਮ ਦਾ ਹਾਸਲ ਵਿਯੋਗ ਅਤੇ ਬੇਗਾਨਗੀ ਇਸ ਦੀਆਂ ਕੰਧਾਂ ਉੱਤੇ ਮੂਰਤਾਂ ਵਾਂਗ ਲਟਕ ਗਏ। ਹਨੇਰਾ ਹੁੰਦਿਆਂ ਹੀ ਘਰ ਦਾ ਹਰ ਜੀਅ ਆਪਣੀ ਦੁਨੀਆ ਵਿਚ ਸਿਮਟ ਜਾਂਦਾ। ਉਸ ਦਾ ਘਰ ਦੇ ਕਿਸੇ ਹੋਰ ਹਿੱਸੇ ਜਾਂ ਜੀਅ ਨਾਲ ਕੋਈ ਸੰਪਰਕ ਨਹੀਂ ਸੀ ਬਚਦਾ। ਰਸੋਈ ਤੋਂ ਇਲਾਵਾ ਹੋਰ ਕੋਈ ਸਪੇਸ ਨਹੀਂ ਸੀ ਜਿਸ ਵਿਚ ਟੱਬਰ ਦੇ ਸਾਰੇ ਜੀਅ ਇਕੱਠੇ ਹੋ ਸਕਦੇ। ਕਿਸੇ ਵੀ ਬਾਹਰੀ ਬੰਦੇ ਨੂੰ ਇਸ ਘਰ ਵਿਚ ਵੜਦਿਆਂ ਘਰ ਨਾਲੋਂ ਵੱਧ ਮਕਬਰਾ ਹੋਣ ਦਾ ਅਹਿਸਾਸ ਹੁੰਦਾ ਸੀ। ਅਜਿਹੇ ਆਲਮ ਵਿਚ ਦਿਲਗੀਰੀ ਬੰਦੇ ਦੀ ਲਾਜ਼ਮੀ ਹੋਣੀ ਹੁੰਦੀ ਹੈ। ਇਹ ਬੰਗਲਾ ਦਿਲਗੀਰੀ ਵਿਚ ਬਲਰਾਜ ਦੀ ਮਾਂ, ਧੀ ਅਤੇ ਫਿਰ ਉਸ ਦੀ ਆਪਣੀ ਮੌਤ ਦਾ ਗਵਾਹ ਬਣਿਆ।

ਆਪਣੇ ਕਿੱਤੇ ਦੀ ਚੋਣ ਅਤੇ ਤੋਸ਼ੀ ਨਾਲ ਵਿਆਹ ਦੇ ਮਾਮਲੇ ਵਿਚ ਟੱਬਰ ਦੇ ਵਡੇਰਿਆਂ ਤੋਂ ਬਾਗੀ ਹੋਣ ਵਾਲਾ ਬਲਰਾਜ ਆਪਣੇ ਪੁੱਤ, ਧੀ ਦੇ ਵਿਆਹ ਮੌਕੇ ਰਵਾਇਤੀ ਬਾਪ ਹੋ ਨਿੱਬੜਿਆ। ਉਸ ਨੇ ਉਨ੍ਹਾਂ ਨੂੰ ਆਪਣੇ ਵਾਲੀ ਆਜ਼ਾਦੀ ਨਾ ਲੈਣ ਦਿੱਤੀ। ਪ੍ਰੀਕਸ਼ਤ ਇਕ ਕੁੜੀ ਨੂੰ ਮੁਹੱਬਤ ਕਰਦਾ ਸੀ ਜੋ ਉਸ ਨੂੰ ਮਾਸਕੋ ਵਿਚ ਮਿਲੀ ਸੀ ਪਰ ਬਲਰਾਜ ਨੇ ਉਸ ਉੱਤੇ ਆਪਣੇ ਦੋਸਤਾਂ ਚੇਤਨ, ਦੇਵ ਅਤੇ ਗੋਲਡੀ ਅਨੰਦ ਦੇ ਟੱਬਰ ਵਿਚ ਵਿਆਹ ਕਰਵਾਉਣ ਲਈ ਦਬਾਅ ਪਾਇਆ। ਦਰਅਸਲ, ਪ੍ਰੀਕਸ਼ਤ ਦੀ ਮਾਂ ਦਮਯੰਤੀ ਤੇ ਅਨੰਦਾਂ ਦੀ ਭੈਣ ਨੇ ਬਹੁਤ ਵਰ੍ਹੇ ਪਹਿਲਾਂ ਇਕੋ ਮੁਹੱਲੇ ਰਹਿੰਦਿਆਂ ਆਪਣੇ ਪੁੱਤ-ਧੀ ਦਾ ਰਿਸ਼ਤਾ ਆਪੋ ਵਿਚ ਕਰਕੇ ਆਪਣੇ ਪਿਆਰ ਨੂੰ ਹੋਰ ਵਧਾਉਣ ਦਾ ਫੈਸਲਾ ਕੀਤਾ ਸੀ। ਇਹ ਹਿੰਦੋਸਤਾਨੀ ਮਾਪਿਆਂ ਦਾ ਔਲਾਦ ਬਾਰੇ ਮਖਸੂਸ ਹਿੰਦੋਸਤਾਨੀ ਫੈਸਲਾ ਸੀ। ਬਲਰਾਜ ਬਿਨਾਂ ਪੁੱਤ-ਧੀ ਨੂੰ ਪੁੱਛਿਆਂ ਮਾਵਾਂ ਵੱਲੋਂ ਉਨ੍ਹਾਂ ਦੀ ਜ਼ਿੰਦਗੀ ਬਾਰੇ ਕੀਤੇ ਇਸ ਫੈਸਲੇ 'ਤੇ ਹੀ ਫੁੱਲ ਚੜ੍ਹਾਉਣਾ ਚਾਹੁੰਦਾ ਸੀ। ਅਜਿਹਾ ਹੀ ਹੋਇਆ।

ਬਲਰਾਜ ਦੀ ਲਾਡਲੀ ਆਖੀ ਜਾਣ ਵਾਲੀ ਧੀ ਸ਼ਬਨਮ ਨੂੰ ਇਸ ਨਾਲੋਂ ਵੱਡਾ ਦੁਖਾਂਤ ਭੋਗਣਾ ਪਿਆ। ਉਸ ਦਾ ਵਿਆਹ ਵੀ ਬਲਰਾਜ ਦੀ ਪਸੰਦ ਦੇ ਮੁੰਡੇ ਨਾਲ ਹੀ ਹੋਇਆ। ਮੁੰਡਾ ਉਸ ਦੇ ਕਾਲਜ ਦੇ ਦਿਨਾਂ ਦੇ ਪੁਰਾਣੇ ਮਿੱਤਰ ਪ੍ਰੇਮ ਕਿਰਪਾਲ ਦਾ ਭਤੀਜਾ ਸੀ। ਪ੍ਰੀਕਸ਼ਤ ਆਪਣੀ ਲਿਖੀ ਕਿਤਾਬ ਵਿਚ ਦੱਸਦਾ ਹੈ ਕਿ ਸ਼ਬਨਮ ਉਸ ਨਾਲ ਵਿਆਹ ਕਰਵਾਉਣ ਨੂੰ 'ਸਹਿਮਤ ਹੋ ਗਈ' ਸੀ।

ਸ਼ਬਨਮ ਦਾ ਵਿਆਹ ਸਫਲ ਨਾ ਹੋਇਆ। ਉਹ ਗਹਿਰੇ ਵਿਸ਼ਾਦ ਦਾ ਸ਼ਿਕਾਰ ਹੋ ਗਈ। ਏਥੋਂ ਤਕ ਕਿ ਉਹਨੇ ਖੁਦਕੁਸ਼ੀ ਦੀ ਕੋਸ਼ਿਸ਼ ਵੀ ਕੀਤੀ। ਅਖੀਰ ਉਹ ਜਮਸ਼ੇਦਪੁਰ ਤੋਂ ਆਪਣੇ ਮਾਪਿਆਂ ਦੇ ਘਰ ਬੰਬਈ ਆ ਗਈ ਪਰ ਉਹਦੀ ਮਾਨਸਿਕ ਬਿਮਾਰੀ ਹੋਰ ਵਧ ਗਈ। ਦਵਾਈਆਂ ਤੋਂ ਬਿਨਾਂ ਉਹਦੇ ਇਲਾਜ ਬਾਰੇ ਹੋਰ ਕੁਝ ਨਾ ਸੋਚਿਆ ਗਿਆ। ਸ਼ਾਇਦ ਕੋਈ ਹੋਰ ਸਮਾਜਕ ਜਾਂ ਮਨੋਵਿਗਿਆਨਕ ਹਲ ਬਲਰਾਜ ਦੀ ਸਭਿਆਚਾਰਕ ਮਨੋ-ਬਣਤਰ ਦਾ ਹਿੱਸਾ ਹੀ ਨਹੀਂ ਸੀ। ਉਸ ਦੀ ਮਨੋ-ਬਣਤਰ ਰਵਾਇਤੀ ਸੋਚ ਅਤੇ ਅਮਲ ਦੀ ਘੁੰਮਣਘੇਰੀ ਵਿਚ ਹੀ ਫਸੀ ਰਹੀ। ਇਕ ਦਿਨ ਅਚਾਨਕ ਉਹ ਬਿਸਤਰ ਵਿਚ ਹੀ ਮੌਤ ਦੀ ਨੀਂਦ ਸੌਂ ਗਈ। ਮਰਨ ਸਮੇਂ ਉਹਦੀ ਉਮਰ ਸਿਰਫ ਛੱਬੀ ਵਰ੍ਹੇ ਸੀ। ਉਹਦੀ ਮਾਂ ਦਮਯੰਤੀ ਵੀ ਛੱਬੀ ਵਰ੍ਹਿਆਂ ਦੀ ਹੀ ਮਰੀ ਸੀ।

ਬਲਰਾਜ ਸ਼ਬਨਮ ਦੇ ਦੁੱਖਾਂ ਤੋਂ ਪਰੇਸ਼ਾਨ ਗੁਣਗੁਣਾਇਆ ਕਰਦਾ ਸੀ, 'ਮੁਸ਼ਕਿਲੇਂ ਇਤਨੀ ਪੜੀ ਮੁਝ ਪਰ ਕਿ ਆਸਾਂ ਹੋ ਗਈਂ।' ਪਰ ਉਹ ਹਕੀਕਤ ਵਿਚ ਟੱਬਰ ਦੇ ਕਿਸੇ ਜੀਅ ਦੀਆਂ ਮੁਸ਼ਕਿਲਾਂ ਆਸਾਨ ਨਾ ਕਰ ਸਕਿਆ। ਇਸੇ ਲਈ ਉਹਦੇ ਆਪਣੇ ਅੰਤਲੇ ਦਿਨ ਵੀ ਗਹਿਰੀ ਨਿਰਾਸ਼ਾ ਅਤੇ ਦਿਲਗੀਰੀ ਦੇ ਸਨ। ਸ਼ਬਨਮ ਦੀ ਮੌਤ ਦੇ ਗਮ ਨੇ ਹੀ ਉਸ ਨੂੰ ਉਦੋਂ ਸਦਾ ਲਈ ਸੰਵਾ ਦਿੱਤਾ, ਜਦੋਂ ਦੋ ਹਫਤਿਆਂ ਬਾਅਦ ਉਹਨੇ ਸੱਠ ਵਰ੍ਹਿਆਂ ਦਾ ਹੋਣਾ ਸੀ।

ਬਲਰਾਜ ਦੀ ਜ਼ਿੰਦਗੀ ਦਾ ਦੁਖਾਂਤ, ਦਰਅਸਲ, ਆਜ਼ਾਦੀ ਦੇ ਆਰ ਪਾਰ ਆਪਣੀ ਜ਼ਿੰਦਗੀ ਜਿਊਣ ਵਾਲੀ ਮੱਧਲੀ ਜਮਾਤ ਦੀ ਇਕ ਪੂਰੀ ਨਸਲ ਦਾ ਦੁਖਾਂਤ ਹੈ। ਆਜ਼ਾਦੀ ਦੇ ਅੰਦੋਲਨ ਵਿਚੋਂ ਇਹਨੇ ਤਰੱਕੀ-ਪਸੰਦ ਕਦਰਾਂ ਹਾਸਲ ਕੀਤੀਆਂ ਸਨ ਪਰ ਆਜ਼ਾਦੀ ਤੋਂ ਬਾਅਦ ਦੀਆਂ ਸਰਮਾਏਦਾਰੀ ਆਰਥਿਕ ਪ੍ਰਕਿਰਿਆਵਾਂ ਇਸ ਨੂੰ ਹੋਰ ਰਾਹਵਾਂ ਉੱਤੇ ਲੈ ਤੁਰੀਆਂ। ਇਹ ਰਾਹਵਾਂ ਵੀ ਇਸ ਲਈ ਓਨੀਆਂ ਹੀ ਬੇਗਾਨੀਆਂ ਸਨ, ਜਿੰਨੀਆਂ ਇਸ ਲਈ ਤਰੱਕੀ-ਪਸੰਦ ਕਦਰਾਂ ਸਨ। ਇਸ ਦੀ ਮੁਕੰਮਲ ਵਫਾਦਾਰੀ ਦੋਹਾਂ ਵਿਚੋਂ ਕਿਸੇ ਵੀ ਇਕ ਲਈ ਨਾ ਬਣ ਸਕੀ। ਇਸ ਲਈ ਇਹ ਨਸਲ ਇਨ੍ਹਾਂ ਦੋਹਾਂ ਦੇ ਵਿਚਕਾਰ ਲਟਕੀ ਰਹੀ। ਤ੍ਰਿਸ਼ੰਕੂ ਹੋਣਾ ਹੀ ਬਲਰਾਜ ਸਾਹਨੀ ਦੀ ਵੀ ਹੋਣੀ ਸੀ।

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 48 Cent + Team 58 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ



ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com